Published in Punjabi & English
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ- 13, ਅੰਕ-3, ਮਾਰਚ 2023
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ




ਉਘੀ ਥੀਏਟਰ ਕਲਾਕਾਰ ਅਤੇ ਫਿਲਮੀ ਐਕਟਰ ਅਨੀਤਾ ਸਬਦੀਸ਼ ਦਾ ਸੋਲੋ ਨਾਟਕ 'ਦਿੱਲੀ ਰੋਡ ਤੇ ਇਕ ਹਾਦਸਾ' 12 ਮਾਰਚ ਦਿਨ ਐਤਵਾਰ ਨੂੰ 1.00 ਵਜੇ ਸੈਂਟਰਲ ਲਾਇਬ੍ਰੇਰੀ ਡਾਊਨ ਟਾਊਟ ਕੈਲਗਰੀ ਵਿਖੇ।

ਦੇਖੋ ਸਫ਼ਾ 40 'ਤੇ

### ਕਾਰਪੋਰੇਟ ਘਰਾਣਿਆਂ ਕਾਰਨ

# ਕਿਰਤੀਆ ਤੇਰੀ ਜੂਨ ਬੁਰੀ

ਕਿਰਤੀ ਹੱਥਾਂ ਨੇ ਦੁਨੀਆ ਦੇ ਹਰੇਕ ਕੋਨੇ ਉਪਰ ਆਪਣੀ ਕਿਰਤ ਰਾਹੀਂ ਸ਼ਾਨਦਾਰ ਪ੍ਰਾਪਤੀਆਂ ਕੀਤੀਆਂ ਕਿ ਧਰਤੀ ਦਾ ਹਰੇਕ ਕੋਨਾ ਵੱਖ-ਵੱਖ ਖੇਤਰਾਂ ਵਿਚ ਵਿਕਸਿਤ ਕੀਤਾ। ਚਾਹੇ ਉਹ ਖੇਤੀਬਾੜੀ ਦਾ ਖੇਤਰ ਹੋਵੇ, ਚਾਹੇ ਸਨਅਤੀ ਖੇਤਰ ਵਿਚ ਨਵੀਆਂ ਪ੍ਰਾਪਤੀਆਂ ਹੋਣ ਤੇ ਚਾਹੇ ਆਧੁਨਿਕ ਤਕਨਾਲੋਜੀ ਰਾਹੀਂ ਸਮੁੱਚੀ ਦੁਨੀਆ ਨੂੰ ਇਕ ਦੂਜੇ ਨਾਲ ਜੋੜਨ, ਸਮਝਣ ਅਤੇ ਤਰੱਕੀ ਕਰਨ। ਦੁਨੀਆ ਦੀ ਸਮੁੱਚੀ ਖੂਬਸੂਰਤੀ ਕਿਰਤੀਆਂ ਦੀਆਂ ਦਹਾਕਿਆਂ ਦੀਆਂ ਸਾਦਨਾਵਾਂ ਕਾਰਨ ਉਤਪੰਨ ਹੋਈਆਂ ਹਨ। ਜਦੋਂ ਇਹ ਪ੍ਰਾਪਤੀਆਂ ਆਪਣੀ ਜੋਬਨ ਰੁੱਤੇ ਰੰਗ ਵਿਖਾ ਰਹੀਆਂ ਹਨ ਅਤੇ ਕਿਰਤੀਆਂ ਨੂੰ ਆਸ ਸੀ ਕਿ ਉਹ ਦਹਾਕਿਆਂ ਦੀ ਭੈੜੀ ਜੀਵਨ ਪ੍ਰਕਿਰਿਆ ਤੋਂ ਛੁਟਕਾਰਾ ਹਾਸਲ ਕਰ ਲੈਣਗੇ। ਪ੍ਰੰਤੂ ਵਾਪਰਿਆ ਇਸ ਦੇ ਉਲਟ। ਇਕ ਗਠਜੋੜ ਸੱਤਾ ਵਿਚ ਪਹੁੰਚੇ ਹੁਕਮਰਾਨਾ ਅਤੇ ਨਵੇਂ ਬਣੇ ਵੱਡੇ ਅਮੀਰ ਘਰਾਣਿਆਂ ਜਿਨ੍ਹਾਂ ਨੂੰ ਕਾਰਪੋਰੇਟ ਕਿਹਾ ਜਾਂਦਾ ਹੈ, ਦਾ ਹੋ ਗਿਆ। ਇਹ ਇਸ ਕਿਸਮ ਦਾ ਗਠਜੋੜ ਹੈ ਜੋ ਪਿਛਲੇ ਦੋ ਦਹਾਕਿਆਂ ਤੋਂ ਇੰਨੀ ਮਜਬੂਤ ਬਣ ਗਿਆ ਕਿ ਪਤਾ ਨਹੀਂ ਲੱਗਦਾ ਕਿ ਹਕੂਮਤ ਹੁਕਮਰਾਨ ਚਲਾ ਰਹੇ ਹਨ ਜਾਂ ਫਿਰ ਇਹ ਕਾਰਪੋਰੇਟ ਘਰਾਣੇ ਚਲਾ ਰਹੇ ਹਨ। ਹਾਲੀਆ ਹੀ ਹਿੰਡਨਵਰਗ



ਰਿਪੋਰਟ ਨੇ ਮੋਦੀ ਤੇ ਅਡਾਨੀ ਦੀ ਜੋੜੀ ਦਾ ਅੰਦਰਲਾ ਮੇਲ ਮਿਲਾਪ ਲੋਕਾਂ ਦੇ ਸਾਹਮਣੇ ਨੰਗਾ ਕਰ ਦਿੱਤਾ ਹੈ। ਹਾਲਾਂਕਿ ਕਿਸਾਨ ਅੰਦੋਲਨ ਦੌਰਾਨ ਲੋਕ ਚੀਕ ਚੀਕ ਕੇ ਕਹਿ ਰਹੇ ਸੀ ਕਿ ਇਹ ਨੀਤੀਆਂ ਅਡਾਨੀ ਅਤੇ ਅਬਾਨੀ ਦੇ ਕਹਿਣ 'ਤੇ ਬਣੀਆਂ ਹਨ। ਉਹ ਸੱਚ ਹੁਣ ਸਮੁੱਚੀ ਦੁਨੀਆ ਦੇ ਸਾਹਮਣੇ ਆ ਗਿਆ ਹੈ। ਭਲਾ ਹੀ ਕਈ ਕਿਸਮ ਦੀਆਂ ਸਫ਼ਾਈਆਂ ਮੋਦੀ ਵਲੋਂ ਦਿੱਤੀਆਂ ਜਾ ਰਹੀਆਂ ਹਨ ਪਰ ਸਭ ਕੁਝ ਜੋ ਬੈਂਕਾਂ ਵਿਚੋਂ ਲਟਾਇਆ ਗਿਆ ਜਿਹੜਾ ਲੋਕਾਂ ਦੇ ਖੂਨ ਪਸੀਨੇ ਦਾ ਸੀ ਉਸ ਨੇ ਦਿਖਾ ਦਿੱਤਾ ਕਿ ਇਹ ਕਾਰਪੋਰੇਟ ਘਰਾਣੇ ਸਿਰਫ਼ ਪੈਦਾਵਾਰ ਵਿਚੋਂ ਹੀ ਨਹੀਂ ਲੁਟਦੇ ਬਲਕਿ ਲੋਕਾਂ ਦੀ ਦਹਾਕਿਆਂ ਦੀ ਬਚਤ ਨੂੰ ਵੀ ਹਜ਼ਮ ਕਰ ਜਾਂਦੇ ਹਨ। ਇਹ ਇਕੱਲੇ ਭਾਰਤ ਦੀ ਕਹਾਣੀ ਨਹੀਂ। ਅਮਰੀਕਾ ਤੋਂ ਲੈ ਕੇ ਕੈਨੇਡਾ ਤੱਕ ਤੇ ਕੈਨੇਡਾ ਤੋਂ ਲੈ ਕੇ ਇੰਗਲੈਂਡ ਤੱਕ ਇਥੋਂ ਤੱਕ ਚੀਨ ਵੀ ਕਿਸੇ ਕਿਸਮ ਨਾਲ ਪਿਛੇ ਨਹੀਂ। ਸਮੁੱਚੀ ਦੁਨੀਆ ਦੀ ਸੱਤਾ ਅਤੇ ਪੈਸੇ 'ਤੇ ਇਨ੍ਹਾਂ ਕਾਰਪੋਰੇਟ ਘਰਾਣਿਆਂ ਦਾ ਸਿੱਧੇ ਅਤੇ ਅਸਿੱਧੇ ਰੂਪ ਵਿਚ ਕਬਜ਼ਾ ਹੋ ਚੁੱਕਾ ਹੈ। ਇਸ ਕਰਕੇ ਲੱਖਾਂ ਕਿਰਤੀ ਹੱਥ ਦੋ ਡੰਗ ਦੀ ਰੋਟੀ ਅਤੇ ਰਹਿਣੀ ਸਹਿਣੀ ਤੋਂ ਮੁਥਾਜ ਹੋ ਰਹੇ ਹਨ। ਉਨ੍ਹਾਂ ਕੋਲ ਸਿਰਫ਼ ਤੇ ਸਿਰਫ਼ ਦਹਾਕਿਆਂ ਦੀ ਏਕਤਾ ਅਤੇ ਮਿਹਨਤ ਦੇ ਨਾਲ ਨਾਲ ਇਕਜੁਟ ਹੋ ਕੇ ਹੁਕਮਰਾਨਾ ਦੇ ਖਿਲਾਫ਼ ਲੜਨ ਤੋਂ ਬਿਨਾਂ ਕੋਈ ਰਸਤਾ ਨਹੀਂ ਬਚਦਾ। ਇਸ ਕਰਕੇ ਕੈਨੇਡਾ ਵਿਚ ਵੀ ਹਜ਼ਾਰਾਂ ਹੱਥ ਇਕ ਦੂਜੇ ਨਾਲ ਜੁੜ ਕੇ ਆਵਾਜ਼ ਉਠਾ ਰਹੇ ਹਨ ਕਿ ਦੇਸ਼ ਦੇ ਹੁਕਮਰਾਨੋ ਕਾਰਪੋਰੇਟ ਘਰਾਣਿਆਂ ਵਾਲੀਆਂ ਨੀਤੀਆਂ ਲਾਗੂ ਕਰਨ ਤੋਂ ਬਾਜ ਆਓ। ਜੇ ਤੁਸੀਂ ਇਸ ਤਰ੍ਹਾਂ ਕਰਦੇ ਰਹੇ ਅਸੀਂ ਤੁਹਾਨੂੰ ਸੁੱਖ ਦੀ ਨੀਂਦ ਨਾਲ ਸੌਣ ਨਹੀਂ ਦਿਆਂਗੇ। ਇਹ ਕਿਰਤੀ ਦੇ ਹੱਥ ਸਿਰਫ਼ ਬੁਰੀ ਜੂਨ ਵਾਸਤੇ ਨਹੀਂ ਹੁੰਦੇ ਇਹ ਹੁਕਮਰਾਨਾ ਦੇ ਤਖਤ ਤੇ ਤਾਜ ਉਲਟਾਉਣ ਲਈ ਵੀ ਹੁੰਦੇ ਹਨ। – ਸੰਪਾਦਕੀ ਮੰਡਲ

CONGRATULATIONS
TEAM OVER 850
REALTORS
HomeLife Silvercity
Realty Inc., Brokerage
905-913-8500
11775 Bramalea Rd # 201, Brampton
GARCHA BROTHERS

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS urban Real Estate Services Ltd.

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
3822 Marine Way
Burnaby, B.C. V5J 3H4
Ph : 604-240-8002
or : 604-250-3834

SAVE MAX PROVEN
We are Hiring New & Experienced Realtors.
We can also help you to get Realtor License.
List Your Home with us for $999
(Ask per details)
We provide following Services:
• Residential • Commercial • Business • Land
• Investment • Property Management Services
For More Information call today at:
403.681.8689
Harcharan Parhar
BROKER
WWW.SAVEMAXPROVEN.COM
Email: broker@savemaxproven.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

# ਕਾਰਪੋਰੇਟ ਸਰਕਾਰ, ਲੋਕਾਂ ਦੇ ਦਿਮਾਗ 'ਤੇ ਕਬਜ਼ਾ



ਹਰੀਪਾਲ
403-714-4816

*(ਇਹ ਆਰਟੀਕਲ ਪ੍ਰਸਿੱਧ ਪੱਤਰਕਾਰ ਈਮੈਨੁਅਲ ਪੇਸਟਰੀਚ ਦੇ ਲੇਖ 'ਮੁੱਠੀ ਭਰ ਸਰਮਾਏਦਾਰ, ਲੋਕਾਂ ਦੇ ਦਿਮਾਗ 'ਤੇ ਕਬਜ਼ੇ ਦੇ ਆਧਾਰਤ ਹੈ)*



ਇੱਕੀਵੀਂ ਸਦੀ ਦੇ ਸ਼ੁਰੂ ਵਿਚ ਹੀ ਸਰਮਾਏਦਾਰ ਨੇ ਇਕ ਨਵਾਂ ਪ੍ਰੋਗਰਾਮ ਲਾਂਚ ਕਰ ਦਿੱਤਾ ਹੈ ਕਿ ਕਿਸੇ ਤਰ੍ਹਾਂ ਲੋਕਾਂ ਦੇ ਦਿਮਾਗ ਵਿਚ ਉਹ ਪਾਇਆ ਜਾਵੇ ਜੋ ਕਿ ਕਾਰਪੋਰੇਟ ਸਰਮਾਏਦਾਰਾਂ ਦੇ ਹਿੱਤ ਪੂਰਦਾ ਹੋਵੇ। ਜਿਸ ਤਰ੍ਹਾਂ ਸਾਡੇ ਦਿਮਾਗ ਦਾ ਖੱਬਾ ਪਾਸਾ ਸਾਰੀ ਇਨਫਾਰਮੇਸ਼ਨ ਕੱਠੀ ਕਰਕੇ ਉਵੇਂ ਜਿਵੇਂ ਦਿਮਾਗ ਦੇ ਸੱਜੇ ਪਾਸੇ ਨੂੰ ਦਿੰਦਾ ਹੈ। (ਖੱਬਾ ਪਾਸਾ ਸਿਰਫ਼ ਇਨਫਾਰਮੇਸ਼ਨ ਇਕੱਠੀ ਕਰਨ ਦਾ ਕੰਮ ਕਰਦਾ ਹੈ ਅਤੇ ਸੱਜਾ ਪਾਸਾ ਇਹ ਇਨਫਾਰਮੇਸ਼ਨ ਖੱਬੇ ਪਾਸੇ ਤੋਂ ਲੈ ਕੇ ਕੋਈ ਕਿਰਿਆ ਕਰਦਾ ਹੈ। ਅੱਜ ਜੋ ਵੀ ਸਾਨੂੰ ਪਰੋਸਿਆ ਜਾ ਰਿਹਾ ਹੈ ਇਸ ਸਭ ਕਾਸੇ ਦੇ ਪਿਛੇ ਸਰਮਾਏਦਾਰਾਂ ਦੀ ਜੁੰਡਲੀ ਬੈਠੀ ਹੈ। ਸਰਮਾਏਦਾਰਾਂ ਦਾ ਕੰਟਰੋਲ ਕੀਤਾ ਮੀਡੀਆ ਸਾਨੂੰ ਉਹ ਸਬਜ਼ਬਾਗ ਦਿਖਾਉਂਦਾ ਹੈ ਜਿਨ੍ਹਾਂ ਦੀ ਕੋਈ ਹੋਂਦ ਹੀ ਨਹੀਂ ਹੁੰਦੀ। ਇਹ ਸਾਰਾ ਕੁਝ ਇਸ ਕਰਕੇ ਕੀਤਾ ਜਾਂਦਾ ਹੈ ਤਾਂ ਕਿ ਸਾਡਾ ਧਿਆਨ ਸਾਡੀਆਂ ਬੇਸਿਕ ਲੋੜਾਂ ਤੋਂ ਹਟਕੇ 'ਸਭ ਅੱਛਾ ਹੈ' ਕਰਨ ਲੱਗ ਜਾਵੇ। ਬਹੁਤ ਵਾਰ ਇਹ ਮੀਡੀਆ ਬਹੁਸੰਮਤੀ ਲੋਕਾਂ ਨੂੰ ਦੱਸਦਾ ਹੈ ਕਿ ਬੇਰੁਜ਼ਗਾਰੀ ਦੀ ਸਮੱਸਿਆ, ਗਰੀਬੀ ਦੀ ਸਮੱਸਿਆ, ਗੈਰ ਕਾਨੂੰਨੀ ਗਤੀਵਿਧੀਆਂ ਦੀ ਸਮੱਸਿਆ ਦਾ ਕਾਰਨ ਘੱਟ ਗਿਣਤੀ ਲੋਕ ਹਨ ਜਾਂ ਰਵਿਊਜ਼ੀ ਵਗੈਰਾ ਹਨ। ਬਹੁਗਿਣਤੀ ਨਾਲ ਸਬੰਧਤ ਬੇਰੁਜ਼ਗਾਰ ਲੋਕ ਜਾਂ ਗਰੀਬ ਲੋਕ ਬੱਸ ਇਸ ਮੀਡੀਏ ਦੀ ਕਿਰਪਾ ਨਾਲ ਘੱਟ ਗਿਣਤੀ ਲੋਕਾਂ ਨੂੰ ਆਪਦੇ ਨਿਸ਼ਾਨੇ 'ਤੇ ਲੈ ਆਉਂਦੇ ਹਨ। ਫਿਰ ਕਿਤੇ ਨਾਜ਼ੀਵਾਦ ਪੈਦਾ ਹੁੰਦਾ ਹੈ, ਕਿਤੇ ਧਾਰਮਿਕ ਕੱਟੜ ਲੋਕ ਆਪਦੇ ਗਰੁੱਪ ਖੜ੍ਹੇ ਕਰ ਲੈਂਦੇ ਹਨ। ਜਿਸ ਤਰ੍ਹਾਂ ਜਰਮਨ ਵਿਚ ਨਾਜ਼ੀਵਾਦ ਪੈਦਾ ਹੋ ਗਿਆ ਜਿਸ ਨੇ ਲੱਖਾਂ ਹੀ ਘੱਟ ਗਿਣਤੀ ਯਹੂਦੀਆਂ ਦੀ ਜਾਨ ਲਈ,ਪਰ ਸੋਚਣ ਵਾਲੀ ਗੱਲ ਇਹ ਹੈ ਕਿ ਕੀ ਯਹੂਦੀਆਂ ਦੇਜਰਮਨ ਵਿਚੋਂ ਜਾਣ ਤੋਂ ਬਾਅਦ, ਜਰਮਨ ਲੋਕਾਂ ਦੀ ਗਰੀਬੀ ਖਤਮ ਹੋ ਗਈ ਨਹੀਂ ਬਿਲਕੁਲ ਨਹੀਂ। ਲੋਕ ਐਨੇ ਭਾਵੁਕ ਹੋ ਗਏ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਿਆ ਉਨ੍ਹਾਂ ਦਾ ਅਸਲੀ ਦੁਸ਼ਮਣ ਤਾਂ ਦੌਲਤ ਦੇ ਢੇਰ 'ਤੇ ਬੈਠਾ ਉਨ੍ਹਾਂ ਨੂੰ ਉਨ੍ਹਾਂ ਦੇ ਭਰਾਵਾਂ ਨਾਲ ਹੀ ਉਲਝਾ ਰਿਹਾ ਹੈ ਤਾਂ ਕਿ ਲੋਕ ਆਪਸ ਵਿਚ ਲੜਦੇ ਰਹਿਣ ਅਤੇ ਉਸ ਦੌਲਤ ਦੇ ਅੰਬਾਰ ਤੇ ਬੈਠੇ ਸ਼ਖਸ ਦੇ ਗਿਰੇਬਾਨ ਵਿਚ ਹੱਥ ਨਾ ਪਾ ਲੈਣ। ਇਹ ਸਰਮਾਏਦਾਰ ਐਨੇ ਬੇਕਿਰਕ ਹੁੰਦੇ ਹਨ ਕਿ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ ਕਿ ਕਿਸ ਤਰ੍ਹਾਂ ਮਨੁੱਖਤਾ ਕਤਲ ਹੋ ਰਹੀ ਹੈ।

ਸੱਤਰਵਿਆਂ ਦੇ ਅਖੀਰ ਵਿਚ ਜਦ ਬੇਰੁਜ਼ਗਾਰੀ ਵਧ ਗਈ ਤਾਂ ਨਸਲਵਾਦ ਨੇ ਸਾਡੇ ਆਪਣੇ ਮੁਲਕ ਕੈਨੇਡਾ ਵਿਚ ਵੀ ਸਿਰ ਚੁੱਕ ਲਿਆ ਸੀ। ਇਥੇ ਵੀ ਕੂ-ਕਲੱਕਸ-ਕਲੈਨ, ਸਕਿੰਨ ਹੈਡਜ਼, ਨਿਓਨਾਜੀਜ਼ ਵਗੈਰਾ ਜਥੇਬੰਦੀਆਂ ਦ ਵਿਚ ਆ ਗਈਆਂ ਸਨ। ਪਰ ਜਦ ਆਰਥਿਕਤਾ ਥੋੜ੍ਹੀ ਬਹੁਤ ਠੀਕ ਹੋ ਗਈ ਤਦ ਇਹ ਜਥੇਬੰਦੀਆਂ ਉਸੇ ਤਰ੍ਹਾਂ ਹੀ ਲਾਈਮ ਲਾਈਟ ਤੋਂ ਦੂਰ ਹੋ ਗਈਆਂ ਜਿਸ ਤਰ੍ਹਾਂ ਆਈਆਂ ਸਨ। ਗਰੀਬ ਜਾਂ ਵਿਕਾਸਸ਼ੀਲ ਮੁਲਕਾਂ ਵਿਚ ਕਾਰਪੋਰੇਟ ਸਹਿਨ ਸ਼ਾਹ ਇਹ ਖੇਡ ਖੇਡਦੇ ਰਹਿੰਦੇ ਹਨ ਅਤੇ ਲੋਕਾਂ ਨੂੰ ਭੰਬਲਭੂਸੇ ਵਿਚ ਪਾਈ ਰੱਖਦੇ ਹਨ। ਬਰਮਾ, ਭਾਰਤ, ਪਾਕਿਸਤਾਨ, ਅਫ਼ਗਾਨਿਸਤਾਨ ਵਿਚ ਸਰਮਾਏਦਾਰਾਂ ਦੀਆਂ ਇਹ ਚਾਲਾਂ ਦੇਖਣ ਨੂੰ ਮਿਲਦੀਆਂ ਹਨ। ਆਪਣੀ ਲੜਾਈ ਨੂੰ ਜਾਰੀ ਰੱਖਣ ਲਈ ਜਿਹੜੇ ਹਥਿਆਰ ਉਹ ਵਰਤ ਰਹੇ ਹਨ ਉਹ ਹਨ ਟੈਕਨਾਲੋਜੀ ਪ੍ਰਾਪੇਗੰਡਾ, ਅਫ਼ਵਾਹਾਂ ਫੈਲਾਉਣੀਆਂ, ਲੋਕਪੱਖੀ ਲੇਖਕਾਂ, ਪੱਤਰਕਾਰਾਂ ਨੂੰ ਧਮਕੀਆਂ, ਰਾਜਨੀਤਕ ਲੋਕਾਂ ਨੂੰ ਵੱਡੀਆਂ-ਵੱਡੀਆਂ ਰਿਸ਼ਵਤਾਂ ਤਾਂ ਕਿ ਕਾਰਪੋਰੇਸ਼ਨਾਂ ਦੇ ਕਾਲੇ ਕਾਰਨਾਮਿਆਂ 'ਤੇ ਪਰਦਾ ਪਾਇਆ ਜਾ ਸਕੇ, ਮੀਡੀਏ ਨੂੰ ਇਸ ਤਰ੍ਹਾਂ ਵਰਤਿਆ ਜਾਵੇ ਕਿ ਰੂੜੀਵਾਦੀ ਵਿਚਾਰਾਂ ਦਾ ਪ੍ਰਚਾਰ ਕੀਤਾ ਜਾ ਸਕੇ। ਅਗਾਂਹਵਧੂ ਲੋਕਾਂ, ਲੇਖਕਾਂ ਤੇ ਬੇਬੁਨਿਆਦ ਦੋਸ਼ ਲਗਾ ਕੇ ਬਦਨਾਮ ਕੀਤਾ ਜਾਵੇ। ਜਦੋਂ ਵੀ ਖਤਰਾ ਇਨ੍ਹਾਂ ਦੌਲਤਮੰਦਾਂ ਨੂੰ ਲੱਗਦਾ ਹੈ, ਉਸੇ ਸਮੇਂ ਹੀ ਪਿਛਾਖੜੀ ਲਹਿਰਾਂ ਜਨਮ ਲੈਂਦੀਆਂ ਹਨ ਅਤੇ ਇਸੇ ਆੜ ਵਿਚ ਅਗਾਂਹਵਧੂ ਲੋਕਾਂ ਦੇ ਕਤਲ ਹੁੰਦੇ ਹਨ। ਜਿਵੇਂ ਪਾਸ਼, ਸੁਮੀਤ, ਸੁਖਰਾਜ ਅਤੇ ਹੋਰ ਕਿੰਨੇ ਹੀ ਲੇਖਕ ਪੱਤਰਕਾਰ ਆਪਣੀ ਜਾਨ ਤੋਂ ਹੱਥ ਧੋ ਬਹਿੰਦੇ ਹਨ।

ਇਹ ਕਾਰਪੋਰੇਟ ਸਿਸਟਮ ਸਾਇੰਸ ਅਤੇ ਟੈਕਨਾਲੋਜੀ ਵਰਤ ਕੇ ਦਿਮਾਗੀ ਕਮਜ਼ੋਰੀਆਂ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਹੁਣ ਦੇਖੀਏ ਤਾਂ ਕਰੋਨਾ ਦਾ ਡਰ ਵੀ ਇਕ ਬੜੀ ਵੱਡੀ ਚਾਲ ਸੀ ਜਿਸ ਤਹਿਤ ਮਾਸਕ ਅਤੇ ਵੈਕਸੀਨ ਨੂੰ ਲੋਕਾਂ ਦੇ ਗਲੇ ਦੀ ਹੱਡੀ ਬਣਾ ਦਿੱਤਾ ਗਿਆ। ਜੇਕਰ ਕੋਈ ਛਿੱਕ ਵੀ ਮਾਰਦਾ ਸੀ, ਲੋਕ ਉਸ ਤੋਂ ਵੀ ਦੂਰ ਹੋਣ ਦੀ ਕੋਸ਼ਿਸ਼ ਕਰਦੇ ਸਨ। ਸਰਕਾਰਾਂ ਨੇ ਅਰਬਾਂ ਡਾਲਰ ਵੈਕਸੀਨ ਤੇ ਉਡਾ ਦਿੱਤੇ, ਹੁਣ ਜੇਕਰ ਕਰੋਨਾ ਸੱਚੀਂਹੀ ਇਕ ਮਹਾਂਮਾਰੀ ਸੀਫਿਰ ਖਤਮ ਕਿਵੇਂ ਹੋ ਗਈ। ਹਾਂ ਕਰੋਨੇ ਦੀ ਆੜ ਵਿਚ ਕਿੰਨੇ ਹੀ ਅਗਾਂਹਵਧੂ ਲੋਕ ਜੇਲ੍ਹ ਵਿਚ ਤਾੜ ਦਿੱਤੇ ਗਏ। ਲੋਕਾਂ 'ਤੇ ਇਕੱਠੇ ਹੋਣ 'ਤੇ ਪਾਬੰਦੀ ਲਗਾ ਦਿੱਤੀ ਗਈ। ਜਦ ਲੋਕ ਇਕੱਠੇ ਹੀ ਨਹੀਂ ਹੋਣਗੇ ਤਾਂ ਫਿਰ ਉਹ ਕਿਸੇ ਵੀ ਬੇਇਨਸਾਨੀ ਦਾ ਵਿਰੋਧ ਕਿਵੇਂ ਕਰ ਸਕਣਗੇ। ਕਰੋਨੇ ਦਾ ਪ੍ਰਚਾਰ ਇਸ ਤਰ੍ਹਾਂ ਕੀਤਾ ਗਿਆ ਕਿ ਲੋਕ ਇਕ ਦੂਜੇ ਨਾਲ, ਪੁਲਿਸਮੈਨ ਦੀ ਤਰ੍ਹਾਂ ਵਿਹਾਰ ਕਰਨ ਲੱਗ ਗਏ ਸਨ।

ਅਮਰੀਕਾ ਦੀ ਇੰਟੈਲੀਜੈਂਸੀ ਸੀ.ਆਈ.ਏ. ਅਤੇ ਡਿਫੈਂਸ ਡਿਪਾਰਟਮੈਂਟ, ਮਨੁੱਖ ਦੇ ਦਿਮਾਗ ਨੂੰ ਕੰਟਰੋਲ ਕਰਨ ਵਾਲੇ ਤਜਰਬਿਆਂ 'ਤੇ ਲੱਖਾਂ ਡਾਲਰ ਖਰਚ ਕਰਦਾ ਹੈ। ਅਸੀਂ ਸਾਰੇ ਲੋਕ ਜਿਹੜੇ ਰੋਜ਼ਮਰਾਂ ਦੀਆਂ ਜ਼ਰੂਰਤਾਂ ਲਈ ਭੱਜੇ ਫਿਰਦੇ ਹਾਂ ਇਨ੍ਹਾਂ ਕਾਰਪੋਰੇਸ਼ਨਾਂ ਦੀਆਂ ਇਨ੍ਹਾਂ ਚਾਲਾਂ ਨੂੰ ਸਮਝ ਨਹੀਂ ਪਾਉਂਕੇ ਕਿ ਪਰਦੇ ਦੇ ਪਿਛੇ ਜਿਹੜੀ ਸਾਜ਼ਿਸ਼ ਹੋ ਰਹੀ ਏ। ਇਹਸਾਨੂੰ ਇਕ ਬੜੀ ਖਤਰਨਾਕ ਗੁਲਾਮੀ ਵੱਲ ਧੱਕ ਰਹੀ ਹੈ। ਇਸ ਤੋਂ ਪਹਿਲਾਂ ਵੀ ਇਹ ਅਮੀਰ ਜੁੰਡਲੀ ਇਸ ਤਰ੍ਹਾਂ ਦੀਆਂ ਚਾਲਾਂ ਖੇਡਦੀ ਰਹੀ ਹੈ ਪਰ ਐਨੇ ਵੱਡੇ ਸਕੇਲ ਤੇ ਪਹਿਲਾਂ ਕਦੇ ਨਹੀਂ ਖੇਲੀ, ਜਿੰਨੇ ਵੱਡੇ ਸਕੇਲ 'ਤੇ ਹੁਣ ਖੇਡੀ ਜਾ ਰਹੀ ਹੈ। ਨਵੀਂ ਤਕਨਾਲੋਜੀ ਦੇ ਈਜਾਦ ਕੀਤੇ ਸੁਪਰ ਕੰਪਿਊਟਰਾਂ ਅਤੇ ਖੁੱਲ੍ਹੀ ਮੰਡੀ ਨੇ ਇਹ ਸਭ ਕੁਝ ਸੰਭਵ ਬਣਾ ਦਿੱਤਾ ਹੈ।

ਸਰਕਾਰੀ ਅਦਾਰਿਆਂ ਨੂੰ ਬੜੀ ਹੀ ਡੂੰਘੀ ਸਾਜ਼ਿਸ਼ ਤਹਿਤ ਫੇਲ੍ਹ ਕੀਤਾ ਜਾ ਰਿਹਾ ਹੈ ਤਾਂ ਕਿ ਨਿੱਜੀਕਰਨ ਨੂੰ ਪਰਮੋਟ ਕੀਤਾ ਜਾ ਸਕੇ। ਇਹ ਨੀਤੀਆਂ ਲਾਗੂ ਕਰਨ ਲਈ ਕਾਰਪੋਰੇਸ਼ਨਾਂ ਵੱਡੇ ਵੱਡੇ ਰਾਜਨੀਤਕ ਲੀਡਰਾਂ ਨੂੰ ਰਿਸ਼ਵਤਾਂ ਦੇ ਕੇ ਲਾਗੂ ਕਰਵਾਉਂਦੇ ਹਨ। ਸੁਪਰ ਕੰਪਿਊਟਰਾਂ ਦੀਆਂ ਜਿਹੜੀਆਂ ਗਿਣਤੀਆਂ-ਮਿਣਤੀਆਂ ਹਨ ਉਨ੍ਹਾਂ ਦੀ ਖ਼ਬਰ ਬਿੱਲ ਗੇਟਸ ਜਾਂ ਈ ਲੋਨ ਮਸਕ ਨੂੰ ਤਾਂ ਹੈ ਪਰ ਆਮ ਪਬਲਿਕ ਨੂੰ ਕਦੇ ਨਹੀਂ ਮਿਲਦੀ। ਇਹ ਅਰਬਾਂਪਤੀ ਲੋਕ ਬੇਹੱਦ ਪੈਸਾ ਖਰਚ ਕੇ ਇਹੋ ਜਿਹੇ ਹਾਲਾਤ ਪੈਦਾ ਕਰਦੇ ਹਨ ਕਿ ਲੋਕ ਸਿਰਫ਼ ਖਿਡਾਉਣਿਆਂ ਨਾਲ ਹੀ ਪਰਚੇ ਰਹਿਣ ਅਤੇ ਅਮਲੀ ਤੌਰ 'ਤੇ ਕੁਝ ਨਾ ਕਰਨ। ਕਦੇ ਲੋਕਾਂ ਨੂੰ ਭਰਮਾਉਣ ਲਈ ਇਹ ਬਾਬਿਆਂ, ਤਾਂਤਰਿਕਾਂ ਨੂੰ ਸਹੂਲਤਾਂ ਦਿੰਦੇ ਹਨ। ਲੋਕਾਂ ਦੀਆਂ ਇਹੋ ਜਿਹੀਆਂ ਯਾਤਰਾਵਾਂ ਲਈ ਸਰਕਾਰੀ ਬੱਸਾਂ ਅਤੇ ਸਰਕਾਰੀ ਅਮਲਾ ਫੈਲਾ ਵੀ ਝੋਕਿਆ ਜਾਂਦਾ ਹੈ। ਬਹੁਤ ਵਾਰੀ ਇਨ੍ਹਾਂ ਬਾਬਿਆਂ ਨੂੰ ਸਰਕਾਰੀ ਸਕਿਊਰਿਟੀ ਵੀ ਦਿੱਤੀ ਜਾਂਦੀ ਹੈ। ਕਦੇ ਇਹ ਗਰੋਸਰੀ ਸਪਲਾਈਕਰਨ ਵਾਲੀਆਂ ਕੰਪਨੀਆਂ ਸੁਪਰ ਸਟੋਰ ਜਾਂ ਰੈਸਟੋਰੈਂਟ (ਟਿੱਮ ਹੌਰਟਨ) ਵਗੈਰਾ ਹੈਂਡੀ ਕੈਪਡ ਲੋਕਾਂ ਲਈ ਦਾਨ ਵੀ ਇਕੱਠਾ ਕਰਨ ਦਾ ਢਕਵੰਜ਼ ਕਰਦੇ ਹਨ। ਪਹਿਲਾਂ ਤਾਂ ਸਮਾਨ ਵੇਚਣ ਵਿਚ ਲੋਕਾਂ ਦੀ ਛਿੱਲ ਲਾਹੀ ਜਾਂਦੀ ਹੈ ਫਿਰ ਲੋਕਾਂ ਤੋਂ ਹੀ ਕਿਸੇ ਚੈਰਿਟੀ ਸੰਸਥਾ ਲਈ ਦਾਨ ਦੀ ਮੰਗ ਵੀ ਕੀਤੀ ਜਾਂਦੀ ਹੈ।

ਕਈ ਵਾਰ ਮੀਡੀਆ ਲੋਕਾਂ ਦੇ ਦੁਰਕਾਰੇ ਲੀਡਰ ਦੀ ਹੋਰ ਬੇਪੱਤੀ ਕਰਨੀ ਸ਼ੁਰੂ ਕਰਦਾ ਹੈ ਅਤੇ ਫਿਰ ਇਕ ਨਵੇਂ ਚਿਹਰੇ ਦੀ ਭਾਲ ਕੀਤੀ ਜਾਂਦੀ ਹੈ ਜਿਹੜਾ ਅਗਲੇ ਕੁਝ ਸਮੇਂ ਲਈ ਲੋਕਾਂ ਨੂੰ ਉਨ੍ਹਾਂ ਦੇ ਅਸਲੀ ਮੁੱਦਿਆਂ ਤੋਂ ਭਰਮਾ ਕੇ ਰੱਖੇ। ਕਈ ਵਾਰ ਰਾਤੋ ਰਾਤ ਕੋਈ ਨਵੀਂ ਪੁਲੀਟੀਕਲ ਪਾਰਟੀ ਖੜ੍ਹੀ ਕਰ ਦਿੱਤੀ ਜਾਂਦੀ ਹੈ। ਯਾਨੀਕਿ ਪ੍ਰੈਸ਼ਰ ਕੁੱਕਰ ਨੂੰ ਫਟਣ ਤੋਂ ਪਹਿਲਾਂ ਹੀ ਸੇਫਟੀ ਵਾਲਵ ਖੋਲ੍ਹ ਦਿੰਦੇ ਹਨ।

ਅਮਰੀਕਾ ਦੀ ਬਦਨਾਮ ਏਜੰਸੀ ਸੀ.ਆਈ.ਏ. ਤੇ ਡਿਫੈਂਸ ਡਿਪਾਰਟਮੈਂਟ ਮਨੁੱਖੀ ਟਾਰਚਰ ਦੀ ਹੱਦ ਮਿਲਣ ਲਈ ਕੈਦੀਆਂ ਤੇ ਤਜਰਬੇ ਕਰਦਾ ਹੈ ਜਿਵੇਂ ਪਾਣੀ ਵਿਚ ਮੂੰਹ ਡੁਬੋ ਕੇ ਰੱਖਣਾ (ਵਾਟਰ ਬੋਰਡਿੰਗ) ਦਾ ਤਜਰਬਾ ਅਫਗਾਨੀ ਕੈਦੀਆਂ 'ਤੇ ਕੀਤਾ ਗਿਆ। ਇਹ ਚੈਕ ਕਰਦੇ ਹਨ ਕਿ ਬੰਦਾ ਮੌਤ ਤੋਂ ਪਹਿਲਾਂ ਕਿੰਨਾ ਟਾਰਚਰ ਸਹਿ ਸਕਦਾ ਹੈ। ਕਿਉਂਕਿ ਉਸ ਨੂੰ ਜਿਉਂਦਾ ਵੀ ਰੱਖਣਾ ਹੈ ਜਾਂ ਜਿਉਂਦੇ ਰੱਖਣ ਦੀ ਕੋਸ਼ਿਸ਼ ਕਰਦੀ ਹੈ।

ਕਰੋਨਾ ਕਾਲ ਨੂੰ ਇਹ =ਰੀਸੈਟ' ਕਹਿੰਦੇ ਹਨ ਕਿਉਂਕਿ ਕਰੋਨੇ ਦੀ ਆੜ ਵਿਚ ਨਾਲੇ ਤਾਂ ਵਿਰੋਧੀ ਆਵਾਜ਼ ਬੰਦ ਕਰਾ ਦਿੱਤੀ ਗਈ ਅਤੇ ਨਾਲੇ ਕਾਰਪੋਰੇਸ਼ਨਾਂ ਨੇ ਰੱਜ ਕੇ ਦੌਲਤ ਦੀ ਲੁੱਟ ਕੀਤੀ।

ਕਾਰਪੋਰੇਸ਼ਨਾਂ ਨੇ ਆਪਣੇ ਫਰੇਬੀ ਮੀਡੀਏ ਰਾਹੀਂ ਕਦੇ ਟੀ.ਵੀ. ਤੇ ਉਹ ਸ਼ੋਅ ਚਲਾਏ ਕਿ ਸਾਧਾਰਨ ਜਨਤਾ ਜਿਨ੍ਹਾਂ ਨੂੰ ਰੋਟੀ ਦੇ ਲਾਲੇ ਪਏ ਹਨ ਉਹ ਵੀ ਆਪਣੇ ਆਪ ਨੂੰ ਉਨ੍ਹਾਂ ਟੀ.ਵੀ. ਸੀਰੀਅਲਾਂ 'ਤੇ ਆਉਣ ਵਾਲੇ ਐਕਟਰਾਂ ਵਰਗਾ ਸਮਝਣ ਲੱਗ ਪਏ। ਇਸ ਦਾ ਨਤੀਜਾ ਥਾਂ ਥਾਂ ਖੁੱਲ੍ਹੇ ਬਿਊਟੀ ਪਾਰਲਰ, ਤਰ੍ਹਾਂ ਤਰ੍ਹਾਂ ਦੇ ਫੈਸ਼ਨ ਡਿਜ਼ਾਇਨਰ। ਇਨ੍ਹਾਂ ਬਿਊਟੀ ਪਾਰਲਰਾਂ ਨੇ ਵੀ ਮੱਧ ਵਰਗ ਨੂੰ ਖੋਖਲਾ ਕਰ ਦਿੱਤਾ ਹੈ। ਟੀ.ਵੀ. ਉਤੇ ਤਰ੍ਹਾਂ-ਤਰ੍ਹਾਂ ਦੇ ਖਾਣੇ, ਕੱਪੜੇ, ਸ਼ਰਾਬਾਂ, ਖਿਡਾਉਣੇ ਦਿਖਾ ਕੇ ਕਾਰਪੋਰੇਸ਼ਨਾਂ ਲੋਕਾਂ ਨੂੰ ਹੋਰ ਬੁਰੀ ਤਰ੍ਹਾਂ ਲੁੱਟ ਰਹੀਆਂ ਹਨ।

ਲੋਕਾਂ ਨੇ ਕੀ ਖਾਣਾ ਹੈ, ਕੀ ਪਹਿਨਣਾ ਹੈ, ਕਿਸ ਤਰ੍ਹਾਂ ਰਹਿਣਾ ਹੈ ਇਸ ਸਭ ਕਾਸੇ 'ਤੇ ਕੰਟਰੋਲ ਕਰਨ ਲਈ ਕਾਰਪੋਰੇਸ਼ਨਾਂ ਸਿਰ ਤੋੜ ਯਤਨ ਕਰ ਰਹੀਆਂ ਹਨ। ਲੋਕਾਂ ਦੇ ਇਕੱਠ ਨੂੰ ਤੋੜਨ ਲਈ ਕੁਆਂਟੀਨ, ਸੋਸ਼ਲ ਡਿਸਟੈਂਸ ਵਰਗੇ ਸੋਸ਼ੇ ਛੱਡੇ ਜਾਂਦੇ ਹਨ। ਇਹ 1-1 ਲੋਕ ਦੁਨੀਆ ਦਾ 50% ਵੱਧ ਦੌਲਤ ਤਾਂ ਪਹਿਲਾਂ ਹੀ ਇਕੱਠੀ ਕਰੀ ਬੈਠੇ ਹਨ ਬਾਕੀ ਲੋਕਾਂ ਜਾਂ 99% ਲੋਕਾਂ ਕੋਲ ਜੋ ਬਚਦਾ ਉਸ ਨੂੰ ਖੋਹਣ ਲਈ ਤਰ੍ਹਾਂ-ਤਰ੍ਹਾਂ ਦੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ।

12 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।


ਹਰਬੰਸ ਸਿੰਘ
(ਟੋਰਾਂਟੋ)
416-817-7142


ਦੇਵਿੰਦਰ ਤੂਰ
(ਟੋਰਾਂਟੋ)
416 902 9372


ਮਾਸਟਰ ਭਜਨ
(ਕੈਲਗਰੀ)
403-455-4220


ਪਰਮਿੰਦਰ ਕੌਰ ਸਵੈਚ
(ਵੈਨਕੂਵਰ)
604 760 4794


ਜਸਵੀਰ ਕੌਰ ਮੰਗੂਵਾਲ
ਵਿਨੀਪੈੱਗ
204-881-4955


ਬਲਜਿੰਦਰ ਸਿੰਘ ਵੜੈਚ
(ਪੰਜਾਬ)
+91-92167-29598



SECURELIFE
INSURANCE AGENCY INC.

NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SAROKARAN DI AWAZ**

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Managing Director
Devinder Toor, Toronto
416-902-9372
ppapmg@gmail.com

Chief Editor
Harbans Singh
416-817-7142
ppapmg@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Chief advisor
Buta Singh Nawan Shahr
(Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Honorary Advisory Board
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211

Graphic Desinger
Baljinder Singh Waraich
+91-92167-29598
akashdeep.1064@gmail.com



ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


# ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ 66 ਫੀਸਦੀ ਪੱਛੜੀਆਂ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਕੈਦੀ !



-ਸੁਖਦੇਵ ਸਲੇਮਪੁਰੀ
09780620233



ਪਿਛਲੇ ਦਿਨੀਂ ਦੇਸ਼ ਦੀ ਸੰਸਦ ਵਿੱਚ ਪੇਸ਼ ਕੀਤੇ ਗਏ ਸਰਕਾਰੀ ਅੰਕੜਿਆਂ ਰਾਹੀਂ ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ ਮੂਲਨਿਵਾਸੀਆਂ ਨਾਲ ਸਬੰਧਿਤ ਕੈਦੀਆਂ ਦੀ ਗਿਣਤੀ ਸਬੰਧੀ ਜੋ ਖੁਲਾਸਾ ਕੀਤਾ ਗਿਆ ਹੈ, ਬਹੁਤ ਹੀ ਅਚੰਭੇ ਵਾਲਾ ਹੈ, ਜਿਸ ਨੂੰ ਸੁਣ ਕੇ ਸਰੀਰ ਨੂੰ ਕੰਬਣੀ ਛਿੜਦੀ ਹੈ। ਸੰਸਦ ਵਿੱਚ ਸਰਕਾਰ ਵਲੋਂ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ ਦੇਸ ਦੀਆਂ ਜੇਲ੍ਹਾਂ ਵਿੱਚ 4,78,600 ਕੈਦੀ ਬੰਦ ਹਨ। ਉਨ੍ਹਾਂ ਕੈਦੀਆਂ ਵਿੱਚੋਂ 3,15,409 ਕੈਦੀ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਜਨਜਾਤੀਆਂ ਨਾਲ ਸਬੰਧਿਤ ਹਨ ਜੋ ਕੁਲ ਕੈਦੀਆਂ ਦਾ ਲਗਭਗ 66 ਫੀਸਦੀ (65.90 ਫੀਸਦੀ) ਹਿੱਸਾ ਬਣਦਾ ਹੈ। ਦੇਸ਼ ਦੇ ਗ੍ਰਹਿ ਰਾਜ ਮੰਤਰੀ ਜੀ. ਕਿਸਨ ਰੈਂਡੀ ਦੁਆਰਾ ਪੇਸ ਕੀਤੇ ਗਏ ਜੇਲ੍ਹ ਦੇ ਅੰਕੜੇ 31 ਦਸੰਬਰ, 2019 ਤੱਕ ਨੈਸਨਲ ਕ੍ਰਾਈਮ ਰਿਕਾਰਡ ਬਿਊਰੋ (ਐਨ. ਸੀ. ਆਰ. ਬੀ. ) ਦੁਆਰਾ ਅਪਡੇਟ ਕੀਤੇ ਗਏ ਅੰਕੜਿਆਂ ਦੇ ਸੰਕਲਨ 'ਤੇ ਅਧਾਰਿਤ ਸਨ। ਰਾਜ ਸਭਾ ਮੈਂਬਰ ਸਈਅਦ ਨਾਸਿਰ ਹੁਸੈਨ ਨੇ ਸੰਸਦ ਵਿਚ ਇਹ ਜਾਣਨ ਦੀ ਮੰਗ ਕੀਤੀ ਸੀ ਕਿ ਕੀ ਦੇਸ ਦੀਆਂ ਜੇਲ੍ਹਾਂ ਵਿੱਚ ਦਲਿਤ ਅਤੇ ਮੁਸਲਮਾਨ ਕੈਦੀਆਂ ਦੀ ਬਹੁਗਿਣਤੀ ਹੈ, ਕੀ ਉਨ੍ਹਾਂ ਦੀ ਗਿਣਤੀ ਸ੍ਰੇਣੀ ਅਨੁਸਾਰ ਵੰਡੀ ਗਈ ਹੈ ਅਤੇ ਸਰਕਾਰ ਉਨ੍ਹਾਂ ਦੇ ਮੁੜ ਵਸੇਬੇ ਅਤੇ ਸਿੱਖਿਆ ਲਈ ਕੀ ਯਤਨ ਕਰ ਰਹੀ ਹੈ। ਇਸ ਪ੍ਰਸ਼ਨ ਦਾ ਲਿਖਤੀ ਉੱਤਰ ਦਿੰਦਿਆਂ ਸ੍ਰੀ ਰੈਡੀ ਨੇ ਦੱਸਿਆ ਕਿ ਦੇਸ ਦੀਆਂ ਜੇਲ੍ਹਾਂ ਵਿੱਚ 4,78,600 ਕੈਦੀ ਬੰਦ ਸਨ, ਜਿਨ੍ਹਾਂ ਵਿੱਚੋਂ 3,15,409 (65.90%) ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪੱਛੜੀਆਂ ਸ੍ਰੇਣੀਆਂ ਨਾਲ ਸਬੰਧਤ ਸਨ, ਜਦੋਂ ਕਿ 1,26,393 ਹੋਰ ਵਰਗਾਂ ਨਾਲ ਸਬੰਧਿਤ ਸਨ। ਜਾਰੀ ਅੰਕੜਿਆਂ ਦੇ ਵਿਸਤ੍ਰਿਤ ਵਿਸਲੇਸਣ ਤੋਂ ਪਤਾ ਚੱਲਦਾ ਹੈ ਕਿ 1,62,800 ਕੈਦੀ ਓ. ਬੀ. ਸੀ. ਸ਼੍ਰੇਣੀ ਨਾਲ ਸਬੰਧਿਤ ਸਨ ਜੋ ਕੁਲ ਕੈਦੀਆਂ ਦੀ ਗਿਣਤੀ ਦਾ 34.01ਫੀਸਦੀ ਬਣਦਾ ਹੈ, ਅਨੁਸੂਚਿਤ ਜਾਤੀਆਂ ਨਾਲ ਸਬੰਧਿਤ 99,273 ਕੈਦੀ ਸਨ ਜੋ 20.74 ਫੀਸਦੀ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧਿਤ ਕੈਦੀਆਂ ਦੀ ਗਿਣਤੀ 53,336 ਸੀ ਜੋ ਕੁਲ ਕੈਦੀਆਂ ਦਾ 11.14ਫੀਸਦੀ ਬਣਦਾ ਸੀ।

ਅੰਕੜੇ ਦਰਸਾਉਂਦੇ ਹਨ ਕਿ ਦੇਸ ਵਿੱਚ ਕੁੱਲ 4,78,600 ਜੇਲ੍ਹ ਕੈਦੀਆਂ ਵਿਚ ਮਰਦਾਂ ਦੀ ਗਿਣਤੀ 4,58,687 ਸੀ ਜੋ ਕੁਲ ਕੈਦੀਆਂ ਦਾ 95.83 ਫੀਸਦੀ ਅਤੇ ਔਰਤਾਂ ਦੀ ਗਿਣਤੀ 19,913 ਸੀ ਜੋ ਕੁਲ ਗਿਣਤੀ ਦਾ 4.16 ਫੀਸਦੀ ਸੀ। ਬਹੁਤ ਹੀ ਸਿਤਮ ਦੀ ਗੱਲ ਇਹ ਹੈ ਕਿ ਕੁੱਲ 19,913 ਔਰਤ ਕੈਦਣਾਂ ਵਿੱਚੋਂ 6,360 ਕੈਦਣਾਂ ਓ. ਬੀ. ਸੀ. ਵਰਗ ਨਾਲ ਸਬੰਧਿਤ ਸਨ ਜੋ ਕੁਲ ਕੈਦਣਾਂ ਦਾ 31.93 ਫੀਸਦੀ ਸੀ, ਜਦੋਂ ਕਿ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਕੈਦਣਾਂ ਦੀ ਗਿਣਤੀ 4,467 ਸੀ ਜੋ ਕੁਲ ਗਿਣਤੀ ਦਾ 22.43 ਫੀਸਦੀ ਸੀ ਜਦਕਿ 2,281 (11.45 ਫੀਸਦੀ ) ਅਨੁਸੂਚਿਤ ਜਨਜਾਤੀਆਂ ਨਾਲ ਸਬੰਧਤ ਸਨ। ਰਾਜਾਂ ਅਤੇ ਕੇਂਦਰ ਸਾਸਿਤ ਪ੍ਰਦੇਸਾਂ ਵਿੱਚ, ਉੱਤਰ ਪ੍ਰਦੇਸ ਦੀਆਂ ਜੇਲ੍ਹਾਂ ਵਿੱਚ ਸੱਭ ਤੋਂ ਵੱਧ 1,01,297 ਕੈਦੀ ਬੰਦ ਸਨ, ਜੋ ਦੇਸ ਦੇ ਕੁੱਲ ਕੈਦੀਆਂ ਦਾ 21.16 ਫੀਸਦੀ ਹਿੱਸਾ ਬਣਦਾ ਸੀ। ਇਸ ਤੋਂ ਬਾਅਦ ਦੂਜੇ ਸਥਾਨ 'ਤੇ ਮੱਧ ਪ੍ਰਦੇਸ ਵਿਚ 44,603 ਅਤੇ ਤੀਜੇ ਸਥਾਨ 'ਤੇ ਬਿਹਾਰ ਵਿਚ 39,814 ਕੈਦੀ ਬੰਦ ਸਨ। ਅੰਕੜਿਆਂ ਅਨੁਸਾਰ ਉੱਤਰ ਪ੍ਰਦੇਸ ਦੀਆਂ ਜੇਲ੍ਹਾਂ ਵਿੱਚ ਸਭ ਤੋਂ ਵੱਧ ਓ. ਬੀ. ਸੀ. , ਐਸ. ਸੀ. ਅਤੇ 'ਹੋਰ' ਵਰਗ ਦੇ ਕੈਦੀ ਹਨ, ਜਦੋਂ ਕਿ ਮੱਧ ਪ੍ਰਦੇਸ ਦੀਆਂ ਜੇਲ੍ਹਾਂ ਵਿੱਚ ਐਸ. ਟੀ. ਭਾਈਚਾਰੇ ਦੇ ਕੈਦੀ ਬੰਦ ਹਨ।ਪੱਛਮੀ ਬੰਗਾਲ ਨੇ 2018 ਅਤੇ 2019 ਲਈ ਜੇਲ੍ਹ ਵਿੱਚ ਬੰਦ ਕੈਦੀਆਂ ਦੇ ਅੰਕੜੇ ਜਮ੍ਹਾ ਨਹੀਂ ਕਰਵਾਏ , ਜਿਸ ਕਾਰਨ 2017 ਦੇ ਅੰਕੜਿਆਂ ਵਿੱਚ ਅੰਕੜਿਆਂ ਦੀ ਵਰਤੋਂ ਕੀਤੀ ਗਈ, ਜਦੋਂ ਕਿ ਮਹਾਰਾਸ਼ਟਰ ਦੀ ਸ੍ਰੇਣੀ ਅਨੁਸਾਰ ਬ੍ਰੇਕ-ਅੱਪ 'ਉਪਲਬਧ ਨਹੀਂ' ਸੀ, ਜਿਵੇਂ ਕਿ ਅੰਕੜਿਆਂ ਵਿੱਚ ਨੋਟ ਕੀਤਾ ਗਿਆ ਹੈ।

ਕੈਦੀਆਂ ਨੂੰ ਸਿੱਖਿਆ ਅਤੇ ਮੁੜ ਵਸੇਬੇ ਲਈ ਸ੍ਰੀ ਰੈਡੀ ਨੇ ਕਿਹਾ ਕਿ ਜੇਲ੍ਹਾਂ ਅਤੇ ਉਨ੍ਹਾਂ ਵਿੱਚ ਬੰਦ ਕੈਦੀਆਂ ਦਾ ਪ੍ਰਸਾਸ਼ਨ ਅਤੇ ਪ੍ਰਬੰਧਨ ਸਬੰਧਤ ਰਾਜ ਸਰਕਾਰਾਂ ਦੀ ਜਿੰਮੇਵਾਰੀ ਹੈ। ਹਾਲਾਂਕਿ ਇਸ ਸਬੰਧ ਵਿੱਚ ਰਾਜਾਂ ਦੇ ਯਤਨਾਂ ਦੀ ਪੂਰਤੀ ਲਈ, ਐਮ. ਐਚ. ਏ. ਨੇ ਮਈ 2016 ਵਿੱਚ ਸਾਰੇ ਰਾਜਾਂ ਅਤੇ ਕੇਂਦਰ ਸਾਸਿਤ ਪ੍ਰਦੇਸਾਂ ਵਿੱਚ ਇੱਕ ਮਾਡਲ ਜੇਲ੍ਹ ਮੈਨੂਅਲ ਪ੍ਰਸਾਰਿਤ ਕੀਤਾ ਸੀ, ਜਿਸ ਵਿੱਚ ਕੈਦੀਆਂ ਦੇ ਪੁਨਰਵਾਸ ਅਤੇ ਸਿੱਖਿਆ ਸਬੰਧੀ ਦਿਸਾ-ਨਿਰਦੇਸ ਸਾਮਲ ਸਨ, ਜਿਨ੍ਹਾਂ ਵਿਚ 'ਕੈਦੀਆਂ ਦੀ ਸਿੱਖਿਆ' ਦਾ ਪ੍ਰਬੰਧ ਕਰਨਾ ਸ਼ਾਮਲ ਹੈ। ਇਸ ਦੇ ਨਾਲ ਹੀ 'ਵੋਕੇਸਨਲ ਟ੍ਰੇਨਿੰਗ ਅਤੇ ਹੁਨਰ ਵਿਕਾਸ ਪ੍ਰੋਗਰਾਮ', 'ਕੈਦੀਆਂ ਦੀ ਭਲਾਈ', 'ਦੇਖਭਾਲ ਅਤੇ ਮੁੜ ਵਸੇਬਾ' ਆਦਿ ਸ਼ਾਮਲ ਹਨ।

ਭਾਰਤ ਦੇ ਜ਼ਿਲ੍ਹਾ, ਰਾਜ ਅਤੇ ਕੇਂਦਰੀ ਜੇਲ੍ਹਾਂ 'ਤੇ ਐਨ. ਜੀ. ਓ. ਸੀ. ਐਚ. ਆਰ. ਆਈ. ਦੁਆਰਾ ਕੀਤੇ ਗਏ ਅਧਿਐਨ ਵਿੱਚ ਬਹੁਤ ਸਾਰੇ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਏ ਹਨ। ਨੈਸਨਲ ਕ੍ਰਾਈਮ ਰਿਕਾਰਡ ਬਿਊਰੋ ਅਤੇ ਸੁਪਰੀਮ ਕੋਰਟ ਦੀ ਰਿਪੋਰਟ ਅਨੁਸਾਰ ਦੇਸ਼ ਦੀਆਂ 1401 ਜੇਲ੍ਹਾਂ ਵਿੱਚ 31 ਪ੍ਰਤੀਸਤ ਕੈਦੀ ਓ. ਬੀ. ਸੀ. , 13 ਪ੍ਰਤੀਸਤ ਐਸ. ਟੀ. , ਅਤੇ 21 ਪ੍ਰਤੀਸਤ ਐਸ. ਸੀ. ਹਨ। ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ 1 ਕਰੋੜ 77 ਲੱਖ ਲੋਕਾਂ ਨੂੰ ਕਾਨੂੰਨੀ ਸਹਾਇਤਾ ਦਿੱਤੀ ਗਈ ਸੀ, ਜਿਨ੍ਹਾਂ ਵਿੱਚੋਂ 26 ਫੀਸਦੀ ਉੱਤਰ ਪ੍ਰਦੇਸ ਦੇ ਕੈਦੀ ਸਨ ।ਇਸ ਦੇ ਨਾਲ ਹੀ 70 ਫੀਸਦੀ ਕੈਦੀ ਅਜਿਹੇ ਹਨ, ਜਿਨ੍ਹਾਂ ਨੇ 10ਵੀਂ ਜਮਾਤ ਤੋਂ ਘੱਟ ਪੜ੍ਹਾਈ ਕੀਤੀ ਹੈ। 31 ਦਸੰਬਰ 2015 ਤੱਕ, ਇੱਥੇ 1597 ਔਰਤ ਕੈਦਣਾਂ ਸਨ, ਜਿਨ੍ਹਾਂ ਨੂੰ 1866 ਬੱਚਿਆਂ ਸਮੇਤ ਕੈਦ ਕੀਤਾ ਗਿਆ ਸੀ। ਜਦੋਂ ਕਿ ਭਾਰਤੀ ਜੇਲ੍ਹਾਂ ਵਿੱਚ ਬੰਦ ਕੈਦੀਆਂ ਵਿਚ 19 ਫੀਸਦੀ ਮੁਸਲਿਮ ਭਾਈਚਾਰੇ ਨਾਲ ਸਬੰਧਤ ਕੈਦੀ ਹਨ। ਇਸ ਤੋਂ ਇਲਾਵਾ ਭਾਰਤ ਦੀਆਂ ਜੇਲ੍ਹਾਂ ਵਿੱਚ 6185 ਵਿਦੇਸੀ ਨਾਗਰਿਕ ਕੈਦ ਹਨ, ਜਿਨ੍ਹਾਂ ਵਿੱਚ ਜਿਆਦਾਤਰ ਬੰਗਲਾਦੇਸੀ ਹਨ। ਜੇਲ੍ਹਾਂ ਵਿੱਚ 4072 ਕੈਦੀ ਬੰਗਲਾਦੇਸ, 589 ਨੇਪਾਲ, 417 ਮਿਆਂਮਾਰ, 210 ਪਾਕਿਸਤਾਨ ਅਤੇ 897 ਹੋਰ ਦੇਸਾਂ ਨਾਲ ਸਬੰਧਿਤ ਹਨ, ਜੋ ਬੰਦ ਹਨ।

ਕਾਮਨਵੈਲਥ ਹਿਊਮਨ ਰਾਈਟਸ ਇਨੀਸੀਏਟਿਵ () ਵਲੋਂ ਜ਼ਿਲ੍ਹਾ, ਰਾਜ, ਕੇਂਦਰੀ ਜੇਲ੍ਹਾਂ 'ਤੇ ਐਨ. ਸੀ. ਆਰ. ਬੀ.-2015 ( 2015) ਅਤੇ ਸੁਪਰੀਮ ਕੋਰਟ ਦੇ ਅੰਕੜਿਆਂ ਦਾ ਵਿਸਲੇਸਣ ਕੀਤਾ ਗਿਆ । ਸੀ. ਐਚ. ਆਰ. ਆਈ. ਦੇ ਮੈਂਬਰ ਸਨਾ ਦਾਸ ਨੇ ਦੱਸਿਆ ਕਿ ਸਾਲ 2015 ਵਿੱਚ ਜੇਲ੍ਹਾਂ ਵਿੱਚ ਬੰਦ 1584 ਕੈਦੀਆਂ ਦੀ ਮੌਤ ਹੋਈ ਸੀ। ਭਾਰਤੀ ਜੇਲ੍ਹਾਂ ਵਿੱਚ ਦੋ ਤਿਹਾਈ ਕੈਦੀ ਅੰਡਰ ਟਰਾਇਲ ਹਨ।

(ਬਾਕੀ ਸਫ਼ਾ 17 'ਤੇ)


HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
Built Garage
Garage Door Opener & Install
New Garage Door
Repair Old Garage Door
Roofing, Fence, Deck
New Houses Framing
Old House Extension & any other add on construction Work
ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।
Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work

Paul Sekhon: 403-829-5000
Bay 11 2316 27 Ave. NE, Calgary Ph. : 403-

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)




ਬੂਟਾ ਸਿੰਘ
ਮਹਿਮੂਦਪੁਰ
94634-74342

*ਹਿੰਡਨਬਰਗ ਰਿਪੋਰਟ*

# ਅਡਾਨੀ ਘੋਟਾਲੇ ਦੇ ਤੱਥ ਨਿਧੜਕ ਪੱਤਰਕਾਰ ਪਰੰਜੋਏ ਗੁਹਾ ਠਾਕੁਰਤਾ ਦੀ ਜ਼ਬਾਨੀ

**ਅਹਿਮਦਾਬਾਦ ਦੀ ਇਕ ਅਦਾਲਤ ਵੱਲੋਂ ਉੱਘੇ ਪੱਤਰਕਾਰ ਪਰੰਜੋਏ ਗੁਹਾ ਠਾਕੁਰਤਾ ਨੂੰ ਹੁਕਮ ਸੁਣਾਇਆ ਗਿਆ ਸੀ ਕਿ ਉਹ ਕੁਝ ਵੀ ਐਸਾ ਬੋਲੇਗਾ ਜਾਂ ਲਿਖੇਗਾ ਨਹੀਂ ਜੋ ਅਡਾਨੀ ਸਮੂਹ ਦੇ ਹਿਤਾਂ ਦੇ ਵਿਰੁੱਧ ਜਾ ਸਕਦਾ ਹੋਵੇ। ਇਸ ਹੁਕਮ ਤੋਂ ਢਾਈ ਸਾਲ ਬਾਅਦ ਪਰੰਜੋਏ ਗੁਹਾ ਠਾਕੁਰਤਾ ਨੇ ਆਪਣੀ ਚੁੱਪ ਤੋੜੀ ਹੈ। ਹਿੰਡਨਬਰਗ ਰਿਸਰਚ ਰਿਪੋਰਟ, ਜਿਸ ਨਾਲ ਅਡਾਨੀ ਸਮੂਹ ਦੇ ਸ਼ੇਅਰਾਂ ਦੀਆਂ ਕੀਮਤਾਂ ਵਿਚ ਭੂਚਾਲ ਆ ਗਿਆ ਅਤੇ ਜਿਸ ਨੇ ਕਾਰਪੋਰੇਟ ਗਵਰਨੈਂਸ ਵਿਚ ਭਾਰਤੀ ਈਮਾਨਦਾਰੀ ਦਾ ਪਾਜ ਅੰਤਰਰਾਸ਼ਟਰੀ ਪੱਧਰ 'ਤੇ ਉਘੇੜ ਦਿੱਤਾ, ਵਿਚ ਪਰੰਜੋਏ ਗੁਹਾ ਠਾਕੁਰਤਾ ਦਾ ਪ੍ਰਮੁੱਖਤਾ ਨਾਲ ਜ਼ਿਕਰ ਕੀਤਾ ਗਿਆ ਹੈ। ਪਰੰਜੋਏ ਨੇ ਅਹਿਮਦਾਬਾਦ ਦੀ ਇਕ ਅਦਾਲਤ ਦੁਆਰਾ ਜ਼ੁਬਾਨਬੰਦੀ ਦਾ ਫੁਰਮਾਨ ਸੁਣਾਉਣ ਤੋਂ ਢਾਈ ਸਾਲ ਬਾਅਦ ਆਪਣੀ ਚੁੱਪ ਤੋੜੀ ਹੈ। ਪੇਸ਼ ਹਨ ਦੀ ਟੈਲੀਗ੍ਰਾਫ਼ ਗੁਹਾ ਠਾਕੁਰਤਾ ਨਾਲ ਹੋਈ ਗੱਲਬਾਤ ਦੇ ਅੰਸ਼:**



**ਸਵਾਲ: ਅਡਾਨੀ ਸਮੂਹ ਵਿਚ ਤੁਹਾਡੀ ਦਿਲਚਸਪੀ ਕਿਸ ਚੀਜ਼ ਨੇ ਪੈਦਾ ਕੀਤੀ?**

**ਗੁਹਾ ਠਾਕੁਰਤਾ:** ਮੈਂ ਅਡਾਨੀ ਸਮੂਹ ਬਾਰੇ ਲਿਖਣਾ ਸ਼ੁਰੂ ਕੀਤਾ ਕਿਉਂਕਿ ਮੈਂ ਕਾਰਪੋਰੇਟ ਸੈਕਟਰ, ਅਰਥਵਿਵਸਥਾ ਬਾਰੇ ਲਿਖਦਾ ਹਾਂ - ਬਤੌਰ ਪੱਤਰਕਾਰ ਮੇਰੀ ਦਿਲਚਸਪੀ ਦਾ ਖੇਤਰ ਸਿਆਸੀ ਆਰਥਿਕਤਾ ਹੈ। ਮੈਂ 45 ਸਾਲਾਂ ਤੋਂ ਪੱਤਰਕਾਰ ਹਾਂ ਅਤੇ ਹੁਣ ਮੈਂ 67 ਸਾਲਾਂ ਦਾ ਹਾਂ। ਅਡਾਨੀ ਸਮੂਹ ਦਾ ਉਭਾਰ ਸੱਚਮੁੱਚ ਅਸਧਾਰਨ ਰਿਹਾ ਹੈ। 20 ਸਾਲ ਪਹਿਲਾਂ ਅਡਾਨੀ ਗਰੁੱਪ ਬਾਰੇ ਬਹੁਤ ਘੱਟ ਲੋਕ ਜਾਣਦੇ ਸਨ। 10 ਦਿਨ ਪਹਿਲਾਂ ਤੱਕ ਉਹ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਆਦਮੀ ਅਤੇ ਏਸ਼ੀਆ ਦਾ ਸਭ ਤੋਂ ਅਮੀਰ ਆਦਮੀ ਸੀ। ਹੁਣ, ਉਸਦੀਆਂ ਸੂਚੀਬੱਧ ਕੰਪਨੀਆਂ ਦੇ ਸ਼ੇਅਰ ਲੁੜਕਣ ਤੋਂ ਬਾਦ ਉਹ ਉਸ ਮੁਕਾਮ ਤੋਂ ਹੇਠਾਂ ਆ ਡਿਗਿਆ ਹੈ। ਲਿਹਾਜ਼ਾ, ਜੇਕਰ ਅਡਾਨੀ ਸਮੂਹ ਦਾ ਉਭਾਰ ਹੈਰਾਨੀਜਨਕ ਰਿਹਾ ਹੈ, ਤਾਂ ਇਸ ਦਾ ਪਤਨ ਤਾਂ ਹੋਰ ਵੀ ਹੈਰਾਨੀਜਨਕ ਰਿਹਾ ਹੈ। 24 ਜਨਵਰੀ ਨੂੰ ਹਿੰਡਨਬਰਗ ਰਿਸਰਚ ਰਿਪੋਰਟ ਦੇ ਖ਼ੁਲਾਸੇ ਹੋਣ ਤੋਂ ਪਹਿਲਾਂ ਮੇਰੇ ਸਮੇਤ ਸਾਡੇ ਵਿੱਚੋਂ ਬਹੁਤ ਘੱਟ ਲੋਕਾਂ ਨੇ ਕਦੇ ਕਲਪਨਾ ਕੀਤੀ ਹੋਵੇਗੀ ਕਿ ਅਡਾਨੀ ਸਮੂਹ ਦਾ ਵਾਧਾ ਜਾਰੀ ਨਹੀਂ ਰਹੇਗਾ।

**ਸਵਾਲ: ਅਡਾਨੀ ਸਮੂਹ ਦਾ ਹੋਰ ਬਹੁਤ ਸਾਰੇ ਭਾਰਤੀ ਕਾਰਪੋਰੇਟਾਂ ਤੋਂ ਵੱਖਰਾ ਕੀ ਹੈ?**

**ਗੁਹਾ ਠਾਕੁਰਤਾ:** ਜੋ ਦਰਅਸਲ ਅਸਧਾਰਨ ਹੈ ਉਹ ਹੈ ਅਡਾਨੀ ਸਮੂਹ ਦਾ ਭਾਰਤੀ ਅਰਥਚਾਰੇ ਦੇ ਬਹੁਤ ਸਾਰੇ ਖੇਤਰਾਂ ਅਤੇ ਹਿੱਸਿਆਂ 'ਤੇ ਦਬਦਬਾ ਬਣਾਉਣ ਦਾ ਤਰੀਕਾ। ਇਹ ਭਾਰਤ ਵਿਚ ਸਭ ਤੋਂ ਵੱਡਾ ਵਪਾਰਕ ਬੰਦਰਗਾਹ ਆਪਰੇਟਰ ਹੈ। ਇਹ ਭਾਰਤ ਦੇ ਪੱਛਮੀ ਅਤੇ ਪੂਰਬੀ ਤੱਟ ਦੇ ਨਾਲ ਇਕ ਦਰਜਨ ਬੰਦਰਗਾਹਾਂ ਦਾ ਸੰਚਾਲਨ ਕਰਦਾ ਹੈ। ਅੰਤਰਰਾਸ਼ਟਰੀ ਤੌਰ 'ਤੇ, ਇਸ ਕੋਲ ਇਜ਼ਰਾਈਲ ਵਿਚ ਹਾਇਫ਼ਾ ਬੰਦਰਗਾਹ ਅਤੇ ਆਸਟ੍ਰੇਲੀਆ ਵਿਚ ਐਬੋਟ ਪੁਆਇੰਟ ਬੰਦਰਗਾਹ ਹੈ।

ਅਡਾਨੀ ਨਿੱਜੀ ਖੇਤਰ ਦੇ ਸਭ ਤੋਂ ਵੱਡੇ ਏਅਰਪੋਰਟ ਆਪਰੇਟਰਾਂ ਵਿੱਚੋਂ ਇਕ ਹੈ, ਇਹ ਸੀਆਈਐੱਲ (ਕੋਲ ਇੰਡੀਆ ਲਿਮਟਿਡ) ਤੋਂ ਬਾਦ ਕੋਲਾ ਖਾਣਾਂ ਦਾ ਦੂਜਾ ਸਭ ਤੋਂ ਵੱਡਾ ਆਪਰੇਟਰ ਹੈ; ਇੰਡੋਨੇਸ਼ੀਆ ਅਤੇ ਆਸਟ੍ਰੇਲੀਆ ਵਿਚ ਇਸ ਦੀਆਂ ਖਾਣਾਂ ਹਨ। ਇਹ ਭਾਰਤ ਲਈ ਕੋਲੇ ਦਾ ਸਭ ਤੋਂ ਵੱਡਾ ਆਯਾਤ ਕਰਤਾ ਹੈ, ਇਹ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ ਤੋਂ ਬਾਅਦ ਕੋਲੇ ਤੋਂ ਬਿਜਲੀ ਬਣਾਉਣ ਵਾਲਾ ਦੂਜਾ ਸਭ ਤੋਂ ਵੱਡਾ ਉਤਪਾਦਨ ਕਰਤਾ ਹੈ।... 15 ਸਾਲ ਪਹਿਲਾਂ ਅਡਾਨੀ ਸਮੂਹ ਕੱਟ ਕੇ ਪਾਲਿਸ਼ ਕੀਤੇ ਹੀਰਿਆਂ ਦਾ ਸਭ ਤੋਂ ਵੱਡਾ ਕਾਰੋਬਾਰੀ ਵੀ ਹੁੰਦਾ ਸੀ - ਇਸ ਖੇਤਰ ਦੇ ਹਿਤ ਇਸ ਨੇ ਜਤਿਨ ਮਹਿਤਾ ਦੇ ਵਿੰਸਮ ਡਾਇਮੰਡਜ਼ ਸਮੇਤ ਹੋਰ ਕਾਰੋਬਾਰੀਆਂ ਦੇ ਹਵਾਲੇ ਕਰ ਦਿੱਤੇ, ਜੋ ਵਿਨੋਦ ਅਡਾਨੀ ਦੀ ਧੀ (ਵਿਨੋਦ ਗੌਤਮ ਅਡਾਨੀ ਦਾ ਭਰਾ ਹੈ) ਦਾ ਸਹੁਰਾ ਯਾਨੀ ਉਸ ਦਾ ਕੁੜਮ ਹੈ। ਜਤਿਨ ਮਹਿਤਾ ਇਸ ਸਮੇਂ ਮੁਲਕ ਤੋਂ ਬਾਹਰ ਹੈ। ਵਿੰਸਮ ਡਾਇਮੰਡਜ਼ ਬੈਂਕਾਂ ਦੇ ਡੁੱਬੇ ਹੋਏ ਕਰਜ਼ਿਆਂ ਦੇ ਮਾਮਲੇ 'ਚ ਸਭ ਤੋਂ ਵੱਡੇ ਕਰਜ਼ਾਈਆਂ 'ਚੋਂ ਹੈ।

**ਸਵਾਲ: ਤੁਸੀਂ ਅਡਾਨੀ ਗਰੁੱਪ ਬਾਰੇ ਪਹਿਲੀ ਵਾਰ ਕਦੋਂ ਲਿਖਿਆ?**

**ਗੁਹਾ ਠਾਕੁਰਤਾ:** 2015 ਵਿਚ ਮੇਰਾ ਲੇਖ ਉਸ ਸਮੱਗਰੀ ਦਾ ਸੰਗ੍ਰਹਿ ਸੀ ਜੋ ਪਹਿਲਾਂ ਹੀ ਜਨਤਕ ਖੇਤਰ ਵਿਚ ਸਨ। ਪਹਿਲਾ ਲੇਖ ਜਿਸ ਨੂੰ ਕੋਈ ਨਿਵੇਕਲਾ ਕਹਿ ਸਕਦਾ ਹੈ, ਉਹ ਅਪ੍ਰੈਲ 2016 ਵਿਚ ਛਪਿਆ ਜਦੋਂ ਮੈਂ ਇਕਨਾਮਿਕ ਐਂਡ ਪੋਲੀਟੀਕਲ ਵੀਕਲੀ (ਈ.ਪੀ.ਡਬਲਯੂ.) ਦਾ ਸੰਪਾਦਕ ਸੀ। ਮੈਂ ਈ.ਪੀ.ਡਬਲਯੂ. ਵਿਚ ਕਈ ਲੇਖ ਲਿਖੇ, ਜਿਸ ਵਿਚ ਇਸ ਗਰੁੱਪ ਉੱਪਰ ਕੱਟ ਕੇ ਪਾਲਿਸ਼ ਕੀਤੇ ਹੀਰਿਆਂ ਦੇ ਕਾਰੋਬਾਰ ਦੇ ਲਾਭਾਂ ਦੀ ਦੁਰਵਰਤੋਂ, ਪਾਵਰ ਦੀ ਕੀਮਤ ਦੇ ਦੋਸ਼ ਸ਼ਾਮਲ ਹਨ। ਮੈਂ ਜੋ ਆਖ਼ਰੀ ਲੇਖ ਈ.ਪੀ.ਡਬਲਯੂ. ਲਈ ਜੂਨ 2017 ਵਿਚ ਲਿਖਿਆ ਉਹ ਐੱਸ.ਈ.ਜ਼ੈੱਡ. (ਵਿਸ਼ੇਸ਼ ਆਰਥਕ ਖੇਤਰਾਂ) ਵਿਚ ਬਿਜਲੀ ਪ੍ਰੋਜੈਕਟਾਂ ਨਾਲ ਸੰਬੰਧਤ ਨਿਯਮਾਂ ਵਿਚ ਫੇਰਬਦਲ ਨਾਲ ਸੰਬੰਧਤ ਸੀ....ਇਸ ਵਿਚ ਇਸ ਬਾਰੇ ਵੀ ਗੱਲ ਕੀਤੀ ਗਈ ਸੀ ਕਿ ਕਿਵੇਂ ਸਰਕਾਰ - ਵਿੱਤ ਮੰਤਰਾਲਾ ਅਤੇ ਵਣਜ ਮੰਤਰਾਲਾ - 500 ਕਰੋੜ ਰੁਪਏ ਤੋਂ ਵੱਧ ਦੀ ਕਸਟਮ ਡਿਊਟੀ ਵਾਪਸ ਦੇਣ ਲਈ ਅਰਜੀ 'ਤੇ ਕਾਰਵਾਈ ਕਰ ਰਹੇ ਸਨ, ਇਹ ਜਾਂਚ ਕੀਤੇ ਬਿਨਾਂ ਕਿ ਡਿਊਟੀ ਦਾ ਭੁਗਤਾਨ ਕੀਤਾ ਗਿਆ ਹੈ ਜਾਂ ਨਹੀਂ। ਮਾਮਲਾ ਸੰਸਦ ਤੱਕ ਪਹੁੰਚ ਗਿਆ।

**ਸਵਾਲ: ਤੁਸੀਂ ਇਸ ਤੋਂ ਥੋੜ੍ਹੀ ਦੇਰ ਬਾਅਦ ਈ.ਪੀ.ਡਬਲਯੂ. ਤੋਂ ਅਸਤੀਫ਼ਾ ਦੇ ਦਿੱਤਾ ਸੀ?**

**ਗੁਹਾ ਠਾਕੁਰਤਾ:** ਜਿਵੇਂ ਕਿ ਤੁਸੀਂ ਜਾਣਦੇ ਹੋ, ਮੈਂ ਜੁਲਾਈ 2017 ਵਿਚ ਅਸਤੀਫ਼ਾ ਦੇ ਦਿੱਤਾ ਸੀ ਜਦੋਂ ਈ.ਪੀ.ਡਬਲਯੂ. ਦੇ ਟਰੱਸਟੀ ਬੋਰਡ ਨੇ ਕਿਹਾ ਕਿ ਮੈਨੂੰ ਆਪਣੇ ਨਾਮ 'ਤੇ ਲੇਖ ਨਹੀਂ ਲਿਖਣੇ ਚਾਹੀਦੇ ਕਿਉਂਕਿ ਮੇਰੇ ਤੋਂ ਪਹਿਲੇ ਸੰਪਾਦਕ ਇਹੀ ਕਰਦੇ ਰਹੇ ਸਨ। ਮੈਨੂੰ ਦੱਸਿਆ ਗਿਆ ਕਿ ਉਹ ਮੇਰੇ ਨਾਲ ਇਕ ਸਹਿ-ਸੰਪਾਦਕ ਲਗਾਉਣ ਬਾਰੇ ਸੋਚ ਰਹੇ ਹਨ; ਕਿ ਮੈਂ ਇਕ ਵੱਕਾਰੀ ਪ੍ਰਕਾਸ਼ਨ ਦੇ ਚਰਿੱਤਰ ਨੂੰ ਤਹਿਸ-ਨਹਿਸ ਕਰ ਦਿੱਤਾ ਹੈ ਜੋ ਇਕ ਸੰਸਥਾ ਵਾਂਗ ਹੈ। ਮੈਨੂੰ ਦੱਸਿਆ ਗਿਆ ਕਿ ਮੈਂ ਪ੍ਰਕਾਸ਼ਕ, ਪ੍ਰਿੰਟਰ, ਲੇਖਕ ਅਤੇ ਲੇਖ ਦੇ ਸੰਪਾਦਕ ਨੂੰ ਭੇਜੇ ਗਏ ਕਾਨੂੰਨੀ ਨੋਟਿਸ ਦਾ ਜਵਾਬ ਦੇਣ ਲਈ ਇਕ ਵਕੀਲ ਦੀਆਂ ਸੇਵਾਵਾਂ ਬਿਨਾਂ ਫ਼ੀਸ ਦਿੱਤੇ ਲੈ ਕੇ ਇਕ ਗੰਭੀਰ ਅਣਉਚਿਤ ਕੰਮ ਕੀਤਾ ਹੈ। ਅਤੇ ਆਖ਼ਿਰਕਾਰ ਮੈਨੂੰ ਵੈੱਬਸਾਈਟ ਤੋਂ ਲੇਖ ਨੂੰ ਹਟਾ ਦੇਣ ਅਤੇ ਲੇਖ ਨੂੰ ਹਟਾਏ ਜਾਣ ਤੱਕ ਕਮਰੇ ਤੋਂ ਬਾਹਰ ਨਾ ਜਾਣ ਲਈ ਕਿਹਾ ਗਿਆ। ਮੈਂ ਆਪਣੇ ਇਕ ਸਾਥੀ ਨੂੰ ਬੁਲਾਇਆ, ਲੇਖ ਹਟਾ ਦਿੱਤਾ, ਕਾਗਜ਼ ਲਿਆ ਅਤੇ ਆਪਣਾ ਅਸਤੀਫ਼ਾ ਲਿਖ ਦਿੱਤਾ।

**ਸਵਾਲ: ਪਰ ਕੀ ਤੁਸੀਂ ਅਡਾਨੀ ਸਮੂਹ ਬਾਰੇ ਲਿਖਣਾ ਜਾਰੀ ਰੱਖਿਆ?**

**ਗੁਹਾ ਠਾਕੁਰਤਾ:** ਈ.ਪੀ.ਡਬਲਯੂ. ਵੱਲੋਂ ਹਟਾਇਆ ਗਿਆ ਲੇਖ ਦੀ ਵਾਇਰ (ਨਿਊਜ਼ ਪੋਰਟਲ) ਵੱਲੋਂ ਪ੍ਰਕਾਸ਼ਤ ਕੀਤਾ ਗਿਆ। ਪ੍ਰੋਫੈਸਰ ਅਮਰਤਿਆ ਸੇਨ ਅਤੇ ਉੱਘੇ ਵਿਦਵਾਨ ਨੋਮ ਚੌਮਸਕੀ ਸਮੇਤ ਕਈ ਲੋਕ ਮੇਰੀ ਹਮਾਇਤ 'ਚ ਅੱਗੇ ਆਏ। ਇਸ ਤੋਂ ਬਾਦ, ਅਡਾਨੀ ਗਰੁੱਪ ਉੱਪਰ ਮੇਰੇ ਲੇਖ ਵੱਡੇ ਪੱਧਰ 'ਤੇ ਹੋਰ ਪ੍ਰਕਾਸ਼ਨਾਵਾਂ, ਖ਼ਾਸ ਤੌਰ 'ਤੇ ਨਿਊਜ਼ਕਲਿੱਕ ਵਿਚ ਛਪੇ। ਮਈ 2018 ਵਿਚ ਮੈਂ ਨਿਊਜ਼ਕਲਿੱਕ ਦਾ ਸਲਾਹਕਾਰ ਬਣਿਆ।

**ਸਵਾਲ: ਕੀ ਤੁਹਾਡੇ ਵਿਰੁੱਧ ਆਪਣਾ ਮੂੰਹ ਬੰਦ ਰੱਖਣ ਦਾ ਕੋਈ ਅਦਾਲਤੀ ਹੁਕਮ ਨਹੀਂ ਹੈ?**

**ਗੁਹਾ ਠਾਕੁਰਤਾ:** ਮੈਂ ਭਾਰਤ ਦਾ ਇਕਲੌਤਾ ਨਾਗਰਿਕ ਹਾਂ ਜਿਸ ਦੇ ਖ਼ਿਲਾਫ਼ ਗੌਤਮ ਅਡਾਨੀ ਦੀ ਅਗਵਾਈ ਵਾਲੀਆਂ ਕੰਪਨੀਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਮਾਣਹਾਨੀ ਦੇ ਛੇ ਕੇਸ ਕੀਤੇ ਹੋਏ ਹਨ ਜੋ ਅਜੇ ਵੀ ਅਦਾਲਤਾਂ 'ਚ ਚੱਲ ਰਹੇ ਹਨ।

ਦੋ ਕੇਸ ਗੁਜਰਾਤ ਦੇ ਮੁੰਦਰਾ ਵਿਖੇ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੇ ਸਾਹਮਣੇ, ਦੋ ਅਹਿਮਦਾਬਾਦ, ਗੁਜਰਾਤ ਦੀਆਂ ਅਦਾਲਤਾਂ ਵਿਚ, ਇਕ ਰਾਜਸਥਾਨ ਦੇ ਬਾਰਨ ਜ਼ਿਲ੍ਹੇ ਵਿਚ, ਅਤੇ ਇਕ ਦਿੱਲੀ ਵਿਚ ਦਾਇਰ ਹਨ।

ਸਤੰਬਰ 2020 'ਚ ਅਹਿਮਦਾਬਾਦ ਦੀਆਂ ਅਦਾਲਤਾਂ ਨੇ ਮੇਰੇ, ਮੇਰੇ ਸਹਿ-ਲੇਖਕ ਅਬੀਰ ਦਾਸਗੁਪਤਾ ਅਤੇ ਪ੍ਰਬੀਰ ਪੁਰਕਾਯਸਥ ਦੀ ਅਗਵਾਈ ਵਾਲੇ ਨਿਊਜ਼ਕਲਿੱਕ ਵਿਰੁੱਧ ਮੂੰਹ ਨਾ ਖੋਲ੍ਹਣ ਦਾ ਹੁਕਮ ਜਾਰੀ ਕੀਤਾ ਕਿ ਅਸੀਂ ਐਸੀ ਕੋਈ ਗੱਲ ਬੋਲ, ਕਹਿ ਜਾਂ ਲਿਖ ਨਹੀਂ ਸਕਦੇ ਜੋ ਗੌਤਮ ਅਡਾਨੀ ਅਤੇ ਉਸ ਦੇ ਸਮੂਹ ਦੇ ਹਿੱਤਾਂ ਦੇ ਵਿਰੁੱਧ ਜਾਂਦੀ ਹੋਵੇ।

ਇਕ ਲੇਖ ਐਸਾ ਸੀ ਜਿਸ ਨੂੰ ਮਾਣਹਾਨੀ ਤਾਂ ਮੰਨਿਆ ਗਿਆ - ਪਰ ਲੇਖ ਦੀ ਸਮੱਗਰੀ ਨੂੰ ਚੁਣੌਤੀ ਨਹੀਂ ਦਿੱਤੀ ਗਈ। ਸਿਰਲੇਖ ਨੂੰ ਮਾਣਹਾਨੀ ਮੰਨਿਆ ਗਿਆ ਸੀ.... ਇਹ ਤਿੰਨ ਲੇਖਾਂ ਦੀ ਲੜੀ ਵਿੱਚੋਂ ਆਖ਼ਰੀ ਸੀ।

ਮੇਰੇ, ਮੇਰੇ ਸਾਥੀਆਂ ਅਤੇ ਨਿਊਜ਼ਕਲਿੱਕ ਉੱਪਰ ਦੋਸ਼ ਇਹ ਸੀ ਕਿ ਅਸੀਂ ਅਵਾਮ ਦੀਆਂ ਨਜ਼ਰਾਂ 'ਚ ਨਿਆਂਪਾਲਿਕਾ ਦਾ ਮਾਣ ਘਟਾਇਆ ਹੈ। ਇਹ ਕੇਸ ਫ਼ਿਲਹਾਲ ਵਿਚਾਰ ਅਧੀਨ ਹੈ ਅਤੇ ਮੈਂ ਇਸ ਬਾਰੇ ਹੋਰ ਕੁਝ ਨਹੀਂ ਕਹਿ ਸਕਦਾ।

ਹਾਲ ਹੀ ਵਿਚ ਰਾਜਸਥਾਨ ਵਾਲੇ ਕੇਸ ਵਿਚ ਸਾਡੇ ਵਿੱਚੋਂ ਕਈ ਜਣੇ ਬਾਰਨ ਜ਼ਿਲ੍ਹੇ ਦੇ ਗ੍ਰਾਮੀਣ ਨਿਆਲਿਆ ਵਿਚ ਮੈਜਿਸਟਰੇਟ ਦੇ ਸਾਹਮਣੇ ਜ਼ਮਾਨਤ ਬਾਂਡ ਅਤੇ ਜ਼ਮਾਨਤੀ ਬਾਂਡਾਂ ਲਈ ਜ਼ਮਾਨਤਾਂ ਦੇਣ ਲਈ ਪੇਸ਼ ਹੋਏ।

ਜੋ ਲੇਖ ਈ.ਪੀ.ਡਬਲਯੂ. ਵੱਲੋਂ ਹਟਾ ਦਿੱਤਾ ਗਿਆ ਸੀ ਉਸ ਨੂੰ ਅਡਾਨੀ ਸਮੂਹ ਵੱਲੋਂ ਇਹ ਕਹਿੰਦੇ ਹੋਏ ਚੁਣੌਤੀ ਦਿੱਤੀ ਗਈ ਕਿ ਇਹ ਮਾਣਹਾਨੀ ਕਰਨ ਵਾਲਾ ਸੀ। ਦੀ ਵਾਇਰ ਨੂੰ ਚਲਾਉਣ ਵਾਲੀਆਂ ਸੰਸਥਾਵਾਂ, ਮੇਰੇ ਸਹਿ-ਲੇਖਕਾਂ ਅਤੇ ਮੇਰੇ ਵਿਰੁੱਧ ਭੁਜ ਦੀ ਸਿਵਲ ਅਦਾਲਤ ਅਤੇ ਮੁੰਦਰਾ ਦੀ ਇਕ ਫ਼ੌਜਦਾਰੀ ਅਦਾਲਤ ਵਿਚ ਦਰਜ ਕਰਾਏ ਗਏ ਸਨ। ਪਰ ਹੁਣ ਇਹ ਦੋਵੇਂ ਕੇਸ ਮੁੰਦਰਾ ਵਿਚ ਹਨ।

**ਪ੍ਰ: ਕੀ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਈ ਕੋਸ਼ਿਸ਼ ਕੀਤੀ ਗਈ ਸੀ, ਜਿਵੇਂ ਕਿ ਹਿੰਡਨਬਰਗ ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ? ਕੀ ਤੁਹਾਨੂੰ ਜੇਲ੍ਹ ਵਿਚ ਬੰਦ ਕੀਤਾ ਗਿਆ ਸੀ?**

**ਗੁਹਾ ਠਾਕੁਰਤਾ:** ਜਨਵਰੀ 2021 ਵਿਚ, ਜਦੋਂ ਮਹਾਮਾਰੀ ਚੱਲ ਰਹੀ ਸੀ, ਮੁੰਦਰਾ ਵਿਚ ਇਕ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੁਆਰਾ ਮੇਰੇ ਵਿਰੁੱਧ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਗਿਆ ਸੀ। ਮੇਰੇ ਵਕੀਲ ਨੇ ਦਲੀਲ ਦਿੱਤੀ ਕਿ ਇਹ ਗ਼ੈਰ-ਜ਼ਮਾਨਤੀ ਵਾਰੰਟ ਕਾਨੂੰਨ ਦੇ ਹਿਸਾਬ ਨਾਲ ਠੀਕ ਨਹੀਂ ਹੈ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਫ਼ੈਸਲਿਆਂ ਦਾ ਹਵਾਲਾ ਦਿੱਤਾ ਜਿੱਥੇ ਇਹ ਲਿਖਿਆ ਗਿਆ ਸੀ ਕਿ ਜੇਕਰ ਕੋਈ ਵਿਅਕਤੀ ਅਦਾਲਤ ਵਿਚ ਪੇਸ਼ ਹੋਣ ਵਿਚ ਅਸਫ਼ਲ ਰਹਿੰਦਾ ਹੈ ਤਾਂ ਤੁਸੀਂ ਜ਼ਮਾਨਤੀ ਵਾਰੰਟ ਜਾਰੀ ਕਰ ਸਕਦੇ ਹੋ। ਜੇਕਰ ਉਹ ਫਿਰ ਵੀ ਪੇਸ਼ ਨਹੀਂ ਹੁੰਦਾ ਹੈ ਤਾਂ ਅਦਾਲਤ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਸਕਦੀ ਹੈ। ਇਹ ਮਾਮਲਾ ਈ.ਪੀ.ਡਬਲਯੂ. ਤੋਂ ਹਟਾਏ ਗਏ ਲੇਖ ਨਾਲ ਸੰਬੰਧਤ ਹੈ ਅਤੇ ਜਿਸ ਨੂੰ ਬਾਦ ਵਿਚ ਦੀ ਵਾਇਰ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ।

ਮਈ 2019 ਵਿਚ, ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣ ਤੋਂ ਪਹਿਲਾਂ ਅਡਾਨੀ ਗਰੁੱਪ ਨੇ ਹੋਰ ਸਾਰਿਆਂ - ਦ ਵਾਇਰ, ਮੇਰੇ ਤਿੰਨ ਸਹਿ-ਲੇਖਕਾਂ - ਦੇ ਵਿਰੁੱਧ ਕੇਸ ਵਾਪਸ ਲੈ ਲਏ। ਪਰ ਮੈਂ ਇਕੱਲਾ ਵਿਅਕਤੀ ਹਾਂ ਜਿਸ ਦੇ ਖ਼ਿਲਾਫ਼ ਕੇਸ ਚੱਲ ਰਹੇ ਹੈ। ਤੁਹਾਡੇ ਸਵਾਲ ਦਾ ਜਵਾਬ ਇਹ ਹੈ ਕਿ ਮੈਨੂੰ ਕਦੇ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

**ਸਵਾਲ: ਕੀ ਤੁਸੀਂ ਹਿੰਡਨਬਰਗ ਖੋਜ ਨਾਲ ਸਹਿਯੋਗ ਕੀਤਾ ਸੀ?**

**ਗੁਹਾ ਠਾਕੁਰਤਾ:** ਰਿਪੋਰਟ ਆਉਣ ਤੋਂ ਪਹਿਲਾਂ ਮੈਂ ਇਸ ਬਾਰੇ ਕਦੇ ਨਹੀਂ ਸੁਣਿਆ। ਹਾਲਾਂਕਿ, ਇਸ ਰਿਪੋਰਟ ਨੂੰ, ਜਿਸ ਦੇ 32,000 ਸ਼ਬਦ ਹਨ, ਜੇਕਰ ਕਿਤਾਬ ਦੇ ਰੂਪ ਵਿਚ ਛਾਪਿਆ ਜਾਵੇ, ਤਾਂ ਇਹ 150 ਪੰਨਿਆਂ ਦੀ ਕਿਤਾਬ ਬਣ ਸਕਦੀ ਹੈ। ਇਸ ਵਿਚ ਮੇਰੇ ਅਤੇ ਅਬੀਰ ਦਾਸਗੁਪਤਾ ਵਰਗੇ ਸੁਤੰਤਰ ਪੱਤਰਕਾਰਾਂ ਦੁਆਰਾ ਕੀਤੇ ਗਏ ਕੰਮ ਦੇ ਕਈ ਹਵਾਲੇ ਦਿੱਤੇ ਗਏ ਹਨ ਜਿਨ੍ਹਾਂ ਨਾਲ ਮੈਂ ਮਿਲ ਕੇ ਕੰਮ ਕੀਤਾ। ਪਰ ਉਨ੍ਹਾਂ (ਹਿੰਡਨਬਰਗ) ਨੇ ਜ਼ਰੂਰ ਹੀ ਜਨਤਕ ਖੇਤਰ ਵਿਚ ਮੌਜੂਦ ਸਮੱਗਰੀ ਤੱਕ ਪਹੁੰਚ ਕੀਤੀ ਹੋਵੇਗੀ।

**ਸਵਾਲ: ਕੀ ਤੁਸੀਂ ਅੱਜ ਹਿੰਡਨਬਰਗ ਰਿਸਰਚ ਰਿਪੋਰਟ ਦੇ ਸਾਹਮਣੇ ਆਉਣ ਤੋਂ ਬਾਦ ਇਹ ਮਹਿਸੂਸ ਕਰਦੇ ਹੋ ਕਿ ਤੁਹਾਡੀ ਗੱਲ ਸਹੀ ਸਾਬਤ ਹੋਈ ਹੈ?**

**ਗੁਹਾ ਠਾਕੁਰਤਾ:** ਹਾਂ, ਮੈਂ ਕਰਦਾ ਹਾਂ।

**ਸਵਾਲ: ਕੀ ਤੁਸੀਂ ਗੌਤਮ ਅਡਾਨੀ ਨੂੰ ਮਿਲੇ ਹੋ?**

**ਗੁਹਾ ਠਾਕੁਰਤਾ:** ਮੈਂ ਗੌਤਮ ਅਡਾਨੀ ਨੂੰ ਦੋ ਮੌਕਿਆਂ 'ਤੇ ਮਿਲਿਆ ਸੀ - ਮਈ 2017 'ਚ ਮੁੰਬਈ ਵਿਚ, ਅਤੇ ਫਿਰ ਫਰਵਰੀ 2021 ਵਿਚ।

ਪਿੱਛੇ ਜਹੇ ਮੇਰੀ ਉਨ੍ਹਾਂ ਨਾਲ ਟੈਲੀਫ਼ੋਨ ਉੱਪਰ ਲੰਮੀ ਗੱਲਬਾਤ ਹੋਈ ਸੀ। ਪਰ ਇਨ੍ਹਾਂ ਵਿੱਚੋਂ ਹਰੇਕ ਮੌਕੇ 'ਤੇ ਮੇਰੇ ਨਾਲ ਇਸ ਸ਼ਰਤ 'ਤੇ ਮੁਲਾਕਾਤ ਕੀਤੀ ਗਈ ਕਿ ਇਹ ਰਿਕਾਰਡ ਨਹੀਂ ਕੀਤੀ ਜਾਵੇਗੀ। ਮੈਂ ਉਹ ਗੱਲਬਾਤ ਰਿਕਾਰਡ ਨਹੀਂ ਕੀਤੀ। ਟੈਲੀਫੋਨ ਕਾਲ ਨੂੰ ਛੱਡ ਕੇ ਹਰ ਗੱਲਬਾਤ ਦੌਰਾਨ ਮੇਰੇ ਨਾਲ ਹੋਰ ਲੋਕ ਸਨ।

2017 'ਚ ਇਕ ਸਾਬਕਾ ਸਹਿਯੋਗੀ ਮੇਰੇ ਨਾਲ ਸੀ ਅਤੇ 2021 'ਚ ਗੌਤਮ ਅਡਾਨੀ ਅਤੇ ਮੇਰੀ ਪਤਨੀ ਸਮੇਤ ਅਸੀਂ ਕਮਰੇ ਵਿਚ ਪੰਜ ਜਣੇ ਸੀ। ਪਹਿਲੀ ਮੀਟਿੰਗ ਲੱਗਭੱਗ ਇਕ ਘੰਟਾ ਚੱਲੀ ਜਦੋਂ ਕਿ ਦੂਜੀ ਇਕ ਘੰਟਾ 55 ਮਿੰਟ ਤੱਕ ਚੱਲੀ। ਫ਼ੋਨ ਕਾਲ ਲੱਗਭੱਗ 15 ਮਿੰਟ ਚੱਲੀ।

**ਸਵਾਲ: ਕੀ ਗੱਲਬਾਤ ਤੁਸੀਂ ਸ਼ੁਰੂ ਕੀਤੀ ਸੀ?**

**ਗੁਹਾ ਠਾਕੁਰਤਾ:** ਪਹਿਲੀ ਮੁਲਾਕਾਤ ਮੇਰੇ ਕਹਿਣ 'ਤੇ ਹੋਈ ਸੀ। ਦੂਜੀ ਮੇਰੇ ਵਕੀਲ ਆਨੰਦ ਯਾਗਨਿਕ ਦੇ ਵੱਲੋਂ ਸੀ ਜਿਸ ਨੇ ਇਸ ਉਮੀਦ ਨਾਲ ਮੁਲਾਕਾਤ ਕਰਵਾਈ ਸੀ ਕਿ ਅਦਾਲਤ ਤੋਂ ਬਾਹਰ ਸਮਝੌਤਾ ਹੋ ਸਕਦਾ ਹੈ। ਪਰ ਅਜਿਹਾ ਨਹੀਂ ਹੋਇਆ। ਆਖ਼ਰੀ ਫ਼ੋਨ ਕਾਲ ਮੇਰੇ ਵੱਲੋਂ ਕੇਸਾਂ ਨੂੰ ਵਾਪਸ ਲੈਣ ਦੀ ਬੇਨਤੀ ਸੀ।

**ਸਵਾਲ: ਉਸ ਦਾ ਕੀ ਜਵਾਬ ਸੀ?**

**ਗੁਹਾ ਠਾਕੁਰਤਾ:** ਉਸ ਨੇ ਕੋਈ ਵਾਅਦਾ ਨਹੀਂ ਕੀਤਾ। ਜਦੋਂ ਅਸੀਂ ਇਹ ਗੱਲਬਾਤ ਕਰ ਰਹੇ ਹਾਂ, ਕੇਸ ਅਜੇ ਵੀ ਚੱਲ ਰਹੇ ਹਨ।

**ਸਵਾਲ: ਤੁਸੀਂ ਕਿਉਂਕਿ ਚੋਟੀ ਦੀਆਂ ਕੰਪਨੀਆਂ ਅਤੇ ਸਮੂਹਾਂ ਵਿਰੁੱਧ ਕਈ ਲੇਖ ਲਿਖੇ ਹਨ, ਕੀ ਤੁਹਾਨੂੰ ਪਹਿਲਾਂ ਵੀ ਅਦਾਲਤੀ ਕੇਸਾਂ ਦਾ ਸਾਹਮਣਾ ਕਰਨਾ ਪਿਆ?**

**ਗੁਹਾ ਠਾਕੁਰਤਾ:** ਬਹੁਤ ਸਾਰੇ ਕਾਰਪੋਰੇਟਾਂ ਨੇ ਮੈਨੂੰ ਕਾਨੂੰਨੀ ਨੋਟਿਸ ਜ਼ਰੂਰ ਭੇਜੇ ਪਰ ਦਰਅਸਲ ਕੋਈ ਵੀ ਮੈਨੂੰ ਅਦਾਲਤ ਵਿਚ ਨਹੀਂ ਲੈ ਕੇ ਗਿਆ। ਦੋਵਾਂ ਅੰਬਾਨੀ ਭਰਾਵਾਂ ਦੀ ਅਗਵਾਈ ਵਾਲੇ ਕਾਰਪੋਰੇਟ ਅਦਾਰਿਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਵੱਲੋਂ ਸਾਨੂੰ ਕਾਨੂੰਨੀ ਨੋਟਿਸ ਭੇਜੇ ਗਏ ਸਨ। ਸਹਾਰਾ ਦਾ ਸੁਬਰਾਤਾ ਰਾਏ ਮੈਨੂੰ ਕਦੇ ਵੀ ਅਦਾਲਤ ਵਿਚ ਨਹੀਂ ਲੈ ਕੇ ਗਿਆ।

**ਸਵਾਲ: ਇਨ੍ਹਾਂ ਕੇਸਾਂ ਦਾ ਤੁਹਾਡੇ ਉੱਪਰ ਮਾੜਾ ਅਸਰ ਪਿਆ ਹੋਵੇਗਾ?**

**ਗੁਹਾ ਠਾਕੁਰਤਾ:** ਹਾਂ, ਇਨ੍ਹਾਂ ਕੇਸਾਂ ਦਾ ਮੇਰੇ ਅਤੇ ਮੇਰੀ ਜ਼ਿੰਦਗੀ 'ਤੇ ਅਸਰ ਪਿਆ ਹੈ। ਇਨ੍ਹਾਂ 'ਚ ਸਮਾਂ ਖ਼ਰਾਬ ਹੁੰਦਾ ਹੈ ਅਤੇ ਖ਼ਰਚ ਵੀ ਹੁੰਦਾ ਹੈ। ਪਰ ਜੇ ਤੁਸੀਂ ਮੈਨੂੰ ਇਹ ਪੁੱਛਦੇ ਹੋ ਕਿ ਕੀ ਮੈਂ ਕੁਝ ਵੱਖਰਾ ਕੀਤਾ ਹੁੰਦਾ, ਤਾਂ ਮੈਂ ਕਹਾਂਗਾ 'ਨਹੀਂ'।



# ਅਡਾਨੀ ਗਰੁੱਪ ਬਨਾਮ ਹਿੰਡਨਬਰਗ ਰਿਪੋਰਟ



ਸਤਵੰਤ ਸ ਦੀਪਕ,
ਵੈਨਕੂਵਰ, ਬੀ ਸੀ,
ਕੈਨੇਡਾ
604 910 9953

ਆਪਣੇ ਲੇਖ 'ਮੌਜੂਦਾ ਭਾਰਤੀ ਕਿਸਾਨ ਅੰਦੋਲਨ ਦੇ ਅਹਿਮ ਪੱਖ' (1*) ਵਿੱਚ 'ਅਡਾਨੀ-ਅੰਬਾਨੀ ਜੌੜੇ ਬਘਿਆੜ' ਉਪ-ਸਿਰਲੇਖ ਹੇਠ ਮੈਂ ਸੰਕੇਤ-ਮਾਤਰ ਲਿਖਿਆ ਸੀ ਕਿ ਕਿਵੇਂ ਬੀ ਜੇ ਪੀ ਦੀ ਮੋਦੀ ਸਰਕਾਰ ਨੇ ਅਡਾਨੀ-ਅੰਬਾਨੀ ਜੁੰਡਲ਼ੀ ਨੂੰ ਭਾਰਤ ਨੂੰ ਦੋਹੀਂ ਹੱਥੀਂ ਲੁੱਟਣ ਦੀ ਪੂਰੀ ਖੁੱਲ੍ਹ ਦੇ ਰੱਖੀ ਹੈ। ਇਸ ਲੁੱਟ ਵਿੱਚ ਇਹਨਾਂ ਦੇ ਕੌਮਾਂਤਰੀ ਪੂੰਜੀਵਾਦੀ ਭਾਈਵਾਲ ਇਹਨਾਂ ਦੇ ਨਾਲ਼ ਹਨ। ਹੁਣ ਤੱਕ ਇਹ ਸਪਸ਼ਟ ਹੋ ਚੁੱਕਾ ਹੈ ਕਿ ਮੋਦੀ ਸਰਕਾਰ ਇਹ ਖੇਤੀ ਕਾਨੂੰਨ ਅਡਾਨੀ-ਅੰਬਾਨੀ ਕਾਰਪੋਰੇਟ ਘਰਾਣਿਆਂ ਅਤੇ ਇਹਨਾਂ ਦੇ ਕੌਮਾਂਤਰੀ-ਪੂੰਜੀਵਾਦੀ ਭਾਈਵਾਲਾਂ ਦੀਆਂ ਭਰੀਆਂ ਤਿਜੌਰੀਆਂ ਨੂੰ ਹੋਰ ਭਰਨ ਅਤੇ ਉਹਨਾਂ ਦੀ ਦੁਨੀਆਂ ਦੇ ਸਭ ਤੋਂ ਵੱਧ ਅਮੀਰ ਘਰਾਣੇ ਬਣਨ ਦੀ ਹਵਸ ਨੂੰ ਪੂਰਾ ਕਰਨ ਲਈ ਸਾਰੇ ਭਾਰਤ ਦੇ ਲੋਕਾਂ, ਖ਼ਾਸ ਕਰਕੇ ਕਿਸਾਨਾਂ ਦੀ ਬਲੀ ਦੇਣ ਦੇ ਰਾਹ ਪਈ ਹੋਈ ਹੈ। ਇਸ ਸੰਦਰਭ ਵਿੱਚ ਅਡਾਨੀ-ਅੰਬਾਨੀ-ਰਾਮਦੇਵ ਕਾਰਪੋਰੇਟ ਘਰਾਣਿਆਂ ਦੀ ਸੰਪਤੀ, ਭਾਰਤ ਅਤੇ ਦੁਨੀਆਂ ਭਰ ਵਿੱਚ ਇਹਨਾਂ ਦੇ ਕਾਰੋਬਾਰਾਂ ਦੇ ਵਿਛਾਏ ਗਏ ਜਾਲ਼ ਦੀ ਸੰਖੇਪ ਵਿੱਚ ਪਿਛਲੇ ਲੇਖ ਵਿੱਚ ਚਰਚਾ ਕੀਤੀ ਗਈ ਸੀ। 'ਅਡਾਨੀਆਂ ਨੂੰ ਗੱਫੇ, ਕਿਸਾਨਾਂ ਨੂੰ ਧੱਕੇ' (2*) ਲੇਖ ਵਿਚ ਮੈਂ ਅਡਾਨੀ ਗਰੁਪ ਵੱਲੋਂ ਕਿਸਾਨਾਂ ਦੀ ਭੋਇੰ ਅਤੇ ਉਪਜ ਨੂੰ ਹੜੱਪਣ ਦੇ ਸਮੁੱਚੇ ਭਾਰਤ ਅਤੇ ਪੰਜਾਬ ਵਿੱਚ ਲੰਬੇ ਸਮੇ ਤੋਂ ਅੰਦਰਖਾਤੇ ਪਸਾਰੇ ਜਾ ਚੁੱਕੇ ਅਤੇ ਪਸਾਰੇ ਜਾ ਰਹੇ ਅੰਤ ਤੋਂ ਅੰਤ (End to End) ਮਨਸੂਬਿਆਂ ਬਾਰੇ ਵਿਸਥਾਰ-ਪੂਰਵਕ ਵਿਸ਼ਲੇਸ਼ਣ ਕੀਤਾ ਸੀ। ਇਸ ਸਾਲ 24 ਜਨਵਰੀ, 2023 ਨੂੰ ਅਮਰੀਕਾ ਦੀ ਹਿੰਡਨਬਰਗ ਰਿਸਰਚ ਐਲ.ਐਲ.ਸੀ. ਕੰਪਨੀ ਨੇ ਆਪਣੀ 163 ਪੰਨਿਆਂ ਦੀ "Adani Group: How The World's Crd Richest Man Is Pulling The Largest Con In Corporate History" (3*) ਨਾਮੀ ਰਿਪੋਰਟ ਵਿਚ ਅਡਾਨੀ ਗਰੁਪ ਦੇ ਸਮੁੱਚੇ ਕਾਰੋਬਾਰਾਂ ਵਿਚ ਲਗਾਤਾਰ ਹੋ ਰਹੀ ਸ਼ੇਅਰਾਂ ਦੀ ਹੇਰਾਫੇਰੀ, ਧੋਖਾ-ਧੜੀ, ਤੇ ਮਨੀ-ਲਾਂਡਰਿੰਗ ਦਾ ਪਰਦਾ ਫ਼ਾਸ਼ ਕੀਤਾ ਹੈ। ਇਸ ਲੇਖ ਵਿਚ ਅਡਾਨੀ ਗਰੁਪ ਦੇ ਕਾਰੋਬਾਰੀ ਤਾਣੇਬਾਣੇ, ਸਰਮਾਏ, ਇਸ ਦੇ ਭਾਰਤ ਦੀ ਆਰਥਿਕਤਾ ਉੱਪਰ ਮੁਕੰਮਲ ਆਰਥਿਕ ਗ਼ਲਬੇ, ਅਤੇ ਹਿੰਡਨਬਰਗ ਰਿਸਰਚ ਵੱਲੋਂ ਕੀਤੀ ਪੜਤਾਲ ਬਾਰੇ ਗੱਲ ਕੀਤੀ ਜਾਵੇਗੀ।

ਸਪਸ਼ਟ ਹੈ ਕਿ ਮੋਦੀ ਦੀ ਛਤਰ ਛਾਇਆ ਹੇਠ ਅਡਾਨੀ ਗਰੁਪ ਦਾ ਸਮੁੱਚੇ ਭਾਰਤ ਦੀ ਇੰਡਸਟਰੀ 'ਤੇ ਗ਼ਲਬਾ ਹੈ, ਇਹ ਗਰੁਪ ਸਮੁੱਚੇ ਭਾਰਤ ਦੀ ਆਰਥਿਕਤਾ 'ਤੇ ਨਾਗ ਵਾਂਗ ਵਿਛਿਆ ਹੋਇਆ ਹੈ। ਇਸ ਗਰੁਪ ਕੋਲ 7 ਪ੍ਰਮੁੱਖ ਪਬਲਿਕ ਸੂਚੀਬੱਧ ਇਕੁਇਟੀਜ਼: ਏਅਰਪੋਰਟ, ਬੰਦਰਗਾਹਾਂ, ਗੈਸ, ਬਿਜਲੀ ਉਤਪਾਦਨ, ਪਾਵਰ ਟ੍ਰਾਸਮਿਸ਼ਨ, ਖਾਣਾਂ, ਹਨ ਜਿੰਨ੍ਹਾਂ ਦਾ ਸਮੂਹਕ ਬਾਜ਼ਾਰ ਮੁੱਲ ਲਗਭਗ 17.8 ਟ੍ਰਿਲੀਅਨ ਰੁਪਏ (USM 218 ਬਿਲੀਅਨ) ਹੈ। ਇਸ ਵਿੱਚ ਅਡਾਨੀ ਪ੍ਰਾਈਵੇਟ ਕੰਪਨੀਆਂ ਅਤੇ ਪਰਿਵਾਰਕ ਟਰੱਸਟਾਂ ਦਾ ਇੱਕ ਜਟਿਲ ਤਾਣਾਬਾਣਾ ਵੀ ਸ਼ਾਮਲ ਹੈ। ਅਡਾਨੀ ਦੀਆਂ ਸੂਚੀਬੱਧ 7 ਪ੍ਰਮੁੱਖ ਕੰਪਨੀਆਂ ਨੇ ਪਿਛਲੇ 3 ਸਾਲਾਂ ਦੌਰਾਨ ਆਪਣੇ ਸਟਾਕ ਦੀਆਂ ਕੀਮਤਾਂ ਵਿੱਚ ਰਹੱਸਮਈ ਢੰਗ ਕਈ ਗੁਣਾ ਵਾਧਾ ਹੋਇਆ ਹੈ - ਉਨ੍ਹਾਂ ਨੂੰ ਭਾਰਤ ਦੀਆਂ ਸਭ ਤੋਂ ਵੱਡੀਆਂ ਕੰਪਨੀਆਂ ਵਿੱਚ ਵਿਅਕਤੀਗਤ ਤੌਰ 'ਤੇ ਦਰਜਾ ਦਿੱਤਾ ਗਿਆ ਹੈ। ਅਡਾਨੀ ਐਂਟਰਪ੍ਰਾਈਜਿਜ਼ ਅਤੇ ਅਡਾਨੀ ਪੋਰਟਸ ਦੋਵੇਂ ਹੀ ਭਾਰਤ ਦੇ ਨਿਫਟੀ 50 ਇੰਡੈਕਸ ਵਿੱਚ ਸ਼ਾਮਲ ਹਨ ਅਤੇ 6 ਕੰਪਨੀਆਂ ਐਮ.ਐਸ.ਸੀ.ਆਈ. ਇੰਡੀਆ ਇੰਡੈਕਸ ਵਿੱਚ ਸ਼ਾਮਲ ਹਨ। ਗਰੁਪ ਵਿੱਚ ਆਪਣੀਆਂ ਹੋਲਡਿੰਗਜ਼ ਰਾਹੀਂ, ਗੌਤਮ ਅਡਾਨੀ ਅਤੇ ਉਸਦੇ ਪਰਿਵਾਰ ਨੇ USM 120 ਬਿਲੀਅਨ ਤੋਂ ਵੱਧ ਦੀ ਦੌਲਤ ਇਕੱਠੀ ਕੀਤੀ ਹੈ, ਜਿਸ ਵਿੱਚੋਂ ਮੁੱਖ ਤੌਰ 'ਤੇ ਇਸਦੇ ਸਟਾਕ ਦੀਆਂ ਕੀਮਤਾਂ 'ਚ ਅਸਮਾਨੀ ਵਾਧੇ ਰਾਹੀਂ USM 100 ਬਿਲੀਅਨ ਤੋਂ ਵੱਧ ਪਿਛਲੇ 3 ਸਾਲਾਂ ਦੌਰਾਨ ਅਡਾਨੀ ਦੀ ਤਿਜੌਰੀ ਵਿਚ ਪਏ ਹਨ, ਜਿਸ ਦਾ ਵੇਰਵਾ ਹੇਠਾਂ ਸਾਰਣੀ ਵਿਚ ਦਿੱਤਾ ਗਿਆ ਹੈ:

Source: https://hindenburgresearch.com/adani/ (3*)

| Company Name | MCap (Mil INR) | MCap (Mil U.S $) | 1-YR Stock % Gain | 3-YR Stock % Gain |
|---|---|---|---|---|
| Adani Enterprises | 3,928,558 | 48,108 | 101% | 1398% |
| Adani Transmission | 3,095,771 | 37,910 | 36% | 729% |
| Adani Total Gas | 4,275,567 | 52,357 | 118% | 2121% |
| Adani Green Energy | 3,047,678 | 37,321 | 4% | 908% |
| Adani Power | 1,062,201 | 13,007 | 167% | 332% |
| Adani Ports | 1,668,599 | 20,433 | 8% | 98% |
| Adani Wilmar** | 734,123 | 8,990 | 149% | 149% |
| **Total** | 17,812,498 | 218,127 | | |

ਅਡਾਨੀ ਗਰੁਪ ਦੀਆਂ ਕੰਪਨੀਆਂ ਦਾ ਸੰਖੇਪ ਵੇਰਵਾ: (https://en.wikipedia.org/wiki/Adani-Group) (4*)

**ਅਡਾਨੀ ਐਂਟਰਪ੍ਰਾਈਜਿਜ਼:** ਅਡਾਨੀ ਐਂਟਰਪ੍ਰਾਈਜਿਜ਼ ਇੱਕ ਹੋਲਡਿੰਗ ਕੰਪਨੀ ਹੈ, ਜੋ ਮੁੱਖ ਤੌਰ 'ਤੇ ਕੋਲੇ ਅਤੇ ਲੋਹੇ ਦੀ ਮਾਈਨਿੰਗ ਅਤੇ ਵਪਾਰ ਵਿੱਚ ਲੱਗੀ ਹੋਈ ਹੈ, ਅਤੇ ਅਡਾਨੀ ਗਰੁੱਪ ਦੇ ਨਵੇਂ ਕਾਰੋਬਾਰੀ ਉੱਦਮਾਂ ਲਈ ਇਨਕਿਊਬੇਟਰ ਵਜੋਂ ਕੰਮ ਕਰਦੀ ਹੈ। ਇਸ ਦੀਆਂ ਤਿੰਨ ਮੁੱਖ ਸਹਾਇਕ ਕੰਪਨੀਆਂ ਹਨ: ਅਡਾਨੀ ਵਿਲਮਰ (ਫੂਡ ਪ੍ਰੋਸੈਸਿੰਗ), ਅਡਾਨੀ ਏਅਰਪੋਰਟ ਹੋਲਡਿੰਗਜ਼ ਅਤੇ ਅਡਾਨੀ ਰੋਡ ਟਰਾਂਸਪੋਰਟ। ਇਸ ਦੀਆਂ ਹੋਰ ਸਹਾਇਕ ਕੰਪਨੀਆਂ ਰਾਹੀਂ, ਅਡਾਨੀ ਐਂਟਰਪ੍ਰਾਈਜਿਜ਼ ਦੇ ਸੋਲਰ ਪੀਵੀ ਮਾਡਿਊਲ ਨਿਰਮਾਣ, ਪਾਣੀ ਦੇ ਬੁਨਿਆਦੀ ਢਾਂਚੇ, ਡੇਟਾ ਸੈਂਟਰਾਂ, ਖੇਤੀਬਾੜੀ-ਆਉਟਪੁੱਟ ਸਟੋਰੇਜ ਅਤੇ ਵੰਡ, ਸੁਰੱਖਿਆ ਅਤੇ ਏਅਰੋਸਪੇਸ, ਬੰਕਰਿੰਗ, ਰੇਲ ਅਤੇ ਮੈਟਰੋ ਬੁਨਿਆਦੀ ਢਾਂਚਾ, ਰੀਅਲ ਇਸਟੇਟ, ਵਿੱਤੀ ਸੇਵਾਵਾਂ, ਤੇਲ ਖੋਜ, ਪੈਟਰੋਕੈਮੀਕਲਜ਼ ਅਤੇ ਸੀਮੈਂਟ ਵਿੱਚ ਵੀ ਕਾਰੋਬਾਰੀ ਹਿੱਤ ਹਨ।

**ਅਡਾਨੀ ਗ੍ਰੀਨ ਐਨਰਜੀ:** ਅਡਾਨੀ ਗ੍ਰੀਨ ਐਨਰਜੀ ਸਮੂਹ ਦੀ ਨਵਿਆਉਣਯੋਗ ਊਰਜਾ ਸ਼ਾਖਾ ਹੈ, ਜਿਸ ਦੇ ਪੋਰਟਫੋਲੀਓ ਵਿੱਚ ਹਵਾ ਅਤੇ ਸੂਰਜੀ ਊਰਜਾ ਪਲਾਂਟ ਹਨ। ਇਹ ਸਮਰੱਥਾ ਦੇ ਹਿਸਾਬ ਨਾਲ ਦੁਨੀਆ ਦਾ ਸਭ ਤੋਂ ਵੱਡਾ ਸੋਲਰ ਪਾਵਰ ਡਿਵੈਲਪਰ ਹੈ, ਜਿਸਦੀ ਕੁੱਲ ਸਮਰੱਥਾ 12.3 ਗੈਗਾਵਾਟ ਹੈ। 2022 ਵਿੱਚ, ਅਡਾਨੀ ਗ੍ਰੀਨ ਨੇ 3 ਨਵੀਆਂ ਸਹਾਇਕ ਕੰਪਨੀਆਂ ਬਣਾਈਆਂ, ਜਿਨ੍ਹਾਂ ਨੂੰ ਅਡਾਨੀ ਨਵਿਆਉਣਯੋਗ ਊਰਜਾ 36, ਅਡਾਨੀ ਨਵਿਆਉਣਯੋਗ ਊਰਜਾ 40 ਲਿਮਟਿਡ ਅਤੇ ਅਡਾਨੀ ਨਵਿਆਉਣਯੋਗ ਊਰਜਾ ਲਿਮਟਿਡ ਕਿਹਾ ਜਾਂਦਾ ਹੈ।

**ਅਡਾਨੀ ਪੋਰਟਸ ਅਤੇ ਸੇਜ਼:** ਅਡਾਨੀ ਪੋਰਟਸ ਐਂਡ ਸੇਜ਼ ਭਾਰਤ ਦੀ ਸਭ ਤੋਂ ਵੱਡੀ ਨਿੱਜੀ ਬੰਦਰਗਾਹ ਕੰਪਨੀ ਅਤੇ ਵਿਸ਼ੇਸ਼ ਆਰਥਿਕ ਖੇਤਰ ਹੈ, ਜਿਸ ਵਿੱਚ ਮੁੰਦਰਾ ਬੰਦਰਗਾਹ ਸਮੇਤ ਦਸ ਬੰਦਰਗਾਹਾਂ ਅਤੇ ਟਰਮੀਨਲ ਹਨ, ਜੋ ਇਸ ਦੀ ਸਭ ਤੋਂ ਵੱਡੀ ਹੈ। ਕੰਪਨੀ ਦੇ ਸੰਚਾਲਨ ਵਿੱਚ ਪੋਰਟ ਪ੍ਰਬੰਧਨ, ਲੌਜਿਸਟਿਕਸ ਅਤੇ ਵਿਸ਼ੇਸ਼ ਆਰਥਿਕ ਖੇਤਰ ਸ਼ਾਮਲ ਹਨ। ਇਹ ਕੰਪਨੀ ਹੇਠ ਲਿਖੀਆਂ ਬੰਦਰਗਾਹਾਂ 'ਤੇ ਕੰਮ ਕਰਦੀ ਹੈ: ਮੁੰਦਰਾ, ਦਹੇਜ, ਅਤੇ ਹਜ਼ੀਰਾ, ਗੁਜਰਾਤ; ਧਾਮਰਾ, ਓਡੀਸ਼ਾ; ਕੱਟੂਪੱਲੀ, ਤਾਮਿਲਨਾਡੂ; ਅਤੇ ਵਿਜ਼ਿੰਜਮ, ਕੇਰਲਾ।

**ਅਡਾਨੀ ਪਾਵਰ:** ਅਡਾਨੀ ਪਾਵਰ ਦੀ ਸਥਾਪਨਾ ਅਗਸਤ 1996 ਵਿੱਚ ਕੀਤੀ ਗਈ ਸੀ। ਕੰਪਨੀ ਬਿਜਲੀ ਪ੍ਰੋਜੈਕਟਾਂ ਦਾ ਵਿਕਾਸ ਅਤੇ ਰੱਖ-ਰਖਾਅ ਕਰਦੀ ਹੈ ਅਤੇ ਦੇਸ਼ ਦੀ ਸਭ ਤੋਂ ਵੱਡੀ ਨਿੱਜੀ ਖੇਤਰ ਦੀ ਬਿਜਲੀ ਪੈਦਾ ਕਰਨ ਵਾਲੀ ਕੰਪਨੀ ਹੈ। ਇਸ ਦੀ ਸੰਯੁਕਤ ਸਥਾਪਤ ਸਮਰੱਥਾ 12,450 ਮੈਗਾਵਾਟ ਹੈ ਅਤੇ ਪੂਰੇ ਭਾਰਤ ਵਿੱਚ ਚਾਰ ਥਰਮਲ ਪਾਵਰ ਪ੍ਰੋਜੈਕਟ ਹਨ।



**ਅਡਾਨੀ ਟਰਾਂਸਮਿਸ਼ਨ:** 2013 ਵਿੱਚ ਏਕੀਕ੍ਰਿਤ, ਅਡਾਨੀ ਟ੍ਰਾਂਸਮਿਸ਼ਨ ਇਲੈਕਟ੍ਰਿਕ ਪਾਵਰ ਟ੍ਰਾਂਸਮਿਸ਼ਨ ਪ੍ਰਣਾਲੀਆਂ ਦੇ ਕਮਿਸ਼ਨਿੰਗ, ਸੰਚਾਲਨ ਅਤੇ ਰੱਖ-ਰਖਾਅ ਨੂੰ ਸੰਭਾਲਦਾ ਹੈ। ਮਈ 2021 ਤੱਕ, ਕੰਪਨੀ 17,200 ਸਰਕਟ ਕਿਲੋਮੀਟਰ ਦੀਆਂ ਟ੍ਰਾਂਸਮਿਸ਼ਨ ਲਾਈਨਾਂ ਨੂੰ ਰੱਖਦੀ ਹੈ, ਸੰਚਾਲਿਤ ਕਰਦੀ ਹੈ ਅਤੇ ਮੇਨਟੇਨ ਕਰਦੀ ਹੈ ਜੋ 400 ਤੋਂ 765 ਕਿਲੋਵੋਲਟ ਤੱਕ ਹੁੰਦੀਆਂ ਹਨ, ਜਿਸ ਨਾਲ ਇਹ ਭਾਰਤ ਦਾ ਸਭ ਤੋਂ ਵੱਡਾ ਨਿੱਜੀ ਖੇਤਰ ਦਾ ਪਾਵਰ ਟ੍ਰਾਂਸਮਿਸ਼ਨ ਅਤੇ ਡਿਸਟ੍ਰੀਬਿਊਸ਼ਨ ਨੈੱਟਵਰਕ ਬਣ ਜਾਂਦਾ ਹੈ।

**ਅਡਾਨੀ ਟੋਟਲ ਗੈਸ:** ਅਡਾਨੀ ਟੋਟਲ ਗੈਸ ਇੱਕ ਗੈਸ ਡਿਸਟ੍ਰੀਬੀਊਸ਼ਨ ਕੰਪਨੀ ਹੈ ਜੋ ਭਾਰਤ ਵਿੱਚ ਉਦਯੋਗਿਕ ਅਤੇ ਰੈਜ਼ੀਡੈਂਸ਼ਲ ਗਾਹਕਾਂ ਨੂੰ ਪਾਈਪ ਰਾਹੀਂ ਕੁਦਰਤੀ ਗੈਸ ਕੁਨੈਕਸ਼ਨਾਂ ਅਤੇ ਕੰਪਰੈੱਸਡ ਕੁਦਰਤੀ ਗੈਸ ਸਟੇਸ਼ਨਾਂ ਰਾਹੀਂ ਸੇਵਾ ਪ੍ਰਦਾਨ ਕਰਦੀ ਹੈ। ਇਹ ਅਡਾਨੀ ਸਮੂਹ ਅਤੇ ਫ੍ਰੈਂਚ ਤੇਲ ਅਤੇ ਗੈਸ ਕੰਪਨੀ ਟੋਟਲ ਐਨਰਜੀਜ਼ ਦੇ ਵਿਚਕਾਰ ਇੱਕ ਸਾਂਝਾ ਉੱਦਮ ਹੈ। ਅਡਾਨੀ ਟੋਟਲ ਗੈਸ ਦੀ ਨਵੰਬਰ 2020 ਤੱਕ 22 ਭੂਗੋਲਿਕ ਖੇਤਰਾਂ (ਜੀ.ਏ.) ਵਿੱਚ ਇੱਕ ਇਕੱਲੀ ਇਕਾਈ ਵਜੋਂ ਮੌਜੂਦਗੀ ਹੈ। ਇੰਡੀਅਨ ਆਇਲ-ਅਡਾਨੀ ਗੈਸ ਪ੍ਰਾਈਵੇਟ ਲਿਮਟਿਡ, ਅਡਾਨੀ ਟੋਟਲ ਗੈਸ ਅਤੇ ਇੰਡੀਅਨ ਆਇਲ ਕਾਰਪੋਰੇਸ਼ਨ ਦੇ ਵਿਚਕਾਰ 50:50 ਦਾ ਸਾਂਝਾ ਉੱਦਮ ਹੈ, ਜੋ 19 ਜੀ. ਏ. ਵਿੱਚ ਸਿਟੀ ਗੈਸ ਡਿਸਟ੍ਰੀਬਿਊਸ਼ਨ ਨੈੱਟਵਰਕ ਦਾ ਸੰਚਾਲਨ ਕਰਦਾ ਹੈ। 74 ਜ਼ਿਲ੍ਹਿਆਂ ਵਿੱਚ 41 ਜੀ.ਏ. ਦੀ ਸੰਯੁਕਤ ਮੌਜੂਦਗੀ ਦੇ ਨਾਲ, ਅਡਾਨੀ ਟੋਟਲ ਗੈਸ ਭਾਰਤ ਦਾ ਸਭ ਤੋਂ ਵੱਡਾ ਗੈਸ ਆਪਰੇਟਰ ਹੈ। ਹਾਲ ਹੀ ਵਿੱਚ, ਅਡਾਨੀ ਸਮੂਹ ਨੇ ਊਰਜਾ ਮਿਸ਼ਰਣ ਪਰਿਵਰਤਨ ਬਾਰੇ ਯੂਰਪ ਦੀ ਪ੍ਰਮੁੱਖ ਗੈਸ ਬੁਨਿਆਦੀ ਢਾਂਚਾ ਕੰਪਨੀ ਸਨਮ ਨਾਲ ਰਣਨੀਤਕ ਸਹਿਯੋਗ ਦੀ ਘੋਸ਼ਣਾ ਕੀਤੀ।

**ਅਡਾਨੀ ਵਿਲਮਰ:** ਅਡਾਨੀ ਇੰਟਰਪ੍ਰਾਈਜਿਜ਼ ਅਤੇ ਵਿਲਮਰ ਇੰਟਰਨੈਸ਼ਨਲ ਦੇ ਸਾਂਝੇ ਉੱਦਮ ਅਡਾਨੀ ਵਿਲਮਰ, ਖਾਣ ਵਾਲੇ ਤੇਲਾਂ ਦੇ ਫਾਰਚੂਨ ਬ੍ਰਾਂਡ ਦੇ ਮਾਲਕ ਹਨ। ਮਈ 2022 ਵਿੱਚ, ਅਡਾਨੀ ਵਿਲਮਰ ਲਿਮਟਿਡ (ਏ.ਡਬਲਯੂ.ਐਲ) ਨੇ ਮੈਕਕੋਰਮਿਕ ਸਵਿਟਜ਼ਰਲੈਂਡ ਜੀਐਮਬੀਐਚ ਤੋਂ 'ਕੋਹਿਨੂਰ' ਬ੍ਰਾਂਡ ਪ੍ਰਾਪਤ ਕੀਤਾ ਸੀ।

ਹਿੰਡਨਬਰਗ ਰਿਪੋਰਟ ਨਸ਼ਰ ਹੋਣ ਨਾਲ਼ ਅਡਾਨੀ ਦੀ ਸਥਿਤੀ ਭਾਰਤ ਦੇ ਅਮੀਰ ਪੂੰਜੀਪਤੀਆਂ ਦੇ ਸੰਦਰਭ ਵਿਚ ਇਹ ਹੋ ਗਈ ਹੈ: ਸੰਨ 2023 ਦੇ ਭਾਰਤ ਦੇ ਸਭ ਤੋਂ ਅਮੀਰ ਲੋਕ ਅਤੇ ਉਨ੍ਹਾਂ ਦੇ ਸਰਮਾਏ ਦੀ ਲਿਸਟ ਇਸ ਪਰਕਾਰ ਹੈ: (1) ਮੁਕੇਸ਼ ਅੰਬਾਨੀ USM 82.2 ਬਿਲੀਅਨ; (2) ਗੌਤਮ ਅਡਾਨੀ USM 54.4 ਬਿਲੀਅਨ; (3) ਸ਼ਿਵ ਨਾਡਰ USM 28.7 ਬਿਲੀਅਨ; (4) ਸਾਇਰਸ ਪੂਨਾਵਾਲਾ USM 24.3 ਬਿਲੀਅਨ; (5)ਰਾਧਾਕਿਸ਼ਨ ਦਾਮਾਨੀ USM 20.0 ਬਿਲੀਅਨ; (6) ਲਕਸ਼ਮੀ ਮਿੱਤਲ USM 17.9 ਬਿਲੀਅਨ; (7) ਸਵਿਤਰੀ ਜਿੰਦਲ USM 17.7 ਬਿਲੀਅਨ; (8) ਕੁਮਾਰ ਮੰਗਲਮ ਬਿਰਲਾ USM 16.5 ਬਿਲੀਅਨ; (9) ਦਲੀਪ ਸ਼ੰਘਵੀ USM 15.6 ਬਿਲੀਅਨ; (10) ਪਾਲੌਂਜੀ ਮਿਸਤਰੀ USM 15.0 ਬਿਲੀਅਨ (Source: https://en.wikipedia.org/wiki/List-of-Indians-by-net-worth (5*)

ਇਸੇ ਤਰ੍ਹਾਂ ਸੰਨ 2023 ਦੇ ਦੁਨੀਆ ਦੇ ਸਭ ਤੋਂ ਅਮੀਰ ਲੋਕ ਅਤੇ ਉਨ੍ਹਾਂ ਦੇ ਸਰਮਾਏ ਦੀ ਲਿਸਟ ਇਸ ਪਰਕਾਰ ਹੈ। ਨੋਟ ਕਰਨ ਵਾਲ਼ੀ ਗੱਲ ਇਹ ਹੈ ਕਿ ਇਸ ਲੇਖ ਦੇ ਲਿਖੇ ਜਾਣ ਤੱਕ ਦੇ ਸਮੇ ਤੱਕ ਅਡਾਨੀ ਦੁਨੀਆ ਦੇ ਦੂਸਰੇ ਸਭ ਤੋਂ ਅਮੀਰ ਵਿਅਕਤੀ ਤੋਂ ਤਿਲਕ ਕੇ ਹੁਣ 23ਵੇਂ ਸਥਾਨ 'ਤੇ ਜਾ ਅਟਕਿਆ ਹੈ:

(1) Bernard Arnault 'ਚ Family LVMH France Chairman and CEO, US$ BAB.H Billion; (2) Elon Musk Tesla and SpaceX, US$187.2 Billion; (3) Jeff Bezos Amazon founder and CEO, US$122.7 Billion; (4) Larry Ellison, co-founder of Oracle Oracle, US$ 114.0 Billion; (5) Warren Buffet Berkshire Hathaway US$119.3 Billion; (6) Bill Gates - The co-founder of Bill 'ਚ Melinda Gates Foundation, US$106.6 Billion; (7) Carlos Slim Helu 'ਚ Family Telecom US$ 89.2 Billion; (8) Steve Ballmer Microsoft US$ 86.5 Billion; (9) Francoise Bettencourt Meyers 'ਚ Family L'Ore'al US$ 83.02 illion; (10) Larry Page US$ 82.3 Billion; (11) Mukesh Ambani - The founder chairman of Reliance Industries, US$82.2 Billion; (23) Gautam Adani, Adani Group US$ ED.D Billion (Source: https://www.forbes.com/real-time-billionaires/#EfFDeFGaCdGH) (6*)

**"ਹਿੰਡਨਬਰਗ ਰਿਸਰਚ ਐਲ.ਐਲ.ਸੀ. ਦਾ ਪਿਛੋਕੜ:**

Hindenburg Research LLC https://en.wikipedia.org/wiki/Hindenburg-Research (3*) ਅਨੁਸਾਰ "ਹਿੰਡਨਬਰਗ ਰਿਸਰਚ ਐਲ.ਐਲ.ਸੀ. ਕੰਪਨੀ ਨੇਥਨ ਐਂਡਰਸਨ ਦੁਆਰਾ 2017 ਵਿੱਚ ਨਿਊ ਯਾਰਕ ਸ਼ਹਿਰ ਵਿੱਚ ਸਥਾਪਿਤ ਕੀਤੀ ਇੱਕ ਨਿਵੇਸ਼ ਖੋਜ ਫ਼ਰਮ ਹੈ ਜਿਸ ਵਿੱਚ ਕਾਰਜਸ਼ੀਲ ਥੋੜੇ ਸਮੇਂ ਦੇ ਸ਼ੇਅਰ ਵੇਚਣ (ਸ਼ਾਰਟ-ਸੈਲਿੰਗ) 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। 'ਹਿੰਡਨਬਰਗ' 1937 ਦੀ ਹਿੰਡਨਬਰਗ (ਜਰਮਨੀ) ਤਬਾਹੀ ਦੇ ਨਾਂ ਉੱਪਰ ਰੱਖਿਆ ਗਿਆ ਹੈ, ਜਿਸ ਨੂੰ ਉਹ ਮਨੁੱਖ ਦੁਆਰਾ ਬਣਾਈ ਗਈ, ਪਰ ਜੋ ਟਾਲ਼ੀ ਜਾ ਸਕੇ ਤਬਾਹੀ ਵਜੋਂ ਦਰਸਾਉਂਦੇ ਹਨ। ਫ਼ਰਮ ਆਪਣੀ ਵੈਬਸਾਈਟ ਦੁਆਰਾ ਜਨਤਕ ਰਿਪੋਰਟਾਂ ਤਿਆਰ ਕਰਦੀ ਹੈ ਜਿੰਨਾਂ ਵਿਚ ਕਾਰਪੋਰੇਟ ਧੋਖਾਧੜੀ ਅਤੇ ਦੁਰਵਿਵਹਾਰ ਦੇ ਦੋਸ਼ ਸ਼ਾਮਲ ਹੁੰਦੇ ਹਨ। ਜਿਹੜੀਆਂ ਕੰਪਨੀਆਂ ਉਨ੍ਹਾਂ ਦੀਆਂ ਰਿਪੋਰਟਾਂ ਦਾ ਵਿਸ਼ਾ ਰਹੀਆਂ ਹਨ ਉਨ੍ਹਾਂ ਵਿੱਚ ਅਡਾਨੀ ਗਰੁਪ, ਨਿਕੋਲਾ, ਕਲੋਵਰ ਹੈਲਥ, ਕੰਡੀ, ਅਤੇ ਲਾਰਡਸਟਾਊਨ ਮੋਟਰਜ਼ ਸ਼ਾਮਲ ਹਨ। ਇਨ੍ਹਾਂ ਰਿਪੋਰਟਾਂ ਵਿੱਚ ਸ਼ਾਰਟ-ਸੈਲਿੰਗ ਦੇ ਅਭਿਆਸ ਦੇ ਬਚਾਅ ਨੂੰ ਵੀ ਦਰਸਾਇਆ ਗਿਆ ਹੈ ਅਤੇ ਕਿਵੇਂ ਉਹ ਰਿਪੋਰਟਾਂ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਕੰਪਨੀ ਵਿੱਚ ਛੋਟੇ ਅਹੁਦਿਆਂ 'ਤੇ ਰਹਿੰਦੇ ਹੋਏ "ਧੋਖਾਧੜੀ ਨੂੰ ਬੇਨਕਾਬ ਕਰਨ ਅਤੇ ਨਿਵੇਸ਼ਕਾਂ ਦੀ ਰੱਖਿਆ ਕਰਨ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦੇ ਹਨ"। ਹਿੰਡਨਬਰਗ ਰਿਸਰਚ ਆਪਣੇ ਜਨਤਕ ਰਿਕਾਰਡਾਂ ਅਤੇ ਅੰਦਰੂਨੀ ਕਾਰਪੋਰੇਟ ਦਸਤਾਵੇਜ਼ਾਂ ਨੂੰ ਦੇਖਕੇ ਅਤੇ ਆਪਣੇ ਕਰਮਚਾਰੀਆਂ ਨਾਲ ਗੱਲ ਕਰਕੇ ਛੇ ਜਾਂ ਵਧੇਰੇ ਮਹੀਨਿਆਂ ਵਿੱਚ ਇੱਕ ਟਾਰਗਿਟ ਕੰਪਨੀ ਬਾਰੇ ਆਪਣੀ ਜਾਂਚ ਰਿਪੋਰਟ ਤਿਆਰ ਕਰਦੀ ਹੈ। ਫਿਰ ਰਿਪੋਰਟ ਹਿੰਡਨਬਰਗ ਦੇ ਸੀਮਤ ਭਾਈਵਾਲਾਂ ਨੂੰ ਵੰਡੀ ਜਾਂਦੀ ਹੈ, ਜੋ ਹਿੰਡਨਬਰਗ ਦੇ ਨਾਲ ਮਿਲ ਕੇ, ਟਾਰਗਿਟ ਕੰਪਨੀ ਬਾਰੇ ਆਪਣੀ ਪੁਜ਼ੀਸ਼ਨ ਅਖਤਿਆਰ ਕਰਦੇ ਹਨ।"

ਦੇਖਣ ਨੂੰ ਤਾਂ ਇਹ ਅੱਗ ਨਾਲ਼ ਖੇਡਣ ਵਾਲ਼ੀ ਗੱਲ ਜਾਪਦੀ ਹੈ, ਪਰ ਸਰਮਾਏਦਾਰੀ ਪ੍ਰਬੰਧ ਅਧੀਨ ਹਿੰਡਨਬਰਗ ਦਾ ਵੀ ਅਸਲੀ ਮੰਤਵ ਵੀ ਮੁਨਾਫ਼ਾ ਹੈ। ਹਿੰਡਨਬਰਗ ਦੀ ਰਿਸਰਚ ਵਜੋਂ ਜੇਕਰ ਟਾਰਗਿਟ ਕੀਤੀ ਕੰਪਨੀ ਦੇ ਸ਼ੇਅਰਾਂ ਦੀ ਕੀਮਤ ਘੱਟ ਜਾਂਦੀ ਹੈ ਤਾਂ ਹਿੰਡਨਬਰਗ ਨੂੰ ਮੁਨਾਫ਼ਾ ਹੁੰਦਾ ਹੈ। ਇਹ ਕਿਵੇਂ ਸੰਭਵ ਹੈ, ਉਹ ਇਸ ਲੇਖ ਦਾ ਵਿਸ਼ਾ ਨਹੀਂ। ਇਸ ਦਾ ਵਧੇਰੇ ਵੇਰਵਾ ਜਾਣਨ ਲਈ ਹਿੰਡਨਬਰਗ ਰਿਸਰਚ ਦੀ ਸਾਈਟ 'ਤੇ ਜਾਇਆ ਜਾ ਸਕਦਾ ਹੈ।

ਹਿੰਡਨਬਰਗ ਰਿਸਰਚ ਰਿਪੋਰਟ (3*) ਦੀ ਭੂਮਿਕਾ ਵਿਚ ਕਿਹਾ ਗਿਆ ਹੈ: "ਭਾਰਤ ਦੁਨੀਆ ਦੇ ਬਹੁਤ ਸਾਰੇ ਪ੍ਰਤਿਭਾਸ਼ਾਲੀ ਉੱਦਮੀਆਂ, ਇੰਜੀਨੀਅਰਾਂ ਅਤੇ ਤਕਨਾਲੋਜਿਸਟਾਂ ਦਾ ਦੇਸ਼ ਹੈ ਅਤੇ ਇਹ ਇੱਕ ਵਿਸ਼ਵ ਮਹਾਂਸ਼ਕਤੀ ਵਜੋਂ ਉੱਭਰ ਰਿਹਾ ਹੈ। ਪ੍ਰੰਤੂ, ਦੇਸ਼ ਦੀ ਆਰਥਿਕਤਾ ਨੂੰ ਇਸ ਦੇ ਪੂੰਜੀ ਬਾਜ਼ਾਰ ਦੀ ਤਿੜਕੀ ਹੋਈ ਸਥਿਤੀ ਨੇ ਰੋਕ ਦਿੱਤਾ ਹੈ। ਭਾਰਤ ਦੇ ਕੁਲੀਨ ਕਾਰੋਬਾਰੀਆਂ ਅਤੇ ਸਿਆਸਤਦਾਨਾਂ ਦੀ ਅਲੋਚਨਾ ਦੇ ਨਤੀਜੇ ਵਜੋਂ ਪੱਤਰਕਾਰਾਂ ਨੂੰ ਕੈਦ ਕੀਤਾ ਜਾ ਰਿਹਾ ਹੈ ਜਾਂ ਸਿੱਧੇ ਤੌਰ 'ਤੇ ਕਤਲ ਕਰ ਦਿੱਤਾ ਗਿਆ ਹੈ। ਸ਼ੇਅਰ ਬਾਜ਼ਾਰ ਦੇ ਵਿਸ਼ਲੇਸ਼ਕਾਂ ਨੂੰ ਕੰਪਨੀਆਂ ਬਾਰੇ ਨਕਾਰਾਤਮਕ ਲਿਖਣ ਕਰ ਕੇ ਗ੍ਰਿਫਤਾਰ ਕੀਤਾ ਗਿਆ ਹੈ। ਲਿਖਣ, ਬੋਲਣ ਤੇ ਪ੍ਰਦਰਸ਼ਨ 'ਤੇ ਪਾਬੰਦੀਆਂ ਦੇ ਮਾਹੌਲ ਵਿਚ, ਕਾਰਪੋਰੇਟ ਧੋਖਾਧੜੀ ਵੱਡੇ ਪੱਧਰ 'ਤੇ ਬੇਕਾਬੂ ਹੋ ਗਈ ਹੈ। ਅਸੀਂ ਮੰਨਦੇ ਹਾਂ ਕਿ ਜੇ ਇਹ ਇਤਿਹਾਸ ਵਿੱਚ ਕਾਰਪੋਰੇਟ ਧੋਖਾਧੜੀ ਦੀ ਸਭ ਤੋਂ

(ਬਾਕੀ ਸਫ਼ਾ 36 'ਤੇ )

ਸੰਕਟ ਦਰ ਸੰਕਟ

# ਉਚੇਰੀ ਵਿੱਦਿਆ ਵਿਚ ਪ੍ਰਵੇਸ਼ ਹੋਣ ਤੋਂ ਲੜਕੀਆਂ ਨੂੰ ਰੋਕਣਾ-ਕਾਬੁਲ ਦੇ ਹੁਕਮਰਾਨਾ ਦਾ ਫਰਮਾਨ



-ਦਲਜੀਤ ਅਮੀ

*ਦਲਜੀਤ ਅਮੀ ਇਕ ਅਜਿਹੀ ਕਲਮ ਅਤੇ ਲੇਖਣੀ ਦਾ ਸੁਮੇਲ ਹੈ ਜਿਸ ਦੇ ਸ਼ਬਦਾਂ ਦੀ ਸਮਰੱਥਾ ਅਤੇ ਤਾਕਤ ਆਪ ਹੀ ਅਹਿਸਾਸ ਕਰਵਾਉਂਦੀ ਹੈ ਕਿ ਕਿਸ ਕਿਸਮ ਨਾਲ ਸਮਾਜਿਕ ਸਰੋਕਾਰਾਂ ਤੋਂ ਲੈ ਕੇ ਬੌਧਿਕਤਾ ਦੇ ਖੇਤਰ ਤੱਕ ਆਪਣੇ ਕਦਮ ਦਰ ਕਦਮ ਸਿਲਸਿਲੇ ਵਿਕਸਿਤ ਕਰਨੇ ਹਨ ਤਾਂ ਕਿ ਸੋਚਣ, ਸਮਝਣ ਅਤੇ ਕੁਝ ਕਰ ਗੁਜਰਨ ਲਈ ਇਕ ਲਿਖਤ ਆਪਣਾ ਕਾਰਜ ਕਰਕੇ ਵਿਖਾ ਸਕੇ। ਅਜਿਹਾ ਹੀ ਕਾਰਜ ਇਸ ਲਿਖਤ ਰਾਹੀਂ ਤੁਸੀਂ ਖ਼ੁਦ ਵਾਚੋਗੇ।*



*ਸਾਡੇ ਨਾਲ ਸਦੀਆਂ ਤੋਂ ਇੰਝ ਹੀ ਹੁੰਦਾ ਆਇਆ ਹੈ ਕਿ ਹਰ ਕਿਸੇ ਨੇ ਜਾਂ ਦੀਵਾਰਾਂ ਉਚੀਆਂ ਕਰ ਲਈਆਂ ਜਾਂ ਘਰਾਂ 'ਚ ਬੰਦ ਕਰ ਦਿੱਤਾ ਤੇ ਫਿਰ ਹੁਣ ਜਦੋਂ ਸਾਡੇ ਦਿਲਾਂ ਦਿਮਾਗਾਂ ਨੇ ਸੋਚਣਾ ਸ਼ੁਰੂ ਕੀਤਾ ਤਾਂ ਯੂਨੀਵਰਸਿਟੀਆਂ ਜੋ ਗਿਆਨ ਦਾ ਕੇਂਦਰ ਹੁੰਦੀਆਂ ਹਨ ਉਨ੍ਹਾਂ ਦੇ ਦਰਵਾਜ਼ੇ ਵੀ ਸਾਡੇ ਲਈ ਹੁਕਮਰਾਨਾ ਦੇ ਹੁਕਮਾਂ ਉਪਰ ਬੰਦ ਕਰ ਦਿੱਤੇ। ਅਸੀਂ ਜੋ ਇਨ੍ਹਾਂ ਯੂਨੀਵਰਸਿਟੀਆਂ ਦੇ ਦਰਵਾਜ਼ਿਆਂ ਦੇ ਬਾਹਰ ਖੜ੍ਹੀਆਂ ਹਾਂ ਜਿਹੜੀਆਂ ਇਥੋਂ ਤੱਕ ਪਹੁੰਚ ਗਈਆ ਹਾਂ ਸਾਨੂੰ ਦਰਵਾਜ਼ਿਆਂ ਨੂੰ ਪਾਰ ਕਰਨਾ ਵੀ ਆਉਂਦਾ ਹੈ। ਇਹ ਹੀ ਅਸੀਂ ਸੋਚ ਰਹੀਆਂ ਹਾਂ। ਇੰਝ ਨਾ ਸਮਝੋ ਕਿ ਅਸੀਂ ਇਕੱਲੀਆਂ ਹਾਂ। ਦੁਨੀਆ ਦੀ ਹਰੇਕ ਅਵਾਜ਼ ਸਾਡੇ ਅੰਗ-ਸੰਗ ਹੈ। ਜਿਹੜੀ ਸਾਨੂੰ ਹੱਲਾਸ਼ੇਰੀ ਦੇ ਰਹੀ ਹੈ ਅਤੇ ਹਰੇਕ ਕੋਨੇ 'ਤੇ ਸਾਡੀ ਆਵਾਜ਼ ਦਾ ਹਿੱਸਾ ਬਣ ਰਹੀ ਹੈ ਚਾਹੇ ਉਹ ਕਲਮੀ ਰੂਪ ਹੋਵੇ ਅਤੇ ਚਾਹੇ ਕੋਈ ਹੋਰ। ਇਸ ਦਿਸ਼ਾ ਵਿਚ ਕਾਰਜ ਕਰਨ ਲਈ ਇਹ ਲਿਖਤ ਸਨਮੁੱਖ ਕਰ ਰਹੇ ਹਾਂ। – ਸੰਪਾਦਕ*

ਮੈਨੂੰ ਫੋਨ ਉੱਤੇ ਆਪਣੇ ਦੋਸਤ ਦਾ ਸੁਨੇਹਾ ਮਿਲਿਆ ਜਿਸ ਦਾ ਖ਼ਦਸ਼ਾ ਤਾਲਿਬਾਨ ਦੇ ਸੱਤਾ ਵਿਚ ਆਉਣ ਤੋਂ ਬਾਅਦ ਲਗਾਤਾਰ ਬਣਿਆ ਹੋਇਆ ਸੀ। ਕਾਬੁਲ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਵਿਚ ਇਸ ਬਾਰੇ ਚਰਚਾ ਲਗਾਤਾਰ ਚੱਲ ਰਹੀ ਸੀ। ਇਸ ਦੇ ਬਾਵਜੂਦ ਇਹ ਸੁਨੇਹਾ ਪਰੇਸ਼ਾਨ ਕਰਨ ਵਾਲਾ ਸੀ।

ਤਾਲਿਬਾਨ ਦੇ ਆਉਣ ਤੋਂ ਬਾਅਦ ਕਾਬੁਲ ਯੂਨੀਵਰਸਿਟੀ ਦੇ ਚਾਂਸਲਰ ਮੁਹੰਮਦ ਉਸਮਾਨ ਬਾਬਰੀ ਦੀ ਥਾਂ ਤਾਲਿਬਾਨ ਦੇ ਵਫ਼ਾਦਾਰ ਮੁਹੰਮਦ ਅਸ਼ਰਫ਼ ਘਰਤ ਨੂੰ ਨਿਯੁਕਤ ਕੀਤਾ ਗਿਆ ਸੀ। ਉਸ ਨੇ ਤੁਰੰਤ ਸਹੁੰ ਚੁੱਕੀ ਕਿ 'ਕਾਬੁਲ ਯੂਨੀਵਰਸਿਟੀ ਨੂੰ ਪੱਛਮੀ ਅਤੇ ਕਾਫ਼ਰ ਸੋਚ ਤੋਂ ਮੁਕਤ ਕੀਤਾ ਜਾਵੇਗਾ'। ਉਨ੍ਹਾਂ ਸਪਸ਼ਟ ਕਿਹਾ ਕਿ ਜਦੋਂ ਤਕ ਅਸਲ ਵਿਚ ਇਸਲਾਮੀ ਮਾਹੌਲ ਨਹੀਂ ਬਣ ਜਾਂਦਾ ਉਦੋਂ ਤਕ ਔਰਤਾਂ ਨੂੰ ਯੂਨੀਵਰਸਿਟੀਆਂ ਵਿਚ ਪੜ੍ਹਨ ਜਾਂ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਬਾਅਦ ਵਿਚ ਉਸਾਮਾ ਅਜ਼ੀਜ਼ ਨੂੰ ਮੁਹੰਮਦ ਅਸ਼ਰਫ਼ ਘਰਤ ਦੀ ਥਾਂ ਕਾਬੁਲ ਯੂਨੀਵਰਸਿਟੀ ਦਾ ਚਾਂਸਲਰ ਬਣਾਇਆ ਗਿਆ। ਸੰਨ 2021 ਦੇ ਅਗਸਤ ਮਹੀਨੇ ਵਿਚ ਸੱਤਾ ਵਿਚ ਆਉਣ ਤੋਂ ਬਾਅਦ ਤਾਲਿਬਾਨ ਨੇ ਔਰਤਾਂ ਉੱਤੇ ਕਈ ਪਾਬੰਦੀਆਂ ਲਗਾ ਦਿੱਤੀਆਂ ਸਨ। ਯੂਨੀਵਰਸਿਟੀਆਂ ਵਿਚ ਔਰਤਾਂ ਦੇ ਦਾਖ਼ਲੇ ਉੱਤੇ ਪਾਬੰਦੀ ਲਗਾਉਣ ਤੋਂ ਪਹਿਲਾਂ ਅਜਿਹੀਆਂ ਪਾਬੰਦੀਆਂ ਦੀ ਪੂਰੀ ਲੜੀ ਹੈ। ਪਹਿਲਾਂ ਇਹ ਪਾਬੰਦੀਆਂ ਸਕੂਲਾਂ ਉੱਤੇ ਲਗਾਈਆਂ ਗਈਆਂ ਸਨ, ਯੂਨੀਵਰਸਿਟੀਆਂ ਵਿਚ ਕੁਝ ਵਿਸ਼ਿਆਂ ਦੀ ਚੋਣ ਉੱਤੇ ਪਾਬੰਦੀ ਸੀ। ਉਨ੍ਹਾਂ ਉੱਤੇ ਕੰਪਿਊਟਰ, ਇੰਜੀਨੀਅਰਿੰਗ, ਵੈਟਰਨਰੀ ਸਾਇੰਸ, ਅਰਥ ਸ਼ਾਸਤਰ ਅਤੇ ਖੇਤੀਬਾੜੀ ਸਮੇਤ ਵਿਗਿਆਨ ਦੇ ਵਿਸ਼ਿਆਂ ਨੂੰ ਗ਼ੈਰ-ਇਸਲਾਮਕ ਦੱਸ ਕੇ ਪੜ੍ਹਨ ਉੱਤੇ ਪਾਬੰਦੀ ਲਗਾ ਦਿੱਤੀ ਗਈ ਸੀ। ਔਰਤਾਂ ਲਈ ਪੱਤਰਕਾਰੀ ਦੀ ਪੜ੍ਹਾਈ ਵੀ ਸੀਮਤ ਕਰ ਦਿੱਤੀ ਗਈ ਸੀ। ਇਸਤਰੀ ਅਤੇ ਪੁਰਸ਼ ਵਿਦਿਆਰਥੀਆਂ ਦੀਆਂ ਜਮਾਤਾਂ ਪਹਿਲਾਂ ਵੱਖ ਕੀਤੀਆਂ ਗਈਆਂ, ਫਿਰ ਔਰਤਾਂ ਦੀ ਸਿੱਖਿਆ ਸਵੇਰੇ ਅਤੇ ਮਰਦਾਂ ਦੀ ਸਿੱਖਿਆ ਸ਼ਾਮ ਨੂੰ, ਫਿਰ ਵੱਖ-ਵੱਖ ਦਿਨਾਂ ਉੱਤੇ ਕੀਤੀ ਗਈ। ਹੁਣ ਔਰਤਾਂ ਦੇ ਪੜ੍ਹਨ ਅਤੇ ਪੜ੍ਹਾਉਣ ਉੱਤੇ ਪਾਬੰਦੀ ਲਗਾਈ ਗਈ ਹੈ ਜਿਸ ਬਾਰੇ ਮੈਂ ਸੁਨੇਹਾ ਪੜ੍ਹ ਰਿਹਾ ਸੀ। ਇਸ ਤੋਂ ਪਹਿਲਾਂ ਬਿਊਟੀ ਸੈਲੂਨ ਉੱਤੇ ਤੇ ਬਾਅਦ 'ਚ ਜਨਤਕ ਥਾਵਾਂ ਉੱਤੇ ਔਰਤਾਂ ਦੇ ਇਕੱਲੇ ਜਾਣ 'ਤੇ ਪਾਬੰਦੀ ਲਗਾਈ ਗਈ।

ਜਦੋਂ ਤੋਂ ਔਰਤਾਂ ਦੇ ਪਾਰਕ ਵਿਚ ਜਾਣ ਉੱਤੇ ਪਾਬੰਦੀਆਂ ਲਗਾਈਆਂ ਗਈਆਂ ਹਨ ਉਦੋਂ ਤੋਂ ਉਹ ਆਪਣੇ ਬੱਚਿਆਂ ਨਾਲ ਪਾਰਕ ਵਿਚ ਨਾ ਜਾਣ ਦਾ ਸੰਤਾਪ ਭੋਗ ਰਹੀਆਂ ਹਨ। ਇਸ ਸਮੇਂ ਪਾਰਕਾਂ ਵਿਚ ਖੇਡਦੇ ਬੱਚਿਆਂ ਦੀ ਯਾਦ ਵਿਚ ਉਨ੍ਹਾਂ ਦੀਆਂ ਦਾਦੀਆਂ, ਨਾਨੀਆਂ, ਮਾਵਾਂ, ਭੈਣਾਂ ਅਤੇ ਗੁਆਂਢਣਾਂ ਨਹੀਂ ਹੋਣਗੀਆਂ। ਮੈਂ ਤਾਲਿਬਾਨ ਦੇ ਇਨ੍ਹਾਂ ਫ਼ੈਸਲਿਆਂ ਦੀ ਲਗਾਤਾਰ ਆਲੋਚਨਾ ਕੀਤੀ ਹੈ ਅਤੇ ਜਦੋਂ ਵੀ ਸੰਭਵ ਹੋਇਆ ਇਨ੍ਹਾਂ ਫ਼ੈਸਲਿਆਂ ਖ਼ਿਲਾਫ਼ ਪ੍ਰਦਰਸ਼ਨਾਂ ਵਿਚ ਸ਼ਾਮਲ ਹੋਇਆ ਹਾਂ।

ਫ਼ੈਸਲੇ ਦੇ ਐਲਾਨ ਤੋਂ ਪਹਿਲਾਂ ਵਿਰੋਧ ਪ੍ਰਦਰਸ਼ਨਾਂ ਨੂੰ ਘੱਟ ਕਰਨ ਲਈ ਯੂਨੀਵਰਸਿਟੀਆਂ ਬੰਦ ਕਰ ਦਿੱਤੀਆਂ ਗਈਆਂ ਸਨ। ਮੈਂ ਇਸ ਫ਼ੈਸਲੇ ਦਾ ਵਿਰੋਧ ਕਿਸੇ ਵੀ ਕੀਮਤ ਉੱਤੇ ਕਰਨਾ ਸੀ। ਮੈਂ ਅਫ਼ਗਾਨਿਸਤਾਨ ਦੇ ਵਾਰਦਕ ਸੂਬੇ ਤੋਂ ਹਾਂ ਅਤੇ ਇਕ ਸਾਧਾਰਨ ਪਰਿਵਾਰ 'ਚੋਂ ਹਾਂ। ਮੇਰੇ ਪਰਿਵਾਰ ਵਿੱਚੋਂ ਕੋਈ ਜੀਅ ਸਿਆਸੀ ਤੌਰ ਉੱਤੇ ਸਰਗਰਮ ਨਹੀਂ ਰਿਹਾ ਅਤੇ ਨਾ ਹੀ ਕੋਈ ਸਰਕਾਰੀ ਅਹੁਦੇ ਉੱਤੇ ਰਿਹਾ ਹੈ। ਮੈਂ ਆਪਣੀ ਸਕੂਲ ਦੀ ਪੜ੍ਹਾਈ ਆਪਣੇ ਸੂਬੇ ਵਿੱਚੋਂ ਕੀਤੀ ਹੈ। ਇਹ ਪਹਿਲੀ ਤਾਲਿਬਾਨ ਹਕੂਮਤ ਤੋਂ ਬਾਅਦ ਅਤੇ ਨਵੇਂ ਤਾਲਿਬਾਨ ਸ਼ਾਸਨ ਦੇ ਵਿਚਕਾਰ ਦਾ ਸਮਾਂ ਸੀ। ਮੇਰੇ ਪਿੰਡ ਵਿਚ ਬੱਚੇ ਮਸਜਿਦ ਵਿਚ ਪੜ੍ਹਨ ਲਈ ਜਾਂਦੇ ਸਨ ਅਤੇ ਉਨ੍ਹਾਂ ਦੀ ਤਾਲੀਮ ਇਸਲਾਮੀ ਸਿੱਖਿਆ ਦੀ ਮੁੱਢਲੀ ਸਿੱਖਿਆ ਹੀ ਸੀ। ਪਿੰਡ ਵਿਚ ਕੁੜੀਆਂ ਦੀ ਪੜ੍ਹਾਈ ਦਾ ਕੋਈ ਇੰਤਜ਼ਾਮ ਨਹੀਂ ਸੀ। ਕੁਝ ਲੋਕਾਂ ਨੇ ਆਪਣੀਆਂ ਕੁੜੀਆਂ ਦੀ ਪੜ੍ਹਾਈ ਦਾ ਆਪੋ-ਆਪਣਾ ਇੰਤਜ਼ਾਮ ਕੀਤਾ ਹੋਇਆ ਸੀ ਜੋ ਕਦੇ ਘਰ ਅਤੇ ਕਦੇ ਮਸਜਿਦ ਵਿਚ ਹੁੰਦਾ ਸੀ।

ਉਸ ਸਮੇਂ ਵਿਦੇਸ਼ੀ ਵਿੱਤੀ ਮਦਦ ਨਾਲ ਸਿੱਖਿਆ ਦੇ ਖੇਤਰ ਵਿਚ ਬਹੁਤ ਸਾਰੇ ਉਪਰਾਲੇ ਕੀਤੇ ਜਾ ਰਹੇ ਸਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੜ੍ਹਾਈ ਲਈ ਆਉਣ ਵਾਲੇ ਬੱਚਿਆਂ (ਸਿਰਫ਼ ਲੜਕਿਆਂ) ਨੂੰ ਕਿਤਾਬਾਂ, ਕਾਪੀਆਂ ਅਤੇ ਪੈੱਨ-ਪੈਨਸਿਲਾਂ ਮੁਹੱਈਆ ਕਰਵਾਉਣ ਤਕ ਸੀਮਤ ਸਨ। ਉਸ ਸਮੇਂ ਹਾਲਾਤ ਤਾਲਿਬਾਨ ਹਕੂਮਤ ਵਾਂਗ ਮਾੜੇ ਨਹੀਂ ਸਨ ਪਰ ਬਹੁਤੇ ਚੰਗੇ ਵੀ ਨਹੀਂ ਸਨ। ਵਿਦੇਸ਼ੀ ਮਾਇਆ (ਇਮਦਾਦ) ਲਈ ਸਿੱਖਿਆ ਸਹੂਲਤਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਬਾਰੇ ਅੰਕੜੇ ਪੈਦਾ ਕੀਤੇ ਜਾ ਰਹੇ ਸਨ ਪਰ ਜ਼ਮੀਨੀ ਪੱਧਰ ਉੱਤੇ ਅਜਿਹਾ ਕੁਝ ਨਹੀਂ ਸੀ। ਹਰ ਪਾਸੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ। ਮੈਂ ਹੁਣ ਕਹਿ ਸਕਦਾ ਹਾਂ ਕਿ ਭ੍ਰਿਸ਼ਟਾਚਾਰ ਦੀ ਗੱਲ ਬੇਬੁਨਿਆਦ ਨਹੀਂ ਸੀ। ਵਿਦੇਸ਼ੀ ਮਾਇਆ ਦਾ ਬਹੁਤਾ ਹਿੱਸਾ ਭ੍ਰਿਸ਼ਟਾਚਾਰ ਦੀ ਝੋਲੀ ਪੈ ਰਿਹਾ ਸੀ। ਸਾਡੇ ਪਿੰਡ ਵਿਚ ਖੇਤੀ ਬਹੁਤੀ ਨਹੀਂ ਹੈ। ਅਸੀਂ ਪਿੰਡ ਦੇ ਉਨ੍ਹਾਂ ਕੁਝ ਪਰਿਵਾਰਾਂ ਵਿੱਚੋਂ ਸਾਂ ਜਿਨ੍ਹਾਂ ਦੀ ਆਰਥਿਕ ਹਾਲਤ ਗ਼ਰੀਬੀ ਤੋਂ ਬਿਹਤਰ ਸੀ ਪਰ ਬਹੁਤੀ ਚੰਗੀ ਨਹੀਂ ਸੀ। ਮੇਰੇ ਪਿਤਾ ਸਾਊਦੀ ਅਰਬ ਵਿਚ ਕੰਮ ਕਰਦੇ ਸਨ ਅਤੇ ਸਾਡੇ ਗੁਜ਼ਾਰੇ ਲਈ ਪੈਸੇ ਭੇਜਦੇ ਸਨ। ਸਾਡੇ ਵਾਂਗ ਕਈ ਪਰਿਵਾਰ ਵੀ ਇਸੇ ਤਰ੍ਹਾਂ ਵਿਦੇਸ਼ਾਂ ਤੋਂ ਆਉਣ ਵਾਲੀ ਆਮਦਨ ਉੱਤੇ ਗੁਜ਼ਰ-ਬਸਰ ਕਰਦੇ ਸਨ। ਬਿਹਤਰ ਆਰਥਿਕ ਸਥਿਤੀ ਵਾਲੇ ਲੋਕ ਸਾਊਦੀ ਅਰਬ ਵਰਗੇ ਦੇਸ਼ਾਂ 'ਚ ਜਾਂਦੇ ਸਨ ਪਰ ਗ਼ਰੀਬ ਲੋਕ ਗ਼ੈਰ-ਕਾਨੂੰਨੀ ਤਰੀਕੇ ਨਾਲ ਗੁਆਂਢੀ ਦੇਸ਼ ਈਰਾਨ ਜਾਂਦੇ ਸਨ। ਇਨ੍ਹਾਂ ਗ਼ੈਰ-ਕਾਨੂੰਨੀ ਵਸਨੀਕਾਂ ਨੂੰ ਘੱਟ ਤਨਖ਼ਾਹ ਉੱਤੇ ਔਖਾ ਕੰਮ ਦਿੱਤਾ ਜਾਂਦਾ ਸੀ ਤੇ ਉਨ੍ਹਾਂ ਦੀ ਉੱਥੇ ਦੇ ਕਾਇਦੇ-ਕਾਨੂੰਨ 'ਚ ਕੋਈ ਹੋਂਦ ਨਹੀਂ ਸੀ।

ਈਰਾਨ ਤੋਂ ਅਫ਼ਗਾਨ ਮੂਲ ਦੇ ਗ਼ੈਰ-ਕਾਨੂੰਨੀ ਪਰਵਾਸੀਆਂ ਦੀਆਂ ਦਿਲ-ਕੰਬਾਉਣ ਵਾਲੀਆਂ ਕਹਾਣੀਆਂ ਸਾਡੀ ਰੋਜ਼ਾਨਾ ਜ਼ਿੰਦਗੀ ਵਿਚ ਸ਼ੁਮਾਰ ਸਨ ਅਤੇ ਉਨ੍ਹਾਂ ਦੇ ਪਾਤਰ ਸਾਡੇ ਚਾਰੇ ਪਾਸੇ ਰਹਿੰਦੇ ਸਨ। ਅਸੀਂ ਚਾਰ ਭੈਣ-ਭਰਾ ਸਾਂ ਅਤੇ ਵੱਡੇ ਸਾਂਝੇ ਪਰਿਵਾਰ ਵਿਚ ਰਹਿੰਦੇ ਸਾਂ। ਪਿੰਡ ਦੀਆਂ ਬਾਕੀ ਕੁੜੀਆਂ ਵਾਂਗ ਸਾਡੀ ਇਕਲੌਤੀ ਭੈਣ ਕਦੇ ਸਕੂਲ ਨਹੀਂ ਜਾਂਦੀ ਸੀ। ਤੀਜੀ ਜਮਾਤ ਤੋਂ ਬਾਅਦ ਮੈਂ ਲਾਗਲੇ ਪਿੰਡ ਦੇ ਸਕੂਲ ਜਾਣ ਲੱਗਿਆ। ਦਸਵੀਂ ਜਮਾਤ ਤੋਂ ਬਾਅਦ ਸਾਡੇ ਪਰਿਵਾਰ ਨੇ ਲੜਕਿਆਂ ਦੀ ਪੜ੍ਹਾਈ ਜਾਰੀ ਰੱਖਣ ਲਈ ਸਾਡਾ ਪਿੰਡ ਅਤੇ ਜੱਦੀ ਸੂਬਾ ਛੱਡ ਕੇ ਮੁਲਕ ਦੀ ਰਾਜਧਾਨੀ ਕਾਬੁਲ ਜਾਣ ਦਾ ਫ਼ੈਸਲਾ ਕੀਤਾ। ਅਸੀਂ ਸਾਊਦੀ ਅਰਬ ਤੋਂ ਆਉਣ ਵਾਲੇ ਡਾਲਰਾਂ ਨਾਲ ਹੀ ਗੁਜ਼ਾਰਾ ਕਰਦੇ ਸਾਂ। ਅਫ਼ਗਾਨਿਸਤਾਨ ਦੇ ਸ਼ਹਿਰਾਂ ਵਿਚ ਸਰਕਾਰੀ ਸਿੱਖਿਆ ਪ੍ਰਣਾਲੀ ਦੇ ਨਾਲ-ਨਾਲ ਕੰਪਿਊਟਰ ਸਿਖਲਾਈ, ਅੰਗਰੇਜ਼ੀ ਸਿਖਲਾਈ ਦੀਆਂ ਸਹੂਲਤਾਂ ਦੇ ਨਾਲ-ਨਾਲ ਪ੍ਰਾਈਵੇਟ ਟਿਊਸ਼ਨ ਸੈਂਟਰ ਵੀ ਹਨ। ਅਫ਼ਗਾਨਿਸਤਾਨ ਵਿਚ ਲਿੰਗ ਦੇ ਆਧਾਰ ਉੱਤੇ ਸਹਿ-ਸਿੱਖਿਆ ਬਹੁਤ ਘੱਟ ਹੈ। ਕੋਈ ਸਹਿ-ਵਿੱਦਿਅਕ ਸਕੂਲ ਨਹੀਂ ਹਨ। ਜੇ ਸਾਂਝੇ ਸਕੂਲ ਹਨ ਤਾਂ ਜਮਾਤਾਂ ਵੱਖਰੀਆਂ ਹਨ। ਮੈਨੂੰ ਕਾਬੁਲ ਸ਼ਹਿਰ ਵਿਚ ਕੰਪਿਊਟਰ ਸਿਖਲਾਈ ਕੇਂਦਰਾਂ, ਅੰਗਰੇਜ਼ੀ ਸਿਖਲਾਈ ਕੇਂਦਰਾਂ ਦੇ ਨਾਲ-ਨਾਲ ਪ੍ਰਾਈਵੇਟ ਟਿਊਸ਼ਨ ਕੇਂਦਰਾਂ ਵਿਚ ਕੁੜੀਆਂ ਨਾਲ ਪੜ੍ਹਨ ਦਾ ਮੌਕਾ ਮਿਲਿਆ। ਉੱਥੇ ਲੜਕੇ-ਲੜਕੀਆਂ ਵੱਖੋ-ਵੱਖਰੇ ਬੈਠਦੇ ਸਨ ਅਤੇ ਉਨ੍ਹਾਂ ਦੀ ਆਪਸ ਵਿਚ ਨਾਮਾਤਰ ਗੱਲਬਾਤ ਕਿਤਾਬਾਂ ਅਤੇ ਨੋਟਸ ਲੈਣ-ਦੇਣ ਤਕ ਸੀਮਤ ਸੀ। ਅਫ਼ਗਾਨਿਸਤਾਨ ਦੀਆਂ ਯੂਨੀਵਰਸਿਟੀਆਂ ਵਿਚ ਦਾਖ਼ਲਾ ਲੈਣ ਲਈ 'ਕਨਕੌਰ' ਨਾਮ ਦਾ ਇਮਤਿਹਾਨ ਦੇਣਾ ਪੈਂਦਾ ਸੀ। ਮੈਂ 'ਕਨਕੌਰ' ਇਮਤਿਹਾਨ ਪਾਸ ਕੀਤਾ ਅਤੇ ਸਕੂਲ ਤੋਂ ਬਾਅਦ ਕਾਬੁਲ ਯੂਨੀਵਰਸਿਟੀ ਤੋਂ ਪੋਸਟ ਗ੍ਰੈਜੂਏਸ਼ਨ ਕੀਤੀ। ਸਾਰਕ ਯੂਨੀਵਰਸਿਟੀ (ਸਾਊਥ ਏਸ਼ੀਅਨ ਯੂਨੀਵਰਸਿਟੀ, ਨਵੀਂ ਦਿੱਲੀ) ਦਾ ਦਾਖ਼ਲਾ ਇਮਤਿਹਾਨ ਹੁੰਦਾ ਹੈ ਜਿਸ ਵਿਚ ਅੱਧੇ ਵਿਦਿਆਰਥੀ ਭਾਰਤ ਤੋਂ ਅਤੇ ਅੱਧੇ ਸਾਰਕ ਦੇ ਦੂਜੇ ਮੁਲਕਾਂ ਤੋਂ ਲਏ ਜਾਂਦੇ ਹਨ।

ਇਸ ਵੇਲੇ ਮੈਂ ਦਿੱਲੀ ਦੀ ਸਾਊਥ ਏਸ਼ੀਅਨ ਯੂਨੀਵਰਸਿਟੀ ਤੋਂ ਗਣਿਤ ਵਿਸ਼ੇ ਵਿਚ ਪੀਐੱਚਡੀ ਕਰ ਰਿਹਾ ਹਾਂ ਅਤੇ ਤਕਰੀਬਨ ਦਸ ਸਾਲਾਂ ਤੋਂ ਕਾਬੁਲ ਯੂਨੀਵਰਸਿਟੀ ਵਿਚ ਪੜ੍ਹਾ ਰਿਹਾ ਹਾਂ। "ਅਫ਼ਗਾਨਿਸਤਾਨ ਦੀਆਂ ਯੂਨੀਵਰਸਿਟੀਆਂ ਵਿਚ ਔਰਤਾਂ ਦੇ ਦਾਖ਼ਲੇ ਉੱਤੇ ਪਾਬੰਦੀ ਆਇਦ ਕੀਤੀ ਗਈ ਹੈ ਕਿਉਂਕਿ ਵਿਦਿਆਰਥਣਾਂ ਨੇ ਸਲੀਕੇਵਾਰ ਕੱਪੜੇ ਨਹੀਂ ਪਾਏ ਸਨ। ਉਹ ਅਜਿਹੇ ਕੱਪੜੇ ਪਾ ਕੇ ਯੂਨੀਵਰਸਿਟੀ ਜਾਂਦੀਆਂ ਸਨ ਜਿਵੇਂ ਕਿਸੇ ਵਿਆਹ ਵਿਚ ਜਾ ਰਹੀਆਂ ਹੋਣ।" ਮੇਰੇ ਮੋਬਾਈਲ ਉੱਤੇ ਆਏ ਸੁਨੇਹੇ ਨੇ ਮੇਰੀ ਜ਼ਿੰਦਗੀ ਵਿਚ ਨਵਾਂ ਮੋੜ ਲਿਆਂਦਾ।

ਕਿਹਾ ਜਾ ਰਿਹਾ ਹੈ ਕਿ ਇਹ ਪਾਬੰਦੀ ਆਰਜ਼ੀ ਤੌਰ ਉੱਤੇ ਲਗਾਈ ਗਈ ਹੈ ਪਰ ਇਤਿਹਾਸ ਗਵਾਹ ਹੈ ਕਿ ਪਹਿਲਾਂ ਵੀ ਅਜਿਹੀਆਂ ਪਾਬੰਦੀਆਂ ਆਰਜ਼ੀ ਤੌਰ ਉੱਤੇ ਲਗਾਈਆਂ ਗਈਆਂ ਹਨ ਅਤੇ ਬਾਅਦ ਵਿਚ ਉਨ੍ਹਾਂ ਦਾ ਮੁਕਾਮ ਪੱਕਾ ਹੋ ਗਿਆ। ਇਸ ਲਈ ਇਨ੍ਹਾਂ ਨੂੰ ਪੱਕੀਆਂ ਪਾਬੰਦੀਆਂ ਹੀ ਮੰਨਿਆ ਜਾਣਾ ਚਾਹੀਦਾ ਹੈ। ਪਿਛਲੀ ਵਾਰ ਵੀ ਤਾਲਿਬਾਨ ਨੇ ਇਸੇ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਸਨ। ਤਕਰੀਬਨ ਦਸ ਸਾਲ ਕਾਬੁਲ ਯੂਨੀਵਰਸਿਟੀ ਵਿਚ ਪੜ੍ਹਾਉਣ ਤੋਂ ਬਾਅਦ ਅਸਤੀਫ਼ਾ ਮੇਰੇ ਲਈ ਆਖ਼ਰੀ ਰਾਹ ਸੀ। ਮੈਨੂੰ ਪਤਾ ਹੈ ਕਿ ਇਹ ਕੋਈ ਬਹੁਤ ਵਧੀਆ ਰਾਹ ਨਹੀਂ ਹੈ। ਇਸ ਤੋਂ ਬਿਨਾਂ ਆਵਾਜ਼ ਬੁਲੰਦ ਕਰਨ ਦਾ ਕੋਈ ਰਾਹ ਨਹੀਂ ਸੀ। ਅਸੀਂ ਆਪਣੀ ਆਵਾਜ਼ ਬੁਲੰਦ ਕਰਨ ਅਤੇ ਅਫ਼ਗਾਨਿਸਤਾਨ ਦੇ ਲੋਕਾਂ ਦੇ ਨਾਲ-ਨਾਲ ਕੌਮਾਂਤਰੀ ਭਾਈਚਾਰੇ ਨੂੰ ਆਪਣੀ ਆਵਾਜ਼ ਸੁਣਾਉਣ ਲਈ ਆਪਣੀਆਂ ਨੌਕਰੀਆਂ ਛੱਡ ਦਿੱਤੀਆਂ ਹਨ।

ਕਾਬੁਲ ਦੀਆਂ ਯੂਨੀਵਰਸਿਟੀਆਂ ਦੀ ਵੈੱਬਸਾਈਟ ਨੂੰ ਅਜੇ ਨਵੇਂ ਫ਼ੈਸਲਿਆਂ ਮੁਤਾਬਕ ਅਪਡੇਟ ਨਹੀਂ ਕੀਤਾ ਗਿਆ ਹੈ। ਵੈੱਬਸਾਈਟ ਉੱਤੇ ਦਰਜ ਹੈ ਕਿ ਇਸ ਯੂਨੀਵਰਸਿਟੀ ਦੀ ਸਥਾਪਨਾ 1932 ਵਿਚ ਹੋਈ ਸੀ। ਇਸ ਵੇਲੇ ਕਾਬੁਲ ਯੂਨੀਵਰਸਿਟੀ ਵਿਚ 22 ਫੈਕਲਟੀ ਅਤੇ 101 ਵਿਭਾਗ, ਤਕਰੀਬਨ 900 ਅਧਿਆਪਕ ਅਤੇ 25,000 ਤੋਂ ਵੱਧ ਵਿਦਿਆਰਥੀ ਹਨ। ਵੈੱਬਸਾਈਟ ਦੱਸਦੀ ਹੈ ਕਿ ਵਿਦਿਆਰਥਣਾਂ ਦੀ ਗਿਣਤੀ 41% ਹੈ। ਇਸ ਦਾ ਮਤਲਬ ਹੈ ਕਿ ਹਾਲੀਆ ਫ਼ੈਸਲੇ ਨੇ ਇਕੱਲੀ ਕਾਬੁਲ ਯੂਨੀਵਰਸਿਟੀ ਵਿਚ ਤਕਰੀਬਨ 10,000 ਵਿਦਿਆਰਥਣਾਂ ਦੀ ਪੜ੍ਹਾਈ ਖ਼ਤਮ ਕਰ ਦਿੱਤੀ ਹੈ। ਅਫ਼ਗਾਨਿਸਤਾਨ ਦੇ ਲੋਕ ਇਸ ਸਮੇਂ ਖ਼ੁਸ਼ ਨਹੀਂ ਹਨ। ਤਾਲਿਬਾਨ ਦੀਆਂ ਆਗੂ ਸਫ਼ਾਂ ਤੋਂ ਬਾਹਰਲੇ ਉਨ੍ਹਾਂ ਦੇ ਹਮਾਇਤੀ ਵੀ ਖ਼ੁਸ਼ ਨਹੀਂ ਹਨ। ਉਹ ਅਜਿਹੇ ਸਾਰੇ ਫ਼ੈਸਲਿਆਂ ਦੇ ਕਾਰਨ ਜਾਣਨਾ ਚਾਹੁੰਦੇ ਹਨ। ਹਥਿਆਰਬੰਦ ਤਾਲਿਬਾਨ ਯੂਨੀਵਰਸਿਟੀਆਂ ਵਿਚ ਦਾਖ਼ਲ ਹੋ ਗਏ ਹਨ ਅਤੇ ਉਹ ਇਕੱਠੇ ਹੋਣ ਅਤੇ ਤਿੰਨ-ਚਾਰ ਲੋਕਾਂ ਨੂੰ ਇੱਕ-ਦੂਜੇ ਨਾਲ ਗੱਲ ਕਰਨ ਤੋਂ ਵੀ ਰੋਕ ਰਹੇ ਹਨ। ਉਨ੍ਹਾਂ ਨੇ ਕਿਸੇ ਵੀ ਤਰ੍ਹਾਂ ਦੇ ਰੋਸ-ਮੁਜ਼ਾਹਰੇ ਨੂੰ ਰੋਕਣ ਲਈ ਯੂਨੀਵਰਸਿਟੀਆਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਵਿਦਿਆਰਥਣਾਂ ਅਤੇ ਹੋਰ ਕਾਰਕੁਨਾਂ ਨੂੰ ਹਿਰਾਸਤ ਵਿਚ ਲਏ ਜਾਣ ਦੀਆਂ ਖ਼ਬਰਾਂ ਹਨ। ਅਸਤੀਫ਼ਾ ਦੇਣ ਤੋਂ ਪਹਿਲਾਂ ਮੈਂ ਆਪਣੇ ਪਰਿਵਾਰ ਦੇ ਬਾਕੀ ਮੈਂਬਰਾਂ ਨਾਲ ਗੱਲ ਕੀਤੀ ਸੀ ਪਰ ਕੋਈ ਵੀ ਇਸ ਫ਼ੈਸਲੇ ਨਾਲ ਸਹਿਮਤ ਨਹੀਂ ਸੀ। ਇਕ ਪਾਸੇ ਹਾਲਾਤ ਬਹੁਤ ਖ਼ਰਾਬ ਹਨ ਅਤੇ ਦੂਜੇ ਪਾਸੇ ਲੋਕ ਮਹਿਸੂਸ ਕਰ ਰਹੇ ਹਨ ਕਿ ਅਜਿਹੇ ਅਸਤੀਫ਼ਿਆਂ ਦੇ ਦਬਾਅ ਕਾਰਨ ਤਾਲਿਬਾਨ ਆਪਣਾ ਫ਼ੈਸਲਾ ਬਦਲਣ ਵਾਲੇ ਨਹੀਂ ਹਨ। ਮੈਨੂੰ ਲੱਗਿਆ ਕਿ ਮੈਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ ਕਿਉਂਕਿ ਇਸ ਤਰ੍ਹਾਂ ਦੇ ਫ਼ੈਸਲਿਆਂ ਤੋਂ ਬਾਅਦ ਨਾ ਤਾਂ ਵਿਦਿਆਰਥੀਆਂ ਦਾ ਭਵਿੱਖ ਸੁਰੱਖਿਅਤ ਹੈ ਅਤੇ ਨਾ ਹੀ ਅਫ਼ਗ਼ਾਨਿਸਤਾਨ ਦਾ ਭਵਿੱਖ। ਮੇਰੇ ਅਸਤੀਫ਼ੇ ਨਾਲ ਹਾਲਾਤ ਨਹੀਂ ਬਦਲਣਗੇ ਪਰ ਘੱਟੋ-ਘੱਟ ਮੈਂ ਪੁਰਸਕੂਨ ਹਾਂ। ਮੇਰੇ ਪਿਤਾ ਨੂੰ ਇਹ ਫ਼ੈਸਲਾ ਪਸੰਦ ਨਹੀਂ ਆਇਆ ਪਰ ਬਾਅਦ ਵਿਚ ਉਹ ਮੰਨ ਗਏ। ਮੇਰੇ ਕੋਲ ਸਾਰਕ ਯੂਨੀਵਰਸਿਟੀ ਤੋਂ ਫੈਲੋਸ਼ਿਪ ਹੈ ਪਰ ਘਰ ਪਿਤਾ ਜੀ ਦੀ ਮਦਦ ਨਾਲ ਹੀ ਚੱਲਦਾ ਹੈ। ਮੇਰੀ ਪਤਨੀ ਦੁਬਿਧਾ ਵਿਚ ਹੈ। ਇਕ ਪਾਸੇ ਉਹ ਮੌਜੂਦਾ ਹਾਲਾਤ ਤੋਂ ਡਰੀ ਹੋਈ ਹੈ ਅਤੇ ਦੂਜੇ ਪਾਸੇ ਉਹ ਖ਼ੁਸ਼ ਹੈ ਕਿ ਮੈਂ ਔਰਤਾਂ ਦੇ ਮੁੱਦੇ ਨੂੰ ਅਹਿਮ ਮੰਨਿਆ ਹੈ। ਮੈਨੂੰ ਵੱਖ-ਵੱਖ ਤਰੀਕਿਆਂ ਨਾਲ ਜ਼ੁਬਾਨਬੰਦੀ ਦੀਆਂ ਸਲਾਹਾਂ ਦਿੱਤੀਆਂ ਜਾ ਰਹੀਆਂ ਹਨ। ਸਮਝਾਉਣ ਵਾਲੀ ਸੁਰ ਵਿਚ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਕੌਮਾਂਤਰੀ ਭਾਈਚਾਰੇ ਨੂੰ ਅਫ਼ਗਾਨਿਸਤਾਨ 'ਚ ਸਿੱਖਿਆ ਦੇ ਹਕੂਕ ਦੀ ਗੱਲ ਕਰਨੀ ਚਾਹੀਦੀ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਕੌਮਾਂਤਰੀ ਭਾਈਚਾਰਾ ਇਸ ਤਰ੍ਹਾਂ ਦੇ ਫ਼ੈਸਲਿਆਂ ਉੱਤੇ ਆਪਣਾ ਅਸਰ-ਰਸੂਖ਼ ਵਰਤਣ ਲਈ ਸਰਗਰਮ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਕੌਮਾਂਤਰੀ ਭਾਈਚਾਰਾ ਘੱਟੋ-ਘੱਟ ਕੁਝ ਮਾਮਲਿਆਂ 'ਚ ਤਬਦੀਲੀ ਦੀ ਅਲੰਬਰਦਾਰੀ ਕਰੇ। ਪਿਛਲੇ 16 ਮਹੀਨਿਆਂ ਵਿਚ ਕਈ ਮੁਲਕਾਂ ਅਤੇ ਕਈ ਬਰਾਦਰੀਆਂ ਨੇ ਬਿਆਨ ਜਾਰੀ ਕੀਤੇ ਹਨ ਪਰ ਇਹ ਬਿਆਨ ਨਾਕਾਫ਼ੀ ਹਨ। ਕੁਝ ਹੱਦ ਤਕ ਅਸੀਂ ਦੋਹਾ ਸਮਝੌਤੇ ਰਾਹੀਂ ਇਹ ਸਭ ਕੁਝ ਮੁਮਕਿਨ ਬਣਾਉਣ ਲਈ ਕੌਮਾਂਤਰੀ ਭਾਈਚਾਰੇ ਨੂੰ ਦੋਸ਼ੀ ਠਹਿਰਾ ਸਕਦੇ ਹਾਂ। ਖ਼ੁਸੂਸੀ ਤੌਰ ਉੱਤੇ ਅਮਰੀਕਾ ਕਸੂਰਵਾਰ ਹੈ ਕਿਉਂਕਿ ਉਸ ਨੂੰ ਅਫ਼ਗਾਨਿਸਤਾਨ ਦੇ ਹਾਲਾਤ ਦਾ ਪਤਾ ਸੀ ਤੇ ਉਹ ਤਾਲਿਬਾਨ ਦੀ ਵਿਚਾਰਧਾਰਾ ਨੂੰ ਜਾਣਦਾ ਸੀ ਪਰ ਉਸ ਨੇ ਇਨ੍ਹਾਂ ਹਾਲਾਤ 'ਚ ਰਹਿਣ ਲਈ ਅਫ਼ਗਾਨ ਲੋਕਾਂ ਨੂੰ ਇਕੱਲਾ ਛੱਡ ਦਿੱਤਾ। ਉਮੀਦ ਹੈ ਕਿ ਉਹ ਇਨ੍ਹਾਂ ਦਿੱਕਤਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰੇਗਾ। ਅਸੀਂ ਕੌਮਾਂਤਰੀ ਦਖ਼ਲ ਉੱਤੇ ਭਰੋਸਾ ਨਹੀਂ ਕਰ ਸਕਦੇ ਪਰ ਕੌਮਾਂਤਰੀ ਭਾਈਚਾਰੇ ਤੋਂ ਬਿਨਾਂ ਅਸੀਂ ਕੋਈ ਉਮੀਦ ਨਹੀਂ ਕਰ ਸਕਦੇ। ਇੱਥੇ ਜਾਨ, ਮਾਲ ਤੇ ਭਵਿੱਖ ਸੁਰੱਖਿਅਤ ਨਹੀਂ ਹਨ।

# ਵਾਤਾਵਰਨ ਦੇ ਸੰਕਟ ਬਾਰੇ ਗੱਲਬਾਤ ਨੂੰ ਕੁਰਾਹੇ ਪਾਉਣ ਵਿੱਚ ਕਾਰਪੋਰੇਸ਼ਨਾਂ ਦੀ ਭੂਮਿਕਾ



-ਸੁਖਵੰਤ ਹੁੰਦਲ-



ਤਕਰੀਬਨ ਇਕ ਦਹਾਕਾ ਪਹਿਲਾਂ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿੱਚ ਇਕਨਾਮਿਕਸ ਦੇ ਪ੍ਰੋਫੈਸਰ ਅਤੇ ਇਕਨਾਮਿਕ ਸਾਇੰਸਜ ਵਿੱਚ ਨੋਬਲ ਮੈਮੋਰੀਅਲ ਇਨਾਮ ਜੇਤੂ ਜੋਸਫ ਸਟਿਗਲੈਟਸ ਨੇ ਅਮਰੀਕਾ ਵਿੱਚ ਦੌਲਤ ਅਤੇ ਸਿਆਸੀ ਨਾਬਰਾਬਰੀ ਬਾਰੇ ਲਿਖੇ ਇਕ ਆਰਟੀਕਲ ਦਾ ਨਾਂ "ਆਫ ਦੀ 1%, ਬਾਈ ਦੀ 1%, ਫਾਰ ਦੀ 1% – ਭਾਵ 1% ਦੀ, 1% ਵਲੋਂ, 1% ਲਈ" ਰੱਖਿਆ ਹੈ। ਆਪਣੇ ਆਰਟੀਕਲ ਦਾ ਇਹ ਨਾਂ ਰੱਖ ਕੇ ਉਹ ਇਹ ਕਹਿ ਰਹੇ ਜਾਪਦੇ ਹਨ ਕਿ ਅਮਰੀਕਾ ਦੀ ਸਰਕਾਰ ਉਪਰਲੇ 1% ਅਮੀਰਾਂ ਦੀ ਸਰਕਾਰ ਹੈ, ਇਹ ਇਹਨਾਂ 1% ਅਮੀਰਾਂ ਵਲੋਂ ਚਲਾਈ ਜਾਂਦੀ ਹੈ ਅਤੇ ਇਹ 1% ਅਮੀਰਾਂ ਲਈ ਹੈ। ਪ੍ਰੋਫੈਸਰ ਸਟਿਗਲੈਟਸ ਦੀ ਇਹ ਧਾਰਨਾ ਲੋਕਤੰਤਰ ਬਾਰੇ ਪ੍ਰਚਲਤ ਉਸ ਆਮ ਧਾਰਨਾ ਦੇ ਬਿਲਕੁਲ ਉਲਟ ਹੈ ਜੋ ਇਹ ਕਹਿੰਦੀ ਹੈ ਕਿ ਲੋਕਤੰਤਰ ਵਿਚਲੀ ਸਰਕਾਰ ਲੋਕਾਂ ਦੀ ਸਰਕਾਰ ਹੁੰਦੀ ਹੈ, ਲੋਕਾਂ ਵਲੋਂ ਚਲਾਈ ਜਾਂਦੀ ਹੈ ਅਤੇ ਲੋਕਾਂ ਲਈ ਕੰਮ ਕਰਦੀ ਹੈ। ਉਹਨਾਂ ਦੀ ਅਮਰੀਕਾ ਬਾਰੇ ਇਸ ਧਾਰਨਾ ਨੂੰ ਸਮੁੱਚੇ ਪੂੰਜੀਵਾਦੀ ਪ੍ਰਬੰਧ ਹੇਠ ਕੰਮ ਕਰਦੀਆਂ ਸਰਕਾਰਾਂ 'ਤੇ ਲਾਗੂ ਕੀਤਾ ਜਾ ਸਕਦਾ ਹੈ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਪੂੰਜੀਵਾਦੀ ਪ੍ਰਬੰਧ ਹੇਠ ਕੰਮ ਕਰਦੀਆਂ ਸਰਕਾਰਾਂ ਦਾ ਰੋਲ 1% ਪੂੰਜੀਵਾਦੀ ਲੋਕਾਂ ਦੇ ਹਿਤਾਂ ਦੀ ਰਾਖੀ ਕਰਨਾ ਹੁੰਦਾ ਹੈ। ਇਹ ਪੱਕਾ ਕਰਨ ਲਈ ਕਿ ਸਰਕਾਰਾਂ ਵਲੋਂ ਬਣਾਏ ਜਾਂਦੇ ਕਾਨੂੰਨ ਅਤੇ ਨੀਤੀਆਂ ਇਹਨਾਂ 1% ਲੋਕਾਂ ਦੇ ਹਿਤਾਂ ਵਿੱਚ ਹੋਣ, ਇਹ 1% ਲੋਕ ਜੋ ਢੰਗ ਵਰਤਦੇ ਹਨ, ਉਨ੍ਹਾਂ ਵਿੱਚੋਂ ਕੁੱਝ ਇਸ ਪ੍ਰਕਾਰ ਹਨ: ਉਹ ਇਲੈਕਸਨਾਂ ਵਿੱਚ ਉਮੀਦਵਾਰਾਂ ਦੀ ਮਦਦ ਲਈ ਫੰਡ ਦਿੰਦੇ ਹਨ, ਉਹ ਸਰਕਾਰਾਂ ਦੇ ਨੁਮਾਇੰਦਿਆਂ ਨੂੰ ਲੌਬੀ ਕਰਨ ਵਾਲੇ ਲੋਕਾਂ ਨੂੰ ਪੈਸੇ ਦਿੰਦੇ ਹਨ ਅਤੇ ਉਹ ਉਹਨਾਂ ਥਿੰਕ ਟੈਂਕਾਂ, ਖੋਜ ਸੰਸਥਾਂਵਾਂ ਆਦਿ ਨੂੰ ਫੰਡ ਕਰਦੇ ਹਨ ਜੋ ਇਹਨਾਂ ਅਮੀਰਾਂ ਦੇ ਹੱਕ ਵਿੱਚ ਲੋਕ ਰਾਇ ਪੈਦਾ ਕਰਦੇ ਹਨ ਅਤੇ ਇਹਨਾਂ ਦੇ ਹਿਤਾਂ ਵਿਰੁੱਧ ਜਾਣ ਵਾਲੀ ਜਾਣਕਾਰੀ 'ਤੇ ਸੰਕੇ ਖੜ੍ਹੇ ਕਰਨ ਦਾ ਕਾਰਜ ਕਰਦੇ ਹਨ। ਆਪਣੀ ਇਸ ਧਾਰਨਾ ਨੂੰ ਸਾਬਤ ਕਰਨ ਲਈ ਅਸੀਂ ਇਸ ਲੇਖ ਵਿੱਚ ਅਮੀਰ ਲੋਕਾਂ ਅਤੇ ਵੱਡੀਆਂ ਕਾਰਪੋਰੇਸਨਾਂ ਵੱਲੋਂ ਪਿਛਲੇ ਕੁੱਝ ਦਹਾਕਿਆਂ ਦੌਰਾਨ ਵਾਤਾਵਰਨ ਦੇ ਸੰਕਟ ਨਾਲ ਸੰਬੰਧਿਤ ਗੱਲਬਾਤ ਨੂੰ ਪ੍ਰਭਾਵਿਤ ਕਰਨ ਲਈ ਵਰਤੇ ਗਏ ਵੱਖ ਵੱਖ ਤਰੀਕਿਆਂ ਬਾਰੇ ਗੱਲ ਕਰਾਂਗੇ।

ਜੇਮਜ ਹੋਗਨ ਅਤੇ ਰਿਚਰਡ ਲਿਟਲਮੋਰ ਵਲੋਂ ਲਿਖੀ ਕਿਤਾਬ ਕਲਾਈਮੇਟ ਕਵਰਅੱਪ: ਦੀ ਕਰੂਸੇਡ ਟੂ ਡਿਨਾਈ ਗਲੋਬਲ ਵਾਰਮਿੰਗ ਅਨੁਸਾਰ, ਜਦੋਂ ਜੌਰਜ ਡਬਲਿਊ ਬੁੱਸ ਨੇ ਪ੍ਰੈਜੀਡੈਂਟ ਬਣਨ ਲਈ ਪਹਿਲੀ ਇਲੈਕਸਨ ਲੜੀ ਤਾਂ ਉਸ ਸਮੇਂ ਬੁੱਸ ਨੂੰ ਤੇਲ ਸਨਅਤ ਵਲੋਂ 15 ਲੱਖ (1.5 ਮਿਲੀਅਨ) ਡਾਲਰ ਤੋਂ ਜਾਂ ?ਆਦਾ ਰਕਮ ਇਲੈਕਸਨ ਲੜਨ ਲਈ ਦਿੱਤੀ ਗਈ। ਸੰਨ 2001 ਅਤੇ 2004 ਦੌਰਾਨ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਦੀ ਮਾਲਕ ਸਾਊਦਰਨ ਕੰਪਨੀ ਨੇ ਸਿਆਸੀ ਖੇਤਰ ਵਿੱਚ 44 ਲੱਖ (4.4 ਮਿਲੀਅਨ) ਡਾਲਰ ਦੀ ਰਕਮ ਦਾਨ ਦਿੱਤੀ ਸੀ ਆਪਣੀ ਪਹਿਲੀ ਇਲੈਕਸਨ ਜਿੱਤਣ ਤੋਂ ਬਾਅਦ ਜਾਰਜ ਬੁੱਸ ਦੇ ਪ੍ਰਸਾਸਨ ਵਲੋਂ ਲਏ ਗਏ ਪਹਿਲੇ ਕੁੱਝ ਫੈਸਲਿਆਂ ਵਿੱਚ ਇਕ ਫੈਸਲਾ ਜਲਵਾਯੂ ਦੀ ਤਬਦੀਲੀ ਨਾਲ ਸੰਬੰਧਤ ਕਿਓਟੋ ਪ੍ਰੋਟੋਕਲ ਹੇਠ ਆਪਣੀਆਂ ਜਾਂ ?ਿੰਮੇਵਾਰੀਆਂ ਤੋਂ ਮੁਨਕਰ ਹੋਣ ਲਈ ਕੀਤਾ ਗਿਆ ਫੈਸਲਾ ਸੀ। ਕਿਓਟੋ ਪ੍ਰੋਟੋਕਲ ਯੂਨਾਈਟਿਡ ਨੇਸਨਜ ਦੀ ਅਗਵਾਈ ਹੇਠ ਕੀਤਾ ਗਿਆ ਇਕ ਸਮਝੌਤਾ ਸੀ ਜੋ ਵਿਕਸਤ ਦੇਸਾਂ ਨੂੰ ਸੰਨ 2012 ਤੱਕ ਆਪਣੇ ਕਾਰਬਨ ਡਾਈਔਕਸਾਈਡ ਦੇ ਪ੍ਰਦੂਸਣ ਨੂੰ ਇਕ ਨਿਸਚਿਤ ਮਾਤਰਾ ਵਿੱਚ ਘਟਾਉਣ ਲਈ ਵਚਨਬੱਧ ਕਰਦਾ ਸੀ। ਬਾਅਦ ਵਿੱਚ ਬੁੱਸ ਨੇ ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸਨ ਏਜੰਸੀ (ਈ ਪੀ ਏ) ਵਲੋਂ 2002 ਵਿੱਚ ਪ੍ਰਦੂਸਣ ਘਟਾਉਣ ਲਈ ਕਲੀਅਰ ਸਕਾਈਜ ਇਨੀਸੀਏਟਿਵ ਨਾਂ ਹੇਠ ਤਿਆਰ ਕੀਤੇ ਨਿਯਮਾਂ ਨੂੰ ਕਮਜੋਰ ਕਰਨ ਲਈ ਕਦਮ ਚੁੱਕੇ ਸਨ। ਜੇ ਈ ਪੀ ਏ ਵਲੋਂ ਤਿਆਰ ਕੀਤੇ ਇਹ ਨਿਯਮ ਆਪਣੇ ਮੁਢਲੇ ਰੂਪ ਵਿੱਚ ਲਾਗੂ ਹੋ ਜਾਂਦੇ ਤਾਂ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾ ਰਾਹੀਂ ਬਿਜਲੀ ਤਿਆਰ ਕਰਨ ਵਾਲੀ ਅਮਰੀਕਾ ਦੀ ਸਨਅਤ ਨੂੰ ਇਸ ਵਿੱਚ ਸੁਝਾਏ ਉਪਾਅ ਲਾਗੂ ਕਰਨ ਲਈ 6.5 ਅਰਬ (ਬਿਲੀਅਨ) ਡਾਲਰ ਖਰਚਣੇ ਪੈਣੇ ਸਨ, ਅਤੇ ਇਹਨਾਂ ਉਪਾਵਾਂ ਕਾਰਨ ਅਮਰੀਕਾ ਦੇ ਲੋਕਾਂ ਨੂੰ ਸਿਹਤ ਦੇ ਖੇਤਰ 93 ਅਰਬ (ਬਿਲੀਅਨ) ਡਾਲਰ ਦੇ ਫਾਇਦੇ ਹੋਣੇ ਸਨ। ਪਰ ਬੁੱਸ ਪ੍ਰਸਾਸਨ ਦੇ ਦਬਾਅ ਕਾਰਨ ਈ ਪੀ ਏ ਨੇ ਇਸ ਉੱਦਮ ਵਿੱਚ ਤਬਦੀਲੀਆਂ ਕਰਕੇ ਇਹਨਾਂ ਨਿਯਮਾਂ ਨੂੰ ਕਾਫੀ ਕਮਜੋਰ ਕਰ ਦਿੱਤਾ ਸੀ। ਇਸ ਦੇ ਬਾਵਜੂਦ ਕਲੀਅਰ ਸਕਾਈਜ ਇਨੀਸੀਏਟਿਵ ਅਮਰੀਕਾ ਦੀ ਕਾਂਗਰਸ ਵਿੱਚ ਪਾਸ ਨਾ ਹੋ ਸਕਿਆ। ਫਿਰ ਬੁੱਸ ਪ੍ਰਸਾਸਨ ਨੇ ਕਲੀਅਰ ਸਕਾਈਜ ਇਨੀਸੀਏਟਿਵ ਦੀ ਥਾਂ ਨਵੇਂ ਨਿਯਮ ਲਿਆਂਦੇ ਜਿਹੜੇ ਕਿ ਕਾਫੀ ਕਮਜੋਰ ਸਨ। ਅਸਲ ਵਿੱਚ ਈ ਪੀ ਏ ਵੱਲੋਂ ਤਿਆਰ ਕੀਤੇ ਇਹਨਾਂ ਨਵੇਂ ਨਿਯਮਾਂ ਵਿੱਚ ਦਰਜਨ ਤੋਂ ਵੱਧ ਪੈਰ੍ਹੇ ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਦੀ ਸਨਅਤ ਦੀ ਨੁਮਾਇੰਦਗੀ ਕਰਨ ਵਾਲੀ ਵੈਸਟ ਐਸੋਸੀਏਸਨ ਅਤੇ ਵਾਤਾਵਰਨ ਦੇ ਸੰਬੰਧ ਵਿੱਚ ਕਾਰਪੋਰੇਸਨਾਂ ਦੇ ਕੇਸ ਲੜ੍ਹਨ ਵਾਲੀ ਵਕੀਲਾਂ ਦੀ ਫਰਮ ਲੱਠਮ ਐਂਡ ਵਾਟਕਿਨਜ ਵਲੋਂ ਪੇਸ ਕੀਤੇ ਮੀਮੋਆਂ ਵਿੱਚੋਂ ਲਏ ਗਏ ਸਨ।


ਚੋਣਾਂ ਵਿੱਚ ਸਿਆਸੀ ਪਾਰਟੀਆਂ ਨੂੰ ਸਿੱਧੇ ਪੈਸੇ ਦੇਣ ਤੋਂ ਬਿਨਾਂ ਦੁਨੀਆ ਦੀ ਦੌਲਤ 'ਤੇ ਕਾਬਜ ਇਹ ਮੁੱਠੀ ਭਰ ਲੋਕ ਅਤੇ ਉਹਨਾਂ ਦੀ ਅਗਵਾਈ ਹੇਠ ਚਲਦੀਆਂ ਵੱਡੀਆਂ ਕਾਰਪੋਰੇਸਨਾਂ ਸਰਕਾਰਾਂ ਦੇ ਕਾਨੂੰਨਾਂ ਅਤੇ ਨੀਤੀਆਂ ਨੂੰ ਆਪਣੇ ਹਿਤਾਂ ਅਨੁਸਾਰ ਪ੍ਰਭਾਵਿਤ ਕਰਨ ਲਈ, ਸਰਕਾਰਾਂ ਦੇ ਨੁਮਾਇੰਦਿਆਂ ਨੂੰ ਲੌਬੀ ਕਰਨ ਲਈ ਬਹੁਤ ਸਾਰਾ ਪੈਸਾ ਖਰਚ ਕਰਦੀਆਂ ਹਨ। ਜਦੋਂ ਵੀ ਕੋਈ ਅਜਿਹੇ ਕਾਨੂੰਨ ਬਣਾਉਣ ਦੇ ਯਤਨ ਹੁੰਦੇ ਹਨ, ਜਿਹੜੇ ਵੱਡੀਆਂ ਕਾਰਪੋਰੇਸਨਾਂ ਵਲੋਂ ਮੁਨਾਫਾ ਕਮਾਉਣ ਦੇ ਕਾਰਜਾਂ ਵਿੱਚ ਰੁਕਾਵਟ ਬਣ ਸਕਦੇ ਹੋਣ ਤਾਂ ਇਨ੍ਹਾਂ ਵੱਡੀਆਂ ਕੰਪਨੀਆਂ ਲਈ ਕੰਮ ਕਰਦੇ ਲੌਬੀ ਕਰਨ ਵਾਲੇ ਸਰਕਾਰਾਂ ਦੇ ਨੁਮਾਇੰਦਿਆਂ ਤੱਕ ਪਹੁੰਚ ਕਰਕੇ ਇਸ ਤਰ੍ਹਾਂ ਦੇ ਕਾਨੂੰਨਾਂ ਨੂੰ ਪਾਸ ਹੋਣ ਤੋਂ ਰੋਕਣ ਜਾਂ ਕਾਨੂੰਨਾਂ ਦੀ ਕਾਰਪੋਰੇਸਨਾਂ ਵਿਰੋਧੀ ਧਾਰ ਨੂੰ ਖੁੰਡੀ ਕਰਨ ਲਈ ਜੋਰ ਲਾਉਂਦੇ ਹਨ। ਉਹਨਾਂ ਦੇ ਇਸ ਕੰਮ ਲਈ ਮੁੱਠੀ ਭਰ ਅਮੀਰ ਲੋਕ ਅਤੇ ਉਹਨਾਂ ਦੀਆਂ ਕਾਰਪੋਰੇਸਨਾਂ ਲੌਬੀ ਕਰਨ ਵਾਲਿਆਂ 'ਤੇ ਪਾਣੀ ਵਾਂਗ ਪੈਸਾ ਵਹਾਉਂਦੀਆਂ ਹਨ। ਓਕਬਾਜਗੀ ਯੋਹੈਨਸ ਆਪਣੀ ਕਿਤਾਬ ਦੀ ਬਾਇਓਫਿਊਲ ਡਿਸੈਪਸਨ ਵਿੱਚ ਦੱਸਦਾ ਹੈ ਕਿ ਜਨਵਰੀ 2009 ਅਤੇ ਜੂਨ 2010 ਵਿਚਕਾਰ ਤੇਲ ਅਤੇ ਗੈਸ ਦੀ ਸਨਅਤ ਨੇ ਕਲੀਨ ਐਨਰਜੀ ਬਿੱਲਾਂ ਨੂੰ ਪਾਸ ਹੋਣ ਤੋਂ ਰੋਕਣ ਲਈ ਅਮਰੀਕਾ ਦੀ ਕਾਂਗਰਸ ਨੂੰ ਲਾਬੀ ਕਰਨ ਲਈ 25 ਕ੍ਰੋੜ (250 ਮਿਲੀਅਨ) ਡਾਲਰ ਖਰਚ ਕੀਤੇ ਸਨ। ਇਸ ਹੀ ਸਮੇਂ ਦੌਰਾਨ ਚੈਂਬਰ ਆਫ ਕਮਰਸ ਨੇ ਆਲਮੀ ਤਪਸ (ਗਲੋਬਲ ਵਾਰਮਿੰਗ) ਨਾਲ ਸੰਬੰਧਿਤ ਕਾਨੂੰਨਾਂ ਨੂੰ ਹਰਾਉਣ ਲਈ 19 ਕ੍ਰੋੜ (190 ਮਿਲੀਅਨ) ਡਾਲਰ ਖਰਚੇ ਸਨ। ਸੰਨ 1999 ਅਤੇ 2009 ਵਿਚਕਾਰ ਤੇਲ ਅਤੇ ਗੈਸ, ਕੋਲੇ ਅਤੇ ਬਿਜਲੀ ਉਤਪਾਦਨ ਨਾਲ ਸੰਬੰਧਿਤ ਕੰਪਨੀਆਂ ਨੇ ਅਮਰੀਕਾ ਦੀ ਕਾਂਗਰਸ ਨੂੰ ਲੌਬੀ ਕਰਨ ਲਈ ਕੁੱਲ ਮਿਲਾ ਕੇ 2 ਅਰਬ (ਬਿਲੀਅਨ) ਡਾਲਰ ਖਰਚੇ ਸਨ ਤਾਂ ਕਿ ਉਹਨਾਂ ਕਾਨੂੰਨਾਂ ਨੂੰ ਹਰਾਇਆ ਜਾ ਸਕੇ ਜੋ ਕਾਨੂੰਨ ਆਲਮੀ ਤਪਸ (ਗਲੋਬਲ ਵਾਰਮਿੰਗ) ਦੇ ਅਸਰਾਂ ਨੂੰ ਘੱਟ ਕਰਨ ਲਈ ਬਣਾਏ ਜਾਣੇ ਸਨ।

ਨਵੰਬਰ 2008 ਵਿੱਚ ਜਦੋਂ ਬਰਾਕ ਓਬਾਮਾ ਪਹਿਲੀ ਵਾਰ ਅਮਰੀਕਾ ਦਾ ਪ੍ਰੈਜੀਡੈਂਟ ਬਣਿਆ ਤਾਂ ਆਪਣੇ ਸ਼ੁਰੂਆਤੀ ਦਿਨਾਂ ਵਿੱਚ

(ਬਾਕੀ ਸਫ਼ਾ 16 'ਤੇ)

Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
New Location
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom


ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Harmanjot Dhudike
403-975-0006
Sharmanjot22@gmail.com

# ਵਿਦੇਸ਼ਾਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਦੇ ਸੰਘਰਸ਼ ਦੀ ਕਹਾਣੀ ਅਧਾਰਿਤ ਡਾਕੂਮੈਂਟਰੀ 'ਪੌੜੀ' ਦਾ ਕੈਲਗਰੀ ਵਿੱਚ ਸਫਲ ਪ੍ਰਦਰਸ਼ਨ !










ਕੈਲਗਰੀ, (ਹਰਚਰਨ ਪਰਹਾਰ): ਲੰਘੇ ਸ਼ਨੀਵਾਰ 11 ਫਰਵਰੀ ਨੂੰ ਜੈਨੇਸਿਸ ਸੈਂਟਰ ਵਿੱਚ ਦਰਸ਼ਕਾਂ ਦੇ ਖਚਾ-ਖਚ ਭਰੇ ਹਾਲ ਵਿੱਚ ਨਵਲਪ੍ਰੀਤ ਰੰਗੀ ਵਲੋਂ ਡਾਇਰੈਕਟ ਕੀਤੀ ਡਾਕੂਮੈਂਟਰੀ 'ਪੌੜੀ' ਦਾ ਸਫਲ ਪ੍ਰਦਰਸ਼ਨ ਹੋਇਆ। ਦਰਸ਼ਕਾਂ ਨੇ ਬੜੀ ਨੀਝ ਨਾਲ਼ ਭਾਵੁਕ ਹੁੰਦਿਆਂ ਡਾਕੂਮੈਂਟਰੀ ਦੇਖੀ। ਬੇਸ਼ੱਕ ਵਿਸ਼ਾ ਬੜਾ ਗੰਭੀਰ ਸੀ ਤੇ ਅਜਿਹੇ ਵਿਸ਼ਿਆਂ ਤੇ ਪੰਜਾਬੀ ਦਰਸ਼ਕਾਂ ਵਲੋਂ ਘੱਟ ਉਤਸ਼ਾਹ ਦਿਖਾਇਆ ਜਾਂਦਾ ਹੈ। ਪਰ ਪ੍ਰਬੰਧਕਾਂ ਦੀ ਆਸ ਤੋਂ ਕਿਤੇ ਵੱਧ ਦਰਸ਼ਕਾਂ ਨੇ ਮੂਵੀ ਦੇਖਣ ਵਿੱਚ ਰੁਚੀ ਦਿਖਾਈ। ਇਸ ਸਮਾਗਮ ਦਾ ਅਯੋਜਨ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਯੰਗਸਤਾਨ ਕੈਲਗਰੀ ਵਲੋਂ ਕੀਤਾ ਗਿਆ ਸੀ। ਹਾਲ ਪੂਰਾ ਭਰ ਜਾਣ ਕਾਰਨ ਬਹੁਤ ਸਾਰੇ ਦਰਸ਼ਕਾਂ ਨੂੰ ਮੂਵੀ ਹੇਠਾਂ ਬੈਠ ਕੇ ਜਾਂ ਪਿੱਛੇ ਖੜ ਕੇ ਦੇਖਣੀ ਪਈ। ਇਹ ਡਾਕੂਮੈਂਟਰੀ ਨਾ ਸਿਰਫ ਪੰਜਾਬ ਤੋਂ ਵਿਦੇਸ਼ਾਂ ਵਿੱਚ ਆ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸੰਘਰਸ਼ ਤੇ ਤਕਲੀਫਾਂ ਨੂੰ ਬਾਖੂਬੀ ਪੇਸ਼ ਕਰਦੀ ਹੈ, ਸਗੋਂ ਪੰਜਾਬ ਵਿੱਚੋਂ ਵੱਡੀ ਪੱਧਰ ਤੇ ਵਿਦੇਸ਼ਾਂ ਵਿੱਚ ਹੋ ਰਹੇ ਪ੍ਰਵਾਸ ਦੇ ਕਾਰਨਾਂ ਨੂੰ ਲੱਭਣ ਦੇ ਯਤਨ ਦੇ ਨਾਲ਼-ਨਾਲ਼ ਅਨੇਕਾਂ ਮਸਲਿਆਂ ਨੂੰ ਵੀ ਛੂੰਹਦੀ ਹੈ। ਜਿਨ੍ਹਾਂ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕਾਫੀ ਗਿਣਤੀ ਵਿੱਚ ਐਕਸੀਡੈਂਟ ਤੇ ਹਾਰਟ ਅਟੈਕ ਨਾਲ਼ ਹੋ ਰਹੀਆਂ ਮੌਤਾਂ ਨੂੰ ਸਮਝਣ ਲਈ ਭਾਈਚਾਰੇ ਅੱਗੇ ਸਵਾਲ ਖੜ੍ਹੇ ਕਰਦੀ ਹੈ। ਇਸ ਮੌਕੇ 'ਤੇ ਮੂਵੀ ਦੇ ਡਾਇਰੈਕਟਰ ਨਵਲਪ੍ਰੀਤ ਰੰਗੀ ਵਲੋਂ ਦਰਸ਼ਕਾਂ ਦੇ ਰੂ-ਬ-ਰੂ ਹੁੰਦਿਆਂ, ਇਹ ਤੱਥ ਵੀ ਉਜਾਗਰ ਕੀਤਾ ਕਿ ਵਿਦਿਆਰਥੀਆਂ ਦੀਆਂ ਮੌਤਾਂ ਦੇ ਅਨੇਕਾਂ ਕਾਰਨਾਂ ਵਿੱਚੋਂ ਸਭ ਤੋਂ ਵੱਡਾ ਕਾਰਨ ਨਸ਼ਿਆਂ ਦੀ ਓਵਰਡੋਜ਼ ਹੈ। ਇਸ ਤੋਂ ਇਲਾਵਾ ਉਨੀਂਦਰਾ, ਕੰਮਾਂ ਦੀ ਸਟਰੈਸ, ਡਿਪਰੈਸ਼ਨ, ਆਰਥਿਕ ਸਮੱਸਿਆਵਾਂ ਆਦਿ ਅਨੇਕਾਂ ਕਾਰਨ ਹਨ, ਜਿਨ੍ਹਾਂ ਨਾਲ਼ ਵਿਦਿਆਰਥੀ ਖੁਦਕੁਸ਼ੀਆਂ ਵੀ ਕਰ ਰਹੇ ਹਨ ਅਤੇ ਟਰੱਕਿੰਗ



ਇੰਡਸਟਰੀ ਵਿੱਚ ਐਕਸੀਡੈਂਟਾਂ ਵਿੱਚ ਵੀ ਮਰ ਰਹੇ ਹਨ। ਮੂਵੀ ਬਣਾਉਣ ਵਿੱਚ ਸਹਿਯੋਗੀ ਨਵਲਪ੍ਰੀਤ ਰੰਗੀ ਦੀ ਪਤਨੀ ਜਸਲੀਨ ਕੌਰ ਨੇ ਵੀ ਆਪਣੇ ਵਿਚਾਰ ਦਰਸ਼ਕਾਂ ਨਾਲ਼ ਸਾਂਝੇ ਕੀਤੇ। ਇਸ ਮੌਕੇ ਤੇ 'ਹੈਲਥੀ ਲਾਈਫ ਸਟਾਈਲ ਨਾਲੇਜ਼ ਫਾਊਂਡੇਸ਼ਨ' ਦੇ ਪ੍ਰਧਾਨ ਡਾ. ਸੁਖਵਿੰਦਰ ਬਰਾੜ ਨੇ ਮਾਨਸਕਿ ਰੋਗਾਂ ਦੇ ਕਾਰਨਾਂ ਦੀ ਜਾਣਕਾਰੀ ਦੇ ਨਾਲ਼-ਨਾਲ਼ ਉਸਦੇ ਇਲਾਜ ਲਈ ਵੀ ਨੁਸਖੇ ਸਾਂਝੇ ਕੀਤੇ। ਉਨ੍ਹਾਂ ਸਮਾਜ ਵਿੱਚ ਯਾਦਸ਼ਤ ਭੁੱਲਣ, ਨਸ਼ਿਆਂ ਦੇ ਰੁਝਾਨ, ਨੌਜਵਾਨਾਂ ਵਿੱਚ ਵਧ ਰਹੀ ਹਿੰਸਾ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਤੋਂ ਇਲਾਵਾ ਰੈਡ ਐਫ ਐਮ ਰੇਡੀਉ ਤੋਂ ਸੀਨੀਅਰ ਹੋਸਟ ਰਿਸ਼ੀ ਨਾਗਰ ਨੇ ਨੌਜਵਾਨਾਂ ਵਿੱਚ ਕਨੂੰਨੀ ਤੇ ਗੈਰ-ਕਨੂੰਨੀ ਨਸ਼ਿਆਂ ਦੇ ਵਧ ਰਹੇ ਰੁਝਾਨ ਅਤੇ ਹੋ ਰਹੀਆਂ ਮੌਤਾਂ ਬਾਰੇ ਲੂੰ ਕੰਡੇ ਖੜੇ ਕਰਨ ਵਾਲ਼ੇ ਅੰਕੜੇ ਪੇਸ਼ ਕਰਦੇ ਹੋਏ ਦੱਸਿਆ ਕਿ ਸਿਰਫ ਕਨੇਡਾ ਵਿੱਚ 2016-2022 ਤੱਕ 6 ਸਾਲਾਂ ਵਿੱਚ ਨਸ਼ਿਆਂ ਦੀ ਓਵਰਡੋਜ਼ ਨਾਲ਼ 32632 ਮੌਤਾਂ ਅਤੇ ਸਾਲ 2022 ਦੇ ਪਹਿਲੇ 6 ਮਹੀਨਿਆਂ ਵਿੱਚ ਹੀ 3556 ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਸਨ। ਇੱਥੇ ਵਰਨਣਯੋਗ ਹੈ ਕਿ ਨੈਸ਼ਨਲ ਇੰਸਟੀਚਿਊਟ ਆਫ ਡਰੱਗ ਅਬਿਊਜ਼ ਅਮਰੀਕਾ ਦੇ ਅੰਕੜਿਆਂ ਅਨੁਸਾਰ ਪਿਛਲੇ ਸਾਲ 2021 ਵਿੱਚ ਸਿਰਫ ਅਮਰੀਕਾ ਵਿੱਚ 1 ਲੱਖ 6 ਹਜ਼ਾਰ ਨੌਜਵਾਨ ਨਸ਼ਿਆਂ ਦੀ ਓਵਰਡੋਜ਼ ਨਾਲ਼ ਮੌਤ ਦੇ ਮੂੰਹ ਜਾ ਪਏ ਸਨ। ਇਸ ਸੰਸਥਾ ਦੀ ਰਿਪੋਰਟ





Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
10% Discount on OTC Products with this coupon
EXP : Dec 31, 2023 | LIMIT : 1 Coupon per Visit
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.

We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762
or
29 DREAM
Special Packages Available For All Occasions
(37326)

Call Romi Sidhu For Insurance & Financial Needs

StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS
Romi Sidhu, Agent
P02720CN

ਅਨੁਸਾਰ ਇਨ੍ਹਾਂ ਮੌਤਾਂ ਵਿੱਚ 70% ਮਰਦ ਅਤੇ 30% ਔਰਤਾਂ ਸ਼ਾਮਿਲ ਸਨ। ਇਸ ਰਿਪੋਰਟ ਦੇ ਚੌਂਕਾ ਦੇਣ ਵਾਲ਼ੇ ਅੰਕੜਿਆਂ ਅਨੁਸਾਰ ਅਮਰੀਕਾ ਵਿੱਚ ਪਿਛਲੇ 20 ਸਾਲਾਂ ਵਿੱਚ ਇੱਕ ਮਿਲੀਅਨ ਤੋਂ ਵੱਧ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਚੁੱਕੇ ਹਨ।

ਪੰਜਾਬ ਵਿੱਚ ਨਸ਼ਿਆਂ ਦੇ ਵਧ ਰਹੇ ਰੁਝਾਨ ਦੇ ਚੱਲਦਿਆਂ ਮਾਪੇ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਭੇਜ ਕੇ ਸੋਚਦੇ ਹਨ ਕਿ ਸ਼ਾਇਦ ਉਨ੍ਹਾਂ ਬੱਚੇ ਇੱਧਰ ਵੱਧ ਸੁਰੱਖਿਅਤ ਹਨ, ਪਰ ਇੱਥੇ ਨਸ਼ਿਆਂ ਦੇ ਮਾਮਲੇ ਵਿੱਚ ਹਾਲਾਤ ਪੰਜਾਬ ਤੋਂ ਕਿਤੇ ਵੱਧ ਖਰਾਬ ਹਨ। ਇਸ ਫੰਕਸ਼ਨ ਵਿੱਚ ਸ਼ਾਮਿਲ ਬੁਲਾਰਿਆਂ ਦਾ ਸਾਂਝਾ ਮੱਤ ਸੀ ਕਿ ਅਜਿਹੀਆਂ ਸਮਾਜਿਕ ਬੁਰਾਈਆਂ ਨੂੰ ਸਿਰਫ ਸਰਕਾਰਾਂ ਜਾਂ ਸਮਾਜਿਕ ਸੰਸਥਾਵਾਂ ਤੇ ਛੱਡ ਕੇ ਨਹੀਂ ਸਰਨਾ, ਸਾਨੂੰ ਸਭ ਨੂੰ ਰਲ਼ ਕੇ ਯਤਨ ਕਰਨੇ ਪੈਣਗੇ।

ਮਾਸਟਰ ਭਜਨ ਸਿੰਘ ਨੇ ਸਟੇਜ ਦੀਆਂ ਸੇਵਾਵਾਂ ਨਿਭਾਉਂਦੇ ਹੋਏ, ਸਮਾਗਮ ਵਿੱਚ ਭਰਵੇਂ ਸਹਿਯੋਗ ਲਈ ਦਰਸ਼ਕਾਂ, ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਤੇ ਮੀਡੀਏ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਪ੍ਰਹਾਰ ਵਲੋਂ ਸਭ ਨੂੰ ਜੀ ਆਇਆਂ ਆਖਿਆ ਗਿਆ। ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਤੋਂ ਕਮਲਪ੍ਰੀਤ ਪੰਧੇਰ ਵਲੋਂ 12 ਮਾਰਚ ਨੂੰ ਕੈਲਗਰੀ ਡਾਊਨਟਾਊਨ ਪਬਲਿਕ ਲਾਇਬ੍ਰੇਰੀ ਥੀਏਟਰ ਵਿੱਚ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਤੇ ਸਿੱਖ ਵਿਰਸਾ ਵਲੋਂ ਅਨੀਤਾ ਸਬਦੀਸ਼ ਦੇ ਕਰਵਾਏ ਜਾ ਰਹੇ ਸੋਲੋ ਨਾਟਕ 'ਦਿੱਲੀ ਰੋਡ ਤੇ ਇੱਕ ਹਾਦਸਾ' ਬਾਰੇ ਜਾਣਕਾਰੀ ਦਿੱਤੀ। ਇਸ ਨਾਟਕ ਦਾ ਪੋਸਟਰ ਵੀ ਪ੍ਰਬੰਧਕਾਂ ਤੇ ਮਹਿਮਾਨਾਂ ਵਲੋਂ ਜਾਰੀ ਕੀਤਾ ਗਿਆ। ਸਮਾਗਮ ਦੇ ਮੁੱਖ ਬੁਲਾਰਿਆਂ ਡਾ. ਸੁਖਵਿੰਦਰ ਬਰਾੜ, ਰਿਸ਼ੀ ਨਾਗਰ ਅਤੇ ਨਵਲਪ੍ਰੀਤ ਰੰਗੀ ਨੂੰ ਕਿਤਾਬਾਂ ਦੇ ਸੈਟ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

# ਕੈਲਗਰੀ ਵਿੱਚ ਖੇਡੇ ਜਾ ਰਹੇ ਸੋਲੋ ਨਾਟਕ 'ਦਿੱਲੀ ਰੋਡ ਤੇ ਇੱਕ ਹਾਦਸਾ' ਦਾ ਪੋਸਟਰ ਰਿਲੀਜ਼ !




ਕੈਲਗਰੀ, (ਹਰਚਰਨ ਪਰਹਾਰ) 'ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ' ਅਤੇ 'ਸਿੱਖ ਵਿਰਸਾ ਇੰਟਰਨੈਸ਼ਨਲ' ਵਲੋਂ ਹਰ ਸਾਲ ਯੂਨਾਈਟਿਡ ਨੇਸ਼ਨ ਵਲੋਂ ਮਾਰਚ 8 ਨੂੰ ਦੁਨੀਆਂ ਭਰ ਵਿੱਚ ਮਨਾਏ ਜਾਂਦੇ 'ਇੰਟਰਨੈਸ਼ਨਲ ਵਿਮੈਨ ਡੇਅ' ਨੂੰ ਸਮਰਪਿਤ ਪ੍ਰੋਗਰਾਮ ਕੀਤੇ ਜਾਂਦੇ ਹਨ। ਇਸ ਸਾਲ ਕੈਲਗਰੀ ਦੀ ਪਬਲਿਕ ਲਾਇਬ੍ਰੇਰੀ ਡਾਊਨਟਾਊਨ (ਸਿਟੀ ਹਾਲ ਦੇ ਪਿਛਲੇ ਪਾਸੇ) Address: 800 3 St SE, Calgary, AB T2G 2E7 ਦੇ ਨਵੇਂ ਬਣੇ ਥੀਏਟਰ ਵਿੱਚ 12 ਮਾਰਚ ਦਿਨ ਐਤਵਾਰ ਨੂੰ ਉਘੀ ਥੀਏਟਰ ਕਲਾਕਾਰ ਅਤੇ ਫਿਲਮੀ ਐਕਟਰ ਅਨੀਤਾ ਸਬਦੀਸ਼ ਵਲੋਂ ਔਰਤ ਦਿਵਸ ਨੂੰ ਸਮਰਪਿਤ ਇੱਕ ਸੋਲੋ ਨਾਟਕ 'ਦਿੱਲੀ ਰੋਡ ਤੇ ਇੱਕ ਹਾਦਸਾ' ਪੇਸ਼ ਕੀਤਾ ਜਾਵੇਗਾ। ਔਰਤਾਂ ਨਾਲ਼ ਹੁੰਦੇ ਬਲਾਤਕਾਰਾਂ ਨਾਲ਼ ਸਬੰਧਤ ਵਿਸ਼ੇ ਤੇ ਪਾਲੀ ਭੁਪਿੰਦਰ ਦਾ ਲਿਖਿਆ ਤੇ ਭਾਵਪੂਰਤ ਨਾਟਕ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਤੇ ਪ੍ਰੌਗਰੈਸਿਵ ਕਲਾ ਮੰਚ ਦੇ ਕਲਾਕਾਰ ਕੋਰੀਓਗਰਾਫੀ ਵੀ ਪੇਸ਼ ਕਰਨਗੇ। ਇਸ ਤੋਂ ਇਲਾਵਾ ਉਘੇ ਲੇਖਕ ਤੇ ਨਾਟਕ ਡਾਇਰੈਕਟਰ ਡਾ. ਸੁਰਿੰਦਰ ਧੰਜਲ (ਕੈਮਲੂਪਸ ਯੂਨੀਵਰਸਿਟੀ) ਵਿਸ਼ੇਸ਼ ਤੌਰ ਔਰਤ ਦਿਵਸ ਨਾਲ਼ ਸਬੰਧਤ ਵਿਸ਼ਿਆਂ ਤੇ ਆਪਣਾ ਵਿਸ਼ੇਸ਼ ਲੈਕਚਰ ਪੇਸ਼ ਕਰਨਗੇ। ਪਿਛਲੇ ਦਿਨੀਂ ਇਸ ਨਾਟਕ ਪ੍ਰੋਗਰਾਮ ਦਾ ਪੋਸਟਰ ਜੈਨੇਸਿਸ ਵਿੱਚ ਹੋਏ ਇੱਕ ਸਮਾਗਮ ਦੌਰਾਨ ਦਰਸ਼ਕਾਂ ਦੇ ਭਰਵੇਂ ਇਕੱਠ ਵਿੱਚ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਤੇ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਨੁਮਾਇੰਦਿਆਂ ਤੋਂ ਇਲਾਵਾ ਸ਼ਹਿਰ ਦੇ ਹੋਰ ਪਤਵੰਤੇ ਸੱਜਣਾਂ ਨੇ ਰਿਲੀਜ਼ ਕੀਤਾ। ਇਸ ਨਾਟਕ ਸਮਾਗਮ ਦੀ ਟਿਕਟ 10 ਡਾਲਰ ਹੋਵੇਗੀ ਅਤੇ ਤੁਸੀਂ ਮਾਸਟਰ ਭਜਨ ਸਿੰਘ ਤੋਂ 403-455-4220 ਅਤੇ ਹਰਚਰਨ ਪ੍ਰਹਾਰ ਤੋਂ 403-681-8689 ਨੰਬਰਾਂ ਤੇ ਸੰਪਰਕ ਕਰਕੇ ਲੈ ਸਕਦੇ ਹੋ। ਕਈ ਵਾਰ ਟਿਕਟਾਂ ਮੌਕੇ ਤੇ ਨਹੀਂ ਮਿਲਦੀਆਂ, ਇਸ ਲਈ ਆਪਣੀਆਂ ਟਿਕਟਾਂ ਪਹਿਲਾਂ ਹੀ ਲੈ ਲਵੋ।

# ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਦੀ ਮਾਸਿਕ ਮੀਟਿੰਗ 5 ਮਾਰਚ ਨੂੰ ਕੋਸੋ ਹਾਲ ਵਿੱਚ ਹੋਵੇਗੀ !

## ਇਸ ਮੀਟਿੰਗ ਵਿਚ 12 ਮਾਰਚ ਨੂੰ ਹੋ ਰਹੇ ਨਾਟਕ ਦੀਆਂ ਟਿਕਟਾਂ ਵੀ ਲੈ ਸਕਦੇ ਹੋ

ਕੈਲਗਰੀ, (ਹਰਚਰਨ ਪਰਹਾਰ): ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਅਤੇ ਸਿੱਖ ਵਿਰਸਾ ਪਿਛਲੇ ਲੰਬੇ ਸਮੇਂ ਤੋਂ ਕੈਲਗਰੀ ਵਿੱਚ ਸਮਾਜਿਕ ਤੇ ਸਾਹਿਤਕ ਸਰਗਰਮੀਆਂ ਵਿੱਚ ਸ਼ਾਮਿਲ ਰਹਿੰਦੀ ਹੈ। ਪਿਛਲੇ ਸਮੇਂ ਵਿੱਚ ਅਨੇਕਾਂ ਸਮਾਜਿਕ ਮੁੱਦਿਆਂ, ਨਸ਼ਿਆਂ, ਗੈਂਗਵਾਰ, ਔਰਤਾਂ ਦੇ ਮਸਲੇ, ਤਰਕਸ਼ੀਲਤਾ ਆਦਿ ਵਿਸ਼ਿਆਂ ਤੇ ਸੈਮੀਨਾਰ ਜਾਂ ਮੁਜਾਹਰੇ ਆਯੋਜਤ ਕਰਦੀ ਰਹਿੰਦੀ ਹੈ। ਇਸ ਸੰਸਥਾ ਦੇ ਮੁੱਖ ਪ੍ਰਬੰਧਕ ਮਾਸਟਰ ਭਜਨ ਸਿੰਘ ਸਾਲ ਵਿੱਚ 3-4 ਵਾਰ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਵਲੋਂ ਸਮਾਜ ਵਿੱਚ ਪੁਸਤਕ ਕਲਚਰ ਨੂੰ ਉਤਸ਼ਾਹਿਤ ਕਰਨ ਲਈ ਪੁਸਤਕ ਮੇਲੇ ਵੀ ਲਗਾਉਂਦੇ ਹਨ। ਇਸ ਸਾਲ ਦੇ ਪਹਿਲੇ ਮੇਲੇ ਬਾਰੇ ਜਾਣਕਾਰੀ ਜਲਦੀ ਪਾਠਕਾਂ ਨਾਲ਼ ਸਾਂਝੀ ਕੀਤੀ ਜਾਵੇਗੀ। ਹਰ ਮਹੀਨੇ ਇਸ ਸੰਸਥਾ ਵਲੋਂ ਆਪਣਾ ਮਾਸਿਕ ਪ੍ਰੋਗਰਾਮ ਕੀਤਾ ਜਾਂਦਾ ਹੈ, ਜਿਨ੍ਹਾਂ ਵਿੱਚ ਵੱਖ-ਵੱਖ ਬੁਲਾਰੇ ਆਪਣੇ ਵਿਚਾਰ ਕਵਿਤਾ, ਗੀਤ ਜਾਂ ਭਾਸ਼ਨ ਰਾਹੀਂ ਪੇਸ਼ ਕਰਦੇ ਹਨ। ਪਿਛਲੇ ਕੁਝ ਮਹੀਨਿਆਂ ਤੋਂ ਮੌਸਮ ਜਾਂ ਹੋਰ ਕਾਰਨਾਂ ਕਰਕੇ ਮੀਟਿੰਗ ਨਹੀਂ ਹੋ ਸਕੀ। ਮਾਰਚ ਮਹੀਨੇ ਦੀ ਇਕੱਤਰਤਾ ਮਾਰਚ 4 ਦਿਨ ਐਤਵਾਰ ਨੂੰ ਦੁਪਹਿਰ ਦੋ ਵਜੇ ਕੋਸੋ ਹਾਲ (COSO HAll: 3208 8 Ave NE, Calgary, AB T2A 7V8, Behind Canadian Tire on 36 St NE) ਵਿੱਚ ਸ਼ੁਰੂ ਹੋਵੇਗੀ। ਜਿਸ ਵਿੱਚ ਵੱਖ-ਵੱਖ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਸਭ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਸਿੰਘ ਹੋਰਾਂ ਨੂੰ 403-455-4220 ਅਤੇ ਹਰਚਰਨ ਪਰਹਾਰ 403-681-8689 ਤੇ ਸੰਪਰਕ ਕਰ ਸਕਦੇ ਹੋ।

NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਆਖ਼ਿਰ ਮੋਦੀ ਮਾਡਲ ਦੀ ਅਸਲੀਅਤ ਨੰਗੀ ਹੋ ਹੀ ਗਈ

**ਅਰੁੰਧਤੀ ਰਾਏ**
**-ਅਨੁ. ਬੂਟਾ ਸਿੰਘ ਮਹਿਮੂਦਪੁਰ**




ਬੀਬੀਸੀ- ਹਿੰਡਨਬਰਗ ਮਾਮਲੇ ਨੂੰ ਇਸ ਤਰ੍ਹਾਂ ਦਿਖਾਇਆ ਜਾ ਰਿਹਾ ਹੈ ਕਿ ਬਦੇਸ਼ੀ ਤਾਕਤਾਂ ਭਾਰਤ ਉੱਪਰ ਹਮਲਾ ਕਰ ਰਹੀਆਂ ਹਨ। ਖ਼ਾਸ ਕਰਕੇ ਬਰਤਾਨੀਆ ਅਤੇ ਸੰਯੁਕਤ ਰਾਜ ਅਮਰੀਕਾ। ਜਾਂ ਫਿਰ ਸਾਡੀ ਸਰਕਾਰ ਚਾਹੁੰਦੀ ਹੈ ਕਿ ਅਸੀਂ ਅਜਿਹਾ ਸੋਚੀਏ। ਕਿਉਂ? ਕਿਉਂਕਿ ਪੁਰਾਣੀਆਂ ਬਸਤੀਵਾਦੀ ਤਾਕਤਾਂ ਅਤੇ ਨਵੇਂ ਸਾਮਰਾਜਵਾਦੀ ਸਾਡੀ ਦੌਲਤ ਅਤੇ ਖ਼ੁਸ਼ਹਾਲੀ ਤੋਂ ਸੜਦੇ ਹਨ। ਸਾਨੂੰ ਦੱਸਿਆ ਜਾ ਰਿਹਾ ਹੈ ਕਿ ਹਮਲਾ ਸਾਡੇ ਨੌਜਵਾਨ ਰਾਸ਼ਟਰ ਦੀਆਂ ਰਾਜਨੀਤਿਕ ਅਤੇ ਆਰਥਿਕ ਬੁਨਿਆਦਾਂ ਵਿਰੁੱਧ ਸੇਧਤ ਹੈ।

ਲੁਕ-ਛਿਪ ਕੇ ਵਾਰ ਕਰਨ ਵਾਲੇ ਖ਼ੁਫ਼ੀਆ ਏਜੰਟ ਹਨ, ਬੀਬੀਸੀ ਅਤੇ ਹਿੰਡਨਬਰਗ ਰਿਸਰਚ ਨਾਮ ਦੀ ਇਕ ਛੋਟੀ ਅਮਰੀਕੀ ਕੰਪਨੀ। ਬੀਬੀਸੀ ਨੇ ਜਨਵਰੀ ਵਿਚ ਦੋ ਹਿੱਸਿਆਂ 'ਚ ਇਕ ਦਸਤਾਵੇਜ਼ੀ ਫਿਲਮ ਦਾ ਪ੍ਰਸਾਰਣ ਕੀਤਾ। ਇਸ ਦਾ ਨਾਮ ਹੈ 'ਇੰਡੀਆ: ਦ ਮੋਦੀ ਕੁਵਸਚਨ। ਹਿੰਡਨਬਰਗ ਰਿਸਰਚ 38 ਸਾਲਾ ਨਾਥਨ ਐਂਡਰਸਨ ਦੀ ਕੰਪਨੀ ਹੈ ਜੋ ਕਿ ਐਕਟੀਵਿਸਟ ਸ਼ਾਰਟ-ਸੈਲਿੰਗ ਵਜੋਂ ਜਾਣੀ ਜਾਂਦੀ ਹੈ। ਬੀਬੀਸੀ-ਹਿੰਡਨਬਰਗ ਮਾਮਲੇ ਨੂੰ ਭਾਰਤੀ ਮੀਡੀਆ ਇਸ ਤਰ੍ਹਾਂ ਪੇਸ਼ ਕਰ ਰਿਹਾ ਹੈ ਕਿ ਇਹ ਭਾਰਤ ਦੇ ਟਵਿਨ ਟਾਵਰਾਂ ਉੱਪਰ ਹਮਲੇ ਤੋਂ ਘੱਟ ਨਹੀਂ ਹੈ। ਇਹ ਟਵਿਨ ਟਾਵਰ ਹਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਰਤ ਦੇ ਸਭ ਤੋਂ ਵੱਡੇ ਉਦਯੋਗਪਤੀ ਗੌਤਮ ਅਡਾਨੀ, ਜੋ ਪਿੱਛੇ ਜਹੇ ਤੱਕ ਦੁਨੀਆ ਦੇ ਤੀਜੇ ਸਭ ਤੋਂ ਅਮੀਰ ਵਿਅਕਤੀ ਸਨ। ਇਨ੍ਹਾਂ ਦੋਵਾਂ ਵਿਰੁੱਧ ਦੋਸ਼ ਮਾਮੂਲੀ ਨਹੀਂ ਹਨ।

ਬੀਬੀਸੀ ਨੇ ਇਸ਼ਾਰਾ ਕੀਤਾ ਹੈ ਕਿ ਮੋਦੀ ਨੇ ਸਮੂਹਿਕ ਕਤਲੇਆਮ ਨੂੰ ਉਕਸਾਇਆ ਸੀ। ਇੱਧਰ 24 ਜਨਵਰੀ ਨੂੰ ਛਪੀ ਹਿੰਡਨਬਰਗ ਰਿਪੋਰਟ ਨੇ ਅਡਾਨੀ ਉੱਪਰ 'ਕਾਰਪੋਰੇਟ ਇਤਿਹਾਸ ਦੀ ਸਭ ਤੋਂ ਵੱਡੀ ਧੋਖਾਧੜੀ' ਕਰਨ ਦਾ ਦੋਸ਼ ਲਾਇਆ। (ਅਡਾਨੀ ਸਮੂਹ ਨੇ ਇਸ ਦੋਸ਼ ਦਾ ਜ਼ੋਰਦਾਰ ਖੰਡਨ ਕੀਤਾ ਹੈ)।

ਮੋਦੀ ਅਤੇ ਅਡਾਨੀ ਦੀ ਜਾਣ-ਪਛਾਣ ਦਹਾਕਿਆਂ ਪੁਰਾਣੀ ਹੈ। 2002 'ਚ ਮੁਸਲਮਾਨਾਂ ਦੇ ਕਤਲੇਆਮ ਤੋਂ ਬਾਦ ਦੋਵਾਂ ਦੇ ਹਾਲਾਤ ਸੁਧਰਨੇ ਸ਼ੁਰੂ ਹੋ ਗਏ ਸਨ। ਇਹ ਕਤਲੇਆਮ ਗੁਜਰਾਤ ਵਿਚ ਉਦੋਂ ਹੋਇਆ ਸੀ ਜਦੋਂ ਮੁਸਲਮਾਨਾਂ ਨੂੰ ਰੇਲ ਦੇ ਡੱਬੇ ਨੂੰ ਅੱਗ ਲਾਉਣ ਲਈ ਜ਼ੁੰਮੇਵਾਰ ਠਹਿਰਾਇਆ ਗਿਆ, ਜਿਸ ਵਿਚ 59 ਹਿੰਦੂ ਤੀਰਥ ਯਾਤਰੀ ਜਿਉਂਦੇ ਸੜ ਗਏ ਸਨ। ਇਸ ਕਤਲੇਆਮ ਤੋਂ ਕੁਝ ਮਹੀਨੇ ਪਹਿਲਾਂ ਮੋਦੀ ਨੂੰ ਸੂਬੇ ਦਾ ਮੁੱਖ ਮੰਤਰੀ ਬਣਾਇਆ ਗਿਆ ਸੀ।

ਉਸ ਸਮੇਂ ਗੁਜਰਾਤ ਦੇ ਕਸਬਿਆਂ-ਪਿੰਡਾਂ 'ਚ ਹਮਲਾਵਰ ਹਿੰਦੂ ਹਜੂਮਾਂ ਵੱਲੋਂ 'ਬਦਲਾ ਲੈਣ ਲਈ' ਮੁਸਲਮਾਨਾਂ ਦੇ ਸਰੇਆਮ ਕਤਲਾਂ ਅਤੇ ਬਲਾਤਕਾਰਾਂ ਦੇ ਖ਼ੌਫ਼ ਨਾਲ ਭਾਰਤ ਦਹਿਸ਼ਤ ਦੇ ਸਾਏ ਹੇਠ ਸੀ। ਉਦੋਂ ਕਾਨਫੈੱਡਰੇਸ਼ਨ ਆਫ਼ ਇੰਡੀਅਨ ਇੰਡਸਟਰੀ ਦੇ ਪੁਰਾਣੀ ਤਰਜ਼ ਦੇ ਕੁਝ ਮੈਂਬਰਾਂ ਨੇ ਮੋਦੀ ਪ੍ਰਤੀ ਆਪਣੀ ਨਾਖ਼ੁਸ਼ੀ ਖੁੱਲ੍ਹੇਆਮ ਜ਼ਾਹਿਰ ਕੀਤੀ ਸੀ। ਇਸ ਮੌਕੇ 'ਤੇ ਗੌਤਮ ਅਡਾਨੀ ਉੱਭਰਕੇ ਸਾਹਮਣੇ ਆਏ ਸਨ।

ਉਸਨੇ ਗੁਜਰਾਤੀ ਉਦਯੋਗਪਤੀਆਂ ਦੇ ਇਕ ਨਿੱਕੇ ਜਹੇ ਸਮੂਹ ਨਾਲ ਮਿਲ ਕੇ ' ਰਿਸਰਜੈਂਟ ਗਰੁੱਪ ਆਫ਼ ਗੁਜਰਾਤ' ਨਾਮ ਦਾ ਕਾਰੋਬਾਰੀਆਂ ਦਾ ਇਕ ਨਵਾਂ ਮੰਚ ਬਣਾਇਆ। ਉਨ੍ਹਾਂ ਨੇ ਆਲੋਚਨਾ ਕਰਨ ਵਾਲਿਆਂ ਨੂੰ ਰੱਦ ਕਰਦੇ ਹੋਏ ਮੋਦੀ ਦੀ ਹਮਾਇਤ ਕੀਤੀ ਜਿਸਨੇ 'ਹਿੰਦੂ ਹਿਰਦੇ ਸਮਰਾਟ' ਦੇ ਰੂਪ 'ਚ, ਸਹੀ-ਸਹੀ ਕਹਿਣਾ ਹੋਵੇ ਤਾਂ ਹਿੰਦੂ ਵੋਟ ਬੈਂਕ ਨੂੰ ਇਕਜੁੱਟ ਕਰਨ ਵਾਲੇ ਆਗੂ ਦੇ ਰੂਪ 'ਚ ਆਪਣਾ ਨਵਾਂ ਰਾਜਨੀਤਿਕ ਕਰੀਅਰ ਸ਼ੁਰੂ ਕੀਤਾ ਸੀ। 2003 'ਚ ਉਸਨੇ ਵਾਈਬ੍ਰੈਂਟ ਗੁਜਰਾਤ ਨਾਮ ਦਾ ਨਿਵੇਸ਼ਕਾਂ ਦਾ ਸੰਮੇਲਨ ਆਯੋਜਤ ਕੀਤਾ। ਇਸ ਤਰ੍ਹਾਂ ਉਸ ਚੀਜ਼ ਦਾ ਜਨਮ ਹੋਇਆ ਜਿਸ ਨੂੰ 'ਵਿਕਾਸ' ਦੇ ਗੁਜਰਾਤ ਮਾਡਲ ਵਜੋਂ ਜਾਣਿਆ ਜਾਂਦਾ ਹੈ: ਕਾਰਪੋਰੇਟ ਜਗਤ ਦੀ ਜ਼ੋਰਦਾਰ ਮੱਦਦ ਨਾਲ ਹਿੰਸਕ ਹਿੰਦੂ ਰਾਸ਼ਟਰਵਾਦ।

ਗੁਜਰਾਤ ਦਾ ਤਿੰਨ ਵਾਰ ਮੁੱਖ ਮੰਤਰੀ ਰਹਿਣ ਤੋਂ ਬਾਦ 2014 ਵਿਚ ਮੋਦੀ ਭਾਰਤ ਦਾ ਪ੍ਰਧਾਨ ਮੰਤਰੀ ਚੁਣਿਆ ਗਿਆ। ਸਹੁੰ ਚੁੱਕ ਸਮਾਗਮ ਲਈ ਸ਼ਾਮਲ ਹੋਣ ਲਈ ਉਹ ਨਿੱਜੀ ਜੈੱਟ ਜਹਾਜ਼ 'ਤੇ ਸਵਾਰ ਹੋ ਕੇ ਦਿੱਲੀ ਆਇਆ ਜਿਸ ਉੱਪਰ ਵੱਡੇ ਵੱਡੇ ਅੱਖ਼ਰਾਂ 'ਚ ਅਡਾਨੀ ਦਾ ਨਾਂ ਚਮਕ ਰਿਹਾ ਸੀ। ਮੋਦੀ ਦੇ ਨੌਂ ਸਾਲਾਂ ਦੇ ਕਾਰਜ-ਕਾਲ ਵਿਚ ਅਡਾਨੀ ਦੀ ਦੌਲਤ 8 ਅਰਬ ਡਾਲਰ ਤੋਂ ਵੱਧ ਕੇ 137 ਅਰਬ ਡਾਲਰ ਹੋ ਗਈ ਹੈ। ਸਿਰਫ਼ 2022 'ਚ ਹੀ ਉਸ ਨੇ 72 ਅਰਬ ਡਾਲਰ ਕਮਾਏ ਜੋ ਦੁਨੀਆ ਵਿਚ ਉਸ ਤੋਂ ਐਨ ਹੇਠਲੇ ਨੌਂ ਅਰਬਪਤੀਆਂ ਦੀ ਸਾਂਝੀ ਦੌਲਤ ਤੋਂ ਵੀ ਵਧੇਰੇ ਹੈ। ਹੁਣ ਅਡਾਨੀ ਸਮੂਹ ਦਾ ਇਕ ਦਰਜਨ ਵਪਾਰਕ ਬੰਦਰਗਾਹਾਂ ਉੱਪਰ ਕੰਟਰੋਲ ਹੈ ਜਿਸ ਰਾਹੀਂ ਭਾਰਤ ਵਿਚ ਮਾਲ















ਦੀ ਕੁੱਲ ਢੋਆ-ਢੁਆਈ ਦਾ 30% ਪ੍ਰਤੀਸ਼ਤ ਸੰਚਾਲਿਤ ਹੁੰਦਾ ਹੈ। ਉਸ ਦੇ ਹੱਥਾਂ 'ਚ ਸੱਤ ਹਵਾਈ ਅੱਡੇ ਹਨ, ਜਿੱਥੋਂ ਭਾਰਤ ਦੇ ਕੁਲ ਹਵਾਈ ਯਾਤਰੀਆਂ ਦਾ 23 ਫ਼ੀਸਦੀ ਆਉਂਦੇ-ਜਾਂਦੇ ਹਨ।

ਭਾਰਤ ਦੇ ਕੁਲ ਅਨਾਜ ਦਾ 30% ਅਡਾਨੀ ਦੇ ਕੰਟਰੋਲ ਵਾਲੇ ਗੋਦਾਮਾਂ ਵਿਚ ਭੰਡਾਰ ਕੀਤਾ ਜਾਂਦਾ ਹੈ। ਉਹ ਭਾਰਤ ਵਿਚ ਪ੍ਰਾਈਵੇਟ ਸੈਕਟਰ ਵਿਚ ਬਿਜਲੀ ਪੈਦਾ ਕਰਨ ਵਾਲੇ ਸਭ ਤੋਂ ਵੱਡੇ ਪਾਵਰ ਪਲਾਂਟਾਂ ਦਾ ਮਾਲਕ ਹੈ ਜਾਂ ਉਨ੍ਹਾਂ ਨੂੰ ਚਲਾਉਂਦਾ ਹੈ। ਵਿਕਾਸ ਦਾ ਗੁਜਰਾਤ ਮਾਡਲ ਇਸ ਤਰ੍ਹਾਂ ਲਾਗੂ ਹੋਇਆ ਹੈ ਅਤੇ ਵੱਡੇ ਪੱਧਰ 'ਤੇ ਲਾਗੂ ਕੀਤਾ ਗਿਆ ਹੈ। ਲੋਕ ਹੁਣ ਮਜ਼ਾਕ 'ਚ ਕਹਿੰਦੇ ਹਨ, 'ਪਹਿਲਾਂ ਮੋਦੀ ਅਡਾਨੀ ਦੇ ਹਵਾਈ ਜਹਾਜ਼ ਵਿਚ ਜਾਂਦਾ ਸੀ, ਹੁਣ ਅਡਾਨੀ ਮੋਦੀ ਦੇ ਹਵਾਈ ਜਹਾਜ਼ ਵਿਚ ਜਾਂਦਾ ਹੈ।ਅਤੇ ਹੁਣ ਦੋਵਾਂ ਹਵਾਈ ਜਹਾਜ਼ਾਂ ਦੇ ਇੰਜਨ ਵਿਚ ਨੁਕਸ ਪੈ ਗਿਆ ਹੈ। ਕੀ ਉਹ ਆਪਣੇ ਆਪ ਨੂੰ ਭਾਰਤੀ ਝੰਡੇ ਵਿਚ ਲਪੇਟ ਕੇ ਮੁਸੀਬਤ ਤੋਂ ਬਾਹਰ ਨਿਕਲ ਸਕਦੇ ਹਨ?

ਬੀਬੀਸੀ ਦੀ ਦਸਤਾਵੇਜ਼ੀ ਫਿਲਮ 'ਇੰਡੀਆ: ਦੀ ਮੋਦੀ ਕੁਐਸਚਨ' ਦਾ ਪਹਿਲਾ ਭਾਗ (ਜਿਸ ਵਿਚ ਇੰਟਰਵਿਊ ਵਿਚ ਮੈਂ ਵੀ ਕੁਝ ਪਲਾਂ ਲਈ ਆਈ ਹਾਂ) 2002 ਦੇ ਗੁਜਰਾਤ ਕਤਲੇਆਮ ਬਾਰੇ ਹੈ- ਸਿਰਫ਼ ਕਤਲੇਆਮ ਬਾਰੇ ਹੀ ਨਹੀਂ ਸਗੋਂ ਇਹ ਕੁਝ ਪੀੜਤਾਂ ਦੇ 20 ਸਾਲ ਲੰਮੇ ਉਸ ਸਫ਼ਰ ਬਾਰੇ ਵੀ ਹੈ ਜੋ ਉਨ੍ਹਾਂ ਨੇ ਭਾਰਤ ਦੀ ਕਾਨੂੰਨੀ ਪ੍ਰਣਾਲੀ ਦੇ ਚੱਕਰਵਿਊ 'ਚ ਆਪਣੇ ਵਿਸ਼ਵਾਸ ਨੂੰ ਹਿੱਕ ਨਾਲ ਘੁੱਟੀ ਨਿਆਂ ਅਤੇ ਰਾਜਨੀਤਿਕ ਜਵਾਬਦੇਹੀ ਦੀ ਉਮੀਦ ਨਾਲ ਤੈਅ ਕੀਤਾ ਹੈ।

ਦਸਤਾਵੇਜ਼ੀ ਫਿਲਮ ਵਿਚ ਚਸ਼ਮਦੀਦ ਗਵਾਹਾਂ ਦੀਆਂ ਗਵਾਹੀਆਂ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਦਿਲ ਕੰਬਾ ਦੇਣ ਵਾਲੀ ਗਵਾਹੀ ਇਮਤਿਆਜ਼ ਪਠਾਨ ਦੀ ਹੈ। ਜਿਸ ਦੇ ਪਰਿਵਾਰ ਦੇ 10 ਜੀਅ 'ਗੁਲਬਰਗ ਸੋਸਾਇਟੀ ਕਤਲੇਆਮ' ਵਿਚ ਮਾਰ ਦਿੱਤੇ ਗਏ ਸਨ। ਗੁਲਬਰਗ ਸੋਸਾਇਟੀ 'ਚ ਹੋਇਆ ਕਤਲੇਆਮ ਉਨ੍ਹਾਂ ਦਿਨਾਂ ਵਿਚ ਗੁਜਰਾਤ ਵਿਚ ਵਾਪਰੇ ਕਈ ਭਿਆਨਕ ਕਤਲੇਆਮਾਂ ਵਿੱਚੋਂ ਇਕ ਸੀ।

ਪਠਾਨ ਦੱਸਦਾ ਹੈ ਕਿ ਕਿਵੇਂ ਉਨ੍ਹਾਂ ਸਾਰਿਆਂ ਨੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਅਹਿਸਾਨ ਜਾਫ਼ਰੀ ਦੇ ਘਰ ਵਿਚ ਪਨਾਹ ਲਈ ਹੋਈ ਸੀ ਅਤੇ ਬਾਹਰ ਭੀੜ ਇਕੱਠੀ ਹੋ ਰਹੀ ਸੀ। ਉਹ ਦੱਸਦਾ ਹੈ ਕਿ ਉਮੀਦ ਗੁਆ ਚੁੱਕੇ ਜਾਫ਼ਰੀ ਨੇ ਨਰਿੰਦਰ ਮੋਦੀ ਨੂੰ ਮੱਦਦ ਲਈ ਆਖ਼ਰੀ ਵਾਰ ਫ਼ੋਨ ਕੀਤਾ ਅਤੇ ਜਦੋਂ ਉਸ ਨੂੰ ਅਹਿਸਾਸ ਹੋ ਗਿਆ ਕਿ ਕੋਈ ਮੱਦਦ ਨਹੀਂ ਕੀਤੀ ਜਾਵੇਗੀ ਤਾਂ ਉਹ ਆਪਣੇ ਘਰ ਤੋਂ ਬਾਹਰ ਆ ਗਿਆ ਅਤੇ ਆਪਣੇ ਆਪ ਨੂੰ ਭੀੜ ਦੇ ਹਵਾਲੇ ਕਰ ਦਿੱਤਾ।

ਉਸ ਨੂੰ ਉਮੀਦ ਸੀ ਕਿ ਉਹ ਭੀੜ ਨੂੰ ਇਸ ਲਈ ਮਨਾ ਲੈਣਗੇ ਕਿ ਉਸ ਦੇ ਘਰ 'ਚ ਪਨਾਹ ਲੈਣ ਵਾਲੇ ਲੋਕਾਂ ਨੂੰ ਬਖ਼ਸ਼ ਦਿੱਤਾ ਜਾਵੇ। ਜਾਫ਼ਰੀ ਦੇ ਟੁਕੜੇ-ਟੁਕੜੇ ਕਰਕੇ ਉਸ ਨੂੰ ਕਤਲ ਕਰ ਦਿੱਤਾ ਗਿਆ ਅਤੇ ਉਸ ਦੀ ਲਾਸ਼ ਨੂੰ ਇਸ ਤਰ੍ਹਾਂ ਸਾੜ ਦਿੱਤਾ ਗਿਆ ਕਿ ਉਸ ਦੀ ਕੋਈ ਪਛਾਣ ਬਾਕੀ ਨਾ ਰਹੀ। ਇਸ ਤੋਂ ਬਾਦ ਕਈ ਘੰਟਿਆਂ ਤੱਕ ਕਤਲੇਆਮ ਅਤੇ ਤਬਾਹੀ ਜਾਰੀ ਰਹੀ।

ਜਦੋਂ ਕੇਸ ਦੀ ਅਦਾਲਤੀ ਸੁਣਵਾਈ ਸ਼ੁਰੂ ਹੋਈ ਤਾਂ ਗੁਜਰਾਤ ਸਰਕਾਰ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਮੱਦਦ ਲਈ ਕੋਈ ਫ਼ੋਨ ਆਇਆ ਸੀ, ਹਾਲਾਂਕਿ ਇਸ ਦਾ ਜ਼ਿਕਰ ਸਿਰਫ਼ ਇਮਤਿਆਜ਼ ਪਠਾਨ ਨੇ ਹੀ ਨਹੀਂ ਸਗੋਂ ਕਈ ਹੋਰ ਗਵਾਹਾਂ ਨੇ ਵੀ ਆਪਣੇ ਬਿਆਨਾਂ ਵਿਚ ਕੀਤਾ ਸੀ। ਸਰਕਾਰ ਦੇ ਇਨਕਾਰ ਨੂੰ ਸੱਚ ਮੰਨ ਲਿਆ ਗਿਆ।

ਬੀਬੀਸੀ ਦੀ ਦਸਤਾਵੇਜ਼ੀ ਵੀ ਸਪਸ਼ਟ ਜ਼ਿਕਰ ਕਰਦੀ ਹੈ। ਦਸਤਾਵੇਜ਼ੀ ਨੂੰ ਭਾਰਤ ਸਰਕਾਰ ਭਾਵੇਂ ਕਿੰਨਾ ਵੀ ਬਦਨਾਮ ਕਰ ਲਵੇ, ਪਰ ਅਸਲ ਵਿਚ ਇਹ ਨਸਲਕੁਸ਼ੀ ਬਾਰੇ ਭਾਰਤੀ ਜਨਤਾ ਪਾਰਟੀ ਅਤੇ ਭਾਰਤ ਦੀ ਸੁਪਰੀਮ ਕੋਰਟ ਦਾ ਨਜ਼ਰੀਆ ਪੇਸ਼ ਕਰਨ ਦੀ ਪੂਰੀ ਕੋਸ਼ਿਸ਼ ਕਰਦੀ ਹੈ।

24 ਜੂਨ 2022 ਨੂੰ ਇਸ ਅਦਾਲਤ ਨੇ ਅਹਿਸਾਨ ਜਾਫ਼ਰੀ ਦੀ ਵਿਧਵਾ ਜ਼ਕੀਆ ਜਾਫ਼ਰੀ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਜਿਸ ਵਿਚ ਜ਼ਕੀਆ ਨੇ ਦੋਸ਼ ਲਾਇਆ ਸੀ ਕਿ ਉਸ ਦੇ ਪਤੀ ਦੇ ਕਤਲ ਪਿੱਛੇ ਵੱਡੀ ਸਾਜ਼ਿਸ਼ ਕੰਮ ਕਰ ਰਹੀ ਸੀ। ਅਦਾਲਤ ਨੇ ਆਪਣੇ ਹੁਕਮ ਵਿਚ ਕਿਹਾ ਕਿ ਉਸ ਦੀ ਪਟੀਸ਼ਨ 'ਪ੍ਰਕਿਰਿਆ ਦੀ ਦੁਰਵਰਤੋਂ' ਹੈ ਅਤੇ ਸੁਝਾਅ ਦਿੱਤਾ ਕਿ ਇਸ ਕੇਸ ਦੀ ਕਾਨੂੰਨੀ ਲੜਾਈ ਜਾਰੀ ਰੱਖਣ ਵਾਲਿਆਂ ਉੱਪਰ ਮੁਕੱਦਮਾ ਚਲਾਇਆ ਜਾਵੇ। ਮੋਦੀ ਦੇ ਹਮਾਇਤੀਆਂ ਨੇ ਇਸ ਫ਼ੈਸਲੇ ਨੂੰ ਮੋਦੀ ਦੀ ਬੇਗੁਨਾਹੀ ਉੱਪਰ ਅਦਾਲਤੀ ਮੋਹਰ ਵਜੋਂ ਲੈਂਦੇ ਹੋਏ ਜਸ਼ਨ ਮਨਾਏ।

ਦਸਤਾਵੇਜ਼ੀ ਫਿਲਮ ਅਮਿਤ ਸ਼ਾਹ ਨਾਲ ਇਕ ਇੰਟਰਵਿਊ ਵੀ ਦਿਖਾਉਂਦੀ ਹੈ ਜੋ ਗੁਜਰਾਤ ਤੋਂ ਮੋਦੀ ਦਾ ਇਕ ਹੋਰ ਦੋਸਤ ਹੈ। ਸ਼ਾਹ ਮੋਦੀ ਦੀ ਤੁਲਨਾ ਭਗਵਾਨ ਸ਼ਿਵ ਨਾਲ ਕਰਦਾ ਹੈ ਜਿਸ ਨੇ 19 ਸਾਲਾਂ ਤੱਕ 'ਜ਼ਹਿਰ ਪੀਤਾ ਅਤੇ ਇਸ ਨੂੰ ਹਲਕ 'ਚੋਂ ਲੰਘਾ ਲਿਆ'। ਸੁਪਰੀਮ ਕੋਰਟ ਦੀ 'ਕਲੀਨ ਚਿੱਟ' ਤੋਂ ਬਾਦ ਮੰਤਰੀ ਨੇ ਕਿਹਾ ਸੀ, 'ਸੱਚ ਸੋਨੇ ਵਾਂਗ ਚਮਕਦਾ ਹੋਇਆ ਸਾਹਮਣੇ ਆ ਗਿਆ ਹੈ।'

ਬੀਬੀਸੀ ਦਸਤਾਵੇਜ਼ੀ ਦੇ ਜਿਸ ਹਿੱਸੇ ਉੱਪਰ ਭਾਰਤ ਸਰਕਾਰ ਨੇ ਸਭ ਤੋਂ ਵੱਧ ਨਾਰਾਜ਼ਗੀ ਜ਼ਾਹਿਰ ਕੀਤੀ ਹੈ ਉਸ ਵਿਚ ਅਪ੍ਰੈਲ 2002 +ਚ ਬਰਤਾਨਵੀ ਬਦੇਸ਼ ਦਫ਼ਤਰ ਦੁਆਰਾ ਤਿਆਰ ਕੀਤੀ ਗਈ ਇਕ ਅੰਦਰੂਨੀ ਰਿਪੋਰਟ ਦਾ ਖ਼ੁਲਾਸਾ ਕੀਤਾ ਗਿਆ ਹੈ ਜਿਸ ਬਾਰੇ ਲੋਕਾਂ ਨੂੰ ਅਜੇ ਤੱਕ ਪਤਾ ਨਹੀਂ ਸੀ।

ਤੱਥ ਖੋਜ ਰਿਪੋਰਟ ਨੇ ਅੰਦਾਜ਼ਾ ਲਗਾਇਆ ਸੀ ਕਿ 'ਘੱਟੋ-ਘੱਟ 2,000' ਲੋਕਾਂ ਦਾ ਕਤਲ ਕੀਤਾ ਗਿਆ ਸੀ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਸਮੂਹਿਕ ਕਤਲੇਆਮ ਦੀ ਯੋਜਨਾ ਪਹਿਲਾਂ ਤੋਂ ਹੀ ਬਣਾਈ ਗਈ ਸੀ ਜਿਸ ਵਿਚ 'ਨਸਲੀ ਸਫ਼ਾਏ ਦੀਆਂ ਸਾਰੀਆਂ ਖ਼ਾਸ ਨਿਸ਼ਾਨੀਆਂ ਦਿਖਾਈ ਦਿੰਦੀਆਂ ਸਨ।' ਰਿਪੋਰਟ ਕਹਿੰਦੀ ਹੈ ਕਿ ਭਰੋਸੇਯੋਗ ਸੂਤਰਾਂ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਪੁਲਿਸ ਨੂੰ ਚੁੱਪਚਾਪ ਖੜ੍ਹੇ ਰਹਿਣ ਦੇ ਹੁਕਮ ਦਿੱਤੇ ਗਏ ਸਨ। ਰਿਪੋਰਟ ਸਿੱਧੇ ਤੌਰ 'ਤੇ ਮੋਦੀ ਉੱਪਰ ਉਂਗਲ ਉਠਾਉਂਦੀ ਹੈ। ਉਹ ਦ੍ਰਿਸ਼ ਦਿਲ ਦਹਿਲਾ ਦੇਣ ਵਾਲਾ ਹੈ ਜਿਸ ਵਿਚ ਇਕ ਸਾਬਕਾ ਬਰਤਾਨਵੀ ਕੂਟਨੀਤਕ ਅਧਿਕਾਰੀ, ਜੋ ਕਿ ਤੱਥ ਖੋਜ ਮਿਸ਼ਨ ਵਿਚ ਇਕ ਜਾਂਚਕਰਤਾ ਸੀ, ਅਜੇ ਵੀ ਏਨਾ ਸੁਚੇਤ ਹੋ ਕੇ ਗੱਲ ਕਰ ਰਿਹਾ ਸੀ ਕਿ ਉਸਨੇ ਗੱਲਬਾਤ 'ਚ ਆਪਣਾ ਨਾਮ ਗੁਪਤ ਰੱਖਿਆ ਅਤੇ ਕੈਮਰੇ 'ਤੇ ਬਸ ਉਸ ਦੀ ਪਿੱਠ ਦਿਖਾਈ ਗਈ।

ਬੀਬੀਸੀ ਦਸਤਾਵੇਜ਼ੀ ਦਾ ਦੂਜਾ ਭਾਗ ਘੱਟ ਦੇਖਿਆ ਗਿਆ ਹੈ, ਪਰ ਇਹ ਕਿਤੇ ਜ਼ਿਆਦਾ ਭਿਆਨਕ ਹੈ। ਇਹ ਪ੍ਰਧਾਨ ਮੰਤਰੀ ਵਜੋਂ ਆਪਣੇ ਕਾਰਜਕਾਲ ਦੌਰਾਨ ਮੋਦੀ ਵੱਲੋਂ ਖ਼ਤਰਨਾਕ ਪਾਲਾਬੰਦੀ ਅਤੇ ਡੂੰਘੀਆਂ ਦਰਾੜਾਂ ਪਾਉਣ ਬਾਰੇ ਹੈ। ਜ਼ਿਆਦਾਤਰ ਭਾਰਤੀਆਂ ਲਈ ਇਹ ਨਿੱਤ ਦਾ ਅਨੁਭਵ ਹੈ; ਤਲਵਾਰਾਂ ਨਾਲ ਲੈਸ ਭੀੜ; ਮੁਸਲਮਾਨਾਂ ਦੇ ਨਸਲੀ ਸਫ਼ਾਏ ਅਤੇ ਮੁਸਲਿਮ ਔਰਤਾਂ ਦੇ ਸਮੂਹਿਕ ਬਲਾਤਕਾਰ ਦਾ ਸੱਦਾ ਦਿੰਦੇ ਭਗਵੇਂ ਧਰਮ ਗੁਰੂ, ਉਹ ਬੇਖ਼ੌਫ਼ ਹਿੰਮਤ ਜਿਸ ਨਾਲ ਹਿੰਦੂ ਸੜਕਾਂ 'ਤੇ ਮੁਸਲਮਾਨਾਂ ਨੂੰ ਖੁੱਲ੍ਹੇਆਮ ਕੁੱਟ-ਕੁੱਟ ਕੇ ਮਾਰ ਸਕਦੇ ਹਨ। ਅਜਿਹੀਆਂ ਹਰਕਤਾਂ ਕਰਦੇ ਹੋਏ ਉਹ ਨਾ ਸਿਰਫ਼ ਆਪਣੀਆਂ ਵੀਡੀਓ ਬਣਾਉਂਦੇ ਹਨ ਸਗੋਂ ਮੋਦੀ ਕੈਬਨਿਟ ਦੇ ਸੀਨੀਅਰ ਮੰਤਰੀ ਫੁੱਲਾਂ ਦੇ ਹਾਰਾਂ ਨਾਲ ਉਨ੍ਹਾਂ ਦਾ ਸਵਾਗਤ ਕਰਦੇ ਹਨ।

ਦਸਤਾਵੇਜ਼ੀ 'ਇੰਡੀਆ: ਦੀ ਮੋਦੀ ਕੁਐਸਚਨ' ਸਿਰਫ਼ ਬਰਤਾਨਵੀ ਦਰਸ਼ਕਾਂ ਲਈ ਹੀ ਪ੍ਰਸਾਰਿਤ ਕੀਤੀ ਗਈ ਅਤੇ ਯੂ.ਕੇ. ਤੱਕ ਸੀਮਤ ਸੀ, ਪਰ ਇਸ ਨੂੰ ਦਰਸ਼ਕਾਂ ਨੇ ਯੂਟਿਊਬ ਉੱਪਰ ਅੱਪਲੋਡ ਕਰ ਦਿੱਤਾ ਅਤੇ ਲਿੰਕ ਟਵਿੱਟਰ ਉੱਪਰ ਪੋਸਟ ਕਰ ਦਿੱਤੇ ਗਏ।

ਇੰਟਰਨੈੱਟ ਸਰਗਰਮ ਹੋ ਗਿਆ। ਭਾਰਤ ਵਿਚ ਵਿਦਿਆਰਥੀਆਂ ਨੂੰ ਚੇਤਾਵਨੀਆਂ ਦਿੱਤੀਆਂ ਗਈਆਂ ਕਿ ਉਹ ਨਾ ਇਸ ਨੂੰ ਡਾਊਨਲੋਡ ਕਰਨ ਅਤੇ ਨਾ ਹੀ ਦੇਖਣ। ਜਦੋਂ ਉਨ੍ਹਾਂ ਨੇ ਯੂਨੀਵਰਸਿਟੀ ਦੇ ਕੁਝ ਕੈਂਪਸਾਂ ਵਿਚ ਇਸ ਦਸਤਾਵੇਜ਼ੀ ਨੂੰ ਸਮੂਹਿਕ ਰੂਪ 'ਚ ਦੇਖਣ ਦਾ ਐਲਾਨ ਕੀਤਾ ਤਾਂ ਉਨ੍ਹਾਂ ਦੀ ਬਿਜਲੀ ਕੱਟ ਦਿੱਤੀ ਗਈ। ਬਾਕੀ ਕੈਂਪਸਾਂ ਵਿਚ ਦਸਤਾਵੇਜ਼ੀ ਦੇਖਣ ਤੋਂ ਰੋਕਣ ਲਈ ਪੁਲਿਸ ਪੂਰੇ ਲਾਮ-ਲਸ਼ਕਰ ਨਾਲ ਪਹੁੰਚ ਗਈ। ਸਰਕਾਰ ਨੇ ਯੂਟਿਊਬ ਅਤੇ ਟਵਿੱਟਰ ਨੂੰ ਸਾਰੇ ਲਿੰਕ ਅਤੇ ਅਪਲੋਡ ਡਿਲੀਟ ਕਰਨ ਦੇ ਨਿਰਦੇਸ਼ ਦਿੱਤੇ। ਆਜ਼ਾਦ ਪ੍ਰਗਟਾਵੇ ਦੀ ਵਕਾਲਤ ਕਰਨ ਵਾਲੀਆਂ ਕੰਪਨੀਆਂ ਤੁਰੰਤ ਸਹਿਮਤ ਹੋ ਗਈਆਂ।

ਮੇਰੇ ਕੁਝ ਮੁਸਲਮਾਨ ਦੋਸਤ ਉਲਝਣ ਵਿਚ ਸਨ। 'ਉਹ ਇਸ ਉੱਪਰ ਪਾਬੰਦੀ ਕਿਉਂ ਲਗਾਉਣਾ ਚਾਹੁੰਦੇ ਹਨ? ਗੁਜਰਾਤ ਕਤਲੇਆਮ ਨੇ ਹਮੇਸ਼ਾ ਉਨ੍ਹਾਂ ਦੀ ਮੱਦਦ ਕੀਤੀ ਹੈ, ਅਤੇ ਫਿਰ ਇਹ ਚੋਣਾਂ ਦਾ ਸਾਲ ਵੀ ਹੈ।'

ਫਿਰ ਦੂਜੇ ਟਾਵਰ ਉੱਪਰ ਵੀ ਹਮਲਾ ਹੋ ਗਿਆ।

ਲੱਗਭੱਗ 400 ਪੰਨਿਆਂ ਦੀ ਹਿੰਡਨਬਰਗ ਰਿਪੋਰਟ ਉਸੇ ਦਿਨ ਪ੍ਰਕਾਸ਼ਿਤ ਕੀਤੀ ਗਈ ਜਿਸ ਦਿਨ ਬੀਬੀਸੀ ਦਸਤਾਵੇਜ਼ੀ ਦਾ ਦੂਜਾ ਹਿੱਸਾ ਪ੍ਰਸਾਰਿਤ ਹੋਇਆ ਸੀ। ਇਹ ਰਿਪੋਰਟ ਨਾ ਸਿਰਫ਼ ਉਨ੍ਹਾਂ ਸਵਾਲਾਂ ਉੱਪਰ ਗ਼ੌਰ ਕਰਦੀ ਹੈ ਜਿਨ੍ਹਾਂ ਨੂੰ ਭਾਰਤੀ ਪੱਤਰਕਾਰ ਪਹਿਲਾਂ ਹੀ ਉਠਾਏ ਰਹੇ ਹਨ, ਇਹ ਉਨ੍ਹਾਂ ਤੋਂ ਅੱਗੇ ਵੀ ਜਾਂਦੀ ਹੈ।

ਰਿਪੋਰਟ ਦੋਸ਼ ਲਗਾਉਂਦੀ ਹੈ ਕਿ ਅਡਾਨੀ ਸਮੂਹ ''ਸ਼ੇਅਰਾਂ ਦੀ ਵੱਡੀ ਧਾਂਦਲੀ ਅਤੇ ਹਿਸਾਬ-ਕਿਤਾਬ ਦੀ ਬਹੁਤ ਵੱਡੀ ਧੋਖਾਧੜੀ'' ਵਿਚ ਲੱਗਿਆ ਰਿਹਾ ਹੈ, ਜਿਸ ਨੇ ਬਦੇਸ਼ਾਂ ਵਿਚਲੀਆਂ ਸ਼ੈੱਲ ਕੰਪਨੀਆਂ ਦੀ ਵਰਤੋਂ ਕਰਕੇ, ਸਟਾਕ ਮਾਰਕੀਟ ਵਿਚ ਸੂਚੀਬੱਧ ਆਪਣੀਆਂ ਮੁੱਖ ਕੰਪਨੀਆਂ ਦੇ ਮੁੱਲ ਨੂੰ ਜਾਅਲੀ ਤਰੀਕੇ ਨਾਲ ਵਧਾਇਆ। ਇਸ ਨਾਲ ਇਸਦੇ ਚੇਅਰਮੈਨ ਦੀ ਕੁਲ ਦੌਲਤ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ। ਹਿੰਡਨਬਰਗ ਰਿਪੋਰਟ ਅਨੁਸਾਰ, ਅਡਾਨੀ ਦੀਆਂ ਸੂਚੀਬੱਧ ਕੰਪਨੀਆਂ ਵਿੱਚੋਂ 7 ਦਾ ਮੁੱਲ ਉਨ੍ਹਾਂ ਦੇ ਅਸਲ ਮੁੱਲ ਤੋਂ 85 ਪ੍ਰਤੀਸ਼ਤ ਵੱਧ ਦਿਖਾਇਆ ਗਿਆ ਸੀ। ਖ਼ਬਰਾਂ ਅਨੁਸਾਰ, ਇਨ੍ਹਾਂ ਮੁੱਲਾਂ ਦੇ ਅਧਾਰ 'ਤੇ ਕੰਪਨੀਆਂ ਨੇ ਅੰਤਰਰਾਸ਼ਟਰੀ ਬਾਜ਼ਾਰਾਂ ਅਤੇ ਮੁਲਕ ਦੇ ਜਨਤਕ ਖੇਤਰ ਦੇ ਬੈਂਕਾਂ ਜਿਵੇਂ ਕਿ ਭਾਰਤੀ ਸਟੇਟ ਬੈਂਕ ਅਤੇ ਭਾਰਤੀ ਜੀਵਨ ਬੀਮਾ ਨਿਗਮ ਤੋਂ ਅਰਬਾਂ ਡਾਲਰ ਉਧਾਰ ਲਏ, ਜਿੱਥੇ ਕਰੋੜਾਂ ਆਮ ਭਾਰਤੀ ਲੋਕ ਆਪਣੀ ਜ਼ਿੰਦਗੀ ਭਰ ਦੀ ਕਮਾਈ ਜਮ੍ਹਾ ਕਰਦੇ ਹਨ।

ਅਡਾਨੀ ਸਮੂਹ ਨੇ 413 ਪੰਨਿਆਂ 'ਚ ਹਿੰਡਨਬਰਗ ਰਿਪੋਰਟ ਦਾ ਜਵਾਬ ਦਿੱਤਾ। ਇਸ ਨੇ ਦਾਅਵਾ ਕੀਤਾ ਹੈ ਕਿ ਭਾਰਤੀ ਅਦਾਲਤਾਂ ਨੇ ਅਡਾਨੀ ਸਮੂਹ ਨੂੰ ਕਿਸੇ ਵੀ ਗ਼ੈਰ-ਕਾਨੂੰਨੀ ਕੰਮ ਵਿਚ ਸ਼ਾਮਲ ਨਹੀਂ ਪਾਇਆ ਅਤੇ ਹਿੰਡਨਬਰਗ ਦੇ ਦੋਸ਼ ਅਭਾਗੇ ਅਤੇ ਬੇਬੁਨਿਆਦ ਹਨ ਅਤੇ ਭਾਰਤ ਉੱਪਰ ਹਮਲੇ ਦੇ ਬਰਾਬਰ ਹਨ।

ਇਹ ਨਿਵੇਸ਼ਕਾਂ ਨੂੰ ਮਨਾਉਣ ਲਈ ਕਾਫ਼ੀ ਨਹੀਂ ਸੀ। ਹਿੰਡਨਬਰਗ ਦੇ ਵਿਸ਼ਲੇਸ਼ਣ ਦੇ ਛਪਣ ਤੋਂ ਬਾਦ ਸ਼ੇਅਰ ਬਾਜ਼ਾਰ 'ਚ ਫੈਲੀ ਭਗਦੜ 'ਚ ਅਡਾਨੀ ਸਮੂਹ ਨੂੰ 110 ਅਰਬ ਡਾਲਰ ਦਾ ਨੁਕਸਾਨ ਹੋਇਆ। ਕ੍ਰੈਡਿਟ ਸੁਈਸ, ਸਿਟੀ ਗਰੁੱਪ ਅਤੇ ਸਟੈਂਡਰਡ ਚਾਰਟਰਡ ਨੇ ਮਾਰਜਿਨ ਕਰਜ਼ਿਆਂ ਦੇ ਲਈ ਕੋਲੇਟਰਲ ਦੇ ਰੂਪ 'ਚ ਅਡਾਨੀ ਦੇ ਬਰੈਂਡਾਂ ਨੂੰ ਸਵੀਕਾਰ ਕਰਨਾ ਬੰਦ ਕਰ ਦਿੱਤਾ। ਫਰਾਂਸੀਸੀ ਕੰਪਨੀ ਟੋਟਲ ਐਨਰਜੀਜ਼ ਨੇ ਅਡਾਨੀ ਸਮੂਹ ਦੇ ਨਾਲ ਵਾਤਾਵਰਣ ਦੇ ਅਨੁਕੂਲ ਇਕ ਹਾਈਡ੍ਰੋਜਨ ਉੱਦਮ ਦੇ ਇਕਰਾਰਨਾਮੇ ਉੱਪਰ ਫ਼ੈਸਲਾ ਮੁਲਤਵੀ ਕਰ ਦਿੱਤਾ, ਜਿਸ ਉੱਪਰ ਅਜੇ ਦਸਤਖ਼ਤ ਕੀਤੇ ਜਾਣੇ ਸਨ। ਖ਼ਬਰ ਹੈ ਕਿ ਬੰਗਲਾਦੇਸ਼ ਸਰਕਾਰ ਵੀ ਬਿਜਲੀ ਸਮਝੌਤੇ ਸੰਬੰਧੀ ਇਕਰਾਰਨਾਮੇ 'ਚ ਬਦਲਾਅ ਕਰਨਾ ਚਾਹੁੰਦੀ ਹੈ।

ਲਾਰਡ ਜੋਅ ਜਾਨਸਨ ਨੇ ਲੰਡਨ ਸਥਿਤ ਕੰਪਨੀ ਏਲਾਰਾ ਕੈਪੀਟਲ ਦੇ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਹ ਉਨ੍ਹਾਂ ਕੰਪਨੀਆਂ ਵਿੱਚੋਂ ਇਕ ਹੈ ਜਿਨ੍ਹਾਂ ਦਾ ਜ਼ਿਕਰ ਹਿੰਡਨਬਰਗ ਰਿਪੋਰਟ ਨੇ ਉਨ੍ਹਾਂ ਦਾ ਲਿੰਕ ਅਡਾਨੀ ਸਮੂਹ ਨਾਲ ਜੋੜਿਆ ਹੈ। ਜੋਅ ਜਾਨਸਨ ਬਰਤਾਨੀਆ ਸਰਕਾਰ ਦਾ ਮੰਤਰੀ ਰਹਿ ਚੁੱਕਾ ਹੈ ਅਤੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਦਾ ਭਰਾ ਹੈ।

ਹਿੰਡਨਬਰਗ ਰਿਪੋਰਟ ਨਾਲ ਪੈਦਾ ਹੋਏ ਸਿਆਸੀ ਤੂਫ਼ਾਨ ਵਿਚ ਉਹ ਵਿਰੋਧੀ ਪਾਰਟੀਆਂ ਇਕੱਠੀਆਂ ਹੋ ਗਈਆਂ ਜੋ ਆਪਸ ਵਿਚ ਲੜਦੀਆਂ ਰਹਿੰਦੀਆਂ ਸਨ ਅਤੇ ਉਨ੍ਹਾਂ ਨੇ ਇਕ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਬਣਾ ਕੇ ਉਸ ਤੋਂ ਜਾਂਚ ਕਰਾਏ ਜਾਣ ਦੀ ਮੰਗ ਕੀਤੀ। ਸਰਕਾਰ ਨੇ ਕੰਨ ਬੰਦ ਕਰ ਲਏ। ਇਸ ਰਵੱਈਏ 'ਚ ਭਾਰਤੀ ਰੈਗੂਲੇਟਰੀ ਸਾਸ਼ਨ ਨੂੰ ਲੈ ਕੇ ਅੰਤਰਰਾਸ਼ਟਰੀ ਵਿੱਤੀ ਸਰਮਾਏ ਦੇ ਪ੍ਰਬੰਧਕਾਂ ਦੀਆਂ ਸੰਭਾਵੀ ਚਿੰਤਾਵਾਂ ਪ੍ਰਤੀ ਇਕ ਖ਼ਤਰਨਾਕ ਬੇਪਰਵਾਹੀ ਨਜ਼ਰ ਆਉਂਦੀ ਹੈ।

ਸੰਸਦ ਵਿਚ ਚੱਲ ਰਹੇ ਬਜਟ ਸੈਸ਼ਨ ਵਿਚ ਵਿਰੋਧੀ ਧਿਰ ਦੇ ਦੋ ਸੰਸਦ ਮੈਂਬਰ ਤ੍ਰਿਣਮੂਲ ਕਾਂਗਰਸ ਦੀ ਮਹੂਆ ਮੋਇਤਰਾ ਅਤੇ ਕਾਂਗਰਸ ਦਾ ਰਾਹੁਲ ਗਾਂਧੀ ਬੋਲਣ ਲਈ ਖੜ੍ਹੇ ਹੋਏ। ਉਹ ਦੋਵੇਂ ਵਰ੍ਹਿਆਂ ਤੋਂ ਅਡਾਨੀ ਸਮੂਹ ਉੱਪਰ ਸਵਾਲ ਉਠਾਉਂਦੇ ਆ ਰਹੇ ਹਨ। ਮਹੂਆ ਮੋਇਤਰਾ ਵੱਲੋਂ ਜੋ ਸਵਾਲ ਪੁੱਛੇ ਗਏ, ਉਨ੍ਹਾਂ 'ਚੋਂ ਕੁਝ ਇਹ ਸਨ: ਗ੍ਰਹਿ ਮੰਤਰਾਲੇ ਨੇ 'ਏ' ਗਰੁੱਪ ਨੂੰ ਬੰਦਰਗਾਹਾਂ ਅਤੇ ਹਵਾਈ ਅੱਡਿਆਂ ਨੂੰ ਚਲਾਉਣ ਲਈ ਸੁਰੱਖਿਆ ਮਨਜ਼ੂਰੀ (ਕਲੀਰੈਂਸ) ਕਿਵੇਂ ਦਿੱਤੀ? ਜਦੋਂ ਇਹ ਆਪਣੇ ਇਕ ਦੀ ਪਛਾਣ ਦੱਸਣ ਤੋਂ ਇਨਕਾਰ ਕਰਦੀ ਰਹੀ ਹੈ।

ਸਮੂਹ ਨੇ ਮਾਰੀਸ਼ਸ ਅਧਾਰਤ ਛੇ ਫੰਡਾਂ ਤੋਂ ਬਦੇਸ਼ੀ ਪੋਰਟਫੋਲੀਓ ਪੂੰਜੀਨਿਵੇਸ਼ਾਂ ਵਿਚ ਲੱਗਭੱਗ 42,000 ਕਰੋੜ ਰੁਪਏ (ਲੱਗਭੱਗ 5 ਅਰਬ ਡਾਲਰ) ਜਮਾ ਕਰ ਲਏ, ਜਦੋਂ ਕਿ ਉਨ੍ਹਾਂ ਸਾਰਿਆਂ ਦੇ ਪਤੇ ਅਤੇ ਕੰਪਨੀ ਸਕੱਤਰ ਇੱਕੋ ਸਨ? ਜਨਤਕ ਖੇਤਰ ਦੇ ਸਟੇਟ ਬੈਂਕ ਅਤੇ ਭਾਰਤੀ ਜੀਵਨ ਬੀਮਾ ਨਿਗਮ ਨੇ ਕਿਸ ਆਧਾਰ 'ਤੇ ਗਰੁੱਪ 'ਚ ਪੂੰਜੀ ਨਿਵੇਸ਼ ਕਰਨਾ ਜਾਰੀ ਰੱਖਿਆ?

ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਮੋਦੀ ਦੇ ਇਜ਼ਰਾਈਲ, ਆਸਟ੍ਰੇਲੀਆ ਅਤੇ ਬੰਗਲਾਦੇਸ਼ ਦੇ ਦੌਰਿਆਂ ਦਾ ਜ਼ਿਕਰ ਕਰਦਿਆਂ ਪੁੱਛਿਆ, 'ਅਤੇ ਤੁਸੀਂ ਇਨ੍ਹਾਂ ਵਿੱਚੋਂ ਕਿੰਨੇ ਦੇਸ਼ਾਂ ਤੋਂ, ਜਿੱਥੇ ਆਪ ਨੇ ਦੌਰਾ ਕੀਤਾ? ਅਡਾਨੀ ਨੂੰ ਇਕਰਾਰਨਾਮਾ ਮਿਲਿਆ?' ਉਸਨੇ ਕੁਝ ਦੀ ਸੂਚੀ ਪੇਸ਼ ਕੀਤੀ: ਇਜ਼ਰਾਈਲ ਨਾਲ ਇਕ ਰੱਖਿਆ ਸੌਦਾ, ਆਸਟ੍ਰੇਲੀਆ ਵਿਚ ਇਕ ਕੋਲੇ ਦੀ ਖਾਣ ਲਈ ਭਾਰਤੀ ਸਟੇਟ ਬੈਂਕ ਤੋਂ 1 ਅਰਬ ਡਾਲਰ ਦਾ ਕਰਜ਼ਾ, ਬੰਗਲਾਦੇਸ਼ ਲਈ 1,600 ਮੈਗਾਵਾਟ ਦਾ ਬਿਜਲੀ ਪ੍ਰਾਜੈਕਟ। ਅੰਤ ਵਿਚ, ਅਤੇ ਇਹ ਸਭ ਤੋਂ ਮਹੱਤਵਪੂਰਨ ਹੈ, ਰਾਹੁਲ ਗਾਂਧੀ ਨੇ ਪੁੱਛਿਆ ਕਿ ਭਾਜਪਾ ਨੂੰ ਅਡਾਨੀ ਸਮੂਹ ਤੋਂ ਗੁਪਤ ਚੋਣ ਬਾਂਡ ਵਿਚ ਕਿੰਨਾ ਪੈਸਾ ਮਿਲਿਆ ਹੈ।

ਅਸਲੀ ਗੱਲ ਇਹੀ ਹੈ। 2016 'ਚ ਬੀਜੇਪੀ ਨੇ ਇਲੈਕਟੋਰਲ ਬਾਂਡ ਦੀ ਯੋਜਨਾ ਲਾਗੂ ਕੀਤੀ ਸੀ ਜਿਸ ਵਿਚ ਕਾਰਪੋਰੇਟ ਕੰਪਨੀਆਂ ਨੂੰ ਆਪਣੀ ਪਛਾਣ ਜ਼ਾਹਰ ਕੀਤੇ ਬਿਨਾਂ ਸਿਆਸੀ ਪਾਰਟੀਆਂ ਨੂੰ ਪੈਸਾ ਦਾਨ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਜੀ ਹਾਂ, ਗੌਤਮ ਅਡਾਨੀ ਦੁਨੀਆ ਦੇ ਸਭ ਤੋਂ ਅਮੀਰ ਆਦਮੀਆਂ ਵਿੱਚੋਂ ਇਕ ਹੈ, ਪਰ ਜੇਕਰ ਤੁਸੀਂ ਚੋਣਾਂ ਦੌਰਾਨ ਭਾਜਪਾ ਦੀ ਚਮਕ-ਦਮਕ ਨੂੰ ਦੇਖੋ, ਫਿਰ ਭਾਜਪਾ ਨਾ ਸਿਰਫ਼ ਭਾਰਤ ਦੀ ਸਗੋਂ ਸ਼ਾਇਦ ਦੁਨੀਆ ਦੀ ਸਭ ਤੋਂ ਅਮੀਰ ਸਿਆਸੀ ਪਾਰਟੀ ਹੈ। ਕੀ ਇਹ ਦੋਨੋਂ ਪੁਰਾਣੇ ਦੋਸਤ ਕਦੇ ਸਾਨੂੰ ਆਪਣਾ ਖ਼ਾਤਾ ਦਿਖਾਉਣਗੇ? ਕੀ ਉਨ੍ਹਾਂ ਦੇ ਖਾਤੇ ਵੱਖਰੇ ਵੱਖਰੇ ਹਨ ਵੀ?

ਹਾਲਾਂਕਿ, ਮਹੂਆ ਮੋਇਤਰਾ ਦੇ ਸਵਾਲਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਰਾਹੁਲ ਗਾਂਧੀ ਦੇ ਜ਼ਿਆਦਾਤਰ ਸਵਾਲ ਸੰਸਦੀ ਰਿਕਾਰਡ ਤੋਂ ਹੀ ਹਟਾ ਦਿੱਤੇ ਗਏ।

ਪ੍ਰਧਾਨ ਮੰਤਰੀ ਮੋਦੀ ਦਾ ਜਵਾਬ 90 ਮਿੰਟ ਤੱਕ ਚੱਲਿਆ। ਉਸਨੇ ਉਹੀ ਕੀਤਾ ਜੋ ਉਹ ਬਖ਼ੂਬੀ ਕਰਦਾ ਹੈ - ਉਸਨੇ ਆਪਣੇ ਆਪ ਨੂੰ ਇਕ ਮਾਣਮੱਤੇ ਭਾਰਤੀ ਵਜੋਂ ਪੇਸ਼ ਕੀਤਾ ਜੋ ਇਕ ਅੰਤਰਰਾਸ਼ਟਰੀ ਸਾਜ਼ਿਸ਼ ਦਾ ਸ਼ਿਕਾਰ ਹੈ ਜੋ ਕਦੇ ਵੀ ਸਫ਼ਲ ਨਹੀਂ ਹੋਵੇਗੀ, ਕਿਉਂਕਿ ਉਸਨੇ 1.4 ਅਰਬ ਲੋਕਾਂ ਦੇ ਭਰੋਸੇ ਨਾਲ ਬਣੀ ਹੋਈ ਢਾਲ ਪਹਿਨੀ ਹੋਈ ਹੈ, ਜਿਸ ਵਿਚ ਵਿਰੋਧੀ ਧਿਰ ਕਦੇ ਵੀ ਛੇਕ ਨਹੀਂ ਕਰ ਸਕੇਗੀ।

ਉਸ ਦੀ ਖੋਖਲੀ ਬਿਆਨਬਾਜ਼ੀ ਦਾ ਹਰ ਪੈਰਾ ਇਸ ਛਵੀ ਨਾਲ (ਜੋ ਸਿਆਸਤ ਵਿਚ ਆਪਣੇ ਸ਼ੇਅਰਾਂ ਦਾ ਮੁੱਲ ਵਧਾਉਣ ਦੇ ਬਰਾਬਰ ਹੈ) ਗੜੁੱਚ ਸੀ, ਦੂਜਿਆਂ ਦਾ ਮਜ਼ਾਕ ਉਡਾਉਂਦੇ ਹੋਏ, ਹਮਲਾਵਰ ਅਪਮਾਨਜਨਕ ਟਿੱਪਣੀਆਂ ਅਤੇ ਨਿੱਜੀ ਅਪਮਾਨਾਂ ਨਾਲ ਲਬਰੇਜ਼।

ਲੱਗਭੱਗ ਹਰੇਕ ਲਾਈਨ ਦੇ ਸਵਾਗਤ 'ਚ ਭਾਜਪਾ ਦੇ ਬੈਂਚਾਂ ਵੱਲੋਂ ਮੇਜ਼ ਥਪ-ਥਪਾਏ ਗਏ, ਨਾਲ ਹੀ 'ਮੋਦੀ! ਮੋਦੀ! ਮੋਦੀ!'' ਦਾ ਜਾਪ ਜਾਰੀ ਰਿਹਾ। ਉਨ੍ਹਾਂ ਨੇ ਕਿਹਾ ਕਿ ਕਮਲ ਉੱਪਰ ਚਾਹੇ ਜਿੰਨਾ ਮਰਜੀ ਚਿੱਕੜ ਸੁੱਟਿਆ ਜਾਵੇ, ਇਸ ਨੇ ਖਿੜਨਾ ਹੀ ਹੈ।

ਉਸ ਨੇ ਇਕ ਵਾਰ ਵੀ ਅਡਾਨੀ ਦਾ ਜ਼ਿਕਰ ਨਹੀਂ ਕੀਤਾ। ਸ਼ਾਇਦ ਉਸ ਦਾ ਮੰਨਣਾ ਹੈ ਕਿ ਇਹ ਕੋਈ ਐਸੀ ਬਹਿਸ ਨਹੀਂ ਹੈ ਜਿਸ ਨਾਲ ਉਨ੍ਹਾਂ ਦੇ ਵੋਟਰਾਂ ਦਾ ਕੋਈ ਸਰੋਕਾਰ ਹੋਣਾ ਚਾਹੀਦਾ ਹੈ, ਕਿਉਂਕਿ ਉਨ੍ਹਾਂ ਵਿੱਚੋਂ ਕਰੋੜਾਂ ਲੋਕ ਬੇਰੁਜ਼ਗਾਰ ਹਨ, ਉਹ ਤਾਂ ਬੇਹੱਦ ਗ਼ਰੀਬੀ 'ਚ ਬਸ ਗੁਜ਼ਾਰਾ ਕਰਨ ਵਾਲੇ ਰਾਸ਼ਨ ਉੱਪਰ ਜਿਉਂਦੇ ਹਨ (ਜੋ ਉਨ੍ਹਾਂ ਨੂੰ ਮੋਦੀ ਦੀ ਫੋਟੋ ਵਾਲੇ ਪੈਕਟਾਂ 'ਚ ਮਿਲਦਾ ਹੈ) ਅਤੇ ਉਹ ਇਹ ਵੀ ਨਹੀਂ ਸਮਝ ਸਕਣਗੇ ਕਿ ਕੀ 100 ਅਰਬ ਡਾਲਰ ਦਾ ਮਤਲਬ ਕੀ ਹੁੰਦਾ ਹੈ।

ਜ਼ਿਆਦਾਤਰ ਭਾਰਤੀ ਮੀਡੀਆ ਨੇ ਮੋਦੀ ਦੇ ਭਾਸ਼ਣ ਨੂੰ ਸ਼ਾਨਦਾਰ ਢੰਗ ਨਾਲ ਪੇਸ਼ ਕੀਤਾ। ਕੀ ਇਹ ਇਕ ਇਤਫ਼ਾਕ ਸੀ ਕਿ ਅਗਲੇ ਕੁਝ ਦਿਨਾਂ ਵਿਚ ਕਈ ਰਾਸ਼ਟਰੀ ਅਤੇ ਖੇਤਰੀ ਅਖ਼ਬਾਰਾਂ 'ਚ ਉਸ ਦੀ ਇਕ ਵੱਡੀ ਫ਼ੋਟੋ ਪਹਿਲੇ ਪੰਨੇ ਦਾ ਇਸ਼ਤਿਹਾਰ ਛਾਪਿਆ ਗਿਆ, ਜਿਸ ਵਿਚ ਨਿਵੇਸ਼ਕਾਂ ਦੇ ਇਕ ਹੋਰ ਸੰਮੇਲਨ ਦਾ ਐਲਾਨ ਕੀਤਾ ਗਿਆ ਸੀ? ਇਸ ਵਾਰ ਇਹ ਉੱਤਰ ਪ੍ਰਦੇਸ਼ ਵਿਚ ਕੀਤਾ ਜਾਣਾ ਹੈ।

ਕਈ ਦਿਨਾਂ ਬਾਦ 14 ਫਰਵਰੀ ਨੂੰ ਗ੍ਰਹਿ ਮੰਤਰੀ ਨੇ ਅਡਾਨੀ ਮੁੱਦੇ 'ਤੇ ਇਕ ਇੰਟਰਵਿਊ 'ਚ ਕਿਹਾ ਕਿ ਭਾਜਪਾ ਲਈ 'ਡਰਣ ਜਾਂ ਲੁਕੋਣ ਵਾਲੀ ਕੋਈ ਗੱਲ ਨਹੀਂ ਹੈ।'

ਇਕ ਵਾਰ ਫਿਰ ਉਸਨੇ ਸਾਂਝੀ ਸੰਸਦੀ ਕਮੇਟੀ ਬਣਾਏ ਜਾਣ ਦੀ ਸੰਭਾਵਨਾ ਤੋਂ ਕੰਨ ਬੰਦ ਕਰ ਲਏ ਅਤੇ ਵਿਰੋਧੀ ਪਾਰਟੀਆਂ ਨੂੰ ਅਦਾਲਤ ਵਿਚ ਜਾਣ ਦੀ ਸਲਾਹ ਦਿੱਤੀ। ਜਦੋਂ ਉਹ ਅਜੇ ਬੋਲ ਹੀ ਰਿਹਾ ਸੀ ਤਾਂ ਪੁਲਿਸ ਨੇ ਮੁੰਬਈ ਅਤੇ ਦਿੱਲੀ ਵਿਚ ਦਫ਼ਤਰਾਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਟੈਕਸ ਅਧਿਕਾਰੀਆਂ ਨੇ ਛਾਪੇਮਾਰੀ ਸ਼ੁਰੂ ਕਰ ਦਿੱਤੀ ਸਨ। ਨਹੀਂ, ਅਡਾਨੀ ਦੇ ਦਫ਼ਤਰਾਂ 'ਚ ਨਹੀਂ, ਬੀਬੀਸੀ ਦੇ ਦਫ਼ਤਰਾਂ 'ਚ।

15 ਫਰਵਰੀ ਨੂੰ ਖ਼ਬਰਾਂ ਦਾ ਸਾਰਾ ਮਾਹੌਲ ਹੀ ਬਦਲ ਗਿਆ ਸੀ ਅਤੇ ਨਵ-ਸਾਮਰਾਜਵਾਦੀ ਹਮਲੇ ਬਾਰੇ ਰਿਪੋਰਟਿੰਗ ਵੀ। 'ਗਰਮਜੋਸ਼ੀ ਵਾਲੀਆਂ ਅਤੇ ਲਾਭਕਾਰੀ' ਮੀਟਿੰਗਾਂ ਤੋਂ ਬਾਦ ਪ੍ਰਧਾਨ ਮੰਤਰੀ ਮੋਦੀ, ਰਾਸ਼ਟਰਪਤੀ ਜੋਅ ਬਾਇਡਨ ਅਤੇ ਰਾਸ਼ਟਰਪਤੀ ਇਮੈਨੂਅਲ ਮੈਕਰੋਨ ਨੇ ਐਲਾਨ ਕੀਤਾ ਕਿ ਭਾਰਤ 470 ਬੋਇੰਗ ਅਤੇ ਏਅਰਬੱਸ ਹਵਾਈ ਜਹਾਜ਼ ਖ਼ਰੀਦੇਗਾ।

ਬਾਇਡਨ ਨੇ ਕਿਹਾ ਕਿ ਇਸ ਸੌਦੇ ਨਾਲ 10 ਲੱਖ ਤੋਂ ਵਧੇਰੇ ਅਮਰੀਕੀ ਨੌਕਰੀਆਂ ਪੈਦਾ ਹੋਣਗੀਆਂ। ਏਅਰਬੱਸ ਦਾ ਇੰਜਨ ਰੋਲਸ ਰਾਇਸ ਦਾ ਹੋਵੇਗਾ। ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਕਿਹਾ, 'ਬਰਤਾਨੀਆ ਦੇ ਉੱਭਰ ਰਹੇ ਹਵਾਈ ਜਹਾਜ਼ ਨਿਰਮਾਣ ਖੇਤਰ ਲਈ ਹੱਦ ਆਸਮਾਨ ਹੀ ਹੈ।' ਇਵੇਂ ਖਿੜਦਾ ਹੈ ਕਮਲ ਹੈ, ਲਹੂ ਅਤੇ ਦੌਲਤ ਦੀ ਦਲਦਲ ਵਿਚ। ਅਤੇ ਯਕੀਨਨ ਹੀ ਸੱਚ ਸੋਨੇ ਵਾਂਗ ਚਮਕਦਾ ਹੋਇਆ ਬਾਹਰ ਆਉਂਦਾ ਹੈ। (ਹਾਲ ਹੀ ਵਿਚ ਦੀ ਗਾਰਡੀਅਨ 'ਚ ਛਪਿਆ ਲੇਖ।)



ਹਰਚਰਨ ਸਿੰਘ ਪਰਹਾਰ
403-681-8689
hp8689@gmail.com

### ਜਥੇਬੰਦਕ ਧਰਮਾਂ ਦਾ ਮਾਇਆਜਾਲ਼-2

# ਡਰ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਾਰਮਿਕ ਫਿਰਕਿਆਂ ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜ੍ਹੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਕਰਮਕਾਂਡੀ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ-ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲ-ਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ-ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂਆਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

'ਜਥੇਬੰਧਕ ਧਰਮਾਂ ਦਾ ਮਾਇਆਜਾਲ਼' ਲੇਖ ਦੇ ਪਹਿਲੇ ਭਾਗ ਵਿੱਚ ਮੈਂ ਜ਼ਿਕਰ ਕੀਤਾ ਸੀ ਕਿ ਧਰਮ ਦੀ ਸ਼ੁਰੂਆਤ ਡਰ ਤੇ ਅਗਿਆਨਤਾ ਤੋਂ ਹੋਈ ਸੀ। ਜਿੱਥੇ ਡਰ ਕੁਦਰਤੀ ਆਫਤਾਂ ਤੇ ਹੋਰ ਜੰਗਲੀ ਜੀਵ ਜੰਤੂਆਂ ਤੋਂ ਸੀ, ਉਥੇ ਅਗਿਆਨਤਾ ਉਨ੍ਹਾਂ ਬਾਰੇ ਜਾਣਕਾਰੀ ਨਾ ਹੋਣਾ ਸੀ। ਇਸ ਡਰ ਅਤੇ ਅਗਿਆਨਤਾ ਨੇ ਜਿੱਥੇ ਧਰਮ ਜਾਂ ਕਿਸੇ ਅਦਿੱਖ ਸ਼ਕਤੀ ਦੀ ਹੋਂਦ ਦਾ ਵਿਸ਼ਵਾਸ਼ ਵਿਕਸਤ ਕੀਤਾ, ਉੱਥੇ ਇਸ ਸਬੰਧੀ ਖੋਜ ਨੇ ਵਿਗਿਆਨ ਨੂੰ ਵੀ ਜਨਮ ਦਿੱਤਾ। ਜਿੱਥੇ ਵਿਗਿਆਨ ਖੋਜ ਅਧਾਰਿਤ ਵਿਕਸਤ ਹੋਈ, ਉੱਥੇ ਧਰਮ ਸ਼ਰਧਾ ਤੇ ਵਿਸ਼ਵਾਸ਼ ਉੱਤੇ ਵਿਕਸਤ ਹੋ ਗਿਆ। ਜਿਸ ਨਾਲ ਸਾਇੰਸ ਜੋ ਕਿ ਬਾਹਰੀ ਪਦਾਰਥ ਦੀ ਖੋਜ ਕਰਦੀ ਸੀ, ਅੱਗੇ ਤੋਂ ਅੱਗੇ ਤਰੱਕੀ ਕਰਦੀ ਗਈ ਤੇ ਕਰਦੀ ਜਾ ਰਹੀ ਹੈ, ਉੱਥੇ ਧਰਮ ਜਿਸਦਾ ਸਬੰਧ ਅਦਿੱਖ ਜਾਂ ਸੂਖਸ਼ਮ ਸੰਸਾਰ (ਆਤਮਾ, ਪ੍ਰਮਾਤਮਾ, ਮਨ, ਭਾਵਨਾਵਾਂ ਆਦਿ) ਨਾਲ ਸੀ, ਉਹ ਥੋੜੇ ਸਮੇਂ ਦੀ ਖੋਜ ਬਾਅਦ ਸ਼ਰਧਾ (ਭਾਵ ਬਿਨਾਂ ਜਾਨਣ ਤੋਂ ਮੰਨ ਲੈਣਾ) ਨਾਂ ਦੇ ਸ਼ਬਦ ਵਿੱਚ ਉਲਝ ਕੇ ਪਾਖੰਡ ਦਾ ਰੂਪ ਧਾਰਨ ਕਰਦਾ ਗਿਆ। ਬੇਸ਼ੱਕ ਧਰਮ ਦੀ ਦੁਨੀਆਂ ਵਿੱਚ ਅਨੇਕਾਂ ਮਹਾਂਪੁਰਸ਼ ਹਮੇਸ਼ਾਂ ਨਿਰਾਕਾਰ ਰੱਬ (ਕੁਦਰਤ ਦੇ ਨਿਯਮਾਂ ਜਾਂ ਪਦਾਰਥ ਵਿੱਚ ਵਿਚਰਦੀ ਅਦਿੱਖ ਸ਼ਕਤੀ, ਜੋ ਉਸਨੂੰ ਗਤੀ ਪ੍ਰਦਾਨ ਕਰਦੀ ਹੈ) ਤੇ ਮਨੁੱਖੀ ਸਰੀਰ ਵਿਚਲੀ ਆਤਮਾ (ਮਨ, ਚਿੱਤ, ਦਿਲ ਆਦਿ) ਦੀ ਖੋਜ ਕਰਦੇ ਰਹੇ ਤੇ ਮਨੁੱਖਤਾ ਨੂੰ ਸੱਚ ਦੇ ਮਾਰਗ ਤੇ ਤੋਰਦੇ ਰਹੇ। ਪਰ ਆਮ ਤੌਰ 'ਤੇ ਧਰਮ ਦਾ ਪਸਾਰਾ ਕੂੜ ਤੇ ਪਖੰਡ ਤੇ ਹੀ ਟਿਕਿਆ ਰਿਹਾ ਹੈ।ਅੱਜ ਦੇ ਧਰਮੀ ਮਨੁੱਖ ਦੀ ਸਮੱਸਿਆ ਇਹ ਬਣ ਚੁੱਕੀ ਹੈ ਕਿ ਇਸਨੂੰ ਅਸਲੀ ਤੇ ਨਕਲੀ ਧਰਮ ਦੀ ਪਹਿਚਾਣ ਕਰਨੀ ਔਖੀ ਹੋ ਚੁੱਕੀ ਹੈ। ਇਹ ਸਾਰੇ ਨਕਲੀ ਧਰਮ ਜਥੇਬੰਦਕ ਧਰਮਾਂ ਦਾ ਹਿੱਸਾ ਹਨ। ਕਿਸੇ ਧਰਮ ਵਿੱਚ ਇਹ ਨਕਲੀ ਧਰਮ ਘੱਟ ਹਨ ਤੇ ਕਿਸੇ ਵਿੱਚ ਵੱਧ ਹਨ। ਪਰ ਕੋਈ ਵੀ ਪ੍ਰਚਲਤ ਜਥੇਬੰਧਕ ਧਰਮ ਇਨ੍ਹਾਂ ਤੋਂ ਬਚ ਨਹੀਂ ਸਕਿਆ। ਬਹੁਤੇ ਜਥੇਬੰਧਕ ਧਰਮ ਤਾਂ ਖੜ੍ਹੇ ਹੀ ਇਨ੍ਹਾਂ ਨਕਲੀ ਧਰਮਾਂ ਦੇ ਆਸਰੇ ਹਨ। ਸਾਡਾ ਮਕਸਦ ਨਾ ਕਿਸੇ ਖਾਸ ਧਰਮ ਵਿਰੁੱਧ ਪ੍ਰਚਾਰ ਕਰਨਾ ਹੈ ਤੇ ਨਾ ਹੀ ਕਿਸੇ ਖਾਸ ਧਰਮ ਦੇ ਹੱਕ ਵਿੱਚ ਪ੍ਰਚਾਰ ਕਰਨਾ ਹੈ। ਸਗੋਂ ਧਰਮਾਂ ਵਿੱਚ ਪ੍ਰਚਲਤ ਨਕਲੀ ਧਰਮਾਂ ਦੀ ਨਿਸ਼ਾਨਦੇਹੀ ਕਰਕੇ ਅਸਲੀ ਧਰਮ ਦੀ ਪਹਿਚਾਣ ਕਰਾਉਣਾ ਹੈ ਤਾਂ ਕਿ ਸਦੀਆਂ ਤੋਂ ਧਰਮ ਪੁਜਾਰੀਆਂ, ਰਾਜਨੀਤਕਾਂ ਤੇ ਸਰਮਾਏਦਾਰਾਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਮਨੁੱਖ ਵਿੱਚ ਕੁਝ ਆਪ ਕਰਨ, ਸੱਚ ਦੇ ਪਾਂਧੀ ਬਣਨ, ਅਸਲੀ ਧਰਮ ਦੇ ਮਾਰਗ ਤੇ ਆਪ ਚੱਲਣ ਦੀ ਚੇਤੰਨਤਾ ਪੈਦਾ ਹੋ ਸਕੇ।

ਸਾਇੰਸ ਦੀਆਂ ਖੋਜਾਂ ਨੇ ਸਾਬਤ ਕਰ ਦਿੱਤਾ ਹੈ ਕਿ ਅੱਜ ਦਾ ਮਨੁੱਖ ਧਰਤੀ ਤੇ ਇਸ ਰੂਪ ਵਿਚ ਆਉਣ ਤੋਂ ਪਹਿਲਾਂ ਲੱਖਾਂ ਸਾਲਾਂ ਤੋਂ ਦੂਸਰਿਆਂ ਜੀਵ-ਜੰਤੂਆਂ, ਪਸ਼ੂਆਂ-ਪੰਛੀਆਂ ਵਾਂਗ ਵਿਚਰਦਾ ਰਿਹਾ ਹੈ। ਸਾਇੰਸ ਦੀਆਂ ਖੋਜਾਂ ਇਹ ਵੀ ਦੱਸਦੀਆਂ ਹਨ ਕਿ ਮਨੁੱਖ ਦਾ ਮੌਜੂਦਾ ਸਰੂਪ ਬਾਂਦਰ ਤੋਂ ਵਿਕਸਤ ਹੋਇਆ ਹੈ। ਇਸ ਮਨੁੱਖੀ ਵਿਕਾਸ ਦੇ ਸਫਰ ਵਿੱਚ ਜਿਸ ਤਰ੍ਹਾਂ ਮਨੁੱਖ ਦੀ ਸੋਝੀ ਵਿਕਸਤ ਹੋਈ ਹੈ, ਉਸਦੇ ਸਾਹਮਣੇ ਅਨੇਕਾਂ ਡਰ-ਮੁਸੀਬਤਾਂ ਨੇ ਜਨਮ ਲੈ ਲਿਆ। ਜਿੱਥੇ ਇੱਕ ਪਾਸੇ ਜੰਗਲੀ ਜੀਵ-ਜੰਤੂਆਂ ਤੇ ਜਾਨਵਰਾਂ ਤੋਂ ਜਾਨ ਨੂੰ ਖਤਰਾ ਦਿਸਦਾ ਸੀ, ਉਥੇ ਕੁਦਰਤੀ ਆਫਤਾਂ ਵੀ ਮਨੁੱਖ ਨੂੰ ਭੈ-ਭੀਤ ਕਰਦੀਆਂ ਸਨ। ਮਨੁੱਖ ਨੇ ਹੌਲੀ-ਹੌਲੀ ਜਿੱਥੇ ਇਨ੍ਹਾਂ ਮੁਸੀਬਤਾਂ ਨਾਲ ਟਾਕਰਾ ਕਰਨਾ ਸਿੱਖਿਆ, ਉੱਥੇ ਨਾਲ ਦੀ ਨਾਲ ਜਦੋਂ ਮਨੁੱਖ ਨੇ ਜੰਗਲੀ ਜੀਵਨ ਤੋਂ ਹਟ ਕੇ ਗਰੁੱਪਾਂ, ਕਬੀਲਿਆਂ ਰੂਪ ਵਿੱਚ ਝੌਂਪੜੀਆਂ ਵਿਚ ਰਹਿਣਾ ਸ਼ੁਰੂ ਕੀਤਾ ਤਾਂ ਤਕੜਾ ਵਿਅਕਤੀ ਬਾਕੀਆਂ ਦਾ ਲੀਡਰ ਬਣ ਕੇ ਕਬੀਲਾ ਮੁਖੀ ਜਾਂ ਬਾਅਦ ਵਿਚ ਰਾਜਾ ਬਣਿਆ। ਇਸੇ ਸਮੇਂ ਵਿੱਚ ਹੀ ਮਨੁੱਖੀ ਮਨਾਂ ਵਿੱਚ ਸਵਾਲ ਸ਼ੁਰੂ ਹੋਏ, ਜਿਵੇਂ ਮੀਂਹ ਉੱਪਰੋਂ ਕਿਵੇਂ ਪੈਂਦਾ ਹੈ, ਬਿਜਲੀ ਕਿਵੇਂ ਚਮਕਦੀ ਹੈ, ਤੂਫਾਨ ਕਿਵੇਂ ਆਉਂਦੇ ਹਨ, ਭੁਚਾਲ ਕਿਵੇਂ ਆਉਂਦੇ ਹਨ, ਬਰਫ ਕਿਵੇਂ ਪੈਂਦੀ ਹੈ, ਬੀਮਾਰੀ ਕਿਵੇਂ ਆਉਂਦੀ ਹੈ, ਦੁੱਖ ਕੀ ਹਨ, ਸੁੱਖ ਕੀ ਹਨ, ਆਤਮਾ ਕੀ ਹੈ, ਕੀ ਇਸ ਸੰਸਾਰ ਨੂੰ ਕੋਈ ਚਲਾ ਰਿਹਾ ਹੈ ਜਾਂ ਆਪੇ ਚੱਲ ਰਿਹਾ ਹੈ, ਕੀ ਸੰਸਾਰ ਨੂੰ ਕਿਸੇ ਨੇ ਬਣਾਇਆ ਹੈ ਜਾਂ ਆਪੇ ਬਣਿਆ ਹੈ, ਬੰਦਾ ਪੈਦਾ ਹੋ ਕੇ ਕਿੱਥੋਂ ਆਉਂਦਾ ਹੈ, ਮਰ ਕੇ ਕਿੱਥੇ ਚਲਾ ਜਾਂਦਾ ਹੈ, ਕੀ ਜਨਮ ਤੋਂ ਪਹਿਲਾਂ ਕੋਈ ਜੀਵਨ ਸੀ ਜਾਂ ਮਰਨ ਤੋਂ ਬਾਅਦ ਕੋਈ ਜੀਵਨ ਹੋਵੇਗਾ, ਕੀ ਮਰਨ ਦੇ ਨਾਲ਼ ਹੀ ਸਾਡਾ ਵਜੂਦ ਖਤਮ ਹੋ ਜਾਂਦਾ ਹੈ ਆਦਿ। ਉਸ ਸਮੇਂ ਹੀ ਮਨੁੱਖ ਵਿਚੋਂ ਸਰੀਰਕ ਤਾਕਤ ਵਾਲੇ ਜਿੱਥੇ ਕਬੀਲਾ ਮੁਖੀ ਜਾਂ ਕਬੀਲਾ ਰੱਖਿਅਕ ਬਣ ਜਾਂਦੇ ਸਨ ਤੇ ਬਾਕੀਆਂ ਤੇ ਰਾਜ ਕਰਨ ਲਗਦੇ ਸਨ, ਉੱਥੇ ਦਿਮਾਗੀ ਤੌਰ ਤੇ ਜ਼ਿਆਦਾ ਵਿਕਸਤ ਲੋਕ, ਇਨ੍ਹਾਂ ਕੁਦਰਤੀ ਡਰਾਂ ਤੋਂ ਮੁਕਤ ਕਰਾਉਣ ਦੇ ਨਾਮ ਤੇ ਰਾਜ ਕਰਨ ਲੱਗੇ। ਮਨੁੱਖ ਵਲੋਂ ਮਨੁੱਖ ਨੂੰ ਸਰੀਰਕ ਤੇ ਮਾਨਸਕਿ ਤੌਰ ਗੁਲਾਮ ਬਣਾਉਣ ਦੀ ਪ੍ਰਵਿਰਤੀ ਇੱਥੋਂ ਹੀ ਸ਼ੁਰੂ ਹੋ ਗਈ ਸੀ। ਫਿਰ ਉਹ ਆਪਣੇ ਦਿਮਾਗ ਦੀਆਂ ਕਾਢਾਂ ਅਨੁਸਾਰ ਦੂਸਰੇ ਮਨੁੱਖਾਂ ਨੂੰ ਇਨ੍ਹਾਂ ਆਫਤਾਂ ਤੋਂ ਬਚਾਉਣ ਦੇ ਇਲਾਜ ਕਰਨ ਲੱਗੇ। ਇੱਥੋਂ ਹੀ ਧਰਮ ਦਾ ਜਨਮ ਹੋਇਆ। ਜਿਹੜੇ ਵਿਕਸਿਤ ਤੇ ਜਥੇਬੰਦਕ ਧਰਮਾਂ ਦੀ ਗੱਲ ਅਸੀਂ ਅੱਜ ਕਰ ਰਹੇ ਹਾਂ ਇਨ੍ਹਾਂ ਦਾ ਇਤਿਹਾਸ ਤਾਂ 5000 ਸਾਲ ਤੋਂ ਵੀ ਘੱਟ ਪੁਰਾਣਾ ਹੈ। ਜਿਸ ਤਰ੍ਹਾਂ ਪਹਿਲਾਂ ਦੱਸਿਆ ਗਿਆ ਹੈ ਕਿ ਮਨੁੱਖ ਤਾਂ ਧਰਤੀ ਤੇ ਲੱਖਾਂ ਸਾਲਾਂ ਤੋਂ ਇਸ ਰੂਪ ਵਿਚ ਵਿਚਰ ਰਿਹਾ ਹੈ।

ਮਨੁੱਖੀ ਮਨ ਤੇ ਸਰੀਰ ਦੇ ਡਰਾਂ ਤੋਂ ਇੱਕ ਧਰਮ ਵਿਕਸਿਤ ਹੋਇਆ, ਜੋ ਡਰ ਜਾਂ ਡਰ ਤੋਂ ਮੁਕਤੀ ਅਧਾਰਿਤ ਸੀ। ਇਸ ਵਿੱਚ ਧਾਰਮਿਕ ਪ੍ਰੋਹਿਤ ਮਨੁੱਖ ਨੂੰ ਇਹ ਵਿਸ਼ਵਾਸ਼ ਦਿਵਾਉਂਦਾ ਸੀ ਕਿ ਇਨ੍ਹਾਂ ਦੁੱਖਾਂ, ਮੁਸੀਬਤਾਂ, ਡਰਾਂ ਪਿੱਛੇ ਇੱਕ ਅਦਿੱਖ ਸ਼ਕਤੀ ਕੰਮ ਕਰਦੀ ਹੈ, ਜੋ ਕਿ ਮੇਰੇ ਵੱਸ ਵਿੱਚ ਹੈ, ਮੈਂ ਤੁਹਾਨੂੰ ਉਸ ਤੋਂ ਬਚਾ ਸਕਦਾ ਹਾਂ, ਮੇਰੀ ਉਸ ਨਾਲ ਸਿੱਧੀ ਗੱਲ ਹੈ। ਤੁਸੀਂ ਮੇਰੀ ਪੂਜਾ ਜਾਂ ਮੇਰੇ ਦੱਸੇ ਅਨੁਸਾਰ ਪੂਜਾ ਕਰੋ। ਇਸੇ ਸੋਚ ਵਿਚੋਂ ਹੀ ਵੱਖ-ਵੱਖ ਕੁਦਰਤੀ ਆਫਤਾਂ ਦੇ ਦੇਵਤੇ ਬਣਾਏ ਗਏ, ਉਨ੍ਹਾਂ ਦੀ ਵੱਖ-ਵੱਖ ਢੰਗ ਨਾਲ ਪੂਜਾ ਪ੍ਰਚਲਿਤ ਹੋਈ। ਇਹ ਡਰ ਅਧਾਰਿਤ ਧਰਮ ਅੱਜ ਵੀ ਵੱਖਰੇ-ਵੱਖਰੇ ਢੰਗਾਂ ਨਾਲ ਪ੍ਰਚਲਿਤ ਹਨ ਤੇ ਹਰ ਧਰਮ ਦੀ ਸ਼ਾਤਰ ਪੁਜਾਰੀ ਸ਼੍ਰੇਣੀ ਮਨੁੱਖ ਨੂੰ ਵੱਖ-ਵੱਖ ਢੰਗਾਂ ਨਾਲ ਡਰਾਉਂਦੀ ਹੈ। ਜਿਨ੍ਹਾਂ ਵਿੱਚ ਇਸ ਜਨਮ ਦੇ ਦੁੱਖ ਮੁਸੀਬਤਾਂ ਨੂੰ ਪਿਛਲੇ ਕਿਸੇ ਜਨਮ ਨਾਲ ਜੋੜਨਾ, ਮਰਨ ਬਾਅਦ ਨਰਕਾਂ ਦਾ ਡਰ, ਵੱਖ-ਵੱਖ ਜੂਨਾਂ ਵਿੱਚ ਭਟਕਣ ਦਾ ਡਰ, ਰੱਬ ਦੀ ਕ੍ਰੋਪੀ ਦਾ ਡਰ, ਭੂਤਾਂ ਪ੍ਰੇਤਾਂ ਦਾ ਡਰ ਆਦਿ ਅਨੇਕਾਂ ਡਰ ਮਨੁੱਖ ਵਿਚ ਪਾਏ ਜਾਂਦੇ ਹਨ ਤੇ ਫਿਰ ਇਨ੍ਹਾਂ ਤੋਂ ਬਚਣ ਲਈ ਵੱਖ-ਵੱਖ ਤਰ੍ਹਾਂ ਦੇ ਪੂਜਾ-ਪਾਠ, ਜਪ-ਤਪ, ਜੰਤਰ-ਮੰਤਰ, ਦਾਨ-ਦੱਸ਼ਣਾ, ਕਰਮਕਾਂਡ ਕਰਨ ਲਈ ਕਿਹਾ ਜਾਂਦਾ ਹੈ, ਜਿਸ ਨਾਲ ਉਨ੍ਹਾਂ ਦਾ ਧੰਦਾ ਚੱਲਦਾ ਹੈ। ਕੀ ਇਸ ਤਰ੍ਹਾਂ ਨਹੀਂ ਲਗਦਾ ਕਿ ਅੱਜ ਪ੍ਰਚਲਤ ਤਕਰੀਬਨ ਸਾਰੇ ਜਥੇਬੰਦਕ ਧਰਮ ਰੱਬ ਦੇ ਨਾਮ ਤੇ ਬਣੀਆਂ ਦੁਕਾਨਾਂ ਤੋਂ ਵੱਧ ਕੁਝ ਨਹੀਂ? ਕੀ ਇਨ੍ਹਾਂ ਜਥੇਬੰਦਕ ਧਰਮਾਂ ਦਾ ਕਿਸੇ ਸ਼ਰਧਾਲੂ ਨੂੰ ਵਿਅਕਤੀਗਤ ਤੌਰ ਤੇ ਜਾਂ ਸਮੁੱਚੀ ਮਾਨਵਤਾ ਦੇ ਪੱਧਰ ਤੇ ਕੋਈ ਲਾਭ ਹੈ? ਕੀ ਪੁਜਾਰੀਵਾਦ ਅਧਾਰਿਤ ਇਹ ਧਰਮ ਸਿਰਫ ਮਨੁੱਖੀ ਮਨ ਦੇ ਡਰਾਂ ਦਾ ਲਾਭ ਉਠਾ ਕੇ ਮਨੁੱਖ ਨੂੰ ਹਜਾਰਾਂ ਸਾਲਾਂ ਤੋਂ ਲੁੱਟਦੇ ਨਹੀਂ ਆ ਰਹੇ? ਕੀ ਮਾਨਸਿਕ ਤੌਰ 'ਤੇ ਕਮਜ਼ੋਰ ਮਨੁੱਖ ਲੁੱਟ ਹੁੰਦੇ ਨਹੀਂ ਆ ਰਹੇ?

ਵੱਖ-ਵੱਖ ਸਮੇਂ ਪੀਰਾਂ, ਪੈਗੰਬਰਾਂ, ਧਰਮ ਗੁਰੂਆਂ, ਨੇ ਮਨੁੱਖ ਦੇ ਇਨ੍ਹਾਂ ਫੋਕੇ ਡਰਾਂ ਨੂੰ ਕੱਢਣ ਦੀ ਕੋਸ਼ਿਸ਼ ਕੀਤੀ, ਪਰ ਕੀ ਮਾਨਸਿਕ ਤੌਰ ਤੇ ਕਮਜ਼ੋਰ ਮਨ ਸਦੀਆਂ ਤੋਂ ਫਿਰ ਉਨ੍ਹਾਂ ਹੀ ਪੁਜਾਰੀਆਂ ਤੋਂ ਲੁੱਟ ਹੁੰਦੇ ਨਹੀਂ ਆ ਰਹੇ ਜਾਂ ਕੀ ਅੱਜ ਨਹੀਂ ਲੁੱਟ ਹੋ ਰਹੇ? ਕੀ ਇਨ੍ਹਾਂ ਡਰ ਅਧਾਰਿਤ ਧਰਮਾਂ ਨੇ ਮਨੁੱਖ ਨੂੰ ਮਾਨਸਿਕ ਤੌਰ ਤੇ ਕਮਜ਼ੋਰ ਬਣਾਉਣ ਅਤੇ ਮਾਨਸਿਕ ਰੋਗੀ ਬਣਾਉਣ ਵਿੱਚ ਵੱਡਾ ਯੋਗਦਾਨ ਨਹੀਂ ਪਾਇਆ? ਕੀ ਤਕਰੀਬਨ ਸਾਰੇ ਜਥੇਬੰਦਕ ਧਰਮ ਵੱਖ-ਵੱਖ ਤਰੀਕਿਆਂ ਨਾਲ ਡਰ ਅਧਾਰਿਤ ਧਰਮ ਦਾ ਫਾਰਮੂਲਾ ਵਰਤ ਕੇ ਹੀ ਮਨੁੱਖ ਦੀ ਮਨੁੱਖ ਹੱਥੋਂ ਆਰਥਿਕ, ਸਮਾਜਿਕ, ਮਾਨਸਿਕ, ਧਾਰਮਿਕ ਲੁੱਟ ਨਹੀਂ ਕਰ ਰਹੇ? ਕੀ ਧਰਮਾਂ ਦੇ ਅਜਿਹੇ ਪ੍ਰਚਾਰ ਨੇ ਹੀ ਦੁਨੀਆਂ ਭਰ ਵਿੱਚ ਵੱਡੇ ਪੱਧਰ ਤੇ ਮਾਨਸਿਕ ਰੋਗਾਂ ਤੇ ਰੋਗੀਆਂ ਨੂੰ ਜਨਮ ਨਹੀਂ ਦਿੱਤਾ? ਜਿਹੜਾ ਧਰਮ, ਗੁਰੂ, ਪ੍ਰਚਾਰਕ, ਵਿਦਵਾਨ, ਪੁਜਾਰੀ ਤੁਹਾਡੇ ਮਨ ਵਿੱਚ ਡਰ ਪਾਉਂਦਾ ਹੈ ਭਾਵੇਂ ਉਹ ਡਰ ਰੱਬ ਦਾ ਹੀ ਕਿਉਂ ਨਾ ਹੋਵੇ? ਕੀ ਉਸਨੂੰ ਧਾਰਮਿਕ ਰਹਿਬਰ ਜਾਂ ਤੁਹਾਡਾ ਮਿੱਤਰ ਮੰਨਿਆ ਜਾ ਸਕਦਾ ਹੈ? ਕੀ ਅਜਿਹੇ ਅਖੌਤੀ ਧਰਮੀਆਂ ਅਤੇ ਅਖੌਤੀ ਧਰਮਾਂ ਤੋਂ ਸੁਚੇਤ ਹੋਣਾ ਤੇ ਆਪਣੇ ਮਨ ਵਿਚੋਂ ਸਾਰੇ ਡਰਾਂ ਨੂੰ ਕੱਢ ਦੇਣਾ ਹੀ ਸਹੀ ਇਲਾਜ ਨਹੀਂ ਹੈ? ਮਨੁੱਖੀ ਇਤਿਹਾਸ ਦੇ ਤਜਰਬਿਆਂ ਤੋਂ ਹੁਣ ਇਹ ਗੱਲ ਸਾਬਿਤ ਹੋ ਚੁੱਕੀ ਹੈ ਕਿ ਮਨੁੱਖੀ ਮਨ ਅੰਦਰ ਪਿਆ, ਕਿਸੇ ਵੀ ਤਰ੍ਹਾਂ ਦਾ ਡਰ ਹੀ ਉਸਨੂੰ ਹਮੇਸ਼ਾਂ ਕਮਜ਼ੋਰ ਬਣਾਉਂਦਾ ਹੈ। ਇਸ ਲਈ ਰੱਬ ਦੇ ਡਰ ਸਮੇਤ ਹਰ ਤਰ੍ਹਾਂ ਦਾ ਡਰ ਦਿਮਾਗ ਵਿਚੋਂ ਕੱਢਣ ਨਾਲ ਹੀ ਸੱਚ ਦੇ ਰਸਤੇ ਤੇ ਬੇਖੌਫ ਹੋ ਕੇ ਤੁਰਿਆ ਜਾ ਸਕਦਾ ਹੈ। ਡਰਪੋਕ ਮਨੁੱਖ ਨਾ ਹੀ ਆਪਣਾ ਭਲਾ ਕਰ ਸਕਦਾ ਹੈ ਤੇ ਨਾ ਹੀ ਕਿਸੇ ਹੋਰ ਦਾ।

ਡਰ ਅਧਾਰਿਤ ਧਰਮ ਤੋਂ ਛੁਟਕਾਰਾ ਪਾਉਣ ਦਾ ਇਲਾਜ ਕੁਦਰਤ ਬਾਰੇ ਗਿਆਨ ਲੈਣਾ, ਆਪਣੇ ਸਰੀਰ ਬਾਰੇ ਗਿਆਨ ਲੈਣਾ, ਆਪਣੇ ਮਨ, ਆਪਣੀ ਆਤਮਾ (ਚੇਤੰਨਤਾ) ਬਾਰੇ ਵਿਗਿਆਨਕ (ਖੋਜ ਅਧਾਰਤ) ਗਿਆਨ ਲੈਣਾ ਹੀ ਹੋ ਸਕਦਾ ਹੈ। ਗਿਆਨ ਹੀ ਮਨੁੱਖ ਨੂੰ ਸਾਰੇ ਡਰਾਂ ਤੋਂ ਮੁਕਤ ਕਰ ਸਕਦਾ ਹੈ। ਆਪਣੇ ਆਪੇ ਨੂੰ ਜਾਣ ਲੈਣਾ, ਆਪਣੇ ਆਪੇ ਨੂੰ ਪਛਾਣ ਲੈਣਾ, ਆਪਾ ਚੀਨਣਾ ਹੀ ਅਸਲੀ ਧਰਮ ਵੱਲ ਪਹਿਲਾ ਕਦਮ ਹੋਵੇਗਾ। ਹਰ ਮਨੁੱਖ ਵਿੱਚ ਕੁਦਰਤ ਵਲੋਂ ਕੁਝ ਨਾ ਕੁਝ ਅਜਿਹਾ ਵੱਖਰਾ ਹੁੰਦਾ ਹੈ, ਜੋ ਉਸਨੂੰ ਸਭ ਤੋਂ ਵਿਲੱਖਣ ਬਣਾਉਂਦਾ ਹੈ, ਆਪਣੇ ਅੰਦਰ ਛੁਪੇ ਉਸ ਵੱਖਰੇਪਨ ਨੂੰ ਪਛਾਣ ਲੈਣਾ ਹੀ ਅਸਲੀ ਧਰਮ ਹੈ। ਡਰ ਇਸ ਵਿੱਚ ਵੱਡੀ ਰੁਕਾਵਟ ਹੈ। ਇਸ ਲਈ ਡਰ ਰਹਿਤ ਅਸਲੀ ਧਰਮ ਪੈਦਾ ਕਰਨ ਲਈ ਸਾਨੂੰ ਡਰਨ ਤੇ ਡਰਾਉਣ ਵਾਲੇ ਨਕਲੀ ਧਰਮ ਵਿਰੁੱਧ ਆਪਣੇ ਪੱਧਰ ਤੇ ਵੀ ਅਤੇ ਸਮਾਜਿਕ ਪੱਧਰ ਤੇ ਸੰਘਰਸ਼ ਕਰਨ ਦੀ ਲੋੜ ਹੈ ਤਾਂ ਕਿ ਇੱਕ ਡਰ ਰਹਿਤ ਧਰਮ ਪੈਦਾ ਹੋ ਸਕੇ।

(ਚੱਲਦਾ)

---

**ਪਿਆਰੇ ਵੀਰ ਹਰਚਰਨ ਸਿੰਘ ਪਰਹਾਰ ਜੀ,**

**ਉਮੀਦ ਹੈ ਸਭ ਠੀਕ ਠਾਕ ਹੋਵੇਗਾ।**

ਮੈਂ ਸਰੋਕਾਰਾਂ ਦੀ ਆਵਾਜ਼ ਵਿੱਚ ਤੁਹਾਡਾ ਲੇਖ 'ਜਥੇਬੰਦਕ ਧਰਮਾਂ ਦੀ ਸਮੱਸਿਆ-1, ਨਕਲੀ ਧਰਮ' ਪੜ੍ਹਨ ਦੀ ਕੋਸ਼ਿਸ਼ ਕੀਤੀ ਹੈ। ਤੁਹਾਡੇ ਲੇਖ ਵਿਚ ਬਹੁਤ ਕੁਝ ਬਹੁਤ ਵਧੀਆ ਹੈ ਤੇ ਉਹਦੇ ਨਾਲ ਸਹਿਮਤੀ ਵੀ ਹੈ। ਪਰ ਇਹ ਸਹਿਮਤੀ ਸੀਮਤ ਹੱਦ ਤੱਕ ਹੀ ਹੈ।

ਹਰਚਰਨ ਸਿੰਘ ਜੀ ਆਪਾਂ ਸ਼ਾਇਦ ਇਕ ਅੱਧ ਵਾਰ ਮਿਲੇ ਵੀ ਹੋਈਏ ਪਰ ਕਦੇ ਬੈਠ ਕੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਨਹੀਂ ਮਿਲਿਆ। ਇਹ ਗੱਲ ਪਹਿਲਾਂ ਹੀ ਕਹਿ ਦੇਣੀ ਚਾਹੁੰਦਾ ਹਾਂ ਕਿ ਤੁਹਾਡੇ ਵਿਚਾਰਾਂ ਨਾਲ ਮੇਰੀ ਜ਼ਰੂਰ ਅਸਿਹਮਤੀ ਹੈ ਪਰ ਇਕ ਵਿਅਕਤੀ ਵਜੋਂ ਮੇਰੇ ਮਨ ਵਿਚ ਤੁਹਾਡੇ ਲਈ ਪੂਰਾ ਸਤਿਕਾਰ ਹੈ।

ਤੁਹਾਡੇ ਲੇਖ ਦੀ ਸ਼ੁਰੂਆਤ ਵਧੀਆ ਹੈ ਤੇ ਕਈ ਕੁਝ ਨਾਲ ਮੈਂ ਸਹਿਮਤ ਵੀ ਹਾਂ: "ਧਰਮ ਦੀ ਸ਼ੁਰੂਆਤ ਮਨੁੱਖ ਦੀ ਅਗਿਆਨਤਾ ਅਤੇ ਡਰ ਤੋਂ ਹੋਈ ਹੈ। ... ਕੁਦਰਤੀ ਆਫਤਾਂ ਤੋਂ ਬਚਣ ਲਈ ਕੁਦਰਤੀ ਸ਼ਕਤੀਆਂ ਤੋਂ ਸ਼ੁਰੂ ਹੋਈ ਪੂਜਾ ਤੋਂ ਫਿਰ ਉਨ੍ਹਾਂ ਹੀ ਸ਼ਕਤੀਆਂ ਨੂੰ ਦੇਵੀ ਦੇਵਤੇ ਬਣਾ ਕੇ ਪੂਜਾ ਸ਼ੁਰੂ ਹੋ ਗਈ। ... ਪਰ ਜਿਉਂ ਜਿਉਂ ਮਨੁੱਖੀ ਸਭਿਅਤਾ ਦਾ ਵਿਕਾਸ ਹੋਇਆ ਤਾਂ ਮਨੁੱਖ ਨੂੰ ਇਸ ਸ੍ਰਿਸ਼ਟੀ ਵਿਚ ਚਲ ਰਹੀਆਂ ਸ਼ਕਤੀਆਂ ਤੇ ਉਸ ਦੇ ਨਿਯਮਾਂ ਪਿੱਛੇ ਕਿਸੇ ਅਗੰਮੀ ਸ਼ਕਤੀ ਦੀ ਹੋਂਦ ਦਾ ਅਹਿਸਾਸ ਹੋਣਾ ਸ਼ੁਰੂ ਹੋਇਆ, ਜਿੱਥੋਂ ਇੱਕ ਰੱਬ ਦਾ ਸਿਧਾਂਤ ਪ੍ਰਚਲਤ ਹੋਇਆ।"

ਤੁਹਾਡੀ ਇਸ ਗੱਲ ਨੂੰ ਮੈਂ ਇਸ ਤਰ੍ਹਾਂ ਸਮਝਦਾ ਹਾਂ ਕਿ (ਜੇ ਠੀਕ ਨਾ ਲੱਗੇ ਤਾਂ ਦੱਸਣਾ) ਕੁਦਰਤ ਨੂੰ ਸਮਝਣ ਦੇ ਅਮਲ ਵਿੱਚ ਅਣਦਿਸਦੀਆਂ ਸ਼ਕਤੀਆਂ ਤੋਂ ਤੁਰ ਕੇ ਇਕ ਰੱਬ ਤੱਕ ਦੀ ਸੋਚ ਬੰਦੇ ਦੇ ਦਿਮਾਗ ਦੀ ਕਾਢ ਹੈ ਨਾ ਕਿ ਕਿਸੇ 'ਅਗੰਮੀ' ਸ਼ਕਤੀ ਨੇ ਆਪਣਾ ਕੋਈ (ਜੀਸਸ, ਮੁਹੰਮਦ, ਨਾਨਕ) ਨੇੜੇ ਦਾ ਵਿਅਕਤੀ ਭੇਜ ਕੇ ਮਨੁੱਖ ਨੂੰ ਆਪਣੀ ਹੋਂਦ ਦਾ ਸੁਨੇਹਾ ਦਿੱਤਾ। ਦੂਜੇ ਸ਼ਬਦਾਂ ਵਿੱਚ ਬੰਦੇ ਨੇ ਰੱਬ ਦੀ ਸਿਰਜਣਾ ਕੀਤੀ ਨਾ ਕਿ ਰੱਬ ਨੇ ਬੰਦੇ ਦੀ। (ਤੇ ਹੁਣ ਹੌਲੀ ਹੌਲੀ ਬੰਦਾ ਆਪੇ ਸਿਰਜੇ ਰੱਬ ਨੂੰ ਮਿਟਾ ਵੀ ਰਿਹਾ ਹੈ – ਇਹ ਵਰਤਾਰਾ ਬਹੁਤ ਤੇਜੀ ਨਾਲ ਵਾਪਰ ਰਿਹਾ ਹੈ – ਜਿਸ ਨੂੰ ਨਾਸਤਿਕਤਾ ਕਿਹਾ ਜਾਂਦਾ ਹੈ। ਭਾਵੇਂ ਸਾਡੇ ਭਾਈਚਾਰੇ ਵਿਚ ਇਸ ਸ਼ਬਦ ਨੂੰ ਅਜੇ ਗਾਲ਼ ਵਾਂਗ ਹੀ ਲਿਆ ਜਾਂਦਾ ਹੈ। ਪਰ ਇਹ ਸਥਿਤੀ ਬਹੁਤਾ ਲੰਮਾ ਸਮਾਂ ਨਹੀਂ ਰਹੇਗੀ।)

ਤੁਸੀਂ ਆਪਣੇ ਲੇਖ ਦਾ ਮਕਸਦ ਲਿਖਿਆ ਹੈ: "ਆਮ ਵਿਅਕਤੀ ਨੂੰ ਜਿੱਥੇ ਧਰਮ ਦੇ ਨਾਮ 'ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉੱਥੇ ਅਸਲੀ ਧਰਮ ਦੀ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ।"

ਹਰ ਧਰਮ ਦਾ ਤਕਰੀਬਨ ਹਰ ਪ੍ਰਚਾਰਕ ਥੋੜ੍ਹੇ ਬਹੁਤੇ ਫਰਕ ਨਾਲ ਆਪਣੀ ਗੱਲ ਇਸੇ ਕਿਸਮ ਦੇ ਵਿਚਾਰਾਂ ਨਾਲ ਸ਼ੁਰੂ ਕਰਦਾ ਹੈ। ਉਹ ਪ੍ਰਚਾਰਕ ਹੈ ਹੀ ਇਸ ਕਰਕੇ (ਰੋਟੀ ਕਮਾਉਣ ਦੀ ਮਜਬੂਰੀ ਵੀ ਹੋਵੇਗੀ) ਕਿ ਉਹ ਯਕੀਨ ਕਰਦਾ ਹੈ ਕਿ ਉਸ ਨੂੰ 'ਸਹੀ' ਧਰਮ ਦਾ ਪਤਾ ਹੈ ਸੁਣਨ ਵਾਲਿਆਂ ਨੂੰ ਨਹੀਂ।

ਧਾਰਮਿਕ ਲਿਖਤਾਂ ਜਿਸ ਭਾਸ਼ਾ ਵਿਚ ਲਿਖੀਆਂ ਹੁੰਦੀਆਂ ਹਨ ਉਸ ਦਾ ਇਕ ਗੁਣ ਜਾਂ ਅਗੁਣ ਇਹ ਹੁੰਦਾ ਹੈ ਕਿ ਉਸ ਦੀ ਵੱਖਰੇ ਵੱਖਰੇ ਤਰੀਕੇ ਨਾਲ ਵਿਆਖਿਆ ਕੀਤੀ ਜਾ ਸਕਦੀ ਹੁੰਦੀ ਹੈ। ਇਸ ਤਰ੍ਹਾਂ ਧਾਰਮਿਕ ਪੁਸਤਕ ਪੜ੍ਹਨ ਵਾਲਾ ਹਰ ਵਿਅਕਤੀ ਉਸ ਦੀ ਆਪਣੇ ਹਿਸਾਬ ਨਾਲ ਵਿਆਖਿਆ ਕਰਦਾ ਹੈ ਅਤੇ ਅਕਸਰ ਦੂਜਿਆਂ ਦੀ ਵਿਆਖਿਆ ਨੂੰ ਗਲਤ ਦੱਸਦਾ ਹੈ। ਇਸੇ ਕਾਰਨ ਇਸਾਈ ਮੱਤ ਵਿਚ ਪੈਂਤੀ ਹਜਰ ਤੋਂ ਵੱਧ ਫਿਰਕੇ ਹਨ ਅਤੇ ਉਹ ਸਾਰੇ ਖੁਦ ਨੂੰ ਅਸਲੀ ਇਸਾਈ ਕਹਿੰਦੇ ਹਨ ਤੇ ਦੂਜਿਆਂ ਨੂੰ ਨਕਲੀ। ਸਿੱਖ ਧਰਮ ਜੋ ਮੁਕਾਬਲਤਨ ਨਵਾਂ ਹੈ, ਵਿਚ ਵੀ ਗੁਰਬਾਣੀ ਦੀਆਂ ਅਨੇਕਾਂ ਵੱਖਰੀਆਂ ਵਿਆਖਿਆਵਾਂ ਮਿਲਦੀਆਂ ਹਨ। ਨਤੀਜੇ ਵਜੋਂ ਪੰਜਾਬ ਦੇ ਬਾਰਾਂ ਹਜਾਰ ਪਿੰਡਾਂ ਵਿਚ ਅਠਾਰਾਂ ਹਜਾਰ ਸੰਤਾਂ ਦੇ ਡੇਰੇ ਹਨ। ਇਸ ਤੋਂ ਉਲਟ ਵਿਗਿਆਨ ਵਿਚ ਅਜਿਹੀ ਗੱਲ ਨਹੀਂ ਵਾਪਰਦੀ ਕਿਉਂਕਿ ਉਹ ਵੱਖਰੀ ਭਾਸ਼ਾ ਵਿਚ ਲਿਖਿਆ ਹੁੰਦਾ ਹੈ। ਤੁਸੀਂ ਆਪਣੀ ਲੋੜ ਅਨੁਸਾਰ ਗੁਰਬਾਣੀ ਦੀ ਵਿਆਖਿਆ ਕੀਤੀ ਹੈ ਕਿ ਗੁਰਬਾਣੀ ਰੱਬ ਨੂੰ ਨਹੀਂ ਮੰਨਦੀ। ਤੁਹਾਡੇ ਇਸ ਨਜਰੀਏ ਨਾਲ ਵੱਡੀ ਗਿਣਤੀ ਸਿੱਖ ਸ਼ਾਇਦ ਹੀ ਸਹਿਮਤ ਹੋਣ। ਜੇ ਹੋ ਜਾਣ ਤਾਂ ਉਹ ਇਸ ਧਰਮ ਦਾ ਅੰਤ ਹੋਵੇਗਾ। ਇਹ ਵਾਹ ਲਗਦੀ ਨੂੰ ਅਜੇ ਕੋਈ ਹੋਣ ਨਹੀਂ ਦੇਵੇਗਾ।

ਦੂਜੇ ਧਰਮਾਂ ਦੇ ਲੋਕ ਵੀ ਆਪੋ ਆਪਣੇ ਧਰਮ ਬਾਰੇ ਐਨ ਉਸੇ ਤਰ੍ਹਾਂ ਹੀ ਮਹਿਸੂਸ ਕਰਦੇ ਹਨ ਜਿਸ ਤਰ੍ਹਾਂ ਤੁਸੀਂ ਸਿੱਖ ਧਰਮ ਬਾਰੇ ਮਹਿਸੂਸ ਕਰਦੇ ਹੋ ਕਿ ਇਹ ਸਭ ਤੋਂ ਉੱਤਮ ਹੈ, ਤੇ ਹਰ ਲੋੜ ਅਨੁਸਾਰ ਆਪਣੇ ਧਾਰਮਿਕ ਗ੍ਰੰਥਾਂ ਵਿੱਚੋਂ ਉਦਾਹਰਨਾਂ ਕੱਢ ਕੇ ਪੇਸ਼ ਕਰ ਸਕਦੇ ਹਨ ਤੇ ਕਰਦੇ ਹਨ।

ਇਸ ਕਿਸਮ ਦੀਆਂ ਬਹੁਤ ਸਾਰੀਆਂ ਗੱਲਾਂ ਕੀਤੀ ਜਾ ਸਕਦੀਆਂ ਹਨ ਪਰ ਸ਼ਾਇਦ ਕਿਤੇ ਬੈਠ ਕੇ ਕਰਨੀਆਂ ਬੇਹਤਰ ਰਹਿਣ।

ਇਕ ਦੋ ਕੁ ਸਵਾਲ ਕਰਕੇ ਮੈਂ ਆਪਣੀ ਗੱਲ ਖਤਮ ਕਰਦਾ ਹਾਂ:

1) ਕੀ ਤੁਸੀਂ ਪੂਰੀ ਸਮਝ ਤੇ ਇਮਾਨਦਾਰੀ ਨਾਲ ਇਹ ਮਹਿਸੂਸ ਕਰਦੇ ਹੋ ਕਿ ਧਰਮ ਜੋ ਰੱਬ (ਜਿਸ ਦਾ ਕੋਈ ਸਬੂਤ ਅਜੇ ਤੱਕ ਨਹੀਂ ਮਿਲਿਆ) ਵਿਚ ਵਿਸ਼ਵਾਸ 'ਤੇ ਖੜ੍ਹਾ ਹੈ ਉਸ ਵਿਚ ਇਨਸਾਨ ਨੂੰ ਚੰਗਾ ਬਣਾਉਣ ਦੀ ਯੋਗਤਾ ਜਾਂ ਸ਼ਕਤੀ ਹੈ ਜੇ 'ਅਸਲੀ' ਨਾ ਕਿ 'ਨਕਲੀ' (ਅਸਲੀ ਨਕਲੀ ਦਾ ਫੈਸਲਾ ਕੌਣ ਕਰੇਗਾ ਤੇ ਕੀ ਇਹ ਸੰਭਵ ਵੀ ਹੈ?) ਧਰਮ ਨੂੰ ਮੰਨਿਆ ਜਾਵੇ?

2) ਤੁਹਾਡੇ ਖਿਆਲ ਵਿਚ ਸਿੱਖ ਧਰਮ ਨੂੰ ਮੰਨ ਕੇ, ਜੇ ਉਸ ਨੂੰ 'ਸਹੀ' ਤਰੀਕੇ ਨਾਲ ਮੰਨਿਆ ਜਾਵੇ, ਤਾਂ ਇਕ ਵਧੀਆ ਸਮਾਜ ਉਸਾਰਿਆ ਜਾ ਸਕਦਾ ਹੈ ਬਿਨਾਂ ਅਜੋਕੇ ਆਰਥਿਕ ਢਾਂਚੇ ਵਿਚ ਕੋਈ ਤਬਦੀਲੀ ਕੀਤਿਆਂ?

3) ਕੀ ਤੁਹਾਡੇ ਖਿਆਲ ਵਿਚ ਇਸ ਕਿਸਮ ਦੀ ਕੋਈ ਸੰਭਾਵਨਾ ਹੈ ਕਿ ਆਉਣ ਵਾਲੇ ਸਮੇਂ ਵਿਚ ਰੱਬ ਵਿਚ ਵਿਸ਼ਵਾਸ ਤੇ ਇਸ ਨੀਂਹ 'ਤੇ ਉਸਰੇ ਧਰਮ ਇਨਸਾਨ ਲਈ ਬੇਲੋੜੇ ਹੋ ਜਾਣ ਤੇ ਇਨ੍ਹਾਂ ਤੋਂ ਬਿਨਾਂ ਹੀ ਲੋਕ ਵਧੀਆ ਸਮਾਜ ਸਿਰਜ ਲੈਣ? (ਦੁਨੀਆ ਦੇ ਕੁਝ ਮੁਲਕਾਂ ਵਿੱਚ ਅਜਿਹਾ ਕੁਝ ਦੇਖਣ ਨੂੰ ਹੁਣੇ ਹੀ ਮਿਲ਼ ਰਿਹਾ ਹੈ।)

ਮੇਰੇ ਮਨ ਵਿਚ ਤੁਹਾਨੂੰ ਤੁਹਾਨੂੰ ਕਿਸੇ ਤਰ੍ਹਾਂ ਵੀ ਕੋਈ ਠੇਸ ਪਹੁੰਚਾਣ ਦੀ ਮਨਸ਼ਾ ਨਹੀਂ ਹੈ। ਮੈਂ ਇਸ ਵਿਸ਼ਵਾਸ ਨਾਲ ਲਿਖ ਰਿਹਾ ਹਾਂ ਕਿ ਤੁਸੀਂ ਮੇਰੀਆਂ ਗੱਲਾਂ ਦਾ ਬੁਰਾ ਨਹੀਂ ਮੰਨਾਓਗੇ ਤੇ ਮੇਰੇ ਵਿਚਾਰਾਂ ਨੂੰ ਸੰਜੀਦਗੀ ਨਾਲ ਲਵੋਗੇ।

ਜੇ ਤੁਸੀਂ ਮੇਰੇ ਸਵਾਲਾਂ ਦਾ ਜਵਾਬ ਨਾ ਦੇਣਾ ਚਾਹੋ ਤਾਂ ਵੀ ਕੋਈ ਸਮੱਸਿਆ ਨਹੀਂ। ਇਹ ਤੁਹਾਡਾ ਹੱਕ ਹੋਵੇਗਾ।

**ਸਨੇਹ ਤੇ ਸਤਿਕਾਰ ਨਾਲ**
**ਸਾਧੂ ਬਿਨਿੰਗ**
778-773-1886

# ਪੰਜਾਬ ਦੀ ਸਿਆਸਤ ਅਤੇ ਅਸਪਸ਼ਟ ਸਿਆਸੀ ਨਿਸ਼ਾਨੇ

*1960 ਤੋਂ ਬਾਅਦ ਇਕ ਪਾਸੇ ਹਰੀ ਕ੍ਰਾਂਤੀ ਨੇ ਸਮੁੱਚੇ ਪੰਜਾਬ ਦੇ ਵਿਕਾਸ ਮਾਡਲ ਵਿਚ ਪੂਰੀ ਤਰ੍ਹਾਂ ਪੂੰਜੀ ਦਾ ਰਸਤਾ ਅਖਤਿਆਰ ਲਿਆ। ਪੰਜਾਬ ਹਰੇਕ ਪੱਧਰ 'ਤੇ ਦੇਸ਼ਾਂ ਵਿਦੇਸ਼ਾਂ ਵਿਚ ਆਪਣੇ ਸਰਮਾਏ ਅਤੇ ਉਸ ਨਾਲ ਸਬੰਧਤ ਰਿਸ਼ਤਿਆਂ ਕਾਰਨ ਅਟੁੱਟ ਰੂਪ ਵਿਚ ਜੁੜਿਆ ਹੋਇਆ ਹੈ। ਇਸ ਦੇ ਨਾਲ ਹੀ ਜਿਸ ਕਿਸਮ ਦੀ ਰਾਜਨੀਤੀ ਵਿਸ਼ੇਸ਼ ਕਰਕੇ ਸਿੱਖ ਸਿਆਸਤ ਹਮੇਸ਼ਾ ਹੀ ਪੰਜਾਬ ਦੇ ਇਨ੍ਹਾਂ ਦੌਰਾਂ ਵਿਚ ਭਾਰੂ ਰਹੀ ਹੈ ਉਸ ਦੇ ਕਈ ਰੂਪ ਸਾਹਮਣੇ ਆਏ ਹਨ। ਪਰ ਜਿਸ ਕਿਸਮ ਨਾਲ ਕਮਿਊਨਿਸਟਾਂ ਅਤੇ ਸਿੱਖਾਂ ਦੇ ਸਾਂਝੇ ਮਸਲਿਆਂ ਅਤੇ ਪ੍ਰੋਗਰਾਮਾਂ ਦੇ ਪਿਛੇ ਸਮਝਦਾਰੀਆਂ ਉਪਰ ਟਕਰਾਵੀਆਂ ਪੁਜੀਸਨਾਂ ਹਨ। ਹਾਲਾਤ ਇਥੋਂ ਤੱਕ ਪਹੁੰਚ ਜਾਂਦੇ ਹਨ ਕਿ ਦੋਵੇਂ ਧਿਰਾਂ ਬਹੁਤ ਵਾਰੀ ਟਕਰਾਅ ਤੱਕ ਚਲੀਆਂ ਜਾਂਦੀਆਂ ਹਨ। ਇਹ ਅਜਿਹੇ ਸਵਾਲ ਹਨ ਜਿਨ੍ਹਾਂ ਨੂੰ ਸਮਝਣ ਲਈ ਮਾਰਕਸਵਾਦੀ ਦ੍ਰਿਸ਼ਟੀਕੋਣ ਅਤੇ ਸਿੱਖ ਦ੍ਰਿਸ਼ਟੀਕੋਣ ਵਰਗੇ ਵਿਚਾਰਧਾਰਕ ਪੈਮਾਨਿਆਂ ਨੂੰ ਠੀਕ ਢੰਗ ਨਾਲ ਲਾਗੂ ਕਰਨ ਅਤੇ ਸਮਝਣ ਦੀ ਜ਼ਰੂਰਤ ਹੈ। ਇਸ ਖੇਤਰ ਵਿਚ ਅਜੇ ਵੀ ਕਈ ਪੱਖਾਂ ਤੋਂ ਕਾਣ ਅਤੇ ਖੱਪੇ ਹਨ। ਫਿਰ ਵੀ ਸਾਡੀ ਸੁਹਿਰਦ ਕੋਸ਼ਿਸ਼ ਰਹਿੰਦੀ ਹੈ ਕਿ ਸੰਕਟਾਂ ਅਤੇ ਮਸਲਿਆਂ ਨੂੰ ਵਿਚਰਧਾਰਕ ਪੱਧਰ 'ਤੇ ਨਜਿੱਠਣ ਲਈ ਸਹੀ ਸੂਝ ਵਿਕਸਿਤ ਕੀਤੀ ਜਾਵੇ। ਇਸ ਪ੍ਰਕਿਰਿਆ ਦੀ ਕੜੀ ਵਜੋਂ ਹੀ ਇਹ ਲਿਖਤ ਪੇਸ਼ ਕਰ ਰਹੇ ਹਾਂ। ਭਵਿੱਖ ਵਿਚ ਹਰੇਕ ਟਕਰਾਵੀਂ ਪੁਜੀਸ਼ਨ ਨੂੰ ਅਤੇ ਸਮਝਦਾਰੀ ਨੂੰ ਜੀ ਆਇਆਂ ਕਹਾਂਗੇ ਤਾਂ ਕਿ ਸਹੀ ਦ੍ਰਿਸ਼ਟੀ ਤੋਂ ਸਮਝਦਾਰੀ ਵਿਕਸਿਤ ਹੋ ਸਕੇ। ਅਜੇ ਅਸੀਂ ਲਗਦਾ ਹੈ ਆਪਸੀ ਉਲਝਾਵਾਂ ਵਿਚ ਹੀ ਉਲਝੇ ਹੋਏ ਹਾਂ ਜਿਸ ਕਰਕੇ ਪੰਜਾਬ ਦਾ ਕੋਈ ਭਵਿੱਖਮਈ ਸਹੀ ਨਕਸ਼ਾ ਨਹੀਂ ਬਣਾ ਸਕੇ। – ਸੰਪਾਦਕ*

ਹਜ਼ਾਰਾ ਸਿੰਘ ਮਿਸੀਸਾਗਾ

'ਪੰਜਾਬ ਟਾਈਮਜ਼' ਦੇ 28 ਜਨਵਰੀ 2023 ਵਾਲੇ ਅੰਕ 4 ਵਿਚ ਹਰਚਰਨ ਸਿੰਘ ਪ੍ਰਹਾਰ ਦੀ ਪੰਜਾਬ ਦੇ ਕਮਿਊਨਿਸਟਾਂ ਅਤੇ ਸਿੱਖ ਵਿਦਵਾਨਾਂ ਦੀ ਪਹੁੰਚ ਬਾਰੇ ਲਿਖਤ ਪੜ੍ਹੀ। ਇਹ ਲਿਖਤ ਪਿਛਲੇ 40 ਸਾਲਾਂ ਦੀਆਂ ਘਟਨਾਵਾਂ 'ਤੇ ਪੰਛੀ ਝਾਤ ਪੁਆਉਂਦੀ ਹੈ, ਘਟਨਾਵਾਂ ਨਾਲ ਜੁੜੇ ਪਾਤਰਾਂ ਦੀ ਨੀਤ ਅਤੇ ਨੀਤੀ ਬਾਰੇ ਕਈ ਗੁੱਝੇ ਪੱਖਾਂ ਤੇ ਰੌਸ਼ਨੀ ਪਾਉਂਦੀ ਹੈ। ਇਨ੍ਹਾਂ ਘਟਨਾਵਾਂ ਨਾਲ ਵਾਬਸਤਾ ਰਹੇ ਆਗੂਆਂ ਅਤੇ ਵਿਦਵਾਨਾਂ ਦੀ ਦੂਰਦਰਸ਼ਤਾ ਅਤੇ ਕਾਬਲੀਅਤ 'ਤੇ ਵਾਜਿਬ ਸਵਾਲ ਖੜ੍ਹੇ ਕਰਦੀ ਹੈ। ਲਿਖਤ ਸਾਬਿਤ ਕਰਦੀ ਹੈ ਕਿ ਕੇਂਦਰੀ ਸਰਕਾਰ ਸਮੇਤ ਸਭ ਧਿਰਾਂ ਆਪੋ-ਆਪਣੇ ਸਵਾਰਥ ਨੂੰ ਹੀ ਮੁੱਖ ਰੱਖ ਰਹੀਆਂ ਸਨ। ਕੋਈ ਧਿਰ ਵੀ ਸੁਹਿਰਦ ਨਹੀ ਸੀ। ਕਮਿਊਨਿਸਟ ਅਤੇ ਸਿੱਖ ਵਿਦਵਾਨ ਵੀ ਸਵਾਲਾਂ ਦੇ ਘੇਰੇ ਵਿਚ ਹਨ। ਸਭ ਵਾਸਤੇ ਵੱਡਾ ਸਵਾਲ ਹੈ ਕਿ ਇਹ ਪੰਜਾਬ ਦੇ ਲੋਕਾਂ ਦੇ ਬੁਨਿਆਦੀ ਮਸਲਿਆਂ 'ਤੇ ਕੋਈ ਚਿੰਤਨ ਅਤੇ ਹੱਲ ਪੇਸ਼ ਕਿਉਂ ਨਹੀ ਕਰ ਸਕੀਆਂ।

ਹਰਚਰਨ ਸਿੰਘ ਪ੍ਰਹਾਰ ਦੇ ਅਕਾਲੀ ਲੀਡਰਾਂ, ਸਿੱਖ ਵਿਦਵਾਨਾਂ, ਕਮਿਊਨਿਸਟ ਚਿੰਤਕਾਂ ਅਤੇ ਕਮਿਊਨਿਸਟਾਂ ਤੋਂ ਸਿੱਖ ਬਣੇ ਵਿਦਵਾਨਾਂ ਬਾਰੇ ਸਵਾਲ ਵਾਜਿਬ ਹਨ ਪਰ ਇਨ੍ਹਾਂ ਦਾ ਜਵਾਬ ਕਿਸੇ ਨੇ ਨਹੀਂ ਦੇਣਾ। ਭਲਾ ਅਕਾਲੀ ਦਲ ਵੱਲੋਂ ਮੋਰਚਾ ਦਰਬਾਰ ਸਾਹਿਬ ਅੰਦਰ ਲਿਜਾ ਕੇ ਪੰਜਾਬ ਦੀਆਂ ਮੰਗਾਂ ਨੂੰ ਸਿੱਖ ਮੰਗਾਂ ਦਾ ਰੂਪ ਕਿਉਂ ਦਿੱਤਾ ਗਿਆ? ਇਸ ਦਾ ਜਵਾਬ ਕਿਹੜੀ ਧਿਰ ਦੇਵੇਗੀ? ਦਰਬਾਰ ਸਾਹਿਬ ਅੰਦਰ ਹਥਿਆਰ ਕਿਸ ਸਾਜ਼ਿਸ਼ ਤਾਹਿਤ ਭੇਜੇ ਗਏ ਅਤੇ ਹਥਿਆਰ ਪ੍ਰਾਪਤ ਕਰਨ ਵਾਲੇ ਉਸ ਸਾਜ਼ਿਸ਼ ਨੂੰ ਕਿਉਂ ਨਾ ਸਮਝ ਸਕੇ? ਇਸ ਦਾ ਜਵਾਬ ਵੀ ਕਿਸੇ ਵਿਦਵਾਨ ਨੇ ਨਹੀਂ ਦੇਣਾ। ਟੋਰਾਂਟੋ ਆਏ ਗੁਰਚਰਨ ਸਿੰਘ ਟੌਹੜਾ ਨੂੰ ਕਿਸੇ ਨੇ ਪੁੱਛਿਆ ਸੀ ਕਿ ਸੰਤਾਂ ਨੂੰ ਅਕਾਲ ਤਖਤ 'ਤੇ ਮੋਰਚਾਬੰਦੀ ਦੀ ਆਗਿਆ ਦੇਣਾ ਤੁਹਾਡੀ ਕਮਜ਼ੋਰੀ ਸੀ ਜਾਂ ਨਾਲਾਇਕੀ? ਟੌਹੜਾ ਜੀ ਮੋਰਚਾਬੰਦੀ ਤੋਂ ਹੀ ਮੁਨਕਰ ਹੋ ਗਏ। ਬਹੁਤ ਵਰ੍ਹੇ ਪੰਥਕ ਧਿਰਾਂ ਇਸ ਗੱਲ ਤੋਂ ਮੁਨਕਰ ਰਹੀਆਂ ਕਿ ਦਰਬਾਰ ਸਾਹਿਬ ਅੰਦਰ ਮਿਥ ਕੇ ਲੜਾਈ ਲੜਨ ਦੇ ਇਰਾਦੇ ਨਾਲ ਕੋਈ ਹਥਿਆਰ ਇੱਕਠੇ ਕੀਤੇ ਗਏ ਸਨ। ਬੜੇ-ਬੜੇ ਮਹਾਂਪੁਰਖਾਂ ਸਮੇਤ ਜਿਹੜੀਆਂ ਧਿਰਾਂ ਸੰਤ ਜਰਨੈਲ ਸਿੰਘ ਦੇ ਮਾਰੇ ਜਾਣ ਨੂੰ ਮੰਨਣ ਤੋਂ ਹੀ ਵੀਹ ਸਾਲ ਇਨਕਾਰੀ ਰਹੀਆਂ, ਉਹ ਪ੍ਰਹਾਰ ਦੀ ਲਿਖਤ ਵਿਚਲੇ ਸਵਾਲਾਂ ਦਾ ਕੀ ਜਵਾਬ ਦੇਣਗੀਆਂ!

ਵੈਸੇ ਅਸਿੱਧੇ ਤੌਰ 'ਤੇ ਸਮੇਂ ਨੇ ਬਹੁਤ ਸਾਰੇ ਸਵਾਲਾਂ ਦਾ ਜਵਾਬ ਦੇ ਦਿੱਤਾ ਹੈ। ਕਾਂਗਰਸ ਅਤੇ ਭਾਰਤੀ ਸਟੇਟ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਨੂੰ ਗਲਤੀ ਸਮਝ ਰਹੀਆਂ ਹਨ ਅਤੇ ਅਸਿੱਧੇ ਤੌਰ 'ਤੇ ਪਛਤਾਵਾ ਕਰ ਰਹੀਆਂ ਹਨ। ਅਕਾਲੀ ਦਲ ਸਿਆਸੀ ਮੰਗਾਂ ਲਈ ਮੋਰਚਾ ਸਿਆਸਤ ਤੋਂ ਤੋਬਾ ਕਰ ਚੁੱਕਾ ਹੈ। ਕੁਝ ਬੇਚੈਨ ਗਰਮਖਿਆਲੀ ਸਿੱਖ ਚਿੰਤਕ ਉਸ ਪੈਂਤੜੇ 'ਤੇ ਮੁੜਨ ਨੂੰ ਅਜੇ ਵੀ ਬਥੇਰਾ ਤਾਂਘਦੇ ਹਨ, ਪਰ ਉਨ੍ਹਾਂ ਦੀ ਇਸ ਤਾਂਘ ਨੂੰ ਬੂਰ ਪੈਂਦਾ ਕਿਧਰੇ ਦਿਸ ਨਹੀਂ ਰਿਹਾ।

ਇਹ ਠੀਕ ਹੈ ਕਿ ਪੰਜਾਬ ਦੀ ਤਾਸੀਰ ਵਿਚ ਹਥਿਆਰਬੰਦ ਯੁੱਧ ਦਾ ਵਲਵਲਾ ਰਿਹਾ ਹੋਣ ਕਾਰਨ ਪੰਜਾਬੀਆਂ ਨੂੰ ਹਰ ਉਹ ਲਹਿਰ ਚੰਗੀ ਲਗਦੀ ਰਹੀ ਹੈ ਜਿਸ ਵਿਚ ਹਥਿਆਰਬੰਦ ਅੰਸ਼ ਸ਼ਾਮਿਲ ਹੁੰਦਾ ਸੀ। ਮਿਸਾਲ ਵਜੋਂ ਗਦਰ ਲਹਿਰ, ਬੱਬਰ ਅਕਾਲੀ ਲਹਿਰ, ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਆਦਿ ਦੇ ਸੂਰਮਤਾਈ ਵਾਲੇ ਕਾਰਨਾਮੇ ਪੰਜਾਬੀਆਂ ਦੇ ਮਨਾਂ 'ਤੇ ਛਾਏ ਹੋਏ ਹਨ। ਹੋਰ ਤਾਂ ਹੋਰ, ਦੁੱਲਾ ਭੱਟੀ, ਸੁੱਚਾ ਸੂਰਮਾ ਅਤੇ ਜਿਊਣਾ ਮੌੜ ਅਤੇ ਜੱਗਾ ਡਾਕੂ ਵੀ ਪੰਜਾਬੀਆਂ ਦੇ ਮਨਾਂ ਵਿਚ ਅਣਖ ਲਈ ਲੜਨ ਵਾਲੇ ਸਤਿਕਾਰਤ ਸੂਰਮੇ ਹਨ। ਬੱਸ ਇਨ੍ਹਾਂ ਭਾਵਨਾਵਾਂ ਕਾਰਨ ਹੀ ਜਦ ਕਿਤੇ ਲੜਾਈ ਦਾ ਆਦਰਸ਼ ਵੱਡਾ ਜਾਪਦਾ ਹੋਏ ਤਾਂ ਪੰਜਾਬੀ ਲੋਕ ਹਥਿਆਰਬੰਦ ਲੜਾਈ ਲਈ ਕਾਹਲੇ ਪੈ ਜਾਂਦੇ ਹਨ। ਗੱਲ 'ਸ਼ਾਹ ਮੁਹੰਮਦਾ ਵਰਜ ਨਾ ਜਾਂਦਿਆਂ ਨੂੰ, ਫੌਜਾਂ ਹੋਇ ਮੁਹਾਣੀਆਂ ਕਦ ਮੁੜੀਆਂ' ਵਾਲੀ ਹੋ ਜਾਂਦੀ ਹੈ। ਜਜ਼ਬਾਤ ਦੀ ਹਨੇਰੀ ਅੱਗੇ ਲੀਡਰ ਬੇਵੱਸ ਹੋ ਜਾਂਦੇ ਹਨ, ਫੌਜਾਂ ਬੇਕਾਬੂ ਹੋ ਕੇ ਹੰਨੇ-ਹੰਨੇ ਮੀਰੀ ਵਰਤਾਉਣ ਲਈ ਉਤਾਵਲੀਆਂ ਹੋ ਜਾਂਦੀਆਂ ਹਨ। ਜਥੇਬੰਦੀਆਂ ਦੇ ਕੁੰਡੇ ਟੁੱਟ ਜਾਂਦੇ ਹਨ ਤੇ ਆਪ-ਮੁਹਾਰੇਪਣ ਦੇ ਮਾਹੌਲ ਵਿਚ ਆਗੂਆਂ ਨੂੰ ਪੁੱਛਣ ਦੀ ਥਾਂ ਕਿਹਾ ਜਾਂਦਾ ਹੈ- 'ਸ਼ਾਹ ਮੁਹੰਮਦਾ ਗੱਲ ਤਾਂ ਸੋਈ ਹੋਣੀ, ਜਿਹੜੀ ਕਰੇਗਾ ਖਾਲਸਾ ਪੰਥ ਮੀਆਂ'। ਕਿਸਾਨ ਮੋਰਚੇ ਦੌਰਾਨ ਵੀ ਇਹੋ ਵਰਤਾਰਾ ਵਰਤਾਉਣ ਦੀ ਕੋਸ਼ਿਸ਼ ਸੀ ਪਰ ਕਿਸਾਨ ਜਥੇਬੰਦੀਆਂ ਦੀ ਸੂਝ-ਬੂਝ ਅਤੇ ਆਪਣੇ ਬਿਰਤਾਂਤ 'ਤੇ ਪੱਕੇ ਪੈਰੀਂ ਖੜ੍ਹੇ ਰਹਿਣ ਦੀ ਮਜ਼ਬੂਤੀ ਨੇ ਪੰਜਾਬੀਆਂ ਦੇ ਇਸ ਆਪਮੁਹਾਰੇਪਣ ਵਾਲੇ ਵਤੀਰੇ ਵਿਚ ਇਤਿਹਾਸਕ ਸਿਫਤੀ ਤਬਦੀਲੀ ਦਾ ਕਾਰਜ ਕੀਤਾ। ਇਸੇ ਕਰ ਕੇ ਹੁਣ 'ਪੱਕੇ' ਮੋਰਚੇ ਲਾਉਣ ਵਾਲੇ ਹਥਿਆਰ ਉਠਾਉਣ ਦੀਆਂ ਗੱਲਾਂ ਕਰਨ ਦੀ ਥਾਂ ਕਿਸਾਨ ਮੋਰਚੇ ਤੋਂ ਸਿੱਖੇ ਸਬਕ ਅਪਣਾਉਣ ਦੀਆਂ ਗੱਲਾਂ ਕਰਦੇ ਹਨ ਪਰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲਿਆਂ ਅਤੇ ਅੰਦਰੋਂ ਮੋਰਚਾ ਬਣਾ ਕੇ ਲੜਨ ਵਾਲਿਆਂ ਵਾਂਗ 26 ਜਨਵਰੀ ਨੂੰ ਲਾਲ ਕਿਲ੍ਹੇ 'ਤੇ ਝੰਡਾ ਝੁਲਾਉਣ ਵਾਲੇ ਵੀ ਸਮੁੱਚੇ ਕਿਸਾਨ ਮੋਰਚੇ ਨੂੰ ਲੀਹੋਂ ਲਾਹੁਣ ਦੀ ਗਲਤੀ ਨੂੰ ਖੁੱਲ੍ਹ ਕੇ ਸਵੀਕਾਰਨ ਲਈ ਤਿਆਰ ਨਹੀਂ, ਸਗੋਂ ਦੀਪ ਸਿੱਧੂ ਦੇ ਉਸਤਾਦ ਸਿੱਖ ਚਿੰਤਕ ਅਜਮੇਰ ਸਿੰਘ ਨੇ ਪੂਰੀ ਕਿਸਾਨ ਲੀਡਰਸਿਪ ਨੂੰ ਜੜੋਂ ਹੀ ਨਖਿੱਧ ਸਾਬਤ ਕਰਕੇ ਉਨ੍ਹਾਂ ਦੇ ਮੁਕਾਬਲੇ ਦੀਪ ਨੂੰ ਸਿੱਖਾਂ ਦਾ ਆਦਰਸ ਨਾਇਕ ਸਾਬਤ ਕਰਨ ਲਈ ਲਗਾਤਾਰ ਪੂਰਾ ਤਾਣ ਲਾਇਆ ਹੋਇਆ ਹੈ। ਇਸ ਪ੍ਰਥਾਇ ਉਸ ਵਲੋਂ ਲਾਲ ਕਿਲਾ ਕਾਂਡ ਦੀ ਦੂਸਰੀ ਵਰ੍ਹੇਗੰਢ ਮਨਾਉਣ ਲਈ 26 ਜਨਵਰੀ ਨੂੰ ਗੁਰਦੁਆਰਾ ਹਾਜੀਰਤਨ ਬਠਿੰਡਾ ਵਿਖੇ 'ਲਾਲ ਕਿਲੇ 'ਤੇ ਝੁਲੇ ਕੇਸਰੀ ਨਿਸਾਨ' ਵਾਲਾ ਵਿਹੂਣਨ ਪਰੰਤੂ ਵਲਵਲੇ ਭਰਪੂਰ ਭਾਸਣ ਯੂਟਿਊਬ ਉਪਰ ਸੁਣਿਆ ਜਾ ਸਕਦਾ ਹੈ।

ਹਰਚਰਨ ਸਿੰਘ ਪ੍ਰਹਾਰ ਕਮਿਊਨਸਿਟ ਅਤੇ ਸਿੱਖ ਵਿਦਵਾਨਾਂ ਬਾਰੇ ਸਵਾਲ ਉਠਾ ਰਹੇ ਹਨ। ਸਵਾਲ ਵਾਜਿਬ ਹਨ ਪਰ ਇਨ੍ਹਾਂ ਵਿਦਵਾਨਾਂ ਦੇ ਵੱਸ ਤੋਂ ਬਾਹਰ ਹਨ। ਢਿੱਲਵਾਂ ਬੱਸ ਕਾਂਡ ਦੀ ਸਿੱਖ ਵਿਦਵਾਨ, ਨਕਸਲੀਆਂ ਵੱਲੋਂ ਬਿਨਾ ਕਿਸੇ ਠੋਸ ਤਿਆਰੀ ਦੇ ਭੀਖੀ, ਸਮਾਓਂ ਅਤੇ ਕਿਲ੍ਹਾ ਹਕੀਮਾਂ ਵਿਚ ਜ਼ਮੀਨਾਂ 'ਤੇ ਜਬਰੀ ਕਬਜ਼ੇ ਕਰਨ ਦੀ ਛੇੜ ਅਤੇ ਜਨਰਲ ਬਲਵੰਤ ਸਿੰਘ ਦੇ ਕਤਲ ਦੀ ਕਮਿਊਨਿਸਟਾਂ ਕੋਲ ਕੀ ਵਾਜਿਬ ਵਿਆਖਿਆ ਹੋ ਸਕਦੀ ਹੈ? ਰਾਜ ਉਲਟਾਉਣ ਲਈ ਦਰਬਾਰ ਸਾਹਿਬ ਅੰਦਰ ਹਥਿਆਰ ਇਕੱਠੇ ਕਰਨੇ ਜਾਂ ਨਕਸਲੀਆਂ ਵੱਲੋਂ ਚਮਕੌਰ ਸਾਹਿਬ ਪੁਲਿਸ ਚੌਕੀ 'ਤੇ ਹਮਲਾ ਕਰਨਾ ਸਿਆਸੀ ਸੂਝ ਤੋਂ ਵਿਰਵੀ ਇੱਕੋ ਜਿਹੀ ਭਾਵੁਕ ਮਾਅਰਕੇਬਾਜ਼ੀ ਸੀ। ਦੋਨਾਂ ਧਿਰਾਂ ਦੇ ਆਦਰਸ਼ ਵੱਖਰੇ ਸਨ। ਆਪੋ-ਆਪਣੀ ਥਾਂ 'ਤੇ ਦੋਨੋ ਧਿਰਾਂ ਦੇ ਆਦਰਸ਼ ਬਹੁਤ ਉੱਚੇ ਸਨ ਅਤੇ ਉਹ ਇਸ ਲਈ ਕੁਰਬਾਨੀ ਕਰਨ ਵਾਸਤੇ ਉਤਾਵਲੇ ਵੀ ਸਨ, ਪਰ ਕਿਸੇ ਮੁਹਿੰਮ ਨੂੰ ਸਰ ਕਰਨ ਲਈ ਕੁਰਬਾਨੀ ਦਾ ਜਜਬਾ ਕੀ ਕਾਫੀ ਹੈ? ਇਥੇ ਪ੍ਰਹਾਰ ਵਲੋਂ ਸ੍ਰੀ ਲੰਕਾ ਵਿਚ ਲਿਟਿਆਂ ਵਲੋਂ ਆਪਣੇ ਸੰਘਰਸ ਦੌਰਾਨ ਅਣਗਿਣਤ ਬੇਮਿਸਾਲ ਪਰੰਤੂ ਅਝਾਂਈ ਦਿਤੀਆਂ ਗਈਆਂ ਕੁਰਬਾਨੀਆਂ ਦੀ ਬੜੀ ਢੁਕਵੀਂ ਮਿਸਾਲ ਦਿਤੀ ਹੈ।

ਜਦ ਕਮਿਊਨਿਸਟ ਅਤੇ ਸਿੱਖ ਧਾਰਾਵਾਂ ਦੀ ਗੱਲ ਚਲਦੀ ਹੈ ਤਾਂ ਨੇੜਲੇ ਇਤਿਹਾਸ ਵਿਚ ਪੰਜਾਬ ਦੇ ਲੋਕਾਂ ਨੂੰ ਉੱਪਰੋਥਲੀ ਦੋ ਰਾਜਸੀ ਨਿਸ਼ਾਨਿਆਂ ਨੇ ਧੁਰ ਅੰਦਰ ਤੱਕ ਪ੍ਰਭਾਵਿਤ ਕੀਤਾ। ਕਮਿਊਨਿਸਟਾਂ ਦੇ 'ਇਨਕਲਾਬ' ਅਤੇ ਸਿੱਖ ਧਾਰਾ ਦੇ 'ਖਾਲਸਾ ਰਾਜ' ਨੇ। ਇਹ ਦੋਨੋਂ ਧਾਰਾਵਾਂ ਲੜਨ ਲਈ ਜੋਸ਼ ਅਤੇ ਕੁਰਬਾਨੀ ਦਾ ਜਜ਼ਬਾ ਤਾਂ ਪੰਜਾਬ ਦੀ ਤਾਸੀਰ ਵਿਚੋਂ ਲੈਂਦੀਆਂ ਸਨ ਪਰ ਰਾਜਨੀਤਕ ਤੌਰ 'ਤੇ ਨਾ ਸਪਸ਼ਟ ਸਨ ਅਤੇ ਨਾ ਹੀ ਲੜਾਈ ਲਈ ਤਿਆਰ। ਕਮਿਊਨਿਸਟਾਂ ਨੂੰ ਜਿਸ ਤਰ੍ਹਾਂ ਦਾ ਕਾਹਲੀ-ਕਾਹਲੀ ਜੋ ਸਮਝ ਆਇਆ, ਉਨ੍ਹਾਂ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਧਾਰਾ ਦੀ ਰਾਜਸੀ ਚੌਖਟੇ ਬਾਰੇ ਪਹੁੰਚ ਇਹ ਰਹੀ ਹੈ ਕਿ ਜਦ ਰਾਜ ਆ ਗਿਆ ਤਾਂ ਚੌਖਟਾ ਵੀ ਆਪੇ ਬਣ ਜਾਊ। ਕੋਈ ਪੁੱਛ ਬੈਠਾ ਕਿ ਖਾਲਿਸਤਾਨ ਨਾਲ ਤਾਂ ਸਮੁੰਦਰ ਨਹੀਂ ਲੱਗੇਗਾ। ਇੱਕ ਜਵਾਬ ਸੀ ਕਿ ਤੂੰ ਡੁੱਬਣਾ! ਦੂਸਰਾ ਜਵਾਬ ਸੀ ਕਿ ਤੁਸੀਂ ਲੱਤਾਂ ਨਾ ਖਿੱਚੋ, ਸਮੁੰਦਰ ਅਸੀਂ ਆਪੇ ਪੁੱਟ ਲਵਾਂਗੇ। ਐਸੇ ਮਾਹੌਲ ਵਿਚ ਕਿਹੜਾ ਵਿਦਵਾਨ ਕੀ ਜਵਾਬ ਦੇਵੇਗਾ ਅਤੇ ਕੀ ਸਵਾਲ ਕਰੇਗਾ?

ਦੋਨੋਂ ਧਾਰਾਵਾਂ ਦੇ ਨਿਸ਼ਾਨਿਆਂ- 'ਇਨਕਲਾਬ' ਅਤੇ 'ਖਾਲਸਾ ਰਾਜ' ਦੀ ਪ੍ਰਾਪਤੀ ਲਈ ਦੋਨੋਂ ਧਿਰਾਂ ਪੰਜਾਬ ਦੀ ਧਰਤੀ 'ਤੇ ਵੱਖ-ਵੱਖ ਸਮੇਂ ਲੜੀਆਂ। ਦੋਹਾਂ ਦੀ ਸ਼ਕਤੀ ਪੰਜਾਬ ਦੇ ਲੋਕ ਅਤੇ ਪੰਜਾਬੀ ਤਾਸੀਰ ਸੀ। ਦੋਨੋਂ ਕਾਹਲ ਅਤੇ ਜਜ਼ਬਾਤ ਦੇ ਘੋੜੇ 'ਤੇ ਸਵਾਰ ਸਨ। ਦੋਹਾਂ ਵਿਚ ਵਿਦਵਾਨ ਅਤੇ ਵਿਦਵਤਾ ਕਿਤੇ ਪਿੱਛੇ ਰਹਿ ਗਏ ਸਨ। ਦੋਨਾਂ ਦੀ ਅਗਵਾਈ ਕਰਨ ਲਈ ਦੋ ਆਗੂ ਆਏ ਜੋ ਆਪੋ-ਆਪਣੀ ਧਾਰਾ ਵਿਚ ਸਿਤਾਰਿਆਂ ਵਾਂਗ ਚਮਕਦੇ ਨਾਇਕ ਹੋ ਨਿੱਬੜੇ। ਬਾਕੀ ਦੁਨੀਆ ਵਿਚ ਦੋਹਾਂ ਨੂੰ ਅਨਪੜ੍ਹਾਂ ਦੇ ਅਨਪੜ੍ਹ ਲੀਡਰ ਕਿਹਾ ਜਾਂਦਾ ਸੀ ਪਰ ਇਹ ਦੋਨੋਂ ਆਪੋ-ਆਪਣੇ ਸਮਰਥਕਾਂ ਨੂੰ ਕੀਲਣ ਦੀ ਵਿਸ਼ੇਸ਼ ਯੋਗਤਾ ਦੇ ਮਾਲਕ ਸਨ। ਦੋਨੋਂ ਦੁਨਿਆਵੀ ਲਾਲਚਾਂ ਤੋਂ ਨਿਰਲੇਪ ਅਤੇ ਕੁਰਬਾਨੀ ਲਈ ਆਪਣੇ ਆਪ ਨੂੰ ਤਿਆਰ ਕਰੀ ਬੈਠੇ ਸਨ। ਦੋਹਾਂ ਲਈ ਸੈਂਕੜੇ ਲੋਕ ਮਰ ਮਿਟਣ ਲਈ ਤਿਆਰ ਸਨ। ਇਹ ਦੋ ਸ਼ਖਸ ਸਨ ਕਾਮਰੇਡ ਬਾਬਾ ਬੂਝਾ ਸਿੰਘ ਅਤੇ ਸੰਤ ਜਰਨੈਲ ਸਿੰਘ। ਦੋਹਾਂ ਵਿਚ ਬਹੁਤ ਕੁਝ ਸਾਂਝਾ ਸੀ ਅਤੇ ਦੋ ਧਰੁਵਾਂ ਜਿੰਨੀ ਦੂਰੀ ਵੀ। ਬਾਬਾ ਬੂਝਾ ਸਿੰਘ ਨੇ ਮਾਸਕੋ ਤੱਕ ਜਾ ਕੇ ਕਮਿਊਨਿਜ਼ਮ ਦੀ ਮੋਟੀ ਠੁੱਲ੍ਹੀ ਪੜ੍ਹਾਈ ਕੀਤੀ, ਬਹੁਤ ਸਾਰੇ ਨੌਜੁਆਨਾਂ ਨੂੰ ਸਟੱਡੀ ਸਰਕਲ ਦਿੱਤੇ, ਨੌਜੁਆਨ ਇਨਕਲਾਬੀ ਬਣਾਏ, ਸਭਾਵਾਂ ਬਣਾਈਆਂ ਅਤੇ ਇਨਕਲਾਬ ਦੇ ਰਾਹ ਤੋਰਿਆ ਪਰ ਭਾਰਤ ਦੇ ਵੱਡੇ ਕਾਮਰੇਡ ਬਾਬੇ ਨੂੰ ਅਨਪੜ੍ਹ ਹੀ ਜਾਣਦੇ ਸਨ। ਦੂਸਰੇ ਪਾਸੇ, ਸੰਤ ਜਰਨੈਲ ਸਿੰਘ ਨੇ ਧਾਰਮਿਕ ਗ੍ਰੰਥ ਪੜ੍ਹੇ, ਅੰਮ੍ਰਿਤ ਛਕਾਉਣ ਦੀ ਲਹਿਰ ਚਲਾਈ, ਨੌਜੁਆਨਾਂ ਨੂੰ ਨਸ਼ੇ ਛੁਡਾ ਕੇ ਅੰਮ੍ਰਿਤਧਾਰੀ ਬਣਾਇਆ ਅਤੇ ਖਾਲਸਾ ਰਾਜ ਦੇ ਵਿਚਾਰ ਨੂੰ ਮੁੜ ਸੁਰਜੀਤ ਕੀਤਾ।

ਜਿਵੇਂ ਬਾਬਾ ਬੂਝਾ ਸਿੰਘ ਦੇ ਨਕਸਲੀਏ ਸੋਚਦੇ ਸਨ ਕਿ ਇਨਕਲਾਬ ਬੰਦੂਕ ਨਾਲੀ ਵਿਚੋਂ ਨਿਕਲਦਾ ਹੈ, ਉਵੇਂ ਹੀ ਸਿੱਖ ਧਾਰਾ ਵਿਚ 'ਸ਼ਸਤਰਨ ਕੇ ਆਧੀਨ ਹੈ ਰਾਜ' ਦਾ ਵਿਚਾਰ ਪ੍ਰਬਲ ਸੀ। ਪੰਜਾਬ ਵਿਚਲੇ ਨਕਸਲੀਏ ਹਥਿਆਰਬੰਦ ਇਨਕਲਾਬ ਦੇ ਰੋਮਾਂਚਿਕ ਪੱਖ ਦੀ ਕੀਲ ਵਿਚ ਸਨ। ਉਹ ਸੋਚਦੇ ਸਨ ਕਿ ਬਹੁਤਾ ਸੋਚਣ ਵਿਚਾਰਨ ਦਾ ਸਮਾਂ ਨਹੀਂ, ਬੱਸ ਮੱਕੀਆਂ ਵੱਡੀਆਂ ਹੋਣ ਦੀ ਦੇਰ ਆ, ਪਿੰਡਾਂ ਵਿਚੋਂ ਬਗਾਵਤ ਕਰ ਕੇ ਸ਼ਹਿਰ ਕਬਜ਼ੇ ਵਿਚ ਲੈ ਲੈਣੇ ਹਨ। ਇਹ ਇਨਕਲਾਬ ਦਾ ਜਟਕਾ ਤਰੀਕਾ ਸੀ।

ਦੂਸਰੇ ਪਾਸੇ, ਸਿੱਖ ਧਾਰਾ ਵੀ ਸਭਰਾਵਾਂ ਦੀ ਹਾਰ ਤੋਂ ਬਾਅਦ ਬਾਜ਼ੀ ਜਿੱਤਣ ਲਈ ਇੱਕ ਵਾਰ ਹਥਿਆਰਬੰਦ ਯੁੱਧ ਲੜ ਕੇ ਦੇਖਣਾ ਚਾਹੁੰਦੀ ਸੀ। ਨਕਸਲੀਆਂ ਦੇ ਜਟਕੇ ਇਨਕਲਾਬੀ ਤਰੀਕੇ ਵਾਂਗ ਹੀ ਸੰਤ ਜਰਨੈਲ ਸਿੰਘ ਨੇ 'ਇਹ ਵੀ ਜਟਕਾ ਫੰਧ ਲਗਾ ਲਈਏ' ਅਨੁਸਾਰ ਇੱਕੋ ਹੱਲੇ ਖਾਲਸਾ ਰਾਜ ਸਿਰਜ ਦੇਣ ਦਾ ਜਟਕਾ ਫੰਧ ਲਾਇਆ ਸੀ। ਫੰਧ ਇਹ ਸੀ ਕਿ ਇੰਦਰਾ ਤਾਂ ਭਾਵੇਂ ਆਪਣੇ ਰਾਜਸੀ ਲਾਭ ਲਈ ਹਾਲਾਤ ਵਿਗੜੀ ਜਾਣ ਦੇਈ ਜਾ ਰਹੀ ਸੀ ਪਰ ਸੰਤ ਇਸ ਦਾਅ 'ਤੇ ਸੀ ਕਿ ਜਦ ਵਿਗੜੇ ਹਾਲਾਤ ਨੂੰ ਕਾਬੂ ਕਰਨ ਲਈ ਫੌਜ ਆਏਗੀ ਤਾਂ ਦੋ-ਤਿੰਨ ਦਿਨ ਮੁਕਾਬਲਾ ਕਰ ਕੇ ਰੋਕਾਂਗੇ, ਇੰਨੇ ਚਿਰ ਨੂੰ ਪੰਜਾਬ ਵਿਚ ਅਫਰਾ-ਤਫਰੀ ਫੈਲ ਜਾਏਗੀ, ਵੱਡੇ ਪੱਧਰ 'ਤੇ ਫੈਲੀ ਗੜਬੜ ਕਾਰਨ ਹਾਲਾਤ ਕਾਬੂ ਤੋਂ ਬਾਹਰ ਹੋ ਜਾਣਗੇ ਜਿਸ ਵਿਚੋਂ ਨਵੇਂ ਦੇਸ਼ ਦਾ ਜਨਮ ਹੋ ਜਾਏਗਾ। ਇਸ ਦੀ ਤਿਆਰੀ ਲਈ ਉਹ ਤਕਰੀਰਾਂ ਵਿਚ ਆਮ ਕਿਹਾ ਕਰਦਾ ਸੀ ਕਿ ਜਿਸ ਦਿਨ ਪਤਾ ਲੱਗ ਜਾਏ ਕਿ ਫੌਜ ਨੇ ਹਮਲਾ ਕਰ ਦਿੱਤਾ, ਉਸ ਦਿਨ ਪੰਥ ਦੋਖੀ ਚੁਣ-ਚੁਣ ਗੱਡੀ ਚਾੜ੍ਹ ਦਿਓ। ਐਥੇ ਆਇਆਂ ਨੂੰ ਐਵੇਂ ਨਹੀਂ ਜਾਣ ਦਿੰਦੇ, ਢੇਰੀਆਂ ਲਾ ਦਿਆਂਗੇ, ਟੋਪੀ ਵਾਲਿਆਂ ਦੀਆਂ। ਕਹਿਣ ਦਾ ਭਾਵ, ਨਕਸਲੀਆਂ ਦੇ ਮੋਟੇ ਠੁੱਲ੍ਹੇ ਇਨਕਲਾਬੀ ਖਾਕੇ ਵਾਂਗ ਸੰਤ ਵੀ ਆਪਣੇ ਮਨ ਅੰਦਰ ਖਾਲਸਾ ਰਾਜ ਦੀ ਬਹਾਲੀ ਲਈ ਹਥਿਆਰਬੰਦ ਰਾਹ ਨੂੰ ਅਜ਼ਮਾਉਣ ਦਾ ਖਾਕਾ ਉਲੀਕੀ ਬੈਠਾ ਸੀ।

ਦੋਹਾਂ ਧਿਰਾਂ ਦੀਆਂ ਗਿਣਤੀਆਂ-ਮਿਣਤੀਆਂ ਹਕੀਕਤਾਂ ਦੇ ਸਨਮੁਖ ਸਹੀ ਨਾ ਹੋਣ ਕਾਰਨ ਨਾ ਇਨਕਲਾਬ ਆਇਆ, ਨਾ ਖਾਲਸਾ ਰਾਜ ਬਹਾਲ ਹੋ ਸਕਿਆ। ਬਾਬਾ ਬੂਝਾ ਸਿੰਘ ਦੀ ਲਾਸ਼ ਖੋਹਣ ਵਾਲੇ ਆਮ ਕਿਰਤੀ ਤਾਂ ਅੱਗੇ ਆਏ ਪਰ ਜਿਨ੍ਹਾਂ ਕਿਸਾਨਾਂ ਦੀ ਬੰਦ ਖਲਾਸੀ ਲਈ ਉਹ ਸਾਰੀ ਉਮਰ ਜੂਝਿਆ, ਉਹ ਆਪਣੇ ਖੇਤਾਂ ਵਿਚ ਰੁੱਝੇ ਰਹੇ। ਸੰਤ ਜਰਨੈਲ ਸਿੰਘ ਵੀ ਕੁਰਬਾਨ ਹੋ ਗਿਆ, ਕਰਫਿਊ ਕਾਰਨ ਲੋਕ ਉਸ ਤੱਕ ਪਹੁੰਚ ਨਾ ਸਕੇ। ਅਫਜ਼ਲ ਅਹਿਸਨ ਰੰਧਾਵਾ ਦੇ ਲਫਜ਼ਾਂ ਵਿਚ ਮੰਜ਼ਰ ਇਹ ਬਣਿਆ- 'ਉੱਥੇ ਕੋਈ ਨਾ ਬਹੁੜਿਆ, ਉਸ ਨੂੰ ਵੈਰੀਆਂ ਮਾਰਿਆ ਘੇਰ। ਉਂਝ ਡੱਕੇ ਰਹਿ ਗਏ ਘਰਾਂ ਵਿਚ, ਮੇਰੇ ਲੱਖਾਂ ਪੁੱਤਰ ਸ਼ੇਰ।'

ਪੰਜਾਬ ਦੇ ਇਤਿਹਾਸ ਵਿਚਲੇ ਇਨ੍ਹਾਂ ਦੋਹਾਂ ਦੌਰਾਂ ਦੇ ਦੋਹਾਂ 'ਨਾਇਕਾਂ' ਤੋਂ ਬਾਅਦ ਵਿਦਵਾਨਾਂ ਜਾਂ ਕਵੀਆਂ ਵੱਲੋਂ ਜੋ ਹੋਇਆ, ਉਹ ਕੇਵਲ ਲੋਕਾਂ ਦੇ ਗੁੱਸੇ ਦੀ ਤਰਜਮਾਨੀ ਕਰਨ ਜਾਂ ਪੰਜਾਬੀ ਪਰੰਪਰਾ ਵਿਚਲੇ ਬਦਲੇ ਦੀ ਭਾਵਨਾ ਨੂੰ ਪ੍ਰਗਟ ਕਰਨ ਤੋਂ ਵੱਧ ਕੁਝ ਵੀ ਨਹੀਂ ਸੀ। ਬਾਬਾ ਬੂਝਾ ਸਿੰਘ ਬਾਰੇ ਪਾਸ਼ ਸਿੱਧੇ ਤੌਰ 'ਤੇ ਬਦਲੇ ਦੀ ਗੱਲ ਕਰਦਾ ਹੈ, 'ਅਸੀਂ ਬਦਲਾ ਲੈਣਾ ਹੈ, ਉਸ ਬੁੱਢੇ ਬਾਬੇ ਦਾ। ਸਾਥੋਂ ਖੋਹ ਲਿਆ ਜਿਨ੍ਹਾਂ, ਸਾਡੇ ਮਾਣ ਦੁਆਬੇ ਦਾ।' ਸਹੀ ਸੀ ਜਾਂ ਗਲਤ ਪਰ ਨਕਸਲੀਆਂ ਨੇ ਸਰਪੰਚ ਜਸਮੇਲ ਸਿੰਘ 'ਤੇ ਬੂਝਾ ਸਿੰਘ ਦੀ ਮੁਖਬਰੀ ਦਾ ਦੋਸ਼ ਲਾ ਕੇ, ਉਸ ਨੂੰ ਮਾਰ ਕੇ, ਬੂਝਾ ਸਿੰਘ ਦੀ ਸ਼ਹੀਦੀ ਦਾ 'ਬਦਲਾ' ਲੈ ਜ਼ਰੂਰ ਲਿਆ ਸੀ। ਇਸੇ ਹੀ ਤਰ੍ਹਾਂ ਸੰਤ ਜਰਨੈਲ ਸਿੰਘ ਤੋਂ ਬਾਅਦ ਪੰਜਾਬ ਦੀ ਫਿਜ਼ਾ ਵਿਚ 'ਜਿਹੜਾ ਗਿਣ-ਗਿਣ ਬਦਲੇ ਲੈਂਦਾ, ਉਹਨੂੰ ਪੰਜਾਬ ਕਹਿੰਦੇ ਆ' ਦੀ ਸੁਰ ਉੱਭਰੀ ਅਤੇ ਬਦਲਿਆਂ ਅਤੇ ਮੋੜਵੇਂ ਬਦਲਿਆਂ ਦਾ ਅਜਿਹਾ ਕਹਿਰੀ ਤੁਫਾਨ ਝੁਲਿਆ, ਜੋ ਪੂਰੇ ਅਗਲੇ 10-12 ਵਰ੍ਹਿਆਂ ਤਕ ਚਲੀ ਗਿਆ, ਆਮ ਲੋਕ ਚੱਕੀ ਦੇ ਦੋ ਪੁੜਾਂ ਵਿਚਾਲੇ ਆਏ ਰਹੇ। ਪੁਲੀਸ ਅਤੇ ਅਫਸਰਸਾਹੀ ਨੇ ਰਜ ਰਜ ਕੇ ਮਨਮਰਜੀਆਂ ਕੀਤੀਆਂ ਅਤੇ ਪੰਜਾਬ ਦਾ ਬੇੜਾ ਗਰਕ ਹੋ ਗਿਆ। ਸਿੱਟਾ ਸਭ ਦੇ ਸਾਹਮਣੇ ਹੈ।

ਹਰਚਰਨ ਸਿੰਘ ਪ੍ਰਹਾਰ ਜੀ, ਪੰਜਾਬ ਦੇ ਐਸੇ 'ਵਿਚਾਰਕ' ਧਰਾਤਲ 'ਤੇ ਕਿਹੜੇ ਵਿਦਵਾਨ ਨੇ ਕੀ ਜਵਾਬ ਦੇਣਾ ਸੀ? ਜਿੱਥੇ ਆਪੋ-ਆਪਣੀ ਵਿਚਾਰਧਾਰਾ ਵੀ ਸਪਸ਼ਟ ਨਾ ਹੋਵੇ, ਉੱਥੇ ਵਿਚਾਰਧਾਰਾਵਾਂ ਦੇ ਸੁਮੇਲ ਦੀ ਗੱਲ ਕਿਵੇਂ ਚੱਲ ਸਕਦੀ ਹੈ? ਪੰਜਾਬੀਆਂ ਨੇ ਸਾਂਝੀ ਪੰਜਾਬੀ ਕੌਮ ਸਿਰਜਣ ਲਈ ਅਜੇ ਬੜਾ ਫਾਸਲਾ ਤੈਅ ਕਰਨਾ ਹੈ।






ਡਾ. ਕੁਲਦੀਪ ਸਿੰਘ
98151-15429

*ਇਤਿਹਾਸ ਦੀਆਂ ਝਲਕਾਂ*

# ਪੰਜਾਬ ਸਟੂਡੈਂਟਸ ਯੂਨੀਅਨ ਦੀਆਂ ਇਤਿਹਾਸਕ ਦੇਣਾ ਦੇ ਰੂਬਰੂ

**ਪੰਜਾਬ ਦੀ ਇਤਿਹਾਸਕਾਰੀ 1960ਵਿਆਂ ਤੋਂ ਬਾਅਦ ਸਿਰਫ਼ ਤੇ ਸਿਰਫ਼ ਇਸ ਦੀ ਆਰਥਿਕ, ਸਮਾਜਿਕ, ਸਭਿਆਚਾਰ ਅਤੇ ਰਾਜਨੀਤਕ ਤਬਦੀਲੀਆਂ ਤੱਕ ਹੀ ਸੀਮਤ ਨਹੀਂ ਹੈ। ਇਸ ਦੀ ਇਤਿਹਾਸਕਾਰੀ ਦਾ ਸਭ ਤੋਂ ਜਾਨਦਾਰ ਤੇ ਸ਼ਾਨਦਾਰ ਅਧਿਆਇ ਪੰਜਾਬ ਸਟੂਡੈਂਟਸ ਯੂਨੀਅਨ ਵਲੋਂ ਕਾਲਜਾਂ ਦੀਆਂ ਚਾਰਦੀਵਾਰੀਆਂ ਵਿਚ ਸਮਾਜ ਦੇ ਵੱਖ-ਵੱਖ ਮਸਲਿਆਂ ਨੂੰ ਲੈ ਕੇ ਜਾਣ ਅਤੇ ਕਾਲਜਾਂ ਵਿਚ ਇਕ ਬਦਲਵੀਂ ਚੇਤਨਤਾ ਜਿਸ ਵਿਚ ਸਿੱਧੇ ਜਾਂ ਅਸਿੱਧੇ ਰੂਪ ਵਿਚ ਕ੍ਰਾਂਤੀ ਕਰਨ ਦੀ ਚਾਹਣਾ ਵਿਕਸਿਤ ਕਰਨਾ ਵੀ ਰਿਹਾ ਹੈ। ਪੰਜ ਦਹਾਕਿਆਂ ਦੀ ਲੰਬੀ ਪ੍ਰਕਿਰਿਆ ਦੌਰਾਨ ਪੰਜਾਬ ਦੀ ਧਰਤੀ ਤੋਂ ਦੁਨੀਆ ਦੇ ਹਰੇਕ ਕੋਨੇ 'ਤੇ ਪਹੁੰਚੇ ਪੰਜਾਬੀ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਸਿੱਧੇ ਅਤੇ ਅਸਿੱਧੇ ਰੂਪ ਵਿਚ ਵਾਵਾਸਤਾ ਰਹੇ ਹਨ ਜਿਨ੍ਹਾਂ ਦੀਆਂ ਆਪਣੀਆਂ ਵੀ ਯਾਦਾਂ ਹਨ। ਸਮੁੱਚੀ ਇਸ ਲਹਿਰ ਦੀਆਂ ਪਰਤਾਂ ਅਤੇ ਉਸ ਤੋਂ ਬਾਅਦ ਵੱਖ-ਵੱਖ ਲੋਕਾਂ ਦੇ ਜੀਵਨ ਸਮੇਤ ਸੰਘਰਸ਼ਸ਼ੀਲ ਆਗੂਆਂ ਨੂੰ ਇਸ ਪ੍ਰਕਿਰਿਆ ਵਿਚ ਯਾਦਾਂ ਸਾਂਝੀਆਂ ਕਰਨ ਅਤੇ ਆਪਣੇ ਅਚੇਤ ਜਾਂ ਸੁਚੇਤ ਵਿਚ ਛੁਪੇ ਹੋਏ ਪਲਾਂ ਨੂੰ ਮੁੜ ਤਾਜ਼ਾ ਕਰਨ ਲਈ ਇਥੇ ਇਕ ਦਹਾਕਾ ਲਗਾਤਾਰ ਵੱਖ-ਵੱਖ ਦਸਤਾਵੇਜ਼ਾਂ ਨੂੰ ਖੁੰਘਾਲਦਿਆਂ ਜੋ ਕਾਰਜ ਸ੍ਰ. ਅਜਾਇਬ ਸਿੰਘ ਟਿਵਾਣਾ ਨੇ ਇਕ ਹਜ਼ਾਰ ਪੰਨਿਆਂ ਦੀ ਪੁਸਤਕ 'ਪੰਜਾਬ ਸਟੂਡੈਂਟਸ ਯੂਨੀਅਨ ਇਤਿਹਾਸ ਦੀਆਂ ਝਲਕਾਂ' ਰਾਹੀਂ ਕੀਤਾ ਹੈ ਇਸ ਨੂੰ ਹੋਰ ਵੱਡੇ ਪੱਧਰ 'ਤੇ ਪੜ੍ਹਨ ਅਤੇ ਪ੍ਰਚਾਰਨ ਸਮੇਤ ਟਿੱਕਾ ਟਿੱਪਣੀ ਕਰਨ ਲਈ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। ਇਸ ਉਪਰ ਆਉਣ ਵਾਲੇ ਹਰੇਕ ਵਿਚਾਰ ਨੂੰ ਸਰੋਕਾਰਾਂ ਦੀ ਆਵਾਜ਼ ਜੀ ਆਇਆਂ ਕਹੇਗੀ ਤਾਂ ਕਿ ਇਤਿਹਾਸ ਦੇ ਇਨ੍ਹਾਂ ਪੰਨਿਆਂ ਨੂੰ ਹੋਰ ਰੰਗ ਭਰਕੇ ਸੁਨਹਿਰੀ ਅੱਖਰਾਂ ਵਿਚ ਲਿਖਿਆ ਜਾ ਸਕੇ। – ਸੰਪਾਦਕ**




ਇਤਿਹਾਸਕਾਰੀ ਆਪਣੇ ਆਪ 'ਚ ਇਕ ਵੱਡੀ ਸਿਰੜਤਾ, ਸਮਝਦਾਰੀ ਅਤੇ ਸਾਧਨਤਾ ਦੀ ਮੰਗ ਕਰਦਾ ਹੈ। ਜੇ ਇਤਿਹਾਸ ਲਿਖਣ ਵਾਲਾ ਉਸ ਦਾ ਆਪ ਹਿੱਸਾ ਰਿਹਾ ਹੋਵੇ ਅਤੇ ਹਰੇਕ ਉਤਾਅ ਚੜ੍ਹਾਅ ਵਿਚ ਉਸ ਨੇ ਸ਼ਮੂਲੀਅਤ ਕੀਤੀ ਹੋਵੇ ਤਾਂ ਉਹ ਇਤਿਹਾਸ ਇਕ ਕਿਸਮ ਨਾਲ ਸੱਚ ਦੇ ਰੂਪ ਵਿਚ ਹੀ ਲੋਕਾਂ ਸਾਹਮਣੇ ਰੱਖਣਾ ਅਤੇ ਪੇਸ਼ ਕਰਨਾ ਅਸਾਨ ਹੋ ਜਾਂਦਾ ਹੈ। ਇਸ ਪੁਸਤਕ 'ਪੰਜਾਬ ਸਟੂਡੈਂਟਸ ਯੂਨੀਅਨ ਇਤਿਹਾਸ ਦੀਆਂ ਝਲਕਾਂ' ਦੀ ਖ਼ੂਬਸੂਰਤੀ ਇਹ ਹੈ ਕਿ ਇਸ ਦਾ ਲੇਖਕ ਅਜਾਇਬ ਸਿੰਘ ਟਿਵਾਣਾ ਕਈ ਦਹਾਕੇ ਵਿਦਿਆਰਥੀ ਲਹਿਰ ਦਾ ਆਗੂ ਰਿਹਾ ਅਤੇ ਸਮਾਜ ਵਿਚ ਜੋ ਵੀ ਵੱਖੋ-ਵੱਖਰੇ ਪੱਧਰ 'ਤੇ ਤਬਦੀਲੀ ਲਈ ਸੰਘਰਸ਼ ਚਲਦੇ ਰਹੇ ਉਨ੍ਹਾਂ ਵਿਚ ਸਿੱਧਾ ਭਾਗੀਦਾਰ ਰਿਹਾ। ਇਸ ਕਿਸਮ ਦੀ ਕ੍ਰਾਂਤੀਕਾਰੀ ਸਪਿਰਟ ਦੇ ਨਾਲ ਨਾਲ ਉਸ ਦੀ ਬੌਧਿਕ ਸਮਰੱਥਾ ਵੀ ਬੇਹੱਦ ਮਜਬੂਤ ਅਤੇ ਡੂੰਘਾਈਆਂ ਮਾਪਣ ਵਾਲੀ ਹੈ। ਜਿਸ ਕਰਕੇ ਉਸ ਨੇ ਇਸ ਪੁਸਤਕ ਵਿਚ ਪੰਜਾਬ ਸਟੂਡੈਂਟਸ ਯੂਨੀਅਨ ਦੇ ਉਤਾਰਾਵਾਂ, ਚੜ੍ਹਾਵਾਂ, ਸੰਕਟਾਂ ਅਤੇ ਉਸ ਵਲੋਂ ਨਿਭਾਈ ਭੂਮਿਕਾ ਦਾ ਦਸਤਾਵੇਜ਼ਾਂ ਦੇ ਆਧਾਰ 'ਤੇ ਉਲੇਖ ਕੀਤਾ ਹੈ। ਇਤਿਹਾਸਕਾਰੀ ਦਾ ਸਭ ਤੋਂ ਅਹਿਮ ਪਹਿਲੂ ਕਿ ਉਸ ਨਾਲ ਸਬੰਧਤ ਸਮੁੱਚੇ ਦਸਤਾਵੇਜ਼ਾਂ ਅਤੇ ਲਿਖਤਾਂ ਨੂੰ ਸਿੱਧੇ ਰੂਪ ਵਿਚ ਹੀ ਪੇਸ਼ ਕਰਨਾ ਅਤੇ ਉਨ੍ਹਾਂ ਦੀ ਮਹੱਤਤਾ ਦਾ ਅਹਿਸਾਸ ਕਰਵਾਉਣਾ ਅਜਿਹਾ ਕਦਮ ਹੁੰਦਾ ਹੈ ਜਿਹੜਾ ਵਿਦਵਾਨਾਂ, ਖੋਜਾਰਥੀਆਂ ਅਤੇ ਭਵਿੱਖ ਦੇ ਸੰਘਰਸ਼ਸ਼ੀਲ ਲੋਕਾਂ ਲਈ ਹਰੇਕ ਲੜਾਈ ਵਿਚ ਨਵੇਂ ਢੰਗ ਨਾਲ ਸੋਚਣ ਅਤੇ ਲੜਨ ਦੀ ਯੋਗਤਾ ਉਤਪੰਨ ਕਰਦਾ ਹੈ। ਇਸ ਦੇ ਨਾਲ ਹੀ ਕਿ ਕਿਸ ਤਰ੍ਹਾਂ ਸੰਘਰਸ਼ ਕਈ ਵਾਰੀ ਫੁੱਟਾਂ ਅਤੇ ਸੰਕਟਾਂ ਕਾਰਨ ਵੱਡੀਆਂ ਪ੍ਰਾਪਤੀਆਂ ਦੇ ਰਸਤੇ ਵਿਚ ਅੜਿੱਕਾ ਬਣਦੇ ਹਨ। ਇਸ ਪੁਸਤਕ ਦੇ ਭਲਾ ਦਸ ਭਾਗ ਹਨ। ਪਹਿਲੇ ਭਾਗ ਵਿਚ 1964 ਤੋਂ 1969 ਤੱਕ ਦੀ ਪੀ.ਐਸ.ਯੂ. ਦੀ ਸਥਾਪਨਾ ਅਤੇ ਸੰਘਰਸ਼ ਦੀਆਂ ਵੰਨਗੀਆਂ ਦਾ ਜ਼ਿਕਰ ਹੈ। ਮੁੜ ਦੂਜੇ ਅਧਿਆਇ ਵਿਚ ਕਿਸ ਤਰ੍ਹਾਂ ਪੀ.ਐਸ.ਯੂ. ਮੋਗਾ ਘੋਲ ਨੂੰ ਲੜਦੀ ਹੈ ਅਤੇ ਮੁੜ ਸੁਰਜੀਤ ਹੋ ਕੇ ਚੜ੍ਹਤ ਦੇ ਦੌਰ ਵਿਚ ਪ੍ਰਵੇਸ਼ ਕਰ ਜਾਂਦੀ ਹੈ ਅਤੇ ਤਰਾਸਦਿਕ ਪੱਖ ਜਥੇਬੰਦੀ ਸੰਕਟਾਂ ਦੇ ਦੌਰ ਵਿਚ ਵੀ ਕਿਵੇਂ ਪ੍ਰਵੇਸ਼ ਕਰਦੀ ਹੈ। ਇਸ ਦੇ ਨਾਲ ਹੀ ਅਧਿਆਇ ਤਿੰਨ ਤੋਂ ਪੰਜ ਤੱਕ ਐਮਰਜੈਂਸੀ ਦਾ ਦੌਰ ਅਤੇ ਉਸ ਸਮੇਂ ਪੀ.ਐਸ.ਯੂ. ਵਲੋਂ ਨਿਭਾਈਆਂ ਅਹਿਮ ਭੂਮਿਕਾਵਾਂ ਅਤੇ ਅਗਵਾਨੂੰ ਰੋਲ ਦਾ ਜ਼ਿਕਰ ਹੈ। ਮੁੜ ਜਿਸ ਕਿਸਮ ਨਾਲ ਪੰਜਾਬ ਦੇ ਸਭ ਤੋਂ ਵਿਦਿਆਰਥੀ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਸ਼ਹਾਦਤ ਹੋ ਜਾਂਦੀ ਹੈ ਤੇ ਸਮੁੱਚੇ ਪੰਜਾਬ ਦੇ ਵਿਦਿਅਕ ਅਦਾਰੇ ਇਕ ਵੱਡੀ ਸੰਘਰਸ਼ਾਂ ਦੀ ਲਹਿਰ ਵਿਚ ਤਬਦੀਲ ਹੋ ਜਾਂਦੇ ਹਨ ਅਤੇ ਸਭ ਤਬਕੇ ਇਸ ਆਗੂ ਨੂੰ ਆਪਣਾ ਪ੍ਰਵਾਨਿਤ ਆਗੂ ਮੰਨ ਕੇ ਵਿਦਿਆਰਥੀਆਂ ਨਾਲ ਲੋਕ ਸੰਘਰਸ਼ਸ਼ੀਲ ਹੋ ਜਾਂਦੇ ਹਨ। ਇਸ ਉਪਰੰਤ ਭਲਾ ਮੁੜ ਫੁੱਟ-ਦਰ-ਫੁੱਟ ਦਾ ਜ਼ਿਕਰ ਅਧਿਆਇ ਸੱਤ ਵਿਚ ਕੀਤਾ ਗਿਆ ਹੈ ਪਰ ਜੋ ਬੱਸ ਕਿਰਾਇਆ ਘੋਲ 1980-81 ਵਿਚ ਲੜਿਆ ਗਿਆ ਉਸ ਨੇ ਮੁੜ ਪੰਜਾਬ ਸਟੂਡੈਂਟਸ ਯੂਨੀਅਨ ਨੂੰ ਨਵੀਂ ਤਾਕਤ ਬਖਸ਼ੀ। ਇਸ ਉਪਰੰਤ ਜਿਸ ਕਿਸਮ ਨਾਲ ਵਿਦਿਆਰਥੀ ਅਤੇ ਨੌਜਵਾਨ ਫਰੰਟ ਰਾਜਨੀਤਕ ਖੇਤਰ ਵਿਚ ਵਿਕਸਿਤ ਕਰਨ ਹਿੱਤ ਕਮਿਊਨਿਸਟ ਯੂਥ ਲੀਗ ਵਰਗੀ ਪ੍ਰਕਿਰਿਆ ਸ਼ੁਰੂ ਹੁੰਦੀ ਹੈ ਤੇ ਵੱਖੋ-ਵੱਖਰੇ ਪੱਧਰ 'ਤੇ ਇਕ ਕਿਸਮ ਨਾਲ ਵਿਦਿਅਕ ਅਦਾਰਿਆਂ ਤੋਂ ਵੱਧ ਕੇ ਸਮਾਜਿਕ ਤਬਦੀਲੀ ਦੀ ਲੜਾਈ ਲਈ ਸੰਘਰਸ਼ਸ਼ੀਲ ਕਰਨ ਵਾਸਤੇ ਨਵੇਂ ਵਿਚਾਰਧਾਰਕ ਵਖਰੇਵੇਂ ਅਤੇ ਰਸਤੇ ਖੁੱਲ੍ਹਦੇ ਹਨ ਉਨ੍ਹਾਂ ਦਾ ਵੀ ਵਿਸ਼ੇਸ਼ ਜ਼ਿਕਰ ਹੈ।

ਇਸ ਪੁਸਤਕ ਦੀ ਵੱਡੀ ਖਾਸੀਅਤ ਇਹ ਹੈ ਕਿ ਹਰੇਕ ਸੰਘਰਸ਼ ਵਿਚ ਜਿਹੜੇ ਵੀ ਕਾਲਜ ਦੀ ਕੋਈ ਸਰਗਰਮੀ ਹੋਈ ਜਾਂ ਜਿਹੜੇ ਵੀ ਆਗੂ ਇਨ੍ਹਾਂ ਸਰਗਰਮੀਆਂ ਵਿਚ ਭਾਈਵਾਲ ਬਣੇ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਨਾਂ ਜ਼ਿਕਰਯੋਗ ਹੈ। ਕਈ ਵਾਰੀ ਇੰਝ ਵਾਪਰਦਾ ਹੈ ਕਿ ਇਤਿਹਾਸਕ ਦੇ ਪੰਨਿਆਂ 'ਚੋਂ ਵਿਅਕਤੀਆਂ ਦੀਆਂ ਦੇਣਾਂ ਨੂੰ ਖਾਰਜ ਕਰ ਦਿੱਤਾ ਜਾਂਦਾ ਹੈ ਜਾਂ ਘਟਾ ਦਿੱਤਾ ਜਾਂਦਾ ਹੈ ਪ੍ਰੰਤੂ ਇਸ ਪੁਸਤਕ ਵਿਚ ਹਰ ਉਸ ਸ਼ਖਸੀਅਤ ਨੂੰ ਮਾਣ-ਸਤਿਕਾਰ ਨਾਲ ਸ਼ਾਮਲ ਕੀਤਾ ਗਿਆ ਹੈ ਜਿਸ ਨੇ ਜਿੰਨਾ ਵੀ ਇਸ ਲਹਿਰ ਵਿਚ ਯੋਗਦਾਨ ਪਾਇਆ। ਇਸ ਦੇ ਨਾਲ ਹੀ ਵੱਖ-ਵੱਖ ਵਿਦਿਆਰਥੀ ਮਸਲਿਆਂ ਤੋਂ ਲੈ ਕੇ ਰਾਜਨੀਤਕ ਸਵਾਲਾਂ ਨੂੰ ਕਿੰਝ ਵਿਦਿਆਰਥੀ ਸੰਬੋਧਨ ਹੁੰਦੇ ਸੀ ਅਤੇ ਕਿਸ ਕਿਸਮ ਨਾਲ ਉਸ ਨੂੰ ਆਪਣੇ ਸੰਘਰਸ਼ਾਂ ਦਾ ਹਿੱਸਾ ਬਣਾਉਂਦੇ ਸੀ। ਇਸ ਪੁਸਤਕ ਦੀ ਵੱਡੀ ਖ਼ੂਬਸੂਰਤੀ ਇਹ ਹੈ ਕਿ ਇਹ ਆਪਣੇ ਆਪ ਲੇਖਕ ਦੁਆਰਾ ਮਹਿਸੂਸ ਕਰਵਾਕੇ ਤੁਰਦੀ ਹੈ, "ਇਹ ਪੁਸਤਕ ਲਿਖਣ ਦਾ ਮੇਰਾ (ਅਜਾਇਬ ਸਿੰਘ ਟਿਵਾਣਾ) ਮੁੱਖ ਮਕਸਦ ਕਿਸੇ ਖਾਸ ਨਜ਼ਰੀਏ ਤੋਂ ਵਿਦਿਆਰਥੀ ਲਹਿਰ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰਨਾ ਜਾਂ ਕਿਸੇ ਖਾਸ ਧਿਰ ਦੇ ਪੱਖ ਵਿਚ ਖੜ੍ਹ ਕੇ ਦੂਸਰੀ ਦਾ ਵਿਰੋਧ ਕਰਨਾ ਨਹੀਂ ਹੈ ਬਲਕਿ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਵਿਦਿਆਰਥੀ ਲਹਿਰ, ਖਾਸ ਕਰਕੇ ਪੰਜਾਬ ਸਟੂਡੈਂਟਸ ਯੂਨੀਅਨ, ਬਾਰੇ ਖੋਜ ਕਰਨ ਬਾਰੇ ਖੋਜਾਰਥੀਆਂ ਲਈ ਲੋੜੀਂਦੇ ਤੱਥ ਮੁਹੱਈਆ ਕਰਵਾਉਣਾ ਹੈ।" ਇਹ ਸੱਚਾਈ ਇਸ ਪੁਸਤਕ ਦੇ ਹਰੇਕ ਪੰਨੇ 'ਤੇ ਝਲਕਦੀ ਹੈ। ਆਉਣ ਵਾਲੇ ਸਮੇਂ ਵਿਚ ਇਸ ਪੁਸਤਕ ਦਾ ਭਰਵਾਂ ਚੀਰ ਫਾੜ ਤੇ ਮੁਲਾਂਕਣ ਨਵੇਂ ਦਿਸਹੱਦੇ ਭੰਨੇਗਾ ਅਤੇ ਜੋ ਇਤਿਹਾਸ ਵਿਚ ਪੱਖੇ ਰਹਿ ਗਏ ਹਨ ਜਾਂ ਲਗਾਤਾਰ ਗਲਤੀ ਦਰ ਗਲਤੀ ਰਾਹੀਂ ਇਕ ਸਾਂਝੀ ਤਾਕਤ ਕਮਜ਼ੋਰ ਹੁੰਦੀ ਜਾ ਰਹੀ ਹੈ ਉਸ ਨੂੰ ਕਿਵੇਂ ਸਰ ਕੀਤਾ ਜਾਵੇ ਤਾਂ ਕਿ ਆਉਣ ਵਾਲੇ ਸਮੇਂ ਵਿਚ ਜਿਸ ਕਿਸਮ ਨਾਲ ਸਮਾਜ ਸੰਕਟ ਵਿਚ ਹੈ ਅਤੇ ਨਵੀਆਂ ਸਾਂਝਾਂ ਦੀ ਮੰਗ ਕਰਦਾ ਹੈ ਅਤੇ ਸਾਂਝੇ ਸੰਘਰਸ਼ ਹੀ ਪ੍ਰਾਪਤੀਆਂ ਪ੍ਰਦਾਨ ਕਰਦੇ ਹਨ ਇਸ ਪੁਸਤਕ ਵਿਚ ਸਭ ਤੋਂ ਵੱਡੀ ਗੱਲ ਇਹ ਉਭਰਕੇ ਸਾਹਮਣੇ ਆਉਂਦੀ ਹੈ ਜਦੋਂ ਵੀ ਸਾਂਝੇ ਸੰਘਰਸ਼ ਪੰਜਾਬ ਦੀ ਧਰਤੀ 'ਤੇ ਵਿਦਿਆਰਥੀਆਂ ਦੁਆਰਾ ਚਲਾਏ ਗਏ ਹਨ ਉਨ੍ਹਾਂ ਨੇ ਵੱਡੀਆਂ ਪ੍ਰਾਪਤੀਆਂ ਵੀ ਕੀਤੀਆਂ ਹਨ ਅਤੇ ਇਤਿਹਾਸ ਵਿਚ ਆਪਣਾ ਵੱਡਾ ਨਾਂ ਦਰਜ ਕਰਵਾਇਆ ਹੈ। ਇਹ ਪੁਸਤਕ ਪੜ੍ਹਦਿਆਂ ਵੱਡਾ ਅਹਿਸਾਸ ਹੁੰਦਾ ਹੈ। ਇਸ ਪੁਸਤਕ ਜ਼ਰੀਏ ਦੁਨੀਆ ਭਰ ਵਿਚ ਬੈਠੇ ਪੰਜਾਬੀ ਜਿਹੜੇ ਸੰਘਰਸ਼ਾਂ ਦਾ ਹਿੱਸਾ ਰਹੇ ਹਨ ਆਪਣੇ ਅਤੀਤ, ਵਿਰਸੇ ਅਤੇ ਸ਼ਾਨਦਾਰ ਪਲਾਂ ਨੂੰ ਯਾਦ ਹੀ ਨਹੀਂ ਕਰਨਗੇ ਬਲਕਿ ਉਨ੍ਹਾਂ ਬਾਰੇ ਆਪਣੀ ਕਲਮ ਵੀ ਉਠਾਉਣਗੇ ਤੇ ਇਸ ਪੁਸਤਕ ਦੇ ਪੰਨਿਆਂ ਦੇ ਪਿਛੇ ਜਿਹੜੀਆਂ ਸ਼ਖਸੀਅਤ ਦੇ ਨਾਂ ਦਰਜ ਹਨ ਉਹ ਆਪੋ ਆਪਣਾ ਸਥਾਨ ਲੱਭ ਕੇ ਆਪਣੇ ਚੇਤੇ ਵਿਚਲੀਆਂ ਫਾਇਲਾਂ ਨੂੰ ਫਰੋਲਣਗੇ ਤੇ ਆਪਣੀ ਕਲਮ ਉਠਾਉਣਗੇ। ਇਸ ਇਤਿਹਾਸਕ ਪ੍ਰਕਿਰਿਆ ਵਿਚ ਆਪਣਾ ਯੋਗਦਾਨ ਪਾਉਣਗੇ। ਕਲਮ ਉਠਾਉਣਾ ਹੀ ਆਪਣੇ ਅਤੀਤ ਤੋਂ ਅਗਾਂਹ ਵਧਣਾ ਹੁੰਦਾ ਹੈ।



**ਇਤਿਹਾਸ ਦੇ ਪੰਨਿਆਂ 'ਤੇ ਜਿਨ੍ਹਾਂ ਨੇ ਪੈੜਾਂ ਪਾਈਆਂ ਅਤੇ ਜੋ ਕਾਫ਼ਲਾ ਅੱਜ ਵੀ ਇਸ ਵਿਰਾਸਤ ਨੂੰ ਅਗਾਂਹ ਵਧਾ ਰਿਹਾ ਹੈ ਜਿਸ ਬਾਰੇ ਵਿਦਿਆਰਥੀ ਆਗੂ ਜਗਤਾਰ ਸਿੰਘ ਸਬੰਧੀ ਕੁਝ ਸਤਰਾਂ ਇੰਝ ਵੀ ਬੋਲਦੀਆਂ ਨੇ, "ਹਰ ਮਿੱਟੀ ਦੀ ਆਪਣੀ ਕਿਸਮਤ, ਹਰ ਮਿੱਟੀ ਕੁੱਟਿਆਂ ਨਹੀਂ ਭਰਦੀ, ਹਰ ਫੱਟੜ ਮੱਥਾ ਨਹੀਂ ਝੁਕਦਾ, ਬੰਨ੍ਹ ਲਾਇਆ ਹਰ ਛੱਲ ਨਹੀਂ ਰੁਕਦੇ।"**



**ਪ੍ਰਿਥੀ ਖੋਹ ਕੇ ਲਾ ਲਿਆ ਜ਼ੋਰ,
ਪ੍ਰਿਥੀ ਦੇ ਵਾਰਸ ਲੱਖਾਂ ਹੋਰ।
...ਤੇਰੀ ਪਾਈ ਬਾਤ ਦਾ ਹੁੰਗਾਰਾ ਭਰਾਂਗੇ,
ਕਾਜ ਜੋ ਅਧੂਰਾ ਤੇਰਾ ਪੂਰਾ ਕਰਾਂਗੇ।**




**ਅਸੀਂ ਵਿਰਾਸਤ ਤੇ ਵਿਰਸੇ ਤੋਂ ਅਗਵਾਈ ਹੀ ਨਹੀਂ ਲੈਂਦੇ ਬਲਕਿ ਉਹ ਸਾਡੇ ਹੀ ਅਗਵਾਂਨੂੰ ਹਨ ਜਿਹੜੇ ਸਾਨੂੰ ਕਹਿੰਦੇ ਹਨ ਕਿ ਧਰਤੀ ਉਪਰ ਉਸ ਸਮੇਂ ਤੱਕ ਜੰਗ ਜਾਰੀ ਰਹੇਗੀ ਜਦੋਂ ਤੱਕ ਮਨੁੱਖ ਹੱਥਾਂ ਮਨੁੱਖ ਦੀ ਲੁੱਟ ਖਤਮ ਨਹੀਂ ਹੋ ਜਾਂਦੀ।**



**ਮੋਗੇ ਦੀ ਧਰਤੀ ਜਦੋਂ ਲਾਲੋ ਲਾਲ ਸੀ, ਨਾਲ ਡੁੱਬੇ ਖ਼ੂਨ ਦੇ।
ਬਣ ਕੇ ਕਸਾਈ ਕਰਦੇ ਹਲਾਲ ਸੀ, ਰਾਖੇ ਜੋ ਕਾਨੂੰਨ ਦੇ।
ਭੁੰਨ ਦਿੱਤੇ ਮਾਵਾਂ ਦੇ ਜਵਾਨ ਪੁੱਤ ਸੀ, ਦਿਨ ਦੇ ਦਿਹਾੜੇ 'ਚ।
ਸੁੱਚੀਂ ਹੀ ਸਾਰਾ ਸੀ ਪੰਜਾਬ ਵੱਟਿਆ, ਜੰਗ ਦੇ ਅਖਾੜੇ 'ਚ।**



**ਪੁਸਤਕ ਰਿਲੀਜ਼ ਦੇ ਮੌਕੇ 'ਤੇ ਇਤਿਹਾਸਕ ਤਸਵੀਰ ਦਾ ਸਥਾਨ ਲੈ ਚੁੱਕੀ ਇਹ ਆਪਣੇ ਆਪ ਹੀ ਇਤਿਹਾਸ ਬੋਲਦਾ ਹੈ।**

*ਪੰਜਾਬ ਦੇ ਖੇਤੀ ਸੰਕਟ ਦਾ ਬਹੁਪੱਖੀ ਤੇ ਬਹੁਪਰਤੀ ਵਿਸ਼ਲੇਸ਼ਣ*

# ਹਰੀ ਕ੍ਰਾਂਤੀ ਦੇ ਤਿੰਨ ਪਹਿਲੂ : ਨਿੱਜੀਕਰਨ, ਪ੍ਰਦੂਸ਼ਣ ਅਤੇ ਅੰਦੋਲਨ



ਡਾ. ਕੁਲਦੀਪ ਸਿੰਘ
98151-15429


*ਜਿਸ ਸਿਰੜ ਅਤੇ ਹੌਸਲੇ ਨਾਲ ਪੰਜਾਬ ਦੇ ਸਮੁੱਚੇ ਵਰਗਾਂ ਨੇ ਦੇਸ਼ ਵਿਦੇਸ਼ ਵਿਚ ਬੈਠੇ ਆਪਣੇ ਭੈਣ ਭਰਾਵਾਂ ਦੇ ਸਹਿਯੋਗ ਨਾਲ ਕਿਸਾਨ ਅੰਦੋਲਨ ਜਿੱਤਿਆ ਉਹ ਨੌਮਚੌਮਸਕੀ ਦੇ ਸ਼ਬਦਾਂ ਵਿਚ ਕਿ ਇਹ ਸਾਡੇ ਦੌਰ ਦਾ ਸਭ ਤੋਂ ਵੱਡਾ ਅਜਿਹਾ ਚਮਕਦਾ ਸੰਘਰਸ਼ ਸੀ ਜਿਸ ਨੇ ਦੁਨੀਆ ਨੂੰ ਦਿਖਾ ਦਿੱਤਾ ਕਿ ਹੁਕਮਰਾਨ ਹਰਾਏ ਵੀ ਜਾ ਸਕਦੇ ਹਨ। ਬੱਸ ਸਿਰਫ਼ ਲੋੜ ਇਸ ਗੱਲ ਦੀ ਹੁੰਦੀ ਹੈ ਕਿ ਸਾਡੇ ਵਿਚ ਇਕਜੁਟ ਹੋ ਕੇ ਲੜਨ ਦੀ ਲੋੜ ਅਤੇ ਸਮਰੱਥਾ ਕਿੰਨੀ ਹੈ। ਇਹ ਪੰਜਾਬੀਆਂ ਨੇ ਦੁਨੀਆ ਨੂੰ ਦਿਖਾ ਦਿੱਤਾ ਕਿ ਅਸੀਂ ਅਣਹੋਣੀ ਨੂੰ ਹੋਣੀ ਵਿਚ ਬਦਲ ਸਕਦੇ ਹਾਂ। ਵੱਡੇ ਵੱਡੇ ਹੁਕਮਰਾਨਾ ਅਤੇ ਕਾਰਪੋਰੇਟ ਘਰਾਣਿਆਂ ਨੂੰ ਹਾਰ ਦਾ ਮੂੰਹ ਉਨ੍ਹਾਂ ਦੇ ਸਾਹਮਣੇ ਦਿਖਾ ਸਕਦੇ ਹਾਂ। ਇੰਝ ਹੀ ਦਿੱਲੀ ਦੇ ਬਾਰਡਰਾਂ 'ਤੇ ਵਾਪਰਿਆ ਜੋ ਹੁਣ ਇਤਿਹਾਸ ਬਣ ਗਿਆ ਹੈ। ਪ੍ਰੰਤੂ ਡੂੰਘੇ ਗਮ ਤੇ ਨਿਰਾਸ਼ਤਾ ਨਾਲ ਇਹ ਵੀ ਕਹਿਣਾ ਪੈਂਦਾ ਹੈ ਕਿ ਅਸੀਂ ਸ਼ਾਇਦ ਇਤਿਹਾਸ ਤੋਂ ਕੁਝ ਵੀ ਨਹੀਂ ਸਿੱਖਿਆ ਆਪਸ ਵਿਚੋਂ ਛੋਟੀਆਂ ਛੋਟੀਆਂ ਲੜਾਈਆਂ ਤੇ ਵੰਡੇ ਹੀ ਨਹੀਂ ਗਏ ਬਲਕਿ ਇਕ ਦੂਜੇ ਨੂੰ ਦੋਸ਼ੀ ਕਹਿਣ ਤੱਕ ਪਹੁੰਚ ਗਏ ਹਨ। ਇਹ ਵੀ ਤਾਂ ਸਾਡੇ ਹੁਕਮਰਾਨ ਚਾਹੁੰਦੇ ਹਨ। ਇਨ੍ਹਾਂ ਤੋਂ ਬਾਜ਼ ਆਉਣ ਦੀ ਜ਼ਰੂਰਤ ਹਰ ਦੇਖਣ ਵਾਲੀ ਤੀਸਰੀ ਅੱਖ ਚਾਹੁੰਦੀ ਹੈ। ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੀ ਸੋਝੀ ਅਤੇ ਸਮਝਦਾਰੀ ਨੂੰ ਇਤਿਹਾਸ ਅਤੇ ਅਜੋਕੀਆਂ ਹਕੀਕੀ ਤਸਵੀਰਾਂ ਤੇ ਤੱਥਾਂ ਵਿਚੋਂ ਸਮਝੀਆਂ। ਇਸ ਕਰਕੇ ਹੀ ਇਹ ਪੁਸਤਕ ਦਾ ਸੰਖੇਪ ਦੇ ਰਹੇ ਹਾਂ। ਸਮੁੱਚੀ ਪੁਸਤਕ ਨੂੰ ਪੜ੍ਹਨ ਨਾਲ ਤੁਹਾਡੇ ਅੰਦਰ ਦੀਆਂ ਕਈ ਪਰਤਾਂ ਖੁੱਲ੍ਹਣਗੀਆਂ ਅਤੇ ਨਵਾਂ ਸੋਚਣ ਅਤੇ ਕਰਨ ਲਈ ਮਜ਼ਬੂਰ ਕਰਨ ਗਈਆਂ। -ਸੰਪਾਦਕ*

1960ਵਿਆਂ ਵਿਚ ਸ਼ੁਰੂ ਹੋਈ ਹਰੀ ਕ੍ਰਾਂਤੀ ਜਿਸ ਨੇ ਵਿਕਾਸ ਦੇ ਤੌਰ 'ਤੇ ਇਕ ਤਾਕਤਵਰ ਇੰਜਣ ਦਾ ਖਿਤਾਬ ਲਿਆ। ਪ੍ਰੰਤੂ ਚਾਰ ਦਹਾਕਿਆਂ ਬਾਅਦ ਇਹ 'ਹਰੀ' ਨਹੀਂ ਰਹੀ ਬਲਕਿ ਇਸ ਨੇ ਚਾਰ ਦਹਾਕਿਆਂ ਬਾਅਦ ਪੰਜਾਬ ਨੂੰ ਕਈ ਪੱਖਾਂ ਤੋਂ ਸੰਕਟਗ੍ਰਸਤ ਕਰ ਦਿੱਤਾ ਜਿਸ ਵਿਚ ਜ਼ਮੀਨ ਦੀ ਉਪਜਾਊ ਸ਼ਕਤੀ ਦਾ ਘਟ ਜਾਣਾ, ਵਾਤਾਵਰਣ ਦੀ ਤਬਾਹੀ, ਪਾਣੀ ਦੇ ਪੱਧਰ ਦਾ ਡਿੱਗਣਾ ਆਦਿ ਸ਼ਾਮਲ ਹਨ। ਭਲਾ ਹੀ ਪੰਜਾਬ ਦੇ ਕੁੱਲ ਖੇਤਰ ਦਾ 82.73 ਪ੍ਰਤੀਸ਼ਤ ਵਾਹੀਯੋਗ ਬਣ ਗਿਆ। ਇਸ ਦੇ ਨਾਲ ਹੀ ਇਕ ਤਿਹਾਈ ਕੇਂਦਰੀ ਪੂਲ ਦੇ ਭੋਜਨ ਭੰਡਾਰਾਂ ਵਿਚ ਦੇਸ਼ ਦੀ ਭੋਜਨ ਸੁਰੱਖਿਆ ਵਿਚ ਯੋਗਦਾਨ ਪਾਇਆ। ਪੰਜਾਬ ਵਿਚ 99 ਪ੍ਰਤੀਸ਼ਤ ਰਕਬਾ 71 ਪ੍ਰਤੀਸ਼ਤ ਟਿਊਬਵੈਲਾਂ ਤੇ 29 ਪ੍ਰਤੀਸ਼ਤ ਨਹਿਰੀ ਪਾਣੀ ਦੀ ਸਿੰਚਾਈ ਅਧੀਨ ਆਇਆ। ਤੱਤ ਰੂਪ ਵਿਚ ਸਮੁੱਚੇ ਪੰਜਾਬ ਦੀ ਹੋਣੀ ਅਤੇ ਅਣਹੋਣੀ ਖੇਤੀਬਾੜੀ ਖੇਤਰ ਨਾਲ ਜੁੜੀ ਹੋਈ ਹੈ। ਇਸ ਕਰਕੇ ਇਸ ਖਿੱਤੇ ਦੇ ਵਿਕਾਸ ਮਾਡਲ ਦੀ ਹਰੇਕ ਪਰਤ ਵਿਚ ਖੇਤੀ ਦੇ ਕਿੱਤੇ ਨਾਲ ਜੁੜੇ ਵੱਡੇ ਹਿੱਸੇ ਜੋ ਕਿਸਾਨ ਅਤੇ ਖੇਤ ਮਜ਼ਦੂਰ ਬਣਦੇ ਹਨ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਸ ਦੇ ਵਿਕਾਸ ਮਾਡਲ ਨਾਲ ਪ੍ਰਭਾਵਿਤ ਹੁੰਦੇ ਹਨ। ਇਸ ਕਰਕੇ ਪੰਜਾਬ ਦੀ ਰਾਜਨੀਤੀ ਤੋਂ ਲੈ ਕੇ ਇਸ ਦੀ ਆਰਥਿਕਤਾ ਤੇ ਉਸ ਨਾਲ ਪੈਦਾ ਹੋ ਰਹੀਆਂ ਦੁਸ਼ਵਾਰੀਆਂ ਦਾ ਹੱਲ ਤੇ ਵਿਰੋਧ ਵੱਖ-ਵੱਖ ਸਮਿਆਂ 'ਤੇ ਅੰਦੋਲਨਾਂ ਨੂੰ ਜਨਮ ਦਿੰਦਾ ਰਿਹਾ ਹੈ। ਇਸ ਪੁਸਤਕ ਵਿਚ ਪ੍ਰਸਿੱਧ ਸਮਾਜਿਕ ਤੇ ਰਾਜਨੀਤਕ ਵਿਗਿਆਨੀ ਡਾ. ਪ੍ਰਮੋਦ ਕੁਮਾਰ (ਡਾਇਰੈਕਟਰ, ਇੰਸਟੀਚਿਊਟ ਫਾਰ ਡਿਵੈਲਪਮੈਂਟ ਐਂਡ ਕਮਿਊਨੀਕੇਸ਼ਨ) ਦੇ ਨਾਲ ਪ੍ਰੋ. ਕੋਮਲ ਅੱਬੀ ਤੇ ਖੋਜਕਾਰ ਅਮਿਤ ਕੁਮਾਰ ਨੇ ਸਮੁੱਚੀ ਪੰਜਾਬ ਦੀ ਹਰੀ ਕ੍ਰਾਂਤੀ ਦੇ ਦੌਰ ਨੂੰ ਅੰਕੜਿਆਂ ਅਤੇ ਉਸ ਵਿਚ ਕਾਰਜਸ਼ੀਲ ਰਾਜਨੀਤੀ ਤੋਂ ਲੈ ਕੇ ਕੇਂਦਰੀ ਸਰਕਾਰ ਦੀਆਂ ਨੀਤੀਆਂ ਦਾ ਆਲੋਚਨਾਤਮਿਕ ਦ੍ਰਿਸ਼ਟੀਕੋਣ ਤੋਂ ਵਿਸ਼ਲੇਸ਼ਣ ਕੀਤਾ ਹੈ। ਇਸ ਪੁਸਤਕ ਦੇ ਪਹਿਲੇ ਅਧਿਆਇ ਵਿਚ ਕਿਉਂ ਪੰਜਾਬ ਦੇ ਖੇਤੀਬਾੜੀ ਖੇਤਰ ਵਿਚ ਕਾਰਪੋਰੇਟ ਘਰਾਣਿਆਂ ਦੇ ਖਿਲਾਫ਼ ਪ੍ਰਤੀਰੋਧ ਦੀ ਤਾਕਤਵਰ ਲਹਿਰ ਉਤਪੰਨ ਹੁੰਦੀ ਹੈ। ਹਾਲਾਂਕਿ ਇਸ ਅਧਿਆਇ ਵਿਚ ਇਤਿਹਾਸਕ ਤੌਰ 'ਤੇ ਜੋ ਕਿਸਾਨ ਲਹਿਰਾਂ ਅਜ਼ਾਦੀ ਦੇ ਦੌਰ ਤੋਂ ਪਹਿਲਾਂ ਜ਼ਮੀਨੀ ਸੁਧਾਰਾਂ ਦੇ ਸਵਾਲ ਤੋਂ ਲੈ ਕੇ ਕਰਜ਼ੇ ਦੇ ਮਸਲੇ ਉਪਰ ਲੜੀਆਂ ਗਈਆਂ ਉਨ੍ਹਾਂ ਦਾ ਸੰਖੇਪ ਉਲੇਖ ਕੀਤਾ ਗਿਆ ਹੈ। ਪ੍ਰੰਤੂ ਜਿਸ ਕਿਸਮ ਨਾਲ ਹੌਲੀ ਹੌਲੀ ਜ਼ਮੀਨ ਦੇ ਸਵਾਲ ਤੋਂ ਅਗਾਂਹ ਕੀਮਤਾਂ ਦੀ ਵੱਧ ਮੰਗ ਦਾ ਸਵਾਲ ਕਿਸਾਨ ਲਹਿਰ ਦਾ ਹਿਸਾ ਬਣਿਆ ਉਸ ਨਾਲ ਕਈ ਕਿਸਮ ਦੀਆਂ ਕਿਸਾਨ ਜਥੇਬੰਦੀਆਂ ਹੋਂਦ ਵਿਚ ਆਈਆਂ ਜਿਨ੍ਹਾਂ ਕਰਕੇ ਵੱਖੋ-ਵੱਖਰੇ ਵਿਚਾਰਾਂ ਤੇ ਵਿਚਾਰਧਾਰਾਵਾਂ ਦਾ ਉਭਰਨਾ ਲਾਜ਼ਮੀ ਸੀ। ਇਸ ਕਰਕੇ ਹੀ ਕਿਸਾਨ ਅੰਦੋਲਨ ਦੌਰਾਨ 32 ਕਿਸਾਨ ਜਥੇਬੰਦੀਆਂ ਭਲਾ ਹੀ ਕਈ ਕਿਸਮ ਦੇ ਆਪਸੀ ਮੰਗਾਂ ਅਤੇ ਮਸਲਿਆਂ ਉਪਰ ਟਕਰਾਵੀਆਂ ਪੁਜੀਸ਼ਨਾਂ ਰੱਖਦੀਆਂ ਸਨ ਪ੍ਰੰਤੂ ਜੋ ਕਾਰਪੋਰੇਟ ਘਰਾਣਿਆਂ ਵਲੋਂ ਕੇਂਦਰੀ ਸਰਕਾਰ ਦੇ ਰਾਹੀਂ ਤਿੰਨ ਜਿਨ੍ਹਾਂ ਨੂੰ ਕਿਸਾਨ ਕਾਲੇ ਕਾਨੂੰਨ ਆਖਦੇ ਸਨ ਉਨ੍ਹਾਂ ਖਿਲਾਫ਼ ਸਾਂਝਾ ਸੰਘਰਸ਼ ਕੇਂਦਰ ਖਿਲਾਫ਼ ਜ਼ਮੀਨ ਪੱਧਰ ਤੋਂ ਸ਼ੁਰੂ ਹੋ ਜਾਂਦਾ ਹੈ। ਇਸ ਅੰਦੋਲਨ ਵਿਚ ਜਿਥੇ ਕਿਸਾਨੀ ਦੇ ਕਈ ਪੱਧਰਾਂ 'ਤੇ ਸੰਕਟ ਦੇ ਸਵਾਲ ਵੀ ਪ੍ਰਮੁੱਖਤਾ ਹਾਸਲ ਕਰਦੇ ਹਨ, ਉਥੇ ਜਿਸ ਕਿਸਮ ਨਾਲ ਹਰੀ ਕ੍ਰਾਂਤੀ ਬੁਰੀ ਤਰ੍ਹਾਂ ਕਿਸਾਨੀ ਨੂੰ ਆਰਥਿਕ ਮੰਦਵਾੜੇ ਵਿਚ ਸੁੱਟ ਰਹੀ ਸੀ ਉਹ ਸਮੁੱਚੇ ਪੰਜਾਬ ਦੇ ਵਰਗਾਂ ਨੂੰ ਇਸ ਵਿਚ ਇਕਜੁੱਟ ਕਰਨ ਦਾ ਕਾਰਨ ਵੀ ਬਣਦੀ ਸੀ। ਵੱਖ-ਵੱਖ ਪੈਦਾਵਾਰ ਵਿਚ ਦਹਾਕਿਆਂ ਤੋਂ ਆਈ ਤਬਦੀਲੀ ਅਤੇ ਉਸ ਦੇ ਨਾਲ-ਨਾਲ ਲਾਗਤ ਉਪਰ ਵਧੇ ਖਰਚਿਆਂ ਤੇ ਜੀਵਨ ਜਾਚ ਤੋਂ ਲੈ ਕੇ ਵਿਦਿਅਕ ਖੇਤਰ ਵਰਗੇ ਸਮਾਜਿਕ ਪਹਿਲੂਆਂ 'ਤੇ ਸਰਕਾਰ ਦੀਆਂ ਪ੍ਰਾਥਮਾਵਾਂ ਦਾ ਘਟਨਾ ਹਰੇਕ ਵਰਗ ਨੂੰ ਬੇਚੈਨ ਕਰਨ ਲੱਗਾ ਸੀ। ਉਸ ਨੂੰ ਇਸ ਪੁਸਤਕ ਵਿਚ ਤੱਥਾਂ ਸਮੇਤ ਦਰਸਾਇਆ ਗਿਆ ਹੈ।

ਪੁਸਤਕ ਦੇ ਅਧਿਆਇ-2 ਵਿਚ ਪੰਜਾਬ ਦੇ ਕਿਸਾਨ ਅੰਦੋਲਨਾਂ ਵਿਚਲੀਆਂ ਮੰਗਾਂ ਅਤੇ ਮਸਲਿਆਂ ਸਮੇਤ ਕਿਸਾਨ ਜਥੇਬੰਦੀਆਂ ਦੇ ਰੋਲ ਅਤੇ ਉਨ੍ਹਾਂ ਵਲੋਂ ਅਪਣਾਈ ਗਈ ਪਹੁੰਚ ਦਾ ਉਲੇਖ ਇਸ ਵਿਚ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਇਸ ਸੰਘਰਸ਼ ਵਿਚ ਵੱਖੋ ਵੱਖਰੇ ਪੱਧਰ 'ਤੇ ਜਿਥੇ ਕਾਰਪੋਰੇਟ ਘਰਾਣਿਆਂ ਨੂੰ ਕੇਂਦਰ ਵਿਚ ਰੱਖ ਕੇ ਕਿਸਾਨ ਅੰਦੋਲਨ ਨੇ ਆਪਣੇ ਸਰੋਕਾਰ ਪ੍ਰਮੁੱਖਤਾ ਵਿਚ ਰੱਖੇ, ਉਥੇ ਪੰਜਾਬ ਨਾਲ ਖੇਤੀ ਨੀਤੀ ਦਾ ਸਵਾਲ ਜੋ ਕਦੇ ਵੀ ਕੇਂਦਰੀ ਪੱਧਰ 'ਤੇ ਸਹੀ ਸੰਦਰਭ ਵਿਚ ਵਿਚਾਰਿਆ ਨਹੀਂ ਗਿਆ, ਉਹ ਵੀ ਉਭਾਰਿਆ ਗਿਆ ਹੈ। ਇਸ ਦੇ ਨਾਲ ਹੀ ਕਿ ਇਹ ਜੋ ਵਿਕਾਸ ਦਾ ਮਾਡਲ ਹੈ ਇਹ ਅਗਾਂਹ ਕਿਸੇ ਵੀ ਕਿਸਮ ਨਾਲ ਪੰਜਾਬ ਨੂੰ ਸੰਕਟ 'ਚੋਂ ਕੱਢਣ ਦਾ ਰਸਤਾ ਨਹੀਂ ਦਿੰਦਾ।

ਅਧਿਆਇ-3 ਵਿਚ ਸਮੁੱਚੇ ਕਿਸਾਨ ਅੰਦੋਲਨ ਦੌਰਾਨ ਜੋ ਗੀਤ ਸੰਗੀਤ ਤੇ ਵੱਖ-ਵੱਖ ਲਿਖਤਾਂ ਰਾਹੀਂ ਇਕ ਨਵਾਂ ਸੰਘਰਸ਼ੀ ਪ੍ਰਵਚਨ ਹੋਂਦ ਵਿਚ ਆਇਆ ਉਸ ਦਾ ਉਚੇਚਾ ਵਿਸ਼ਲੇਸ਼ਣ ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਕ ਦ੍ਰਿਸ਼ਟੀਕੋਣ ਰਾਹੀਂ ਸਾਹਿਤਕ ਲਿਖਤਾਂ ਨੂੰ ਅਧਾਰ ਬਣਾ ਕੇ ਪੇਸ਼ ਕੀਤਾ ਗਿਆ ਹੈ ਕਿ ਕਿਸ ਤਰ੍ਹਾਂ ਵੱਖ-ਵੱਖ ਪੰਜਾਬ ਦੇ ਨਾਮਵਰ ਗੀਤਕਾਰਾਂ ਨੇ ਆਪਣੇ ਗੀਤਾਂ ਅਤੇ ਸੁਰਾਂ ਦੀ ਆਵਾਜ਼ ਹੀ ਤਬਦੀਲ ਕਰ ਲਈ ਸੀ। ਜਿਨ੍ਹਾਂ ਵਿਚ ਪ੍ਰਮੁੱਖ ਜਿਵੇਂ ਕੁਝ ਵੰਨਗੀਆਂ 'ਜੱਟ ਦੀ ਜੂਨ ਬੁਰੀ', 'ਮੰਡੀ 'ਚ ਜੱਟ ਰੁਲਦਾ', 'ਜੱਟ 'ਤੇ ਕਰਜ਼ਾ', 'ਕਰਜ਼ਾ ਫਸਲਾਂ ਨਾਲ ਨਹੀਂ ਮੁੜਦਾ', 'ਕਿਸਾਨ ਤੇ ਰਾਜਨੀਤੀ', 'ਮੈਂ ਕਿਸਾਨ ਹਾਂ', 'ਕਾਰਪੋਰੇਟ ਘਰਾਣਿਆਂ ਨੇ ਜ਼ਮੀਨਾਂ 'ਤੇ ਕਬਜ਼ਾ ਕਰ ਲੈਣਾ', 'ਦਿੱਲੀ ਨਾਲ ਪੇਚਾ ਪੈ ਗਿਆ', 'ਅੱਖਾਂ ਖੋਲ੍ਹ ਕਿਸਾਨਾਂ ਵੇ', 'ਜਾਲਮ ਸਰਕਾਰਾਂ ਕੰਨ ਖੋਲ੍ਹ ਲੈਣ', 'ਦਿੱਲੀਏ ਨੀ ਦਿੱਲੀਏ', 'ਖੇਤਾਂ ਦੇ ਰਾਜੇ', 'ਮੈਨੂੰ ਰੰਗ ਦੇ ਬਸੰਤੀ ਚੂਨੀਆਂ', 'ਫਸਲਾਂ ਦੇ ਹੱਕ ਲੈਣੇ', ਦਿੱਲੀਏ ਤੂੰ ਸਾਨੂੰ ਅੱਤਵਾਦੀ ਦੱਸਦੀ' ਆਦਿ ਦਾ ਭਰਵਾਂ ਵਿਸ਼ਲੇਸ਼ਣ ਇਸ ਪੁਸਤਕ ਵਿਚ ਸਮੇਤ ਉਨ੍ਹਾਂ ਪਲਾਂ ਦੀਆਂ ਤਸਵੀਰਾਂ ਰਾਹੀਂ ਕੀਤਾ ਗਿਆ ਹੈ। ਇਸ ਅਧਿਆਇ ਨੂੰ ਵਾਚਦਿਆਂ ਇੰਝ ਜਾਪਦਾ ਹੈ ਕਿ ਸਮੁੱਚੇ ਲੋਕ ਗੀਤਾਂ ਰਾਹੀਂ ਕਾਰਪੋਰੇਟ ਘਰਾਣਿਆਂ ਦੇ ਡਰ ਦੇ ਖਿਲਾਫ਼ ਕਿਸਾਨਾਂ ਨੂੰ ਜਥੇਬੰਦ ਕਰਨਾ ਹੈ। ਇਨ੍ਹਾਂ ਲੋਕ ਗੀਤਾਂ ਨੇ ਕਿਸਾਨ ਅੰਦੋਲਨ ਨੂੰ ਮੁੜ ਦਿਸ਼ਾ ਦੇਣ ਦੀ ਵੱਖੋ-ਵੱਖ ਸਮਿਆਂ 'ਤੇ ਅਹਿਮ ਭੂਮਿਕਾ ਨਿਭਾਈ, ਇਨ੍ਹਾਂ ਗੀਤਾਂ ਦਾ ਤੱਤ ਕੇਂਦਰ ਦੇ ਖਿਲਾਫ਼ ਸੀ। ਇਸ ਦੇ ਨਾਲ ਹੀ ਬਹੁਗਿਣਤੀ ਔਰਤਾਂ ਜ਼ਮੀਨੀ ਪੱਧਰ ਤੋਂ ਉਠ ਕੇ ਇਨ੍ਹਾਂ ਅੰਦੋਲਨਾਂ ਵਿਚ ਕਿਵੇਂ ਅਤੇ ਕਿਸ ਤਰ੍ਹਾਂ ਸ਼ਾਮਲ ਹੋਈਆਂ। ਕਿਸ ਤਰ੍ਹਾਂ ਅੰਦੋਲਨ ਦਾ ਪ੍ਰਵਚਨ ਸਿਰਜਿਆ ਗਿਆ। ਹਾਲਾਂਕਿ ਕਈ ਵਾਰੀ ਸਿੱਖ ਪਹਿਚਾਣ ਅਤੇ ਕਿਸਾਨੀ ਦੇ ਆਪਸੀ ਵੱਖਰੇਵੇਂ ਵੀ ਉਭਰੇ ਪ੍ਰੰਤੂ ਜਿਸ ਕਿਸਮ ਨਾਲ ਲੀਡਰਸ਼ਿਪ ਤੋਂ ਅਗਾਂਹ ਸਮੁੱਚਾ ਪੰਜਾਬ ਹੀ ਇਸ ਅੰਦੋਲਨ ਵਿਚ ਭਾਗੀਦਾਰ ਸੋਚ, ਵਿਚਾਰ ਅਤੇ ਸਮਝਦਾਰੀ ਦੇ ਪੱਧਰ 'ਤੇ ਸ਼ਾਮਲ ਹੋ ਗਿਆ ਸੀ ਉਹ ਹਰੇਕ ਪੱਧਰ ਦੇ ਪਿਛੋਕੜ, ਮੋੜੇ ਅਤੇ ਜਿੱਤ ਨੂੰ ਵਾਰ-ਵਾਰ ਪ੍ਰਭਾਵਤ ਕਰ ਰਿਹਾ ਸੀ। ਇਸ ਪੁਸਤਕ ਦੀ ਖੂਬੀ ਹੈ ਕਿ ਇਸ ਨੇ ਸਮੁੱਚੇ ਪੰਜਾਬ ਦੇ ਖੇਤੀ ਸੰਕਟ ਦੀ ਹਰੇਕ ਵੰਨਗੀ ਨੂੰ ਤੱਥਾਂ ਅਤੇ ਅੰਕੜਿਆਂ ਦੇ ਨਾਲ ਨਾਲ ਵੱਖ-ਵੱਖ ਸਮਿਆਂ 'ਤੇ ਪੰਜਾਬ ਦੇ ਖੇਤੀ ਸੰਕਟ ਨਾਲ ਹੋਈਆਂ ਖੋਜਾਂ ਦੇ ਅਹਿਮ ਦਸਤਾਵੇਜ਼ਾਂ ਅਤੇ ਪਹਿਲੂਆਂ ਨੂੰ ਦਰਜ ਕੀਤਾ ਹੈ ਕਿ ਕਿਸ ਤਰ੍ਹਾਂ ਪੰਜਾਬ ਵਿਚ ਖੇਤੀ ਦਾ ਸਵਾਲ ਸਿਰਫ਼ ਪੈਦਾਵਾਰ ਦਾ ਹੀ ਨਹੀਂ ਬਲਕਿ ਸਮਾਜਿਕ ਅਤੇ ਰਾਜਨੀਤਕ ਮਸਲਾ ਵੀ ਹੈ। ਇਸ ਦੇ ਨਾਲ ਹੀ ਭਲਾ ਸਮੇਂ ਸਮੇਂ 'ਤੇ ਕਈ ਪੱਧਰਾਂ 'ਤੇ ਦੇਸ਼ ਦੀਆਂ ਖੇਤੀਬਾੜੀ ਨਾਲ ਸਬੰਧਤ ਮੰਡੀ ਦੀਆਂ ਲੋੜਾਂ ਅਨੁਸਾਰ ਨੀਤੀਆਂ ਵਿਚ ਤਬਦੀਲੀਆਂ ਆਈਆਂ ਪ੍ਰੰਤੂ ਜੋ ਹਰੀ ਕ੍ਰਾਂਤੀ ਦੇ ਇਸ ਪ੍ਰਚਾਰੇ ਜਾਂਦੇ ਤਾਕਰਵਰ ਇੰਜਣ ਰਾਹੀਂ ਵਾਤਾਵਰਣ ਦੀ ਤਬਾਹੀ, ਸਮਾਜਿਕ ਅਤੇ ਆਰਥਿਕ ਗੈਰ ਬਰਾਬਰੀ, ਕਈ ਗੁਣਾਂ ਕਿਸਾਨਾਂ 'ਤੇ ਵਧਿਆ ਕਰਜ਼ਾ ਤੇ ਇਥੋਂ ਤੱਕ ਵੱਡੀ ਪੱਧਰ 'ਤੇ ਕਿਸਾਨਾਂ ਦੇ ਆਤਮ ਹੱਤਿਆਵਾਂ ਕਰ ਜਾਣ ਦਾ ਵਰਤਾਰਾ ਆਦਿ ਵੀ ਇਸ ਪੁਸਤਕ ਦਾ ਅਤੁੱਟ ਅੰਗ ਹਨ। ਇਹ ਪੁਸਤਕ ਸੋਚਣ ਲਈ ਮਜਬੂਰ ਕਰਦੀ ਹੈ ਕਿ ਕਿਉਂ ਪੰਜਾਬ ਦੇ ਖੇਤੀਬਾੜੀ ਵਾਲੀ ਪ੍ਰਕਿਰਿਆ ਬਾਕੀ ਹੋਰ ਸਮਾਜਿਕ ਸੈਕਟਰਾਂ ਨਾਲ ਤਾਲਮੇਲ ਬਣਾ ਕੇ ਵਿਕਸਿਤ ਨਹੀਂ ਹੋ ਸਕੀ। ਕੀ ਕਾਰਨ ਹੈ ਕਿ 1990 ਤੋਂ ਬਾਅਦ ਨਵੀਆਂ ਆਰਥਿਕ ਨੀਤੀਆਂ ਰਾਹੀਂ ਪੰਜਾਬ ਸੰਕਟ-ਦਰ-ਸੰਕਟ ਹੇਠਾਂ ਨੂੰ ਜਾਂਦਾ ਰਿਹਾ। ਉਸ ਦਾ ਨੀਤੀਆਂ ਦੇ ਪੱਧਰ 'ਤੇ ਵੱਡਾ ਵਿਸ਼ਲੇਸ਼ਣ ਸਾਹਮਣੇ ਨਹੀਂ ਆਇਆ ਜਿਸ ਕਰਕੇ ਅੱਜ ਪੰਜਾਬ ਨੂੰ ਇਸ ਹਰੀ ਕ੍ਰਾਂਤੀ ਦੀ ਵੱਡੀ ਕੀਮਤ ਤਾਰਨੀ ਪੈ ਰਹੀ ਹੈ। ਛੋਟਾ ਦੇ ਦਰਮਿਆਨਾ ਕਿਸਾਨ ਬੁਰੀ ਤਰ੍ਹਾਂ ਅਰਥ ਸ਼ਾਸਤਰੀ ਡਾ. ਐਚ.ਐਸ. ਸ਼ੇਰਗਿੱਲ ਦੀਆਂ ਰਿਪੋਰਟਾਂ ਅਨੁਸਾਰ ਭਿਆਨਕ ਕਰਜ਼ੇ ਦੇ ਚੱਕਰ ਵਿਚ ਫਸ ਗਿਆ ਹੈ। ਉਸ ਨੂੰ ਵੱਡੀ ਕੀਮਤ ਉਤਾਰਨੀ ਪੈ ਰਹੀ ਹੈ। ਇਸ ਦੇ ਨਾਲ ਹੀ ਪ੍ਰਸਿੱਧ ਅਰਥਸ਼ਾਸਤਰੀ ਪ੍ਰੋ. ਜੀ.ਐਸ. ਭੱਲਾ ਦੀ ਰਿਪੋਰਟ ਦਾ ਉਲੇਖ ਕਿ ਖੇਤੀਬਾੜੀ ਖੇਤਰ ਵਿਚ ਮਜ਼ਦੂਰਾਂ ਦੀ ਸ਼ਮੂਲੀਅਤ ਲਗਾਤਾਰ ਘਟ ਚੁੱਕੀ ਹੈ, ਆਦਿ ਦੇ ਨਾਲ ਨਾਲ ਪਿਛਲੇ ਤਿੰਨ ਦਹਾਕਿਆਂ ਤੋਂ ਜਿੰਨੀਆਂ ਵੀ ਅਹਿਮ ਰਿਪੋਰਟਾਂ ਅਤੇ ਦਸਤਾਵੇਜ਼ ਪੰਜਾਬ ਦੇ ਸੰਕਟ ਨਾਲ ਸਬੰਧਤ ਹਨ ਉਨ੍ਹਾਂ ਦਾ ਇਸ ਪੁਸਤਕ ਵਿਚ ਬਾਖੂਬੀ ਉਲੇਖ ਹੀ ਨਹੀਂ ਕੀਤਾ ਗਿਆ ਬਲਕਿ ਅਜਿਹੇ ਤੱਥ ਵੀ ਸਾਹਮਣੇ ਲਿਆਂਦੇ ਗਏ ਹਨ ਕਿ ਕਿਸ ਤਰ੍ਹਾਂ ਲਗਾਤਾਰ ਪੰਜਾਬ ਬੁਰੀ ਤਰ੍ਹਾਂ ਨਿੱਜੀਕਰਨ ਦੀ ਪ੍ਰਕਿਰਿਆ ਤੋਂ ਲੈ ਕੇ ਪ੍ਰਦੂਸ਼ਣ ਦੇ ਸਵਾਲਾਂ ਨੂੰ ਸੰਬੋਧਤ ਹੋਣ ਵਰਗੇ ਮਸਲਿਆਂ ਦੇ ਨਾਲ ਨਾਲ ਨਸ਼ਿਆਂ ਦਾ ਵਧਣਾ ਤੇ ਬੇਰੁਜ਼ਗਾਰੀ ਵਿਚ ਬੇਇੰਤਹਾ ਵਾਧਾ ਅਤੇ ਸਿੱਖਿਆ ਦੀ ਗੁਣਵਤਾ ਵਿਚ ਨਿਘਾਰ ਦੇ ਨਾਲ ਪਰਵਾਸ ਵੱਲ ਨੂੰ ਗੈਰ ਕਾਨੂੰਨੀ ਤੇ ਕਾਨੂੰਨੀ ਆਦਿ ਜਾਣ ਦਾ ਸਿਲਸਿਲਾ ਆਦਿ ਪਹਿਲੂਆਂ ਨੂੰ ਵੀ ਇਸ ਵਿਚ ਅੰਕੜਿਆਂ ਅਤੇ ਰਿਪੋਰਟਾਂ ਦੇ ਆਧਾਰ 'ਤੇ ਵਿਸ਼ਲੇਸ਼ਣਮਈ ਭਵਿੱਖ ਦੇ ਕਾਰਜਾਂ ਅਤੇ ਨੀਤੀਆਂ ਵਾਸਤੇ ਸ਼ਾਮਲ ਕੀਤਾ ਗਿਆ ਹੈ। ਕਿਸ ਤਰ੍ਹਾਂ ਪੰਜਾਬ ਦੀ ਰਾਜਨੀਤੀ ਅਤੇ ਆਰਥਿਕਤਾ ਮੋੜਾ ਕੱਟੇ ਤਾਂ ਕਿ ਇਸ ਦੇ ਸਮੁੱਚੇ ਆਪਸੀ ਸਬੰਧਾਂ ਨੂੰ ਵਿਕਸਿਤ ਕਰਨ ਵੱਲ ਕਾਰਜ ਕੀਤਾ ਜਾ ਸਕੇ। ਪੰਜਾਬ ਵਿਚ ਕਈ ਕਿਸਮ ਦੀਆਂ ਰਿਪੋਰਟਾਂ ਜਿਹੜੀਆਂ ਕਦੇ ਵੀ ਲਾਗੂ ਨਹੀਂ ਹੋ ਸਕੀਆਂ ਉਨ੍ਹਾਂ ਵਿਚ ਫਸਲਾਂ ਦੇ ਵਿਭਿੰਨੀਕਰਨ ਨਾਲ ਸਬੰਧਤ ਪ੍ਰੋ. ਐਸ. ਐਸ. ਜੌਹਲ ਦੀ ਰਿਪੋਰਟ ਦਾ ਵਿਸ਼ਲੇਸ਼ਣ ਵੀ ਸ਼ਾਮਲ ਹੈ।

ਸੋ ਤੱਤ ਰੂਪ ਵਿਚ ਇਹ ਪੁਸਤਕ ਹੁਣ ਜਦੋਂ ਹਰੀ ਕ੍ਰਾਂਤੀ ਦਾ ਪਿਛਲਾ ਦੌਰ ਚੱਲ ਰਿਹਾ ਹੈ ਤਾਂ ਕਈ ਕਿਸਮ ਦੇ ਅੰਦੋਲਨ ਇਸ ਵਿਚ ਨਵੇਂ ਵੀ ਸ਼ਾਮਲ ਹੋ ਰਹੇ ਹਨ ਜਿਨ੍ਹਾਂ ਦਾ ਹੱਲ ਅਜੋਕੀਆਂ ਕਾਰਪੋਰੇਟ-ਪੱਖੀ ਨੀਤੀਆਂ ਵਿਚ ਤਾਂ ਕਤੱਈ ਨਹੀਂ ਹੈ। ਇਸ ਕਰਕੇ ਪੰਜਾਬ ਦੀ ਸਥਾਪਤ ਸੱਤਾਧਾਰੀ ਜਮਾਤ ਜੋ ਸਿਰਫ਼ ਤੇ ਸਿਰਫ਼ ਸੰਕਟ ਨੂੰ ਆਰਥਿਕ ਖੇਤਰ ਤੱਕ ਹੀ ਸਮਝਦੀ ਹੈ ਉਹ ਹੁਣ ਵੱਧ ਕੇ ਸਮਾਜਿਕ ਅਤੇ ਸਭਿਆਚਾਰਕ ਖੇਤਰ ਤੱਕ ਫੈਲ ਚੁੱਕਾ ਹੈ। ਇਸ ਕਰਕੇ ਇਸ ਅੰਦੋਲਨ ਵਿਚ ਸਮੁੱਚੇ ਪਰਿਵਾਰਾਂ ਦੀ ਸ਼ਮੂਲੀਅਤ ਸ਼ਾਮਲ ਹੋ ਗਈ ਸੀ ਜਿਨ੍ਹਾਂ ਵਿਚ ਮਾਲਵਾ ਖੇਤਰ ਪੂਰੀ ਤਰ੍ਹਾਂ ਸਮੇਤ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਨਵਉਦਾਰਵਾਦ ਤੋਂ ਬਾਅਦ ਸਮੁੱਚੀਆਂ ਸਿਆਸੀ ਪਾਰਟੀਆਂ ਜਿਹੜੀਆਂ ਇਸ ਦੀਆਂ ਹੀ ਪ੍ਰਚਾਰਕ ਅਤੇ ਚਾਲਕ ਸਨ ਉਹ ਬੁਰੀ ਤਰ੍ਹਾਂ ਲੋਕਾਂ ਵਿਚੋਂ ਨਿਖੜ ਗਈਆਂ ਤੇ ਰਹਿੰਦੀ ਕਸਰ ਕਿਸਾਨ ਅੰਦੋਲਨ ਨੇ ਕੱਢ ਦਿੱਤੀ ਹੈ। ਇਸ ਕਰਕੇ 2022 ਦੀਆਂ ਚੋਣਾਂ ਦੇ ਨਤੀਜੇ ਸਭ ਦੇ ਸਾਹਮਣੇ ਹਨ। ਜੋ ਵੀ ਕਾਰਪੋਰੇਟ ਨੀਤੀਆਂ ਦਾ ਝੰਡਾ ਬਰਦਾਰ ਬਣੇਗਾ ਉਸ ਦੀ ਹੋਣੀ ਅਤੇ ਅਣਹੋਣੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ ਕਿਉਂਕਿ ਸਮੁੱਚੇ ਪੰਜਾਬ ਦੀ ਹਰੇਕ ਪਰਤ ਇਕ ਸੰਕਟਗ੍ਰਸਤ ਦੌਰ ਵਿਚੋਂ ਗੁਜ਼ਰ ਰਹੀ ਹੈ। ਇਹ ਪੁਸਤਕ ਅਹਿਸਾਸ ਕਰਵਾਉਂਦੀ ਹੈ ਕਿ ਪੰਜਾਬ ਦੇ ਸੰਦਰਭ ਵਿਚ ਮੁੜ ਕੀ ਕਰਨਾ ਲੋੜੀਏ ? ਵਰਗੇ ਪਹਿਲੂਆਂ ਵੱਲ ਸੋਚਿਆ ਜਾਵੇ। ਇਸ ਪੁਸਤਕ ਨੇ ਜਿਥੇ 32 ਕਿਸਾਨ ਜਥੇਬੰਦੀਆਂ ਦੀਆਂ ਸਿਆਸੀ ਕਤਾਰਬੰਦੀਆਂ ਅਤੇ ਉਨ੍ਹਾਂ ਦੇ ਅਜ਼ਾਦਾਨਾ ਖਿਆਲਤ ਅਤੇ ਵਿਚਾਰਾਂ ਦੇ ਪਹਿਲੂਆਂ ਨੂੰ ਤੱਥਾਂ ਸਮੇਤ ਪੇਸ਼ ਕੀਤਾ ਹੈ। ਜੋ ਵੀ ਅੱਜ ਕਿਸਾਨ ਜਥੇਬੰਦੀਆਂ ਵਿਚ ਆਪਸੀ ਵਿਤਕਰੇ ਅਤੇ ਕਲੇਸ਼ ਭਲਾ ਵੱਧ ਗਏ ਹਨ ਪ੍ਰੰਤੂ ਜੋ ਇਤਿਹਾਸਕ ਕਾਰਜ ਇਸ ਲਹਿਰ ਨੇ ਕਾਰਪੋਰੇਟ ਘਰਾਣਿਆਂ ਖਿਲਾਫ਼ ਲੜਾਈ ਲਈ ਕੀਤਾ ਹੈ ਉਹ ਇਕ ਵੱਡੀ ਦੇਣ ਦੇਸ਼ ਲਈ ਛੱਡ ਗਿਆ ਹੈ ਕਿ ਕਿਸ ਤਰ੍ਹਾਂ ਆਰਥਿਕ ਅਤੇ ਸਮਾਜਿਕ ਮਸਲੇ ਲੋਕਾਂ ਦੀ ਜੀਵਨ ਪ੍ਰਕਿਰਿਆ ਨੂੰ ਪ੍ਰਭਾਵਤ ਕਰਦੇ ਹਨ ਅਤੇ ਕਈ ਕਿਸਮ ਨਾਲ ਰਾਜਨੀਤਕ ਪਾਰਟੀਆਂ ਦੀ ਹੋਣੀ ਤੇ ਅਣਹੋਣੀ ਨੂੰ ਤੈਅ ਕਰਦੇ ਹਨ। ਇਹ ਪੁਸਤਕ ਨੀਤੀ ਘਾੜਿਆਂ, ਵਿਦਵਾਨਾਂ, ਖੋਜਾਰਥੀਆਂ ਅਤੇ ਵੱਖ-ਵੱਖ ਲਹਿਰਾਂ ਵਿਚ ਕਾਰਜਸ਼ੀਲ ਆਗੂਆਂ ਦੀ ਸਮਝਦਾਰੀ ਵਿਕਸਿਤ ਕਰਨ ਅਤੇ ਉਨ੍ਹਾਂ ਨੂੰ ਮੁੜ ਸੋਚਣ ਲਈ ਮਜ਼ਬੂਰ ਕਰਨ ਵੱਲ ਨੂੰ ਅਹਿਮ ਕਦਮ ਹੈ। ਜਿਹੜੀ ਇਕ ਸਮੁੱਚਤਾ ਦੇ ਰੂਪ ਵਿਚ ਪੰਜਾਬ ਦੀ ਹਰੀ ਕ੍ਰਾਂਤੀ ਤੋਂ ਬਾਅਦ ਦੇ ਵੱਖ ਵੱਖ ਪਰਛਾਇਆ ਨੂੰ ਰੇਖਾਂਕਤ ਕਰਦੀ ਹੈ ਅਤੇ ਨਵੀਂ ਦਿਸ਼ਾ 'ਤੇ ਰਾਜਨੀਤਕ ਖੇਤਰ ਤੋਂ ਲੈ ਕੇ ਵੱਖ ਵੱਖ ਲਹਿਰਾਂ ਦੇ ਸਵਾਲਾਂ ਦੇ ਕੇਂਦਰੀ ਮੁੱਦੇ ਕੀ ਹੋਣ ਉਨ੍ਹਾਂ ਵੱਲ ਵੀ ਸੋਝੀ ਉਤਪੰਨ ਕਰਨ ਦਾ ਕਾਰਜ ਕਰਦੀ ਹੈ। ਅਜੋਕੇ ਦੌਰ ਵਿਚ ਜਦੋਂ ਪੰਜਾਬ ਕਈ ਕਿਸਮ ਦੇ ਨਵੇਂ ਪ੍ਰਵਚਨਾਂ ਵੱਲ ਨੂੰ ਵੱਧ ਰਿਹਾ ਹੈ ਜਿਹੜਾ ਇਸ ਦੀਆਂ ਕਈ ਵੱਖੋ ਵੱਖਰੀਆਂ ਪਰਤਾਂ ਵਿਚ ਪਿਆ ਹੈ। ਪਤਾ ਨਹੀਂ ਕਦੋਂ ਕੌਣ, ਕਿਵੇਂ ਇਸ ਸੰਕਟਗ੍ਰਸਤ ਪੰਜਾਬ ਨੂੰ ਆਪਣੀ ਤੋਰ ਰਾਹੀਂ ਤੋਰ ਕੇ ਨਵੀਂ ਤਰਾਸਦੀ ਵੱਲ ਸੁੱਟ ਦੇਵੇ ਉਸ ਪ੍ਰਤੀ ਵੀ ਇਹ ਪੁਸਤਕ ਸੁਚੇਤ ਕਰਦੀ ਹੈ ਅਤੇ ਅਜਿਹੀਆਂ ਗਲਤ ਧਾਰਾਵਾਂ ਦੇ ਸੰਕਟਮਈ ਦੌਰਾਂ ਦੇ ਪ੍ਰਭਾਵਾਂ ਦਾ ਸਮਾਜ 'ਤੇ ਜੋ ਅਸਰ ਹੋਇਆ ਉਸ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿਚ ਰੇਖਾਂਕਤ ਕਰਦੀ ਹੈ।




**ਥਰੀ ਸੇਡਜ਼ ਆਫ਼ ਗਰੀਨ : ਪ੍ਰਾਈਵੇਟਜੇਸ਼ਨ, ਪਲੂਸਣ ਐਂਡ ਪ੍ਰੋਟੈਸਟ (ਅੰਗਰੇਜ਼ੀ)**

**ਲੇਖਕ : ਡਾ. ਪ੍ਰਮੋਦ ਕੁਮਾਰ**

**ਪ੍ਰਕਾਸ਼ਨ : ਅਕਾਰ ਬੁੱਕਸ, ਨਵੀਂ ਦਿੱਲੀ**

**ਕੀਮਤ : 995/-**

# ਵਾਤਾਵਰਨ ਦੇ ਸੰਕਟ ਬਾਰੇ ਗੱਲਬਾਤ ਨੂੰ ਕੁਰਾਹੇ ਪਾਉਣ ਵਿੱਚ ਕਾਰਪੋਰੇਸ਼ਨਾਂ ਦੀ ਭੂਮਿਕਾ

(ਸਫ਼ਾ 7 ਦੀ ਬਾਕੀ)

ਉਸ ਨੇ ਕੁੱਝ ਸੰਕੇਤ ਦਿੱਤੇ ਕਿ ਉਹ ਆਲਮੀ ਤਪਸ (ਗਲੋਬਲ ਵਾਰਮਿੰਗ) ਘਟਾਉਣ ਲਈ ਕੁੱਝ ਕਦਮ ਚੁੱਕੇਗਾ। ਉਸ ਦੇ ਇਹਨਾਂ ਸੰਕੇਤਾਂ ਨੂੰ ਧਿਆਨ ਵਿੱਚ ਰੱਖਦਿਆਂ, ਵੱਡੀਆਂ ਕਾਰਪੋਰੇਸਨਾਂ ਨੇ ਓਬਾਮਾ ਵੱਲੋਂ ਚੁੱਕੇ ਜਾਣ ਵਾਲੇ ਕਦਮਾਂ ਨੂੰ ਰੋਕਣ ਜਾਂ ਖੁੰਡਾ ਕਰਨ ਲਈ ਆਲਮੀ ਤਪਸ (ਗਲੋਬਲ ਵਾਰਮਿੰਗ) ਦੇ ਸੰਬੰਧ ਵਿੱਚ ਲੌਬੀ ਕਰਨ ਦੇ ਆਪਣੇ ਯਤਨਾਂ ਨੂੰ ਵੱਡੀ ਪੱਧਰ 'ਤੇ ਤੇਜ ਕਰ ਦਿੱਤਾ। 25 ਫਰਵਰੀ 2009 ਨੂੰ ਦੀ ਸੈਂਟਰ ਫਾਰ ਪਬਲਿਕ ਐਨਟੈਗਰਟੀ ਦੀ ਰਿਪੋਰਟ ਦੀ ਕਲਾਈਮੇਟ ਚੇਂਜ ਲੌਬੀ ਐਕਪਲੋਜਨ, ਵਿੱਚ ਇਸ ਬਾਰੇ ਇਸ ਤਰ੍ਹਾਂ ਲਿਖਿਆ ਹੈ, "ਜਦੋਂ ਓਬਾਮਾ ਦੀ ਟੀਮ ਆਲਮੀ ਤਪਸ (ਗਲੋਬਲ ਵਾਰਮਿੰਗ) ਦੀ ਚੁਣੌਤੀ ਨਾਲ ਨਿਪਟਣ ਲਈ ਤਿਆਰ ਹੋ ਰਹੀ ਹੈ, ਉਸ ਸਮੇਂ ਜਲਵਾਯੂ ਸੰਬੰਧੀ ਨੀਤੀਆਂ ਨੂੰ ਲੀਹੋਂ ਲਾਹੁਣ ਜਾਂ ਖੁੰਡਾ ਕਰਨਾ ਚਾਹੁਣ ਵਾਲੇ ਜਾਂ ਉਹਨਾਂ ਨੂੰ ਆਪਣੇ ਸੌੜੇ ਅਜੰਡਿਆਂ ਮੁਤਾਬਕ ਢਾਲਣਾ ਚਾਹੁਣ ਵਾਲੇ ਖਾਸ ਹਿੱਤਾਂ ਵਾਲੇ ਲੋਕ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਇਕੱਠੇ ਹੋ ਚੁੱਕੇ ਹਨ। ਸੈਂਟਰ ਫਾਰ ਪਬਲਿਕ ਐਨਟੈਗਰਿਟੀ ਵੱਲੋਂ ਸੈਨਟ ਦੇ ਡਿਸਕਲੋਜਰ ਫਾਰਮਾਂ ਦਾ ਕੀਤਾ ਵਿਸਲੇਸਣ ਦਿਖਾਉਂਦਾ ਹੈ ਕਿ ਪਿਛਲੇ ਸਾਲ ਵਿੱਚ ਫੈਡਰਲ ਪੱਧਰ'ਤੇ ਜਲਵਾਯੂ ਨਾਲ ਸੰਬੰਧਿਤ ਨੀਤੀਆਂ ਨੂੰ ਪ੍ਰਭਾਵਿਤ ਕਰਨ ਲਈ 770 ਤੋਂ ਵੱਧ ਕੰਪਨੀਆਂ ਅਤੇ ਖਾਸ ਹਿੱਤ ਰੱਖਣ ਵਾਲੇ ਗਰੁੱਪਾਂ ਨੇ 2340 ਲੌਬੀ ਕਰਨ ਵਾਲਿਆਂ ਨੂੰ ਹਾਇਰ ਕੀਤਾ ਹੈ। ਇਹ ਗਿਣਤੀ ਪਿਛਲੇ 5 ਸਾਲਾਂ ਦੌਰਾਨ ਜਲਵਾਯੂ ਵਿੱਚ ਤਬਦੀਲੀ ਬਾਰੇ ਲੌਬੀ ਕਰਨ ਵਾਲੇ ਲੋਕਾਂ ਦੀ ਗਿਣਤੀ ਵਿੱਚ 300 ਫੀਸਦੀ ਦਾ ਵਾਧਾ ਹੈ, ਅਤੇ ਇਸ ਦਾ ਮਤਲਬ ਹੈ ਕਿ ਹੁਣ ਵਾਸ਼ਿੰਗਟਨ ਵਿੱਚ ਕਾਂਗਰਸ ਦੇ ਇਕ ਮੈਂਬਰ ਮਗਰ ਜਲਵਾਯੂ ਵਿੱਚ ਤਬਦੀਲੀ ਬਾਰੇ ਲੌਬੀ ਕਰਨ ਵਾਲੇ ਚਾਰ ਲੋਕ ਕੰਮ ਕਰ ਰਹੇ ਹਨ।"

ਸਾਇਦ ਇਹ ਇੰਨੀ ਵੱਡੀ ਪੱਧਰ 'ਤੇ ਲੌਬੀ ਕਰਨ ਦੇ ਯਤਨਾਂ ਦਾ ਹੀ ਨਤੀਜਾ ਸੀ ਕਿ ਓਬਾਮਾ ਜਲਵਾਯੂ ਵਿੱਚ ਤਬਦੀਲੀਆਂ ਨਾਲ ਸੰਬੰਧਿਤ ਨੀਤੀਆਂ ਦੇ ਸੰਬੰਧ ਵਿੱਚ ਕੋਈ ਵੱਡਾ ਕਦਮ ਨਹੀਂ ਚੁੱਕ ਸਕਿਆ। ਜਲਵਾਯੂ ਵਿੱਚ ਤਬਦੀਲੀ ਦੇ ਸੰਬੰਧ ਵਿੱਚ ਕੀਤੇ ਓਬਾਮਾ ਦੇ ਕੰਮ ਦਾ ਮੁੱਲਾਂਕਣ ਕਰਨ ਲਈ 29 ਅਪ੍ਰੈਲ 2017 ਵਿੱਚ ਛਪੇ ਇਕ ਆਰਟੀਕਲ ਵਿੱਚ ਡੇਵਿਡ ਬੁੱਕਬਾਈਂਡਰ ਲਿਖਦਾ ਹੈ ਕਿ ਬੇਸ਼ੱਕ ਜਲਵਾਯੂ ਵਿੱਚ ਤਬਦੀਲੀਆਂ ਦੇ ਸੰਬੰਧ ਵਿੱਚ ਓਬਾਮਾ ਦੀ ਵਿਰਾਸਤ ਨੂੰ ਗਰੀਨ (ਵਾਤਾਵਰਨ ਦੀ ਹਿਮਾਇਤੀ) ਦਰਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਪ੍ਰੈਜੀਡੈਂਟ ਹੋਣ ਦੀ ਆਪਣੀ "ਪਹਿਲੀ ਟਰਮ ਵਿੱਚ ਓਬਾਮਾ ਦੀਆਂ ਜਲਵਾਯੂ ਨਾਲ ਸੰਬੰਧਿਤ ਨੀਤੀਆਂ ਦਾ ਜਾਰਜ ਡਬਲਿਊ ਬੁੱਸ ਦੀਆਂ ਨੀਤੀਆਂ ਨਾਲੋਂ ਕੋਈ ਬਹੁਤ ਵੱਡਾ ਫਰਕ ਨਹੀਂ ਸੀ। ਦੋਹਾਂ ਨੇ ਗਰੀਨਹਾਊਸ ਗੈਸਾਂ ਨਾਲ ਸੰਬੰਧਿਤ ਕਾਨੂੰਨਾਂ ਦਾ ਵਿਰੋਧ ਕਰਨ ਲਈ ਪੂਰੇ ਜੋਰ ਨਾਲ ਲੜਾਈ ਕੀਤੀ..."

ਬਰਾਕ ਓਬਾਮਾ ਦੇ ਤੇਲ ਅਤੇ ਗੈਸ ਸਨਅਤ ਵੱਲ ਦੋਸਤਾਨਾ ਰਵੱਈਏ ਬਾਰੇ ਕੁੱਝ ਹੋਰ ਤੱਥ ਪੇਸ ਹਨ। ਸੰਨ 2017 ਵਿੱਚ ਛਪੀ ਆਪਣੀ ਕਿਤਾਬ, ਕਰੀਏਟਿੰਗ ਐਨ ਇਕੋਲੌਜੀਕਲ ਸੁਸਾਇਟੀ ਵਿੱਚ ਫਰੈੱਡ ਮੈਗਡੌਫ ਅਤੇ ਕਰਿਸ ਵਿਲੀਅਮਜ ਲਿਖਦੇ ਹਨ ਕਿ ਸੰਨ 2012 ਵਿੱਚ ਆਪਣੇ ਇਕ ਭਾਸਨ ਵਿੱਚ ਓਬਾਮਾ ਨੇ ਕਿਹਾ ਸੀ, "ਕਈ ਅਜਿਹੇ ਸਿਆਸਤਦਾਨ ਹਨ ਜੋ ਕਹਿੰਦੇ ਹਨ ਕਿ ਜੇ ਅਸੀਂ ਹੋਰ ਡਰਿੱਲ ਕਰਾਂਗੇ, ਤਾਂ ਗੈਸ ਦੀਆਂ ਕੀਮਤਾਂ ਇਕ ਦਮ ਹੇਠਾਂ ਆ ਜਾਣਗੀਆਂ। ਪਰ ਉਹ ਇਹ ਨਹੀਂ ਦਸਦੇ.... ਕਿ ਅਮਰੀਕਾ ਪਿਛਲੇ ਅੱਠ ਸਾਲਾਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਤੇਲ ਦਾ ਉਤਪਾਦਨ ਕਰ ਰਿਹਾ ਹੈ। ਅਸੀਂ ਤੇਲ ਅਤੇ ਗੈਸ ਲੱਭਣ ਲਈ ਨਵੇਂ ਇਲਾਕਿਆਂ ਨੂੰ ਖੋਲ੍ਹਿਆ ਹੈ। ਅਸੀਂ (ਤੇਲ ਅਤੇ ਗੈਸ) ਕੱਢਣ ਲਈ ਕੰਮ ਕਰ ਰਹੀਆਂ ਰਿੱਗਾਂ ਦੀ ਗਿਣਤੀ ਵਿੱਚ ਚਾਰ ਗੁਣਾਂ ਵਾਧਾ ਕੀਤਾ ਹੈ, ਜੋ ਕਿ ਇਕ ਰਿਕਾਰਡ ਹੈ। ਅਸੀਂ ਤੇਲ ਅਤੇ ਗੈਸ ਦੀਆਂ ਪਾਈਪਲਾਈਨਾਂ ਵਿੱਚ ਇੰਨੀ ਵੱਡੀ ਗਿਣਤੀ ਮਾਤਰਾ ਵਿੱਚ ਵਾਧਾ ਕੀਤਾ ਹੈ, ਕਿ ਉਹਨਾਂ ਨਾਲ ਸਾਰੀ ਧਰਤੀ ਨੂੰ ਵਲਿਆ ਜਾ ਸਕਦਾ ਹੈ।" ਸੰਨ 2015 ਵਿੱਚ ਜਦੋਂ ਅਮਰੀਕਾ ਵਾਤਾਵਰਨ ਦੇ ਸੰਕਟ ਦਾ ਹੱਲ ਲੱਭਣ ਲਈ ਪੈਰਿਸ ਕਲਾਈਮੇਟ ਨਾਂ ਨਾਲ ਜਾਣੀ ਜਾਂਦੀ ਗੱਲਬਾਤ ਵਿੱਚ ਹਿੱਸਾ ਲੈ ਰਿਹਾ ਸੀ, ਉਸ ਸਮੇਂ ਓਬਾਮਾ ਨੇ ਤੇਲ ਸਨਅਤ ਦੇ ਖੇਤਰ ਦੀ ਇਕ ਵੱਡੀ ਕੰਪਨੀ ਐਕਸਨ ਅਤੇ ਕੋਕ ਬ੍ਰਦਰਜ ਦੀ ਹਿਮਾਇਤ ਪ੍ਰਾਪਤ ਬਿੱਲ 'ਤੇ ਦਸਖਤ ਕੀਤੇ ਸਨ, ਜਿਸ ਦਾ ਮਕਸਦ ਪਾਈਪਲਾਈਨਾਂ ਦੀ ਉਸਾਰੀ ਲਈ ਲੋੜੀਂਦੇ ਪਰਮਿੱਟ ਦੇਣ ਦੇ ਅਮਲ ਨੂੰ ਤੇਜ ਕਰਨਾ ਸੀ। ਇਸ ਹੀ ਤਰ੍ਹਾਂ ਓਬਾਮਾ ਪ੍ਰਸਾਸਨ ਨੇ ਮੈਕਸੀਕੋ ਦੀ ਖਾੜੀ (ਗਲਫ ਆਫ ਮੈਕਸੀਕੋ) ਵਿੱਚ ਫਰੈਕਿੰਗ ਦੇ 1500 ਪਰਮਿਟਾਂ ਨੂੰ ਪ੍ਰਵਾਨਗੀ ਦਿੱਤੀ ਸੀ। (ਫਰੈਕਿੰਗ ਧਰਤੀ ਵਿੱਚੋਂ ਗੈਸ ਕੱਢਣ ਦਾ ਇਕ ਅਜਿਹਾ ਤਰੀਕਾ ਹੈ ਜਿਸ ਵਿੱਚ ਗੈਸ ਲਈ ਡ੍ਰਿਲਿੰਗ ਕਰਨ ਤੋਂ ਪਹਿਲਾਂ ਬਹੁਤ ਹੀ ਜ਼ਿਆਦਾ ਦਬਾਅ ਹੇਠ ਪਾਣੀ, ਰੇਤ ਅਤੇ ਰਸਾਇਣਕ ਪਦਾਰਥਾਂ ਦਾ ਮਿਸਰਨ ਧਰਤੀ ਹੇਠਾਂ ਘੱਲਿਆ ਜਾਂਦਾ ਹੈ ਤਾਂ ਕਿ ਪੱਥਰਾਂ ਵਿਚਕਾਰ ਫਸੀ ਗੈਸ ਨੂੰ ਅਜਾਦ ਕੀਤਾ ਜਾ ਸਕੇ। ਇਸ ਅਮਲ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਕਈ ਤਰ੍ਹਾਂ ਨਾਲ ਵਾਤਾਵਰਨ ਦਾ ਨੁਕਸਾਨ ਕਰਦਾ ਹੈ। ਜਿਵੇਂ ਕਿ ਇਹ ਅਮਲ ਧਰਤੀ ਹੇਠਲੇ ਪਾਣੀ ਨੂੰ ਜਹਿਰੀਲਾ ਬਣਾ ਸਕਦਾ ਹੈ, ਧਰਤੀ ਉਪਰਲੇ ਪਾਣੀ ਨੂੰ ਪ੍ਰਦੂਸਤ ਕਰ ਸਕਦਾ ਹੈ, ਅਤੇ ਪਾਣੀ ਵਿੱਚ ਰਹਿਣ ਵਾਲੇ ਜੀਵਜੰਤੂਆਂ ਲਈ ਖਤਰਾ ਬਣ ਸਕਦਾ ਹੈ) ਇੱਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਇਹਨਾਂ ਪਰਮਿੱਟਾਂ ਦੀ ਪ੍ਰਵਾਨਗੀ ਤੋਂ ਕੁੱਝ ਸਾਲ ਪਹਿਲਾਂ ਸੰਨ 2010 ਵਿੱਚ ਮੈਕਸੀਕੋ ਦੀ ਖਾੜੀ (ਗਲਫ ਆਫ ਮੈਕਸੀਕੋ) ਵਿੱਚ ਬ੍ਰਿਟਿਸ ਪੈਟਰੌਲੀਅਮ ਦੀ ਡੀਪਵਾਟਰ ਹੋਰਾਈਜਨ ਨਾਂ ਦੀ ਤੇਲ ਕੱਢਣ ਵਾਲੀ ਰਿੱਗ ਵਿੱਚ ਹੋਈ ਇਕ ਵਿਨਾਸਕਾਰੀ ਦੁਰਘਟਨਾ ਕਾਰਨ ਇਸ ਖਾੜੀ ਵਿੱਚ 13.4 ਕ੍ਰੋੜ (134 ਮਿਲੀਅਨ) ਗੈਲਨ ਤੇਲ ਡੁੱਲ੍ਹਿਆ ਸੀ। ਸਮੁੰਦਰ ਵਿੱਚ ਤੇਲ ਡੁੱਲ੍ਹਣ ਦੀ ਇਸ ਦੁਰਘਟਨਾ ਨੂੰ ਅਮਰੀਕਾ ਦੇ ਇਤਿਹਾਸ ਵਿੱਚ ਸਮੁੰਦਰ ਵਿੱਚ ਤੇਲ ਡੁੱਲ੍ਹਣ ਦੀ ਸਭ ਤੋਂ ਵੱਡੀ ਦੁਰਘਟਨਾ ਸਮਝਿਆ ਜਾਂਦਾ ਹੈ ਅਤੇ ਇਸ ਕਾਰਨ ਵਾਤਾਵਰਨ ਨੂੰ ਹੋਏ ਨੁਕਸਾਨ ਦੀ ਲਾਗਤ 17.2 ਅਰਬ (ਬਿਲੀਅਨ) ਡਾਲਰ ਦੇ ਬਰਾਬਰ ਸੀ। 5 ਜਨਵਰੀ 2016 ਵਿੱਚ ਬਲੂਮਬਰਗ ਦੇ ਸਾਈਟ 'ਤੇ ਛਪਿਆ ਇਕ ਆਰਟੀਕਲ ਓਬਾਮਾ ਦੇ ਦੌਰ ਵਿੱਚ ਅਮਰੀਕਾ ਵਿੱਚ ਤੇਲ ਅਤੇ ਗੈਸ ਦੀ ਸਨਅਤ ਵਿੱਚ ਹੋਏ ਵਾਧੇ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ, "ਪਿਛਲੇ 7 ਸਾਲਾਂ ਦੌਰਾਨ ਯੂ ਐੱਸ ਵਿੱਚ ਤੇਲ ਦਾ ਉਤਪਾਦਨ 82 ਫੀਸਦੀ ਵਧਿਆ ਹੈ, ਜੋ ਕਿ ਤਕਰੀਬਨ ਇਕ ਰਿਕਾਰਡ ਹੈ, ਅਤੇ ਨੈਚਰੁਲ ਗੈਸ ਦੇ ਉਤਪਾਦਨ ਵਿੱਚ ਤਕਰੀਬਨ ਇਕ ਚੌਥਾਈ ਵਾਧਾ ਹੋਇਆ ਹੈ। ਸੰਘਣੇ ਪੱਥਰਾਂ ਵਿੱਚੋਂ ਗੈਸ ਕੱਢਣ ਲਈ ਵਰਤੇ ਜਾਂਦੇ ਅਮਲ ਹਾਈਡਰੌਲਿਕ ਫਰੈਕਚਰਿੰਗ ਨੂੰ ਬੰਦ ਕਰਨ ਦੀ ਥਾਂ ਓਬਾਮਾ ਨੇ ਬਾਲਣ ਦੇ ਇਸ ਸ੍ਰੋਤ (ਗੈਸ) ਨੂੰ ਭਵਿੱਖ ਦੇ ਗਰੀਨਰ (ਵਾਤਾਵਰਨ ਨੂੰ ਨੁਕਸਾਨ ਨਾ ਪਹੁੰਚਾਉਣ ਵਾਲੇ) ਅਤੇ ਨਵਿਆਏ ਜਾ ਸਕਣ ਵਾਲੇ ਊਰਜਾ ਸ੍ਰੋਤਾਂ ਤੱਕ ਜਾਣ ਦੇ ਇਕ ਪੌਡੇ ਵਜੋਂ ਉਤਸਾਹਿਤ ਕੀਤਾ ਹੈ। ਵਾਤਾਵਰਨ ਪ੍ਰੇਮੀਆਂ ਦੇ ਇਤਰਾਜਾਂ ਦੇ ਬਾਵਜੂਦ (ਓਬਾਮਾ) ਪ੍ਰਸਾਸਨ ਨੇ ਅਰਕਟਿਕ ਸਾਗਰ ਵਿੱਚ ਤੇਲ ਕੱਢਣ ਨੂੰ ਇਜਾਜਤ ਦਿੱਤੀ ਹੈ ਅਤੇ ਪੂਰਬੀ ਤੱਟ ਨਾਲ ਲੱਗਦੇ ਅੰਧ ਮਹਾਂ ਸਾਗਰ (ਐਟਲਾਂਟਿਕ ਉਸੀਅਨ) ਦੇ ਪਾਣੀਆਂ ਵਿੱਚ ਤੇਲ ਅਤੇ ਗੈਸ ਕੱਢਣ ਦੇ ਨਵੇਂ ਉਦਮਾਂ ਲਈ ਦਰਵਾਜਾ ਖੋਲ੍ਹਿਆ ਹੈ। (ਓਬਾਮਾ) ਨੇ ਅਮਰੀਕਾ ਦੇ ਬਹੁਤੇ ਕਰੂਡ ਆਇਲ ਦੇ ਨਿਰਯਾਤ 'ਤੇ 40 ਸਾਲਾਂ ਤੋਂ ਲੱਗੇ ਬੈਨ ਨੂੰ ਖਤਮ ਕਰਨ ਲਈ ਇਕ ਹੁਕਮ 'ਤੇ ਦਸਖਤ ਕੀਤੇ ਹਨ।"

ਇਲੈਕਸਨਾਂ ਵਿੱਚ ਉਮੀਦਵਾਰਾਂ ਨੂੰ ਸਿੱਧੇ ਪੈਸੇ ਦੇਣ ਅਤੇ ਸਰਕਾਰਾਂ ਨੂੰ ਲੌਬੀ ਕਰਨ ਵਾਲਿਆਂ ਨੂੰ ਵੱਡੀ ਮਾਤਰਾ ਵਿੱਚ ਪੈਸੇ ਦੇਣ ਤੋਂ ਇਲਾਵਾ ਦੁਨੀਆ ਦੇ ਮੁੱਠੀ ਭਰ ਅਮੀਰ ਅਤੇ ਉਹਨਾਂ ਦੀਆਂ ਕਾਰਪੋਰੇਸਨਾਂ ਆਪਣੇ ਮੁਨਾਫਿਆਂ ਲਈ ਖਤਰਾ ਬਣਨ ਵਾਲੀ ਜਾਣਕਾਰੀ, ਵਿਚਾਰਾਂ ਅਤੇ ਤੱਥਾਂ ਦੇ ਵਿਰੋਧ ਵਿੱਚ ਰਾਇ ਪੈਦਾ ਕਰਨ, ਉਹਨਾਂ ਨੂੰ ਝੁਠਲਾਉਣ ਜਾਂ ਉਹਨਾਂ ਬਾਰੇ ਸੱਕ ਪੈਦਾ ਕਰਨ ਲਈ ਥਿੰਕ ਟੈਂਕਾਂ, ਖੋਜ ਕੇਂਦਰਾਂ, ਇਸਤਿਹਾਰਾਂ ਦੀਆਂ ਮੁਹਿੰਮਾਂ ਆਦਿ ਨੂੰ ਫੰਡ ਕਰਨ ਲਈ ਕ੍ਰੋੜਾਂ/ਅਰਬਾਂ ਡਾਲਰ ਮੁਹੱਈਆ ਕਰਦੀਆਂ ਹਨ। ਇਹਨਾਂ ਅਮੀਰਾਂ ਅਤੇ ਕਾਰਪੋਰੇਸਨਾਂ ਵੱਲੋਂ ਵਾਤਾਵਰਨ ਦੇ ਸੰਕਟ ਨਾਲ ਸੰਬੰਧਿਤ ਕੀਤੇ ਜਾਂਦੇ ਅਜਿਹੇ ਯਤਨਾਂ ਬਾਰੇ ਕੁੱਝ ਜਾਣਕਾਰੀ ਪੇਸ ਹੈ। ਤੇਲ ਦੀ ਸਅਨਤ ਨਾਲ ਸੰਬੰਧਿਤ ਕਾਰਪੋਰੇਸਨ ਐਕਸਨ-ਮੋਬਿਲ 124 ਤੋਂ ਵੱਧ ਅਜਿਹੀਆਂ ਸੰਸਥਾਵਾਂ ਨੂੰ ਫੰਡ ਦਿੰਦੀ ਰਹੀ ਹੈ ਜੋ ਜਲਵਾਯੂ ਨਾਲ ਸੰਬੰਧਿਤ ਸਾਇੰਸ ਨੂੰ "ਜੰਕ ਸਾਇੰਸ (ਰੱਦੀ ਸਾਇੰਸ)" ਅਤੇ ਵਾਤਾਵਰਨ ਨੂੰ ਬਚਾਉਣ ਲਈ ਕੰਮ ਕਰਦੇ ਲੋਕਾਂ ਨੂੰ ਪਖੰਡੀ ਅਤੇ ਜਨੂੰਨੀਆਂ ਵਜੋਂ ਪੇਸ ਕਰਦੀਆਂ ਹਨ। ਇਹਨਾਂ ਸੰਸਥਾਵਾਂ ਵਿੱਚੋਂ ਕੁੱਝ ਮਸਹੂਰ ਸੰਸਥਾਵਾਂ ਦੇ ਨਾਂ ਹਨ: ਹੈਰੀਟੇਜ ਫਾਊਂਡੇਸਨ, ਦੀ ਕੈਟੋ ਇੰਸਟੀਚਿਊਟ, ਹਡਸਨ ਇੰਸਟੀਚਿਊਟ, ਜੌਰਜ ਮੇਸਨਜ ਲਾਅ ਐਂਡ ਇਕਨੌਮਿਕਸ ਸੈਂਟਰ, ਦੀ ਕੰਪੀਟੀਟਵ ਇੰਟਰਪ੍ਰਾਈਜ ਇੰਸਟੀਚਿਊਟ, ਦੀ ਫਰੰਟੀਅਰ ਆਫ ਫ੍ਰੀਡਮ ਇੰਸਟੀਚਿਊਟ, ਦੀ ਰੀਜਨ ਫਾਊਂਡੇਸਨ, ਦੀ ਜੌਰਜ ਸੀ. ਮਾਰਸਲ ਇੰਸਟੀਚਿਊਟ ਆਦਿ।

ਇਸ ਤਰ੍ਹਾਂ ਦੀਆਂ ਸੰਸਥਾਵਾਂ ਵਾਤਾਵਰਨ ਨਾਲ ਸੰਬੰਧਿਤ ਸਾਇੰਸ ਨੂੰ ਮੰਨਣ ਤੋਂ ਇਨਕਾਰ ਹੀਂ ਨਹੀਂ ਕਰਦੀਆਂ ਸਗੋਂ ਵਾਤਾਵਰਨ ਲਈ ਸੰਕਟ ਪੈਦਾ ਕਰਨ ਵਾਲੇ ਵਰਤਾਰਿਆਂ ਨੂੰ ਲੋਕਾਂ ਲਈ ਫਾਇਦੇਮੰਦ ਦਸਦੀਆਂ ਹਨ। ਓਕਬਾਜਗੀ ਯੋਹੈਨਸ ਦੀ ਕਿਤਾਬ ਦੀ ਬਾਇਓਫਿਊਲ ਡਿਸੈਪਸਨ ਵਿੱਚ ਦਿੱਤੇ ਇਕ ਹਵਾਲੇ ਅਨੁਸਾਰ, ਐਕਸਨ ਕਾਰਪੋਰੇਸਨ ਤੋਂ 6 ਲੱਖ 30 ਹਜਾਰ ਡਾਲਰ ਪ੍ਰਾਪਤ ਕਰਨ ਵਾਲੇ ਜੌਰਜ ਸੀ. ਮਾਰਸਲ ਇੰਸਟੀਚਿਊਟ ਦੇ ਦੋ ਕਰਮਚਾਰੀ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦੇ ਫੈਲਣ ਦੇ ਫਾਇਦਿਆਂ ਬਾਰੇ ਗੱਲ ਕਰਦਿਆਂ ਕਹਿੰਦੇ ਹਨ, "ਜਿਵੇਂ ਜਿਵੇਂ ਕੋਲਾ, ਤੇਲ ਅਤੇ ਕੁਦਰਤੀ ਗੈਸ ਦੀ ਵਰਤੋਂ ਵਿਸਵ ਪੱਧਰ 'ਤੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਖਾਣਾ ਮੁਹੱਈਆ ਕਰਨ ਅਤੇ ਗਰੀਬੀ ਤੋਂ ਬਾਹਰ ਕੱਢਣ ਲਈ ਕੀਤੀ ਜਾਵੇਗੀ, ਤਿਵੇਂ ਤਿਵੇਂ ਜ਼ਿਆਦਾ ਕਾਰਬਨਡਾਇਔਕਸਾਈਡ ਵਾਯੂਮੰਡਲ ਵਿੱਚ ਛੱਡੀ ਜਾਵੇਗੀ। ਇਹ ਸਾਰੇ ਲੋਕਾਂ ਦੀ ਸਿਹਤ ਕਾਇਮ ਰੱਖਣ ਅਤੇ ਉਸ ਵਿੱਚ ਸੁਧਾਰ ਕਰਨ, ਉਮਰ ਵਧਾਉਣ, ਖੁਸਹਾਲੀ ਅਤੇ ਉਤਪਾਦਕਤਾ ਵਧਾਉਣ ਲਈ ਸਹਾਈ ਹੋਵੇਗੀ।... ਕਾਰਬਨਡਾਇਔਕਸਾਈਡ ਦੇ ਵਾਧੇ ਕਾਰਨ ਅਸੀਂ ਬੂਟਿਆਂ ਅਤੇ ਜਾਨਵਰਾਂ ਦੇ ਬਹੁਤ ਜ਼ਿਆਦਾ ਹਰੇ-ਭਰੇ ਵਾਤਾਵਰਨ ਵਿੱਚ ਰਹਿ ਰਹੇ ਹਾਂ। ਸਾਡੇ ਬੱਚੇ ਸਾਡੇ ਮੁਕਾਬਲੇ ਵੱਧ ਬੂਟਿਆਂ ਅਤੇ ਜਾਨਵਰਾਂ ਨਾਲ ਭਰਪੂਰ ਧਰਤੀ ਦਾ ਆਨੰਦ ਮਾਣਨਗੇ। ਇਹ ਸਨਅਤੀ ਇਨਕਲਾਬ ਵੱਲੋਂ ਪੇਸ ਕੀਤਾ ਗਿਆ ਅਦਭੁੱਤ ਅਤੇ ਅਣਕਿਆਸਿਆ ਤੋਹਫਾ ਹੈ।"

ਇੱਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਐਕਸਨ ਕਾਰਪੋਰੇਸਨ ਨੂੰ ਆਪਣੀ ਖੁਦ ਦੀ ਖੋਜ ਤੋਂ 1980ਵਿਆਂ ਤੋਂ ਹੀ ਪਤਾ ਸੀ ਕਿ ਇਸ ਵਲੋਂ ਪੈਦਾ ਕੀਤੀਆਂ ਵਸਤਾਂ (ਤੇਲ, ਗੈਸ ਆਦਿ) ਜਲਵਾਯੂ ਵਿੱਚ ਤਬਦੀਲੀ ਲਿਆਉਣ ਦਾ ਮੁੱਖ ਕਾਰਨ ਹਨ। ਸੰਨ 1977 ਵਿੱਚ ਐਕਸਨ ਨਾਲ ਕੰਮ ਕਦੇ ਸੀਨੀਅਰ ਵਿਗਿਆਨੀ ਜੇਮਜ ਐੱਫ ਬਲੈਕ ਨੇ ਐਕਸਨ ਦੀ ਮੈਨੇਜਮੈਂਟ ਨੂੰ ਦੱਸਿਆ ਸੀ ਕਿ "ਸਭ ਤੋਂ ਪਹਿਲਾਂ, ਵਿਗਿਆਨੀਆਂ ਵਿੱਚ ਇਹ ਆਮ ਸਹਿਮਤੀ ਹੈ ਕਿ ਜਿਸ ਢੰਗ ਨਾਲ ਮਨੁੱਖਤਾ ਵਿਸਵ ਦੇ ਜਲਵਾਯੂ ਨੂੰ ਪ੍ਰਭਾਵਿਤ ਕਰ ਰਹੀ ਹੈ, ਉਸ ਦਾ ਸਭ ਤੋਂ ਸੰਭਵ ਕਾਰਨ ਫੌਸਿਲ ਫਿਊਲ (ਖਣਿਜ ਪਦਾਰਥ ਤੋਂ ਪੈਦਾ ਹੋਣ ਵਾਲਾ ਬਾਲਣ-ਤੇਲ, ਗੈਸ ਆਦਿ) ਦੀ ਵਰਤੋਂ ਕਾਰਨ ਜਲਵਾਯੂ ਵਿੱਚ ਛੱਡੀ ਜਾਣ ਵਾਲੀ ਕਾਰਬਨਡਾਇਔਕਸਾਈਡ ਹੈ।" ਉਸ ਤੋਂ ਬਾਅਦ ਐਕਸਨ ਨੇ ਆਲਮੀ ਤਪਸ ਬਾਰੇ ਹੋਰ ਖੋਜ ਕਰਨ ਲਈ ਇਕ ਪ੍ਰੋਗਰਾਮ ਸਥਾਪਤ ਕੀਤਾ। ਜਦੋਂ ਇਸ ਪ੍ਰੋਗਰਾਮ ਵੱਲੋਂ ਕੀਤੀ ਖੋਜ ਨੇ ਇਸ ਗੱਲ ਦੀ ਪ੍ਰੁਸਟੀ ਕੀਤੀ ਕਿ ਫੌਸਿਲ ਫਿਊਲ ਦੀ ਵਰਤੋਂ ਨਾਲ ਆਲਮੀ ਤਪਸ ਦਾ ਵੱਧਣਾ ਸੰਭਵ ਹੈ ਤਾਂ ਐਕਸਨ ਨੇ ਇਸ ਪ੍ਰੋਗਰਾਮ ਨੂੰ ਬੰਦ ਕਰ ਦਿੱਤਾ ਅਤੇ ਇਸ ਖੋਜ ਦੇ ਨਤੀਜਿਆਂ ਨੂੰ ਜਨਤਕ ਕਰਨ ਦੀ ਥਾਂ ਅੰਦਰੇ ਅੰਦਰ ਦੱਬ ਲਿਆ ਅਤੇ ਜਲਵਾਯੂ ਦੀ ਤਬਦੀਲੀ ਨਾਲ ਸੰਬੰਧਿਤ ਵਿਗਿਆਨਕ ਸਚਾਈ ਬਾਰੇ ਸੱਕ ਪੈਦਾ ਕਰਨ, ਇਸ ਸਚਾਈ ਤੋਂ ਮੁਨਕਰ ਹੋਣ ਵਾਲੇ ਥਿੰਕ ਟੈਂਕਾਂ, ਵਿਗਿਆਨੀਆਂ ਅਤੇ ਸਿਆਸਤਦਾਨਾਂ ਨੂੰ ਪੈਸੇ ਦੇਣ ਲੱਗੀ। ਬਾਅਦ ਵਿੱਚ ਜਦੋਂ ਇਹ ਸਚਾਈ ਦੁਨੀਆ ਦੇ ਸਾਹਮਣੇ ਆ ਗਈ ਤਾਂ ਸੰਨ 2007 ਵਿੱਚ ਐਕਸਨ-ਮੋਬਿਲ ਕਾਰਪੋਰੇਸਨ (ਸੰਨ 1999 ਵਿੱਚ ਐਕਸਨ ਅਤੇ ਮੋਬਿਲ ਕੰਪਨੀਆਂ ਦੇ ਇਕੱਠੇ ਹੋਣ ਬਾਅਦ ਬਣੀ ਕੰਪਨੀ) ਨੇ ਵਾਅਦਾ ਕੀਤਾ ਕਿ ਅੱਗੇ ਤੋਂ ਉਹ ਜਲਵਾਯੂ ਦੀ ਤਬਦੀਲੀ ਨਾਲ ਸੰਬੰਧਿਤ ਵਿਗਿਆਨ 'ਤੇ ਸੱਕ ਕਰਨ ਵਾਲਿਆ ਨੂੰ ਪੈਸੇ ਨਹੀਂ ਦੇਵੇਗੀ। ਪਰ ਬਾਅਦ ਵਿੱਚ ਛਪੀਆਂ ਰਿਪੋਰਟਾਂ ਦਸਦੀਆਂ ਹਨ ਕਿ ਐਕਸਨ-ਮੋਬਿਲ ਨੇ ਆਪਣਾ ਇਹ ਵਾਅਦਾ ਪੂਰਾ ਨਹੀਂ ਕੀਤਾ। 2007 ਤੋਂ ਬਾਅਦ ਵੀ ਉਹ ਜਲਵਾਯੂ ਵਿੱਚ ਤਬਦੀਲੀ ਨਾਲ ਸੰਬੰਧਿਤ ਵਿਗਿਆਨ ਬਾਰੇ ਸੱਕ ਪੈਦਾ ਕਰਨ ਵਾਲਿਆਂ ਨੂੰ ਪੈਸੇ ਦਿੰਦੀ ਆ ਰਹੀ ਹੈ। ਜੁਲਾਈ 2015 ਵਿੱਚ ਗਾਰਡੀਅਨ ਵਿੱਚ ਛਪੇ ਇਕ ਆਰਟੀਕਲ ਅਨੁਸਾਰ ਇਹ ਵਾਅਦਾ ਕਰਨ ਤੋਂ ਅੱਠ ਸਾਲ ਬਾਅਦ ਐਕਸਨ ਮੋਬਿਲ ਨੇ ਜਲਵਾਯੂ ਵਿੱਚ ਤਬਦੀਲੀ ਦੀ ਵਿਗਿਆਨਕ ਸਚਾਈ ਤੋਂ ਮੁਨਕਰ ਹੋਣ ਵਾਲੇ ਅਮਰੀਕਾ ਦੀ ਕਾਂਗਰਸ ਦੇ ਮੈਂਬਰਾਂ ਅਤੇ ਲੌਬੀ ਗਰੁੱਪਾਂ ਨੂੰ 23 ਕ੍ਰੋੜ (2.3 ਮਿਲੀਅਨ) ਡਾਲਰ ਦਿੱਤੇ ਸਨ। ਵਾਸ਼ਿੰਗਟਨ, ਡੀ ਸੀ ਵਿੱਚ ਸਥਿਤ ਯੂਨੀਅਨ ਆਫ ਕਨਸਰਨਡ ਸਾਇੰਟਿਸਟਸ ਦੇ ਸੀਨੀਅਰ ਲੇਖਕ ਐਲੀਅਟ ਨੀਗਨ ਨੇ 27 ਅਕਤੂਬਰ 2021 ਨੂੰ ਛਪੇ ਆਪਣੇ ਇਕ ਆਰਟੀਕਲ ਵਿੱਚ ਲਿਖਿਆ ਹੈ ਕਿ ਐਕਸਨ ਮੋਬਿਲ ਜਲਵਾਯੂ ਦੀ ਸਾਇੰਸ ਤੋਂ ਮੁਨਕਰ ਹੋਣ ਵਾਲੇ ਥਿੰਕ ਟੈਂਕਾਂ ਅਤੇ ਐਡਵੋਕੇਸੀ ਗਰੁੱਪਾਂ ਨੂੰ ਪੈਸੇ ਦੇਣੇ ਜਾਰੀ ਰੱਖ ਰਹੀ ਹੈ ਅਤੇ ਸੰਨ 1998 ਤੋਂ ਲੈ ਕੇ ਹੁਣ ਤੱਕ ਇਸ ਨੇ ਇਸ ਤਰ੍ਹਾਂ ਦੇ ਲੋਕਾਂ ਨੂੰ 3.9 ਕ੍ਰੋੜ (39 ਮਿਲੀਅਨ) ਡਾਲਰ ਦਿੱਤੇ ਹਨ।

ਐਕਸ਼ਨ-ਮੌਬਿਲ ਤੋਂ ਬਿਨਾਂ ਹੋਰ ਤੇਲ ਕੰਪਨੀਆਂ ਨੂੰ ਵੀ ਕਾਫੀ ਸਮਾਂ ਪਹਿਲਾਂ ਇਸ ਗੱਲ ਦਾ ਪਤਾ ਸੀ ਕਿ ਤੇਲ ਦੀ ਵਰਤੋਂ ਕਾਰਨ ਪੈਦਾ ਹੁੰਦੀ ਕਾਰਬਨ ਡਾਈਔਕਸਾਈਡ ਜਲਵਾਯੂ ਵਿੱਚ ਤਬਦੀਲੀਆਂ ਦਾ ਕਾਰਨ ਬਣ ਸਕਦੀ ਹੈ। ਇਸ ਬਾਰੇ ਇਨਸਾਈਡ ਕਲਾਈਮੇਟ ਨਿਊਜ ਦੀ ਸਾਈਟ 'ਤੇ 22 ਦਸੰਬਰ, 2015 ਨੂੰ ਨੀਨਾ ਬੈਨਰਜੀ ਦੇ ਛਪੇ ਇਕ ਆਰਟੀਕਲ ਵਿੱਚੋਂ ਕੁੱਝ ਜਾਣਕਾਰੀ ਪੇਸ ਹੈ। ਸੰਨ 1979 ਅਤੇ 1983 ਵਿਚਕਾਰ ਅਮਰੀਕਨ ਪੈਟਰੋਲੀਅਮ ਇੰਸਟੀਚਿਊਟ ਅਤੇ ਹੋਰ ਕਈ ਤੇਲ ਕੰਪਨੀਆਂ ਨੇ ਰਲਕੇ ਇਕ ਟਾਸਕ ਫੋਰਸ ਬਣਾਈ ਸੀ ਜਿਸ ਦਾ ਮਕਸਦ ਜਲਵਾਯੂ ਵਿੱਚ ਤਬਦੀਲੀਆਂ ਬਾਰੇ ਖੋਜ ਕਰਨਾ ਅਤੇ ਇਸ ਖੋਜ ਨੂੰ ਇਕ ਦੂਸਰੇ ਨਾਲ ਸਾਂਝੀ ਕਰਨਾ ਸੀ। ਇਸ ਗਰੁੱਪ ਦੇ ਮੈਂਬਰਾਂ ਵਿੱਚ ਤੇਲ ਅਤੇ ਗੈਸ ਨਾਲ ਸੰਬੰਧਿਤ ਅਮਰੀਕਾ ਦੀਆਂ ਅਤੇ ਬਹੁਕੌਮੀ ਵੱਡੀਆਂ ਕੰਪਨੀਆਂ ਦੇ ਸੀਨੀਅਰ ਵਿਗਿਆਨੀ ਅਤੇ ਇੰਜਨੀਅਰ ਸਾਮਲ ਸਨ। ਇਸ ਗਰੁੱਪ ਵਿੱਚ ਸਾਮਲ ਕੁੱਝ ਕੰਪਨੀਆਂ ਦੇ ਨਾਂ ਇਸ ਪ੍ਰਕਾਰ ਹਨ: ਐਕਸਨ, ਮੋਬਿਲ, ਐਮੋਕੋ, ਫਿਲਪਸ, ਟੈਕਸਾਕੋ, ਸੈੱਲ, ਸਨੋਕੋ, ਸੋਹੀਓ, ਸਟੈਂਡਰਡ ਆਇਲ ਅਤੇ ਗਲਫ ਆਇਲ। ਸੰਨ 1979 ਵਿੱਚ ਇਕ ਪੇਪਰ ਲੇਖਕ ਨੇ ਅਮਰੀਕਨ ਪੈਟਰੌਲੀਅਮ ਇੰਸਟੀਚਿਊਟ ਦੇ ਮੈਂਬਰਾਂ ਨੂੰ ਦੱਸਿਆ ਕਿ ਵਾਯੂਮੰਡਲ ਵਿੱਚ ਕਾਰਬਨ ਡਾਈਔਕਸਾਈਡ ਲਗਾਤਾਰ ਵੱਧ ਰਹੀ ਹੈ ਅਤੇ ਨੇੜ ਭਵਿੱਖ ਵਿੱਚ ਇਸ ਕਾਰਨ ਜਲਵਾਯੂ ਵਿੱਚ ਤਬਦੀਲੀ ਦੇ ਅਸਰ ਦੇਖੇ ਜਾ ਸਕਣਗੇ। ਇਸ ਦੇ ਨਾਲ ਹੀ ਇਸ ਸਮੇਂ ਅਮਰੀਕਨ ਪੈਟਰੌਲੀਅਮ ਇੰਸਟੀਚਿਊਟ ਦੇ ਮੈਂਬਰ ਇਸ ਵਿਚਾਰ ਨਾਲ ਸਹਿਮਤ ਜਾਪਦੇ ਸਨ ਕਿ ਸਾਇਦ ਤੇਲ ਸਨਅਤ ਨੂੰ ਵਾਯੂਮੰਡਲ ਵਿੱਚ ਛੱਡੀ ਜਾ ਰਹੀ ਕਾਰਬਨ ਡਾਈਔਕਸਾਈਡ ਦੀ ਮਾਤਰਾ ਘਟਾਉਣ ਲਈ ਕੁੱਝ ਜ਼ਿੰਮੇਵਾਰੀ ਉਠਾਉਣੀ ਪਵੇਗੀ। ਇਸ ਜਾਣਕਾਰੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਇਹਨਾਂ ਤੇਲ ਕੰਪਨੀਆਂ ਨੂੰ ਵੀ 1979 ਤੋਂ ਪਤਾ ਸੀ ਕਿ ਉਹਨਾਂ ਦਾ ਉਤਪਾਦ, ਤੇਲ, ਵਾਯੂਮੰਡਲ ਵਿੱਚ ਕਾਰਬਨ ਡਾਈਔਕਸਾਈਡ ਵਧਾਉਣ ਅਤੇ ਜਲਵਾਯੂ ਵਿੱਚ ਤਬਦੀਲੀਆਂ ਲਿਆਉਣ ਲਈ ਜ਼ਿੰਮੇਵਾਰ ਹੈ। ਪਰ ਕੀ ਅਮਰੀਕਨ ਪੈਟਰੌਲੀਅਮ ਇੰਸਟੀਚਿਊਟ ਨੇ ਜਲਵਾਯੂ ਵਿੱਚ ਤਬਦੀਲੀਆਂ ਦੇ ਖਤਰੇ ਨੂੰ ਘਟਾਉਣ ਲਈ ਕੋਈ ਯਤਨ ਕੀਤੇ ? ਜੁਆਬ ਹੈ, ਨਹੀਂ। ਨੀਨਾ ਬੈਨਰਜੀ ਦੇ ਉਪ੍ਰੋਕਤ ਆਰਟੀਕਲ ਅਨੁਸਾਰ, 1990ਵਿਆਂ ਵਿੱਚ ਅਮਰੀਕਨ ਪੈਟਰੌਲੀਅਮ ਇੰਸਟੀਚਿਊਟ ਗਲੋਬਲ ਕਲਾਈਮੇਟ ਕੋਆਲੀਸਨ (ਜੀ ਸੀ ਸੀ) ਦਾ ਮੈਂਬਰ ਬਣ ਗਿਆ। ਗਲੋਬਲ ਕਲਾਈਮੇਟ ਕੋਆਲੀਸਨ ਦੇ ਮੈਂਬਰਾਂ ਵਿੱਚ ਐਕਸਨ ਅਤੇ ਤੇਲ ਦੀ ਸਨਅਤ ਨਾਲ ਸੰਬੰਧਿਤ ਹੋਰ ਕੰਪਨੀਆਂ ਅਤੇ ਹੋਰ ਤੇਲ ਉਤਪਾਦਕ ਸਾਮਲ ਸਨ ਅਤੇ ਇਸ ਕੋਆਲੀਸਨ ਦਾ ਮਕਸਦ ਅੰਤਰਰਾਸਟਰੀ ਪੱਧਰ 'ਤੇ ਗਰੀਨ ਹਾਊਸ ਗੈਸਾਂ (ਧਰਤੀ 'ਤੇ ਗਰਮੀ ਨੂੰ ਰੋਕ ਕੇ ਰੱਖਣ ਵਾਲੀਆਂ ਗੈਸਾਂ) ਦੀ ਮਾਤਰਾ ਨੂੰ ਘਟਾਉਣ ਲਈ ਕੀਤੇ ਜਾ ਰਹੇ ਯਤਨਾਂ ਨੂੰ ਲੀਹੋਂ ਲਾਹੁਣਾ ਸੀ। 1997 ਵਿੱਚ ਕਿਉਟੋ ਪ੍ਰੋਟੋਕਲ ਵਿੱਚ ਇਹ ਮਤਾ ਅਪਣਾਇਆ ਗਿਆ ਸੀ ਕਿ ਦੁਨੀਆ ਦੇ ਦੇਸਾਂ ਵੱਲੋਂ ਫੌਸਿਲ ਫਿਊਲ ਦੀ ਵਰਤੋਂ ਕਾਰਨ ਪੈਦਾ ਹੋਣ ਵਾਲੀਆਂ ਗੈਸਾਂ ਦੀ ਮਾਤਰਾ ਨੂੰ ਘਟਾਇਆ ਜਾਵੇ। ਇਸ ਤੋਂ ਇਕ ਸਾਲ ਬਾਅਦ ਸੰਨ 1998 ਵਿੱਚ ਅਮਰੀਕਨ ਪੈਟਰੌਲੀਅਮ ਇੰਸਟੀਚਿਊਟ ਨੇ ਅਮਰੀਕਾ ਦੇ ਲੋਕਾਂ ਅਤੇ ਕਾਨੂੰਨ ਬਣਾਉਣ ਵਾਲਿਆਂ ਨੂੰ ਇਹ ਮਨਾਉਣ ਲਈ ਇਕ ਮੁਹਿੰਮ ਚਲਾਈ ਕਿ ਜਲਵਾਯੂ ਨਾਲ ਸੰਬੰਧਿਤ ਸਾਇੰਸ ਕਾਫੀ ਕੱਚੀ ਹੈ ਅਤੇ ਇਸ ਲਈ ਅਮਰੀਕਾ ਨੂੰ ਕਿਓਟੋ ਪ੍ਰੋਟੋਕਲ ਦੀ ਸੰਧੀ ਦੀ ਪ੍ਰੁਸਟੀ ਨਹੀਂ ਕਰਨੀ ਚਾਹੀਦੀ। ਅਮਰੀਕਨ ਪੈਟਰੌਲੀਅਮ ਇੰਸਟੀਚਿਊਟ ਵਲੋਂ ਗਰੁੱਪ ਵਿੱਚ ਅੰਦਰੂਨੀ ਤੌਰ 'ਤੇ ਵੰਡੀ ਜਾਣਕਾਰੀ ਵਿੱਚ ਕਿਹਾ ਗਿਆ "ਜਦੋਂ ਤੱਕ 'ਜਲਵਾਯੂ ਵਿੱਚ ਤਬਦੀਲੀ' ਇਕ ਨੌਨ-ਇਸ਼ੂ ਨਹੀਂ ਬਣ ਜਾਂਦਾ, ਭਾਵ ਜਦੋਂ ਤੱਕ ਕਿਓਟੋ ਪ੍ਰੋਟੋਕਲ ਦੀ ਹਾਰ ਨਹੀਂ ਹੁੰਦੀ ਅਤੇ ਜਲਵਾਯੂ ਦੀ ਤਬਦੀਲੀ ਦੇ ਖਤਰੇ ਨੂੰ ਘਟਾਉਣ ਲਈ ਕੋਈ ਵੀ ਹੋਰ ਉਦਮ ਸਾਹਮਣੇ ਨਹੀਂ ਰਹਿੰਦਾ, ਉਦੋਂ ਤੱਕ ਸਾਡੇ ਯਤਨਾਂ ਨੂੰ ਜੇਤੂ ਕਰਾਰ ਦੇਣ ਦਾ ਸਮਾਂ ਨਹੀਂ ਆਏਗਾ।" ਅਮਰੀਕਨ ਪੈਟਰੌਲੀਅਮ ਇੰਸਟੀਚਿਊਟ ਅਤੇ ਗਲੋਬਲ ਕਲਾਈਮੇਟ ਕੋਆਲੀਸਨ ਲਈ ਜਿੱਤ ਦਾ ਪਲ ਉਸ ਸਮੇਂ ਆ ਗਿਆ ਜਦੋਂ ਜੌਰਜ ਡਬਲਿਊ ਬੁੱਸ ਨੇ ਅਮਰੀਕਾ ਨੂੰ ਕਿਓਟੋ ਐਗਰੀਮੈਂਟ ਤੋਂ ਵੱਖ ਕਰ ਲਿਆ। ਬੁੱਸ ਦੇ ਇਸ ਫੈਸਲੇ ਤੋਂ ਬਾਅਦ ਅਮਰੀਕਾ ਦੇ ਸਟੇਟ ਡਿਪਾਰਟਮੈਂਟ ਦੇ ਇਕ ਉੱਚ ਅਧਿਕਾਰੀ ਨੇ ਗਲੋਬਲ ਕਲਾਈਮੇਟ ਕੋਆਲੀਸਨ ਦਾ ਧੰਨਵਾਦ ਕੀਤਾ, ਕਿਉਂਕਿ ਉਸ ਅਨੁਸਾਰ, ਕਿਓਟੋ ਪ੍ਰੋਟੋਕਲ ਤੋਂ ਪਿੱਛੇ ਹਟਣ ਦੇ ਬੁੱਸ ਦੇ ਫੈਸਲੇ ਵਿੱਚ ਕੁੱਝ ਹੱਦ ਤੱਕ ਗਲੋਬਲ ਕਲਾਈਮੇਟ ਕੋਆਲੀਸਨ ਦੀ ਰਾਇ ਦੀ ਵੀ ਭੂਮਿਕਾ ਸੀ।

ਜਲਵਾਯੂ ਵਿੱਚ ਤਬਦੀਲੀਆਂ ਨਾਲ ਸੰਬੰਧਿਤ ਸਾਇੰਸ ਨੂੰ ਝੁਠਲਾਉਣ, ਉਸ 'ਤੇ ਸੰਕੇ ਖੜ੍ਹੇ ਕਰਨ ਅਤੇ ਉਸ ਦੇ ਮੁਕਾਬਲੇ ਝੂਠੀ ਜਾਣਕਾਰੀ ਪੈਦਾ ਕਰਨ ਦੇ ਮਕਸਦ ਨਾਲ ਥਿੰਕ ਟੈਂਕਾਂ, ਵਿਦਿਅਕ ਅਤੇ ਖੋਜ ਸੰਸਥਾਵਾਂ ਆਦਿ ਨੂੰ ਵੱਡੀ ਮਾਤਰਾ ਵਿੱਚ ਪੈਸੇ ਦੇਣ ਵਾਲਿਆਂ ਦੇ ਖੇਤਰ ਵਿੱਚ ਅਗਲੀ ਉਦਾਹਰਨ ਅਮਰੀਕਾ ਸਥਿੱਤ ਬਹੁਕੌਮੀ ਕਾਰਪੋਰੇਸਨ ਕੋਕ ਇੰਡਸਟਰੀਜ ਦੀ ਹੈ। ਇਸ ਕਾਰਪੋਰੇਸਨ ਬਾਰੇ ਦਿੱਤੀ ਜਾ ਰਹੀ ਜਾਣਕਾਰੀ ਓਕਬਾਜਗੀ ਦੀ ਕਿਤਾਬ ਦੀ ਬਾਇਓਫਿਊਲ ਡਿਸੈਪਸਨ ਅਤੇ ਗਰੀਨ ਪੀਸ ਵੱਲੋਂ 2010 ਵਿੱਚ ਛਪੀ ਰਿਪੋਰਟ ਕੋਕ ਇੰਡਸਟਰੀਜ ਸੀਕਰੇਟਲੀ ਫੰਡਿੰਗ ਦੀ ਕਲਾਈਮੇਟ ਡਿਨਾਇਲ ਮਸੀਨ ਵਿੱਚੋਂ ਲਈ ਗਈ ਹੈ। ਕੋਕ ਇੰਡਸਟਰੀਜ ਦਾ ਹੈਡਕੁਆਰਟਰ ਅਮਰੀਕਾ ਦੇ ਕੈਨਸਸ ਸੂਬੇ ਦੇ ਸਹਿਰ ਵਿਚਿਟਾ ਵਿੱਚ ਹੈ। ਮੁੱਖ ਤੌਰ 'ਤੇ ਪੈਟਰੌਲੀਅਮ ਅਤੇ ਕੈਮੀਕਲ ਦੇ ਖੇਤਰ ਵਿੱਚ ਸਰਗਰਮ ਕੋਕ ਇੰਡਸਟਰੀਜ 60 ਦੇ ਕਰੀਬ ਦੇਸਾਂ ਵਿੱਚ ਕਾਰੋਬਾਰ ਕਰਦੀ ਹੈ ਅਤੇ ਇਸ ਦੇ ਉਤਪਾਦਾਂ ਦੀ ਸਲਾਨਾ ਵਿਕਰੀ 115 ਅਰਬ (ਬਿਲੀਅਨ ਡਾਲਰ) ਦੇ ਕਰੀਬ ਹੈ ਅਤੇ ਇਸ ਦੇ ਇਕ ਲੱਖ ਦੇ ਕਰੀਬ ਕਰਮਚਾਰੀ ਹਨ। ਇਕੱਲੇ ਅਮਰੀਕਾ ਵਿੱਚ ਇਸ ਕੋਲ 4 ਤੇਲ ਸਾਫ ਕਰਨ ਵਾਲੀਆਂ ਰਿਫਾਈਨਰੀਆਂ, ਛੇ ਐਥਾਨੌਲ ਪੈਦਾ ਕਰਨ ਵਾਲੇ ਪਲਾਂਟ, ਇਕ ਗੈਸ ਨਾਲ ਬਿਜਲੀ ਪੈਦਾ ਕਰਨ ਵਾਲਾ ਪਲਾਂਟ, ਅਤੇ 4000 ਮੀਲ ਲੰਬੀ ਪਾਈਪ ਲਾਈਨ ਹੈ। ਸੰਨ 1990ਵਿਆਂ ਤੋਂ ਲੈ ਕੇ ਕੈਨੇਡਾ ਦੇ ਸੂਬੇ ਅਲਬਰਟਾ ਵਿਚਲੇ ਟਾਰ

ਸੈਂਡਜ ਦੀਆਂ ਕਈ ਲੀਜਾਂ ਇਸ ਕੋਲ ਹਨ ਅਤੇ ਇਹ ਕੈਨੇਡਾ ਤੋਂ ਅਮਰੀਕਾ ਦੇ ਸੂਬਿਆਂ ਮਿਨੀਸੋਟਾ ਅਤੇ ਵਿਸਕੋਨਸਿਨ ਤੱਕ ਕਰੂਡ ਓਇਲ ਲਿਜਾਣ ਵਾਲੀ ਕੋਕ ਪਾਈਪ ਲਾਈਨ ਕੰਪਨੀ ਦੀ ਮਾਲਕ ਹੈ।

ਕੋਕ ਇੰਡਸਟਰੀਜ ਵੱਲੋਂ ਵਾਤਾਵਰਨ ਵਿੱਚ ਪ੍ਰਦੂਸ਼ਣ ਫੈਲਾਉਣ ਅਤੇ ਵਾਤਾਵਰਨ ਦੇ ਬਚਾਅ ਲਈ ਬਣਾਏ ਕਾਨੂੰਨਾਂ ਦੀ ਉਲੰਘਣਾ ਕਰਨ ਦਾ ਇਕ ਲੰਬਾ ਰਿਕਾਰਡ ਹੈ। ਉਦਾਹਰਨ ਲਈ ਸੰਨ 2009 ਵਿੱਚ ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਅਤੇ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਨੇ ਐਲਾਨ ਕੀਤਾ ਸੀ ਕਿ ਕੋਕ ਇੰਡਸਟਰੀਜ ਦੀ ਇਕ ਮਾਤਾਹਿਤ (ਸਬਸਿਡਰੀ) ਕੰਪਨੀ ਇਨਵਿਸਟਾ ਨੂੰ ਕਈ ਸੂਬਿਆਂ ਵਿੱਚ ਵਾਤਾਵਰਨ ਦੇ ਕਾਨੂੰਨਾਂ ਦੀਆਂ ਕੀਤੀਆਂ ਉਲੰਘਣਾਵਾਂ ਕਾਰਨ 17 ਲੱਖ (1.7 ਮਿਲੀਅਨ) ਡਾਲਰ ਦੀ ਪੈਨਲਟੀ ਦੇਣੀ ਪਏਗੀ ਅਤੇ 50 ਕ੍ਰੋੜ (500 ਮਿਲੀਅਨ) ਡਾਲਰ ਉਹਨਾਂ ਉਲੰਘਣਾਵਾਂ ਨੂੰ ਠੀਕ ਕਰਨ ਲਈ ਖਰਚਣੇ ਪੈਣਗੇ। ਦਸੰਬਰ 2009 ਵਿੱਚ ਕੋਕ ਇੰਡਸਟਰੀਜ ਦੀ ਇਕ ਪਾਈਪ ਲਾਈਨ ਵਿੱਚੋਂ ਮਿਨੀਸੋਟਾ ਸੂਬੇ ਦੇ ਸਹਿਰ ਫਿਲਬੁਰੱਕ ਵਿਖੇ 2 ਲੱਖ 10 ਹਜਾਰ ਗੈਲਨ ਕੱਚਾ ਤੇਲ (ਕਰੂਡ ਆਇਲ) ਲੀਕ ਹੋਇਆ ਸੀ ਅਤੇ ਸੰਨ 2005 ਵਿੱਚ ਇਕ ਹੋਰ ਦੁਰਘਟਨਾ ਦੌਰਾਨ ਮਿਨੀਸੋਟਾ ਵਿੱਚ ਹੀ ਲਿਟਲ ਫਾਲਜ ਵਿਖੇ 1 ਲੱਖ ਗੈਲਨ ਕੱਚਾ ਤੇਲ ਲੀਕ ਹੋਇਆ ਸੀ। ਸੰਨ 2000 ਵਿੱਚ ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸਨ ਏਜੰਸੀ ਨੇ ਤੇਲ ਲੀਕ ਹੋਣ ਦੀਆਂ 300 ਘਟਨਾਵਾਂ ਕਾਰਨ ਕੋਕ ਇੰਡਸਟਰੀਜ ਨੂੰ 3 ਕ੍ਰੋੜ (30 ਮਿਲੀਅਨ) ਡਾਲਰ ਦਾ ਜੁਰਮਾਨਾ ਕੀਤਾ ਸੀ। ਤੇਲ ਲੀਕ ਹੋਣ ਦੀਆਂ ਇਹਨਾਂ ਘਟਨਾਵਾਂ ਦੌਰਾਨ 3 ਕ੍ਰੋੜ (30 ਮਿਲੀਅਨ) ਗੈਲਨ ਕੱਚਾ ਤੇਲ ਤਲਾਵਾਂ, ਝੀਲਾਂ, ਨਦੀਆਂ/ ਨਾਲਿਆਂ ਅਤੇ ਸਮੁੰਦਰੀ ਤੱਟ ਨਾਲ ਲਗਦੇ ਪਾਣੀਆਂ ਵਿੱਚ ਲੀਕ ਹੋਇਆ ਸੀ।

ਵਾਤਾਵਰਨ ਵਿੱਚ ਇਸ ਤਰ੍ਹਾਂ ਦਾ ਪ੍ਰਦੂਸਣ ਫੈਲਾਉਣਾ ਕੋਕ ਇੰਡਸਟਰੀਜ ਦੇ ਕਾਰੋਬਾਰ ਦਾ ਇਕ ਅਨਿੱਖੜਵਾਂ ਹਿੱਸਾ ਹੈ। ਉਹ ਇਹ ਸਭ ਕੁੱਝ ਕਰਨਾ ਤਾਂ ਹੀ ਜਾਰੀ ਰੱਖ ਸਕਦੇ ਹਨ ਜੇ ਵਾਤਾਵਰਨ ਦੇ ਬਚਾਅ ਲਈ ਬਣਾਏ ਗਏ ਕਾਨੂੰਨ ਕਮਜੋਰ ਹੋਣ ਜਾਂ ਹੋਂਦ ਵਿੱਚ ਹੀ ਨਾ ਆਉਣ। ਇਹਨਾਂ ਕਾਨੂੰਨਾਂ ਨੂੰ ਕਮਜੋਰ ਕਰਨ ਜਾਂ ਹੋਂਦ ਵਿੱਚ ਆਉਣ ਤੋਂ ਰੋਕਣ ਦੇ ਕਈ ਢੰਗਾਂ ਵਿੱਚੋਂ ਇਕ ਢੰਗ ਇਹ ਹੈ ਕਿ ਵਾਤਾਵਰਨ ਦੇ ਸੰਕਟ ਨਾਲ ਸੰਬੰਧਿਤ ਤੱਥਾਂ ਅਤੇ ਸਾਇੰਸ ਨੂੰ ਝੁਠਲਾਇਆ ਜਾਵੇ, ਉਹਨਾਂ ਦੇ ਬਰਾਬਰ ਝੂਠੇ ਤੱਥ ਅਤੇ ਜਾਣਕਾਰੀ ਖੜ੍ਹੀ ਕਰਕੇ ਉਹਨਾਂ ਬਾਰੇ ਸ਼ੱਕ ਪੈਦਾ ਕੀਤੀ ਜਾਵੇ। ਅਜਿਹਾ ਕਰਨ ਲਈ ਕੋਕ ਇੰਡਸਟਰੀਜ ਬਹੁਤ ਸਾਰੇ ਅਜਿਹੇ ਥਿੰਕ ਟੈਂਕਾਂ, ਖੋਜ ਸੰਸਥਾਵਾਂ, ਅਤੇ ਵਿਦਿਅਕ ਸੰਸਥਾਂਵਾਂ ਨੂੰ ਫੰਡ ਦਿੰਦੀ ਹੈ ਜੋ ਵਾਤਾਵਰਨ ਅਤੇ ਜਲਵਾਯੂ ਵਿੱਚ ਤਬਦੀਲੀਆਂ ਨਾਲ ਸੰਬੰਧਿਤ ਸਾਇੰਸ ਵਿੱਚ ਯਕੀਨ ਨਹੀਂ ਕਰਦੇ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਸੰਨ 1997 ਵਿੱਚ ਵਾਤਾਵਰਨ ਦੇ ਸੰਕਟ ਬਾਰੇ ਅੰਤਰਰਾਸਟਰੀ ਪੱਧਰ 'ਤੇ ਕਿਓਟੋ ਪ੍ਰੋਟੋਕਲ ਨਾਂ ਹੇਠ ਇਕ ਗੱਲਬਾਤ ਹੋਈ ਸੀ ਅਤੇ ਵਾਤਾਵਰਨ ਦੇ ਸੰਕਟ ਦਾ ਮੁੱਦਾ ਅੰਤਰਰਾਸਟਰੀ ਪੱਧਰ 'ਤੇ ਚਰਚਾ ਦਾ ਕੇਂਦਰ ਬਣਿਆ ਸੀ। ਉਸ ਸਾਲ ਤੋਂ ਹੀ ਕਾਰਪੋਰੇਸਨਾਂ ਵੱਲੋਂ ਜਲਵਾਯੂ ਨਾਲ ਸੰਬੰਧਿਤ ਤਬਦੀਲੀਆਂ ਦਾ ਵਿਰੋਧ ਕਰਨ ਦਾ ਕਾਰਜ ਤਿੱਖਾ ਹੋ ਗਿਆ ਸੀ। ਉਦਾਹਰਨ ਲਈ ਸੰਨ 1997 ਤੋਂ ਲੈ ਕੇ ਸੰਨ 2008 ਤੱਕ ਕੋਕ ਇੰਡਸਟਰੀਜ ਦੇ ਮਾਲਕ ਭਰਾਵਾਂ ਵੱਲੋਂ ਸਥਾਪਤ ਕੀਤੀ ਕੋਕ ਫਾਊਂਡੇਸਨ ਨੇ ਜਲਵਾਯੂ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਗਰੁੱਪਾਂ ਨੂੰ 4.8 ਕ੍ਰੋੜ (48 ਮਿਲੀਅਨ) ਡਾਲਰ ਦੇ ਫੰਡ ਦਿੱਤੇ ਸਨ। ਇਹਨਾਂ ਗਰੁੱਪਾਂ ਦਾ ਕੰਮ ਊਰਜਾ ਦੇ ਸਾਫ ਸ੍ਰੋਤਾਂ ਅਤੇ ਜਲਵਾਯੂ ਨਾਲ ਸੰਬੰਧਿਤ ਸਾਇੰਸ ਅਤੇ ਨੀਤੀਆਂ ਵਿਰੁੱਧ ਗਲਤ ਅਤੇ ਗੁਮਰਾਹ ਕਰੂ ਜਾਣਕਾਰੀ ਪੈਦਾ ਕਰਨਾ ਅਤੇ ਫੈਲਾਉਣਾ ਸੀ। ਉਦਾਹਰਨ ਲਈ ਅਮਰੀਕਾ ਦੇ ਸੂਬੇ ਵਿਰਜੀਨੀਆ ਵਿੱਚ ਸਥਿੱਤ ਜੋਰਜ ਮੇਸਨ ਯੂਨੀਵਰਸਟੀ ਨਾਲ ਸੰਬੰਧਿਤ ਮਰਕੇਟਸ ਸੈਂਟਰ ਨੂੰ ਕੋਕ ਫਾਊਂਡੇਸਨ ਵੱਲੋਂ ਸੰਨ 1997 – 2008 ਵਿਚਕਾਰ 98 ਲੱਖ 74 ਹਜਾਰ 5 ਸੌ (9.87 ਮਿਲੀਅਨ) ਡਾਲਰ ਦੇ ਫੰਡ ਪ੍ਰਾਪਤ ਹੋਏ ਸਨ। ਸੰਨ 2001 ਵਿੱਚ ਇਸ ਸੈਂਟਰ ਨੇ ਸਲਾਹ ਦਿੱਤੀ ਸੀ ਕਿ ਆਲਮੀ ਤਪਸ (ਗਲੋਬਲ ਵਾਰਮਿੰਗ) "ਰਾਤ ਨੂੰ, ਸਿਆਲਾਂ ਵਿੱਚ ਅਤੇ ਧਰੁਵਾਂ 'ਤੇ ਵਾਪਰੇਗੀ ਅਤੇ ਫਾਇਦੇਮੰਦ ਹੋਵੇਗੀ"। ਸੰਨ 2009 ਵਿੱਚ ਉਹਨਾਂ ਨੇ ਇਹ ਤਾਂ ਮੰਨ ਲਿਆ ਕਿ ਆਲਮੀ ਤਪਸ (ਗਲੋਬਲ ਵਾਰਮਿੰਗ) ਮਨੁੱਖੀ ਸਰਗਰਮੀਆਂ ਕਾਰਨ ਹੁੰਦੀ ਹੈ ਅਤੇ ਇਸ ਨਾਲ ਸਮੱਸਿਆ ਪੈਦਾ ਹੋ ਸਕਦੀਆਂ ਹਨ। ਪਰ ਆਪਣੀਆਂ ਸਿਫਾਰਿਸਾਂ ਵਿੱਚ ਇਹ ਕਿਹਾ ਕਿ ਇਸ ਨੂੰ ਪੈਦਾ ਕਰਨ ਵਾਲੀਆਂ ਗੈਸਾਂ ਦੇ ਫੈਲਾਅ ਨੂੰ ਘਟਾਉਣ ਲਈ ਕੁੱਝ ਵੀ ਕਰਨ ਦੀ ਲੋੜ ਨਹੀਂ ਹੈ। ਜਦੋਂ ਜੌਰਜ ਡਬਲਿਊ ਬੁੱਸ਼ ਅਮਰੀਕਾ ਦਾ ਪ੍ਰੈਜੀਡੈਂਟ ਬਣਿਆ ਤਾਂ ਇਸ ਸੈਂਟਰ ਨੇ ਅਮਰੀਕਾ ਦੇ ਸੋਸਲ ਸਿਕਿਉਰਟੀ ਪ੍ਰੋਗਰਾਮ ਨੂੰ ਨਿੱਜੀ ਹੱਥਾਂ ਵਿੱਚ ਦੇਣ, ਟੈਕਸਾਂ ਵਿੱਚ ਹੋਰ ਕਟੌਤੀਆ ਕਰਨ, ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸਨ ਏਜੰਸੀ ਨੂੰ ਖਤਮ ਕਰਨ ਅਤੇ ਸਰਕਾਰ ਦੀ ਸਹਾਇਤਾ ਨਾਲ ਚਲਦੇ ਵੈਲਫੇਅਰ ਸਿਸਟਮ ਅਤੇ ਮੈਡੀਕੇਅਰ ਨੂੰ ਖਤਮ ਕਰਨ ਵਰਗੀਆਂ ਸਿਫਾਰਿਸਾਂ ਕੀਤੀਆਂ। ਬੁੱਸ ਨੇ ਇਸ ਸੈਂਟਰ ਨਾਲ ਕੰਮ ਕਰਦੀ ਅਤੇ ਜਨਤਕ ਹਿਤਾਂ ਲਈ ਬਣਾਏ ਜਾਣ ਵਾਲੇ ਕਾਨੂੰਨਾਂ (ਰੈਗੂਲੇਸਨ) ਦੀ ਕੱਟੜ ਵਿਰੋਧੀ ਸੂਜਨ ਡੁਡਲੀ ਨੂੰ ਆਪਣੇ ਪ੍ਰਸਾਸਨ ਵਿੱਚ ਇਕ ਵੱਡੇ ਅਹੁਦੇ, ਆਫਿਸ ਆਫ ਮੈਨੇਜਮੈਂਟ ਐਂਡ ਬੱਜਟ ਵਿੱਚ ਐਡਮਿਨਸਟ੍ਰੇਟਰ ਆਫ ਦੀ ਆਫਿਸ ਆਫ ਇਨਫਰਮੇਸਨ ਐਂਡ ਰੈਗੂਲੇਟਰੀ ਅਫੇਅਰਜ, 'ਤੇ ਤੈਨਾਤ ਕੀਤਾ ਸੀ। ਇਸ ਹੀ ਤਰ੍ਹਾਂ ਸੰਨ 1997 ਅਤੇ 2008 ਵਿੱਚਕਾਰ ਫੈਡਰਲਿਸਟ ਸੁਸਾਇਟੀ ਫਾਰ ਲਾਅ ਅਤੇ ਪਬਲਿਕ ਸਟੱਡੀਜ ਨੂੰ ਕੋਕ ਫਾਊਂਡੇਸਨ ਵੱਲੋਂ 17.5 ਲੱਖ (1.75 ਮਿਲੀਅਨ) ਡਾਲਰ ਦੇ ਫੰਡ ਦਿੱਤੇ ਗਏ ਸਨ। ਇਹ ਸੁਸਾਇਟੀ ਵੀ ਆਲਮੀ ਤਪਸ ਬਾਰੇ ਕੁੱਝ ਵੀ ਨਾ ਕਰਨ ਦੀ ਸਿਫਾਰਿਸ ਕਰਦੀ ਹੈ। ਇਸ ਸੁਸਾਇਟੀ ਅਨੁਸਾਰ "ਆਲਮੀ ਤਪਸ (ਗਲੋਬਲ ਵਾਰਮਿੰਗ) ਇਕ ਅੰਦਾਜੇ ਤੋਂ ਵੱਧ ਕੇ ਕੁੱਝ ਨਹੀਂ ਹੈ। ਇਹ ਅੰਦਾਜਾ ਉਹਨਾਂ ਵਿਗਿਆਨੀਆਂ ਵੱਲੋਂ ਲਾਇਆ ਜਾ ਰਿਹਾ ਹੈ ਜੋ ਅਜੇ ਵੀ ਇਸ ਗੱਲ 'ਤੇ ਬਹਿਸ ਕਰ ਰਹੇ ਹਨ ਕਿ ਡਾਈਨੋਸੋਰਾਂ ਨਾਲ ਕੀ ਵਾਪਰਿਆ ਸੀ। ਸਾਇਦ ਸਾਨੂੰ ਉਹਨਾਂ ਲੋਕਾਂ 'ਤੇ ਅੰਨਾ-ਯਕੀਨ ਕਰਨ ਤੋਂ ਪਹਿਲਾਂ ਧਿਆਨ ਨਾਲ ਸੋਚਣਾ ਚਾਹੀਦਾ ਹੈ ਜਿਹੜੇ ਗੱਡੀ ਦੇ ਇੰਜਨਾਂ ਜਿੱਡੇ ਜਿੱਡੇ ਕੀੜਾਂ ਜੀਵਾਂ ਦੇ ਖਤਮ ਹੋ ਜਾਣ ਬਾਰੇ ਨਹੀਂ ਦੱਸ ਸਕਦੇ।"

ਇਸ ਸੁਸਾਇਟੀ ਅਨੁਸਾਰ "ਆਲਮੀ ਤਪਸ (ਗਲੋਬਲ ਵਾਰਮਿੰਗ) ਇਕ ਅੰਦਾਜੇ ਤੋਂ ਵੱਧ ਕੇ ਕੁੱਝ ਨਹੀਂ ਹੈ। ਇਹ ਅੰਦਾਜਾ ਉਹਨਾਂ ਵਿਗਿਆਨੀਆਂ ਵੱਲੋਂ ਲਾਇਆ ਜਾ ਰਿਹਾ ਹੈ ਜੋ ਅਜੇ ਵੀ ਇਸ ਗੱਲ 'ਤੇ ਬਹਿਸ ਕਰ ਰਹੇ ਹਨ ਕਿ ਡਾਈਨੋਸੋਰਾਂ ਨਾਲ ਕੀ ਵਾਪਰਿਆ ਸੀ। ਸਾਇਦ ਸਾਨੂੰ ਉਹਨਾਂ ਲੋਕਾਂ 'ਤੇ ਅੰਨਾ-ਯਕੀਨ ਕਰਨ ਤੋਂ ਪਹਿਲਾਂ ਧਿਆਨ ਨਾਲ ਸੋਚਣਾ ਚਾਹੀਦਾ ਹੈ ਜਿਹੜੇ ਗੱਡੀ ਦੇ ਇੰਜਨਾਂ ਜਿੱਡੇ ਜਿੱਡੇ ਕੀੜਾਂ ਜੀਵਾਂ ਦੇ ਖਤਮ ਹੋ ਜਾਣ ਬਾਰੇ ਨਹੀਂ ਦੱਸ ਸਕਦੇ।" (ਗਰੀਨਪੀਸ ਸਫਾ 21)

ਕੋਕ ਫਾਊਂਡੇਸਨ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਅਦਾਰਿਆਂ ਨੂੰ ਫੰਡ ਦੇਣ ਸਮੇਂ ਇਹ ਮੰਗ ਕਰਦੀ ਹੈ ਕਿ ਫਾਊਂਡੇਸਨ ਦੀ ਮਾਇਕ ਸਹਾਇਤਾ ਨਾਲ ਹੋਂਦ ਵਿੱਚ ਆਈਆਂ ਨੌਕਰੀਆਂ 'ਤੇ ਕਿਸ ਨੂੰ ਰੱਖਣਾ ਹੈ, ਇਸ ਗੱਲ ਦਾ ਫੈਸਲਾ ਫਾਊਂਡੇਸਨ ਕਰੇਗੀ। ਇਸ ਤੋਂ ਬਿਨਾਂ ਕੋਕ ਫਾਊਂਡੇਸਨ ਸਰਕਾਰ ਵਿੱਚ ਕੰਮ ਕਰਦੀ ਅਫਸਰਸਾਹੀ ਨੂੰ ਆਪਣੀ ਵਿਚਾਰਧਾਰਾ ਤੋਂ ਪ੍ਰਭਾਵਿਤ ਕਰਨ ਲਈ ਵਕੀਲਾਂ, ਜੱਜਾਂ, ਸੈਨੇਟਰਾਂ, ਕਾਂਗਰਸ ਦੇ ਮੈਂਬਰਾਂ, ਬੁੱਧੀਜੀਵੀਆਂ ਅਤੇ ਇਸ ਤਰ੍ਹਾਂ ਦੇ ਹੋਰ ਲੋਕਾਂ ਲਈ ਕਾਨੂੰਨ, ਅਰਥਸਾਸਤਰ, ਸਿਆਸਤ ਅਤੇ ਹੋਰ ਵਿਸ਼ਿਆਂ ਬਾਰੇ ਕਾਨਫਰੰਸਾਂ, ਸੈਮੀਨਾਰਾਂ, ਆਦਿ ਦਾ ਪ੍ਰਬੰਧ ਵੀ ਕਰਦੀ ਹੈ। ਜਾਪਦਾ ਹੈ ਕਿ ਇਹਨਾਂ ਸੈਮੀਨਾਰਾਂ ਅਤੇ ਕਾਨਫਰੰਸਾਂ ਤੋਂ ਜਾਣਕਾਰੀ ਪ੍ਰਾਪਤ ਲੋਕ ਕੋਕ ਇੰਡਸਟਰੀਜ ਦੀਆਂ ਵਾਤਾਵਰਨ ਵਿਰੋਧੀ ਗਤੀਵਿਧੀਆਂ ਦਾ ਸਮਰਥਨ ਕਰਨ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿੰਦੇ ਹਨ। ਉਦਾਹਰਨ ਲਈ ਜਦੋਂ ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸਨ ਏਜੰਸੀ ਨੇ ਤੇਲ ਸਾਫ ਕਰਨ ਦੀਆਂ ਰਿਫਾਈਨਰੀਆਂ ਵਿੱਚੋਂ ਪੈਦਾ ਹੋਣ ਵਾਲੀ ਓਜੋਨ ਬਾਰੇ ਕਾਨੂੰਨ ਬਣਾਉਣ ਦਾ ਯਤਨ ਕੀਤਾ ਤਾਂ ਕੋਕ ਇੰਡਸਟਰੀਜ ਦੇ ਵਕੀਲ ਨੇ ਅਦਾਲਤ ਅੱਗੇ ਦਲੀਲ ਦਿੱਤੀ ਕਿ ਸਮੋਗ (ਇੰਡਸਟਰੀਆਂ ਕਾਰਨ ਪੈਦਾ ਹੋਣ ਵਾਲੇ ਧੂੰਏਂ ਅਤੇ ਪ੍ਰਦੂਸਣ ਤੋਂ ਚੜ੍ਹਨ ਵਾਲੀ ਧੁੰਦ) ਦੇ ਬਹੁਤ ਸਾਰੇ ਫਾਇਦੇ ਹਨ ਕਿਉਂਕਿ ਇਹ ਧੁੱਪ ਨੂੰ ਰੋਕਦੀ ਹੈ ਅਤੇ ਲੋਕਾਂ ਵਿੱਚ ਕੈਂਸਰ ਹੋਣ ਦੀ ਦਰ ਨੂੰ ਘਟਾਉਂਦੀ ਹੈ ਅਤੇ ਇਨਵਾਇਰਮੈਂਟਲ ਪ੍ਰੋਟੈਕਸਨ ਏਜੰਸੀ ਨੇ ਸਮੋਗ ਦੇ ਇਹਨਾਂ ਫਾਇਦਿਆਂ ਨੂੰ ਧਿਆਨ ਵਿੱਚ ਨਹੀਂ ਰੱਖਿਆ। ਅਦਾਲਤ ਵਿੱਚ ਜੱਜ ਨੇ ਕੋਕ ਇੰਡਸਟਰੀਜ ਦੇ ਵਕੀਲ ਦੀ ਦਲੀਲ ਮੰਨ ਲਈ ਅਤੇ ਈ ਪੀ ਏ 'ਤੇ ਦੋਸ ਲਾਇਆ ਕਿ ਉਸ ਨੇ ਸਮੋਗ ਦੇ ਫਾਇਦਿਆਂ ਨੂੰ ਅਣਗੌਲਿਆ ਕੀਤਾ ਸੀ।

ਹੁਣ ਤੱਕ ਵਿਚਾਰੇ ਤੱਥਾਂ ਤੋਂ ਅਸੀਂ ਦੇਖ ਸਕਦੇ ਹਾਂ ਕਿ ਦੁਨੀਆ ਦੇ ਮੁੱਠੀ ਭਰ ਅਮੀਰ ਅਤੇ ਉਹਨਾਂ ਦੀਆਂ ਕਾਰਪੋਰੇਸਨਾਂ ਵਾਤਾਵਰਨ ਦੇ ਸੰਕਟ ਨੂੰ ਰੋਕਣ ਲਈ ਬਣਾਏ ਜਾ ਰਹੇ ਕਾਨੂੰਨਾਂ ਅਤੇ ਨੀਤੀਆਂ ਦਾ ਵਿਰੋਧ ਕਰਨ ਲਈ ਕਿਸ ਤਰ੍ਹਾਂ ਆਪਣੀ ਦੌਲਤ ਦੀ ਵਰਤੋਂ ਕਰਦੀਆਂ ਹਨ। ਇਸ ਦੌਲਤ ਕਾਰਨ ਦੁਨੀਆ ਦੀ ਆਰਥਿਕਤਾ ਅਤੇ ਸਿਆਸਤ ਉੱਪਰ ਕਾਰਪੋਰੇਸਨਾਂ ਦੇ ਗਲਬੇ ਦੇ ਹੁੰਦੇ ਹੋਏ ਕਦੇ ਵੀ ਵਾਤਾਵਰਨ ਦੇ ਸੰਕਟ ਨਾਲ ਨਿਪਟਣ ਲਈ ਸਹੀ ਕਾਨੂੰਨ ਅਤੇ ਨੀਤੀਆਂ ਬਣਨਾ ਸੰਭਵ ਨਹੀਂ ਹੋ ਸਕਦਾ। ਫਰੈਡ ਮੈਗਡੌਫ ਅਤੇ ਜੌਹਨ ਬਲੈਮੀ ਫੌਸਟਰ ਨੇ ਆਪਣੀ ਕਿਤਾਬ ਵੱਟ ਐਵਰੀ ਇਨਵਾਇਰਮੈਂਟਲਿਸਟ ਨੀਡਜ ਟੂ ਨੋਅ ਅਬਾਊਟ ਕੈਪੀਟਲਿਜਮ ਵਿੱਚ ਇਸ ਤਰ੍ਹਾਂ ਲਿਖਿਆ ਹੈ, "ਆਰਥਿਕਤਾ, ਰਿਆਸਤ, ਮੀਡੀਆ... ਉੱਪਰ ਕਾਰੋਬਾਰੀ ਹਿੱਤਾਂ ਦੀ ਸਰਦਾਰੀ ਦੇ ਮੱਦੇਨਜਰ, ਕਿਸੇ ਵੀ ਤਰ੍ਹਾਂ ਦੀ ਅਜਿਹੀ ਬੁਨਿਆਦੀ ਤਬਦੀਲੀ ਲਿਆਉਣਾ ਬਹੁਤ ਮੁਸਕਿਲ ਹੈ, ਜਿਸ ਦਾ ਵਿਰੋਧ ਕਾਰਪੋਰੇਸਨਾਂ ਕਰ ਰਹੀਆਂ ਹੋਣ। ਇਸ ਲਈ ਊਰਜਾ, ਸਿਹਤ ਸੰਭਾਲ, ਖੇਤੀਬਾੜੀ ਅਤੇ ਖੁਰਾਕ, ਇੰਡਸਟਰੀ ਅਤੇ ਵਿਦਿਆ ਦੇ ਖੇਤਰ ਵਿੱਚ ਕਾਰਗਰ (ਰੈਸਨਲ) ਅਤੇ ਵਾਤਾਵਰਨ ਦੇ ਹਿਸਾਬ ਨਾਲ ਵਧੀਆ ਨੀਤੀਆਂ ਲਿਆਉਣਾ ਤਕਰੀਬਨ ਅਸੰਭਵ ਹੋ ਜਾਂਦਾ ਹੈ। ਬੇਸ਼ੱਕ ਸੁਖਾਂਵੇਂ ਸਿਆਸੀ ਮਾਹੌਲ ਵਿੱਚ ਪੂੰਜੀਵਾਦੀ ਪ੍ਰਬੰਧ ਵਾਤਾਵਰਨ ਦੇ ਸੰਬੰਧ ਵਿੱਚ ਸੀਮਤ ਸੁਧਾਰ ਲਿਆਉਣ ਦੇ ਯੋਗ ਹੈ, ਪਰ ਜਿਵੇਂ ਕਿ ਹੋਰ ਖੇਤਰਾਂ ਵਿੱਚ ਹੁੰਦਾ ਹੈ, ਇਹਨਾਂ ਸੁਧਾਰਾਂ ਨੂੰ ਉਸ ਹੱਦ ਤੱਕ ਪਹੁੰਚਣ ਤੋਂ ਪਹਿਲਾਂ ਹੀ ਰੋਕ ਲਿਆ ਜਾਂਦਾ ਹੈ, ਜਿਸ ਹੱਦ 'ਤੇ ਇਹ ਸਮੁੱਚੇ ਆਰਥਿਕ/ ਸਮਾਜਕ ਪ੍ਰਬੰਧ ਲਈ ਖਤਰਾ ਬਣ ਸਕਦੇ ਹੋਣ। ਨਤੀਜੇ ਵੱਜੋਂ, ਸੁਧਾਰ ਸਮੱਸਿਆਵਾਂ ਦੀ ਜੜ੍ਹ ਤੱਕ ਪਹੁੰਚਣ ਤੋਂ ਨਾਕਾਮ ਰਹਿੰਦੇ ਹਨ ਅਤੇ ਵਾਤਾਵਰਨ ਦਾ ਬਦਤਰ ਹੋਣਾ ਜਾਰੀ ਰਹਿੰਦਾ ਹੈ। ਇਸ ਮੌਜੂਦਾ ਪ੍ਰਬੰਧ ਵਿੱਚ ਕੋਈ ਵੀ ਅਜਿਹੀ ਚੀਜ ਨਹੀਂ ਹੈ, ਜੋ ਇਸ ਨੂੰ ਖਤਰਨਾਕ ਹੱਦ 'ਤੇ ਪਹੁੰਚਣ ਤੋਂ ਪਹਿਲਾਂ ਰੁਕਣ ਦੀ ਆਗਿਆ ਦਿੰਦੀ ਹੋਵੇ। ਅਜਿਹਾ ਕਰਨ ਲਈ ਸਮਾਜ ਦੀ ਹੇਠਲੀ ਪੱਧਰ ਤੋਂ ਉੱਠੀਆ ਅਜਿਹੀਆਂ ਤਾਕਤਾਂ ਦੀ ਲੋੜ ਹੈ ਜੋ ਆਪਣੀ ਸੋਚ ਅਤੇ ਅਮਲਾਂ ਵਿੱਚ ਇਸ ਪ੍ਰਬੰਧ ਦੇ ਤਰਕ ਤੋਂ ਪਾਰ ਜਾ ਸਕਦੀਆਂ ਹੋਣ।"

# ਦੇਸ਼ ਦੀਆਂ ਜੇਲ੍ਹਾਂ ਵਿੱਚ ਬੰਦ 66 ਫੀਸਦੀ ਪੱਛੜੀਆਂ ਅਤੇ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਕੈਦੀ !

ਭਾਰਤੀ ਜੇਲ੍ਹਾਂ ਵਿੱਚ ਬੰਦ ਕੈਦੀਆਂ ਦੇ ਅੰਕੜਿਆਂ 'ਤੇ ਜਾ ਕੇ ਜਦੋਂ ਅਸੀਂ ਨਜਰ ਮਾਰਦੇ ਹਾਂ ਤਾਂ , ਇਹ ਤਸਵੀਰ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਅਪਰਾਧਿਕ ਨਿਆਂ ਪ੍ਰਣਾਲੀ ਕੁਦਰਤੀ ਤੌਰ 'ਤੇ ਵਾਂਝੇ ਲੋਕਾਂ ਪ੍ਰਤੀ ਪੱਖਪਾਤੀ ਹੈ। ਸਲਾਖਾਂ ਪਿੱਛੇ ਬੰਦ ਲੋਕਾਂ ਦਾ ਅੰਕੜਾ ਸੋਚਣ ਲਈ ਮਜਬੂਰ ਕਰਦਾ ਹੈ ਕਿ ਦੇਸ ਭਰ ਦੀਆਂ ਜੇਲ੍ਹਾਂ ਵਿੱਚ ਬੰਦ ਅਨੁਸੂਚਿਤ ਜਾਤੀਆਂ, ਜਨਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਕੈਦੀਆਂ ਤੋਂ ਇਲਾਵਾ ਜੇਲ੍ਹਾਂ ਵਿੱਚ ਬੰਦ ਕੁਲ ਕੈਦੀਆਂ ਵਿਚੋਂ ਮੁਸਲਮਾਨ ਭਾਈਚਾਰੇ ਦੇ ਲਗਭਗ 20 ਫੀਸਦੀ, ਇਸਾਈ ਮੱਤ ਦੇ 2.47 ਫੀਸਦੀ ਅਤੇ ਸਿੱਖ ਭਾਈਚਾਰੇ ਨਾਲ ਸਬੰਧਤ 3.24 ਫੀਸਦੀ ਵਿਅਕਤੀ ਕੈਦੀ ਹਨ। ਭਾਰਤੀ ਜੇਲ੍ਹ ਦੇ ਕੈਦੀਆਂ ਬਾਰੇ ਉਪਲਬਧ ਇਨ੍ਹਾਂ ਅੰਕੜਿਆਂ ਵਿੱਚ ਉੱਚ ਜਾਤੀ ਨਾਲ ਸਬੰਧਤ ਅਪਰਾਧਿਕ ਮਾਮਲੇ ਬਹੁਤ ਘੱਟ ਹਨ।

ਦੇਸ਼ ਵਿਚ ਕੈਦੀਆਂ ਲਈ ਹੋਰ ਜੇਲ੍ਹਾਂ ਬਣਾਉਣ ਜਾਂ ਗਿਣਤੀ ਘਟਾਉਣ ਦੀ ਜ਼ਰੂਰਤ ਹੈ ਜਾਂ ਫਿਰ ਜਿੰਨੀਆਂ ਇਸ ਵੇਲੇ ਉਪਲੱਬਧ ਹਨ, ਲੋੜ ਅਨੁਸਾਰ ਠੀਕ ਹਨ ਦੇ ਬਾਰੇ ਚਰਚਾ ਕਰਦੇ ਹਾਂ ਤਾਂ ਸਾਡੇ ਸਾਹਮਣੇ ਇਕ ਸੁਆਲੀਆ ਚਿੰਨ੍ਹ ਬਣ ਜਾਂਦਾ ਹੈ।

ਦਿੱਲੀ ਦੇ ਉਪ ਰਾਜਪਾਲ ਵਿਨੇ ਕੁਮਾਰ ਸਕਸੈਨਾ ਨੇ ਦਿੱਲੀ ਵਿਕਾਸ ਅਥਾਰਟੀ ਨੂੰ ਰਾਸਟਰੀ ਰਾਜਧਾਨੀ ਦੇ ਬਾਹਰਵਾਰ ਇੱਕ ਨਵਾਂ ਜੇਲ੍ਹ ਕੰਪਲੈਕਸ ਬਣਾਉਣ ਲਈ 1.6 ਲੱਖ ਵਰਗ ਮੀਟਰ ਜਮੀਨ ਅਲਾਟ ਕਰਨ ਲਈ ਕਿਹਾ ਹੈ। ਪਰ ਰਾਸਟਰਪਤੀ ਦ੍ਰੋਪਦੀ ਮੁਰਮੂ ਨੇ ਨਵੰਬਰ 2022 ਵਿੱਚ ਮਾਣਯੋਗ ਸੁਪਰੀਮ ਕੋਰਟ ਦੁਆਰਾ ਸੰਵਿਧਾਨ ਦਿਵਸ ਸਬੰਧੀ ਕਰਵਾਏ ਗਏ ਇਕ ਸਮਾਗਮ ਵਿੱਚ ਸੰਬੋਧਨ ਕਰਦਿਆਂ ਕਿਹਾ ਕਿ ਸੀ ਕਿ

'ਮੈਂ ਸੁਣ ਰਹੀ ਹਾਂ ਕਿ ਕੀ ਸਾਨੂੰ ਨਵੀਆਂ ਜੇਲ੍ਹਾਂ ਬਣਾਉਣੀਆਂ ਪੈਣਗੀਆਂ? ਕੀ ਜੇਲ੍ਹਾਂ ਸਮਰੱਥਾ ਤੋਂ ਵੱਧ ਹਨ, ਜੇਕਰ ਅਸੀਂ ਇੱਕ ਸਮਾਜ ਵਜੋਂ ਤਰੱਕੀ ਵੱਲ ਵਧ ਰਹੇ ਹਾਂ ਤਾਂ ਸਾਨੂੰ ਨਵੀਆਂ ਜੇਲ੍ਹਾਂ ਦੀ ਕੀ ਲੋੜ ਹੈ? ਸਾਨੂੰ ਉਨ੍ਹਾਂ ਦੀ ਗਿਣਤੀ ਘਟਾਉਣ ਦੀ ਲੋੜ ਹੈ।' ਰਾਸਟਰਪਤੀ ਨੇ ਇਸ ਤੱਥ ਨੂੰ ਉਚਿਤ ਰੂਪ ਵਿੱਚ ਰੇਖਾਂਕਿਤ ਕੀਤਾ ਕਿ ਇਸ ਦੇਸ ਵਿੱਚ ਗਰੀਬੀ ਅਤੇ ਹਾਸੀਏ 'ਤੇ ਪਏ ਲੋਕਾਂ ਲਈ ਨਿਆਂ ਦਾ ਪਹੀਆ ਮੁਸਕਿਲ ਨਾਲ ਚਲਦਾ ਹੈ।

ਗਰੀਬ ਕੈਦੀਆਂ ਬਾਰੇ ਦੱਸਦੇ ਹੋਏ ਰਾਸਟਰਪਤੀ ਨੇ ਭਾਵੁਕ ਹੋ ਕੇ ਇਹ ਸਵਾਲ ਵੀ ਉਠਾਇਆ ਕਿ ਭਾਰਤ ਦੀਆਂ ਜੇਲ੍ਹਾਂ ਗਰੀਬ ਵਰਗ ਦੇ ਲੋਕਾਂ ਨਾਲ ਕਿਉਂ ਭਰੀਆਂ ਹੋਈਆਂ ਹਨ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ ਵਿੱਚ ਕੈਦੀ ਮਾਮੂਲੀ ਅਪਰਾਧਾਂ ਵਿੱਚ ਕੈਦ ਹਨ, ਪਰ ਉਹ ਜੇਲ੍ਹਾਂ ਵਿੱਚ ਬੰਦ ਹਨ, ਕਿਉਂਕਿ ਉਨ੍ਹਾਂ ਦੇ ਪਰਿਵਾਰ ਜਮਾਨਤ ਬਾਂਡ ਜਾਂ ਮੁਕੱਦਮੇਬਾਜੀ ਦਾ ਖਰਚਾ ਬਰਦਾਸਤ ਨਹੀਂ ਕਰ ਸਕਦੇ । ਗਰੀਬ ਨਾ ਤਾਂ ਆਪਣੇ ਅਧਿਕਾਰਾਂ ਨੂੰ ਜਾਣਦੇ ਹਨ, ਨਾ ਸੰਵਿਧਾਨ

(ਸਫ਼ਾ 3 ਦੀ ਬਾਕੀ)

ਦੀ ਪ੍ਰਸਤਾਵਨਾ, ਨਾ ਹੀ ਬੁਨਿਆਦੀ ਅਧਿਕਾਰਾਂ ਜਾਂ ਬੁਨਿਆਦੀ ਫਰਜਾਂ ਬਾਰੇ ਜਾਣਕਾਰੀ ਰੱਖਦੇ ਹਨ। ਲਤਾੜੇ ਲੋਕਾਂ ਬਾਰੇ ਕੋਈ ਨਹੀਂ ਸੋਚ ਰਿਹਾ। ਗਰੀਬ ਕੈਦੀ ਦੇ ਪਰਿਵਾਰਕ ਮੈਂਬਰ ਉਸ ਨੂੰ ਬਚਾਉਣ ਦੀ ਹਿੰਮਤ ਨਹੀਂ ਰੱਖਦੇ, ਕਿਉਂਕਿ ਕੇਸ ਲੜਦਿਆਂ ਪਰਿਵਾਰ ਦੇ ਘਰ ਦੇ ਭਾਂਡੇ ਵੀ ਵਿਕ ਜਾਂਦੇ ਹਨ, ਘਰ ਵੀ ਵਿਕ ਜਾਂਦਾ ਹੈ।

ਅਦਾਲਤਾਂ ਵਿੱਚ ਇਨਸਾਫ ਦੀ ਤਰਾਜੂ ਲੈ ਕੇ ਬੈਠੇ ਜਦੋਂ ਅਸੀਂ ਜੱਜਾਂ ਦੀ ਗਿਣਤੀ ਦਾ ਅੰਕੜਾ ਵੇਖਦੇ ਹਾਂ ਤਾਂ ਇਹ ਪਤਾ ਲੱਗਦਾ ਹੈ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਿਤ ਜੱਜਾਂ ਦੀ ਗਿਣਤੀ ਉਨ੍ਹਾਂ ਦੀ ਅਬਾਦੀ ਦੇ ਅਨੁਪਾਤ ਮੁਤਾਬਿਕ ਬਹੁਤ ਹੀ ਘੱਟ ਹੈ।

ਕੇਂਦਰ ਸਰਕਾਰ ਵੱਲੋਂ ਕਾਨੂੰਨ ਅਤੇ ਨਿਆਂ ਬਾਰੇ ਸੰਸਦੀ ਸਥਾਈ ਕਮੇਟੀ ਨੂੰ ਦਿੱਤੀ ਗਈ ਜਾਣਕਾਰੀ ਨਿਆਂਪਾਲਿਕਾ ਵਿੱਚ ਸਮਾਜਿਕ ਵਿਭਿੰਨਤਾ ਨੂੰ ਦਰਸਾਉਂਦੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਾਲ 2018 ਤੋਂ 2022 ਤੱਕ 5 ਸਾਲਾਂ ਵਿਚ ਨਿਯੁਕਤ ਕੀਤੇ ਗਏ ਹਾਈ-ਕੋਰਟਾਂ ਦੇ 79 ਫੀਸਦੀ ਜੱਜ ਉੱਚ ਜਾਤੀ (ਆਮ ਸ਼੍ਰੇਣੀ) ਨਾਲ ਸਬੰਧਿਤ ਹਨ । ਟਾਈਮਜ ਆਫ ਇੰਡੀਆ ਅਤੇ ਇੰਡੀਅਨ ਐਕਸਪ੍ਰੈਸ ਦੀਆਂ ਰਿਪੋਰਟਾਂ ਤੋਂ ਹੇਠਾਂ ਦਿੱਤੇ ਅੰਕੜੇ ਸਾਹਮਣੇ ਆਏ ਹਨ ਕਿ ਸਾਲ 2018 ਤੋਂ 19 ਦਸੰਬਰ 2022 ਤੱਕ ਵੱਖ-ਵੱਖ ਹਾਈ ਕੋਰਟਾਂ ਵਿੱਚ 537 ਜੱਜ ਨਿਯੁਕਤ ਕੀਤੇ ਗਏ, ਜਿਸ ਵਿੱਚ 79 ਫੀਸਦੀ ਜਨਰਲ ਵਰਗ,11 ਫੀਸਦੀ ਹੋਰ ਪੱਛੜੀਆਂ ਸ਼੍ਰੇਣੀਆਂ, 2.6 ਫੀਸਦੀ ਘੱਟ ਗਿਣਤੀਆਂ, 2.8 ਫੀਸਦੀ ਅਨੁਸੂਚਿਤ ਜਾਤੀਆਂ ਅਤੇ 1.3 ਫੀਸਦੀ ਅਨੁਸੂਚਿਤ ਜਨਜਾਤੀਆਂ ਨਾਲ ਸਬੰਧਿਤ ਹਨ।ਉਕਤ ਅੰਕੜੇ ਮੂਲਨਿਵਾਸੀਆਂ ਨਾਲ ਬਹੁਤ ਵੱਡੀ ਬੇਇਨਸਾਫੀ ਦਰਸਾਉਂਦੇ ਹਨ।

ਨੈਸਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਜੇਲ੍ਹ ਸਟੈਟਿਸਟਿਕਸ ਆਫ ਇੰਡੀਆ 2021 ਦੀ ਰਿਪੋਰਟ ਦੇ ਅੰਕੜੇ ਦਰਸਾਉਂਦੇ ਹਨ ਕਿ ਜੇਲ੍ਹਾਂ ਵਿੱਚ 77 ਫੀਸਦੀ ਤੋਂ ਵੱਧ ਕੈਦੀ ਸੁਣਵਾਈ ਅਧੀਨ ਹਨ ਅਤੇ ਹਰ ਸਾਲ ਇਹ ਗਿਣਤੀ ਵਧਦੀ ਜਾ ਰਹੀ ਹੈ। ਭਾਰਤੀ ਜੇਲ੍ਹਾਂ ਵਿੱਚ ਸੁਣਵਾਈ ਅਧੀਨ ਕੈਦੀਆਂ ਦੀ ਗਿਣਤੀ 2020 ਵਿੱਚ 3.72 ਲੱਖ ਤੋਂ 2021 ਵਿੱਚ 15 ਫੀਸਦੀ ਵਧ ਕੇ 4.27 ਲੱਖ ਹੋ ਗਈ। 25 ਫੀਸਦੀ ਕੈਦੀ ਅਨਪੜ੍ਹ ਹਨ। ਜੇਲ੍ਹਾਂ ਵਿੱਚ ਬੰਦ ਕੈਦੀਆਂ ਵਿਚੋਂ ਬਹੁ-ਗਿਣਤੀ ਵਿਚ ਬੰਦ ਕੈਦੀ ਆਰਥਿਕ, ਸਮਾਜਿਕ ਅਤੇ ਵਿੱਦਿਅਕ ਤੌਰ 'ਤੇ ਪੱਛੜੇ ਹੋਏ ਹਨ। ਸਿਆਸੀ ਮਾਹਿਰ ਅਤੇ ਬੁੱਧੀਜੀਵੀ ਚਰਨਦਾਸ ਤਲਵੰਡੀ ਨੇ ਜੇਲ੍ਹਾਂ ਵਿੱਚ ਵੱਡੀ ਗਿਣਤੀ ਵਿਚ ਬੰਦ ਮੂਲਨਿਵਾਸੀਆਂ ਦੇ ਕਾਰਨਾਂ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਮਾਜ ਦੇ ਹਰੇਕ ਵਰਗ ਦੇ ਲੋਕਾਂ ਵਿਚ ਲੜਾਈਆਂ, ਝਗੜੇ ਅਤੇ ਕਤਲ ਕਰਨ, ਲੁੱਟਾਂ-ਖੋਹਾਂ, ਬਲਾਤਕਾਰ, ਚੋਰੀਆਂ ਵਰਗੇ ਅਪਰਾਧਿਕ ਜੁਰਮਾਂ ਦਾ ਵਰਤਾਰਾ ਚੱਲਦਾ ਰਹਿੰਦਾ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਆਪਣੀ ਤਾਕਤ ਨਾਲ ਜੁਰਮਾਂ ਨੂੰ ਪੈਸਾ ਅਤੇ ਰਾਜਸੀ ਤਾਕਤ ਜਾਂ ਭਾਈ-ਭਤੀਜਾਵਾਦ ਦੇ ਚੱਲਦਿਆਂ ਦਬਾਕੇ ਪਹਿਲੇ ਪੜਾਅ 'ਤੇ ਖਤਮ ਕਰ ਦਿੰਦੇ ਹਨ, ਜਿਸ ਕਰਕੇ ਦੋਸ਼ੀ ਕਾਨੂੰਨ ਦੀ ਮਾਰ ਤੋਂ ਬਚ ਜਾਂਦੇ ਹਨ, ਪਰ ਰਾਜਨੀਤਕ, ਆਰਥਿਕ ਅਤੇ ਸਮਾਜਿਕ ਤੌਰ 'ਤੇ ਪੱਛੜੇ ਵਰਗ ਨਾਲ ਸਬੰਧਿਤ ਲੋਕਾਂ ਦੀ ਰਾਜਸੀ ਪਹੁੰਚ ਵੀ ਨਹੀਂ ਹੁੰਦੀ, ਜਿਸ ਕਰਕੇ ਉਹ ਸੱਚੇ-ਝੂਠੇ ਮਾਮਲਿਆਂ ਵਿਚ ਕਾਨੂੰਨੀ ਜਕੜਨ ਦੀ ਮਾਰ ਹੇਠ ਫਸ ਜਾਂਦੇ ਹਨ। ਉਨ੍ਹਾਂ ਨੂੰ ਸਹੀ ਇਨਸਾਫ ਵੀ ਨਹੀਂ ਮਿਲਦਾ। ਜਿਹੜੇ ਲੋਕ ਰਾਜਨੀਤਕ, ਆਰਥਿਕ ਅਤੇ ਸਮਾਜਿਕ ਖੇਤਰ ਵਿਚ ਪੱਛੜੇ ਹੁੰਦੇ ਹਨ, ਉਨ੍ਹਾਂ ਕੋਲ ਸਿੱਖਿਆ ਵੀ ਨਹੀਂ ਹੁੰਦੀ, ਜਿਸ ਕਰਕੇ ਅਨਪੜ੍ਹਾਂ ਅਤੇ ਗਰੀਬ ਲੋਕਾਂ ਨੂੰ ਨਾ ਤਾਂ ਆਪਣੇ ਅਧਿਕਾਰਾਂ ਬਾਰੇ ਜਾਣਕਾਰੀ ਹੁੰਦੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਕਾਨੂੰਨੀ ਜਾਣਕਾਰੀ ਹੁੰਦੀ ਹੈ। ਗਰੀਬ ਹੋਣ ਕਰਕੇ ਉਹ ਇਨਸਾਫ ਲੈਣ ਲਈ ਅਦਾਲਤਾਂ ਵਿਚ ਖਰਚ ਕਰਕੇ ਆਪਣਾ ਕੇਸ ਲੜਨ ਦੇ ਸਮਰੱਥ ਨਹੀਂ ਹੁੰਦੇ, ਜਿਸ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਸੜਨ ਲਈ ਮਜਬੂਰ ਹੋਣਾ ਪੈਂਦਾ ਹੈ। ਸਿਆਸੀ ਮਾਹਿਰ ਸ੍ਰੀ ਤਲਵੰਡੀ ਨੇ ਦੱਸਿਆ ਕਿ ਦੇਸ਼ ਵਿਚ ਜਾਤੀ ਸਿਸਟਮ ਲਾਗੂ ਹੋਣ ਕਾਰਨ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਅਨੁਸੂਚਿਤ ਕਬੀਲਿਆਂ ਨੂੰ ਇਨਸਾਫ ਲੈਣ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਦੋਂ ਇਨ੍ਹਾਂ ਵਰਗਾਂ ਨਾਲ ਸਬੰਧਿਤ ਲੋਕਾਂ ਨਾਲ ਬੇਇਨਸਾਫੀ ਹੁੰਦੀ ਹੈ ਤਾਂ ਇਨ੍ਹਾਂ ਵਰਗਾਂ ਨਾਲ ਸਬੰਧਿਤ ਮੰਤਰੀ, ਲੋਕ ਸਭਾ ਮੈਂਬਰ, ਰਾਜ ਸਭਾ ਮੈਂਬਰ ਅਤੇ ਵਿਧਾਇਕ ਅਵਾਜ ਉਠਾਉਣ ਦੀ ਬਜਾਏ ਚੁੱਪ-ਚਾਪ ਬੈਠੇ ਰਹਿੰਦੇ ਹਨ। ਇਸੇ ਤਰ੍ਹਾਂ ਹੀ ਡਾ :ਭੀਮ ਰਾਓ ਅੰਬੇਦਕਰ ਦੁਆਰਾ ਰਚਿਤ ਸੰਵਿਧਾਨ ਰਾਹੀਂ ਮਿਲੇ ਹੱਕਾਂ ਸਦਕਾ ਮੂਲਨਿਵਾਸੀਆਂ ਵਿਚੋਂ ਪੜ੍ਹ-ਲਿਖ ਕੇ ਬਣੇ ਆਈ. ਏ. ਐੱਸ.ਤੇ ਆਈ. ਪੀ. ਐੱਸ.ਅਧਿਕਾਰੀਆਂ, ਜੱਜਾਂ , ਅਤੇ ਹੋਰ ਜਿੰਨੇ ਵੀ ਪ੍ਰਸ਼ਾਸਨਿਕ ਅਧਿਕਾਰੀ ਹਨ, ਉਨ੍ਹਾਂ ਵਿਚੋਂ ਬਹੁ-ਗਿਣਤੀ ਵਿਚ ਅਧਿਕਾਰੀ ਆਪਣੇ ਅੰਦਰ ਹੀਣਭਾਵਨਾ ਲੈ ਕੇ ਬੈਠੇ ਰਹਿੰਦੇ ਹਨ, ਜਿਸ ਕਰਕੇ ਜਦੋਂ ਦੱਬੇ-ਕੁਚਲੇ ਸਮਾਜ ਦੇ ਲੋਕਾਂ ਨਾਲ ਕੋਈ ਧੱਕਾ ਜਾਂ ਬੇਇਨਸਾਫੀ ਹੁੰਦੀ ਹੈ ਤਾਂ ਉਨ੍ਹਾਂ ਨੂੰ ਇਨਸਾਫ ਦਿਵਾਉਣ ਲਈ ਜਾਂ ਸਹਾਰਾ ਦੇਣ ਲਈ ਉਨ੍ਹਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨ ਦੀ ਹਿੰਮਤ ਨਹੀਂ ਰੱਖਦੇ, ਜਿਸ ਕਰਕੇ ਇਸ ਵਰਗ ਦੇ ਲੋਕਾਂ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਹਾਲਤ ਹਮੇਸ਼ਾ ਤਰਸਯੋਗ ਬਣੀ ਰਹਿੰਦੀ ਹੈ।

# ਦਿੱਲੀ ਹਿੰਸਾ ਦੇ ਤਿੰਨ ਵਰ੍ਹੇ, ਜੇਲ੍ਹਾਂ 'ਚ ਸੜ ਰਹੇ ਮਜ਼ਲੂਮ



ਬੂਟਾ ਸਿੰਘ
ਮਹਿਮੂਦਪੁਰ
94634-74342



**ਦਿੱਲੀ ਪੁਲਿਸ ਨੇ ਮੁੱਖ ਤੌਰ 'ਤੇ ਮੁਸਲਮਾਨਾਂ ਅਤੇ ਜਮਹੂਰੀ ਕਾਰਕੁਨਾਂ ਵਿਰੁੱਧ ਦਹਿਸ਼ਤਵਾਦ ਵਿਰੋਧੀ ਕਾਨੂੰਨ, ਯੂ.ਏ.ਪੀ.ਏ. ਅਤੇ ਹੋਰ ਅਤਿ ਸੰਗੀਨ ਧਾਰਾਵਾਂ ਲਗਾ ਕੇ ਕੇਸ ਦਰਜ ਕਰ ਲਏ। ਪੁਲਿਸ ਨੇ ਕਪਿਲ ਮਿਸ਼ਰਾ, ਰਾਗਿਨੀ ਤਿਵਾਰੀ ਆਦਿ ਇਕ ਵੀ ਭਗਵੇਂ ਦਹਿਸ਼ਤਵਾਦੀ ਆਗੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਿਨ੍ਹਾਂ ਨੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹਿੰਸਾ ਦੀ ਯੋਜਨਾ ਬਣਾਈ, ਭੀੜਾਂ ਇਕੱਠੀਆਂ ਕੀਤੀਆਂ ਅਤੇ ਹਿੰਸਕ ਹਮਲਿਆਂ ਤੇ ਸਾੜ-ਫੂਕ ਦੀ ਅਗਵਾਈ ਕੀਤੀ।**

23 ਫਰਵਰੀ ਨੂੰ ਵਿਵਾਦਪੂਰਨ ਸੀ.ਏ.ਏ. (ਨਾਗਰਿਕਤਾ ਸੋਧ ਕਾਨੂੰਨ 2019) ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨਾਂ ਦੌਰਾਨ ਪੂਰਬ-ਉੱਤਰੀ ਦਿੱਲੀ 'ਚ ਹੋਈ ਹਿੰਸਾ ਨੂੰ ਤਿੰਨ ਸਾਲ ਪੂਰੇ ਹੋ ਜਾਣਗੇ। 23 ਤੋਂ 27 ਫਰਵਰੀ 2020 ਦੀਆਂ ਹਿੰਸਕ ਘਟਨਾਵਾਂ ਵਿਚ 53 ਲੋਕ ਮਾਰੇ ਗਏ ਸਨ, 700 ਤੋਂ ਵਧੇਰੇ ਫੱਟੜ ਹੋਏ ਸਨ ਅਤੇ ਵੱਡੇ ਪੱਧਰ 'ਤੇ ਜਾਇਦਾਦ ਦੀ ਭੰਨਤੋੜ ਕੀਤੀ ਗਈ ਸੀ। ਇਹ ਹਿੰਸਾ ਤੱਤਕਾਲੀ ਅਮਰੀਕਨ ਰਾਸ਼ਟਰਪਤੀ ਡੋਨਲਡ ਟਰੰਪ ਦੀ ਭਾਰਤ ਫੇਰੀ ਦੇ ਮੌਕੇ ਹੋਈ ਸੀ। ਆਰ.ਐੱਸ.ਐੱਸ.-ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਅਤੇ ਦਿੱਲੀ ਪੁਲਿਸ ਦੀ ਮਿਲੀਭੁਗਤ ਨਾਲ ਭਗਵੇਂ ਹਜੂਮ ਨੇ ਘੱਟਗਿਣਤੀ ਮੁਸਲਮਾਨ ਭਾਈਚਾਰੇ ਦਾ ਬੇਖ਼ੌਫ਼ ਹੋ ਕੇ ਜਾਨੀ ਅਤੇ ਮਾਲੀ ਨੁਕਸਾਨ ਕੀਤਾ ਸੀ। ਮਜ਼ਲੂਮ ਧਿਰ ਅੱਜ ਵੀ ਨਿਆਂ ਦੀ ਉਡੀਕ 'ਚ ਹੈ।

ਉਪਰੋਕਤ ਕਾਨੂੰਨ ਮੁਸਲਮਾਨ ਘੱਟਗਿਣਤੀ ਨੂੰ ਨਿਸ਼ਾਨਾ ਬਣਾਉਣ ਲਈ ਲਿਆਂਦਾ ਗਿਆ ਸੀ, ਹਿੰਸਾ ਵੀ ਉਨ੍ਹਾਂ ਵਿਰੁੱਧ ਸੇਧਤ ਸੀ ਅਤੇ ਕੇਸ ਪਾ ਕੇ ਜੇਲ੍ਹਾਂ 'ਚ ਵੀ ਉਨ੍ਹਾਂ ਨੂੰ ਹੀ ਡੱਕਿਆ ਗਿਆ। ਦੋਸ਼ ਇਹ ਲਗਾਇਆ ਗਿਆ ਕਿ ਉਨ੍ਹਾਂ ਨੇ ਟਰੰਪ ਦੀ ਫੇਰੀ ਸਮੇਂ ਅੰਤਰਰਾਸ਼ਟਰੀ ਪੱਧਰ 'ਤੇ ਮੋਦੀ ਸਰਕਾਰ ਦਾ ਅਕਸ ਖ਼ਰਾਬ ਕਰਨ ਲਈ 'ਦੰਗਿਆਂ ਦੀ ਸਾਜ਼ਿਸ਼' ਰਚੀ ਸੀ। ਦਿੱਲੀ ਪੁਲਿਸ ਨੇ ਮੁੱਖ ਤੌਰ 'ਤੇ ਮੁਸਲਮਾਨਾਂ ਅਤੇ ਜਮਹੂਰੀ ਕਾਰਕੁਨਾਂ ਵਿਰੁੱਧ ਦਹਿਸ਼ਤਵਾਦ ਵਿਰੋਧੀ ਕਾਨੂੰਨ, ਯੂ.ਏ.ਪੀ.ਏ. ਅਤੇ ਹੋਰ ਅਤਿ ਸੰਗੀਨ ਧਾਰਾਵਾਂ ਲਗਾ ਕੇ ਕੇਸ ਦਰਜ ਕਰ ਲਏ। ਪੁਲਿਸ ਨੇ ਕਪਿਲ ਮਿਸ਼ਰਾ, ਰਾਗਿਨੀ ਤਿਵਾਰੀ ਆਦਿ ਇਕ ਵੀ ਭਗਵੇਂ ਦਹਿਸ਼ਤਵਾਦੀ ਆਗੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਿਨ੍ਹਾਂ ਨੇ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਹਿੰਸਾ ਦੀ ਯੋਜਨਾ ਬਣਾਈ, ਭੀੜਾਂ ਇਕੱਠੀਆਂ ਕੀਤੀਆਂ ਅਤੇ ਹਿੰਸਕ ਹਮਲਿਆਂ ਤੇ ਸਾੜ-ਫੂਕ ਦੀ ਅਗਵਾਈ ਕੀਤੀ। ਪਿਛਲੇ ਦਿਨੀਂ ਦਿੱਲੀ ਦੀ ਇਕ ਅਦਾਲਤ ਵੱਲੋਂ ਜਾਮੀਆ ਮਿਲੀਆ ਇਸਮਾਲੀਆ ਹਿੰਸਾ ਕੇਸ (13 ਦਸੰਬਰ 2019) ਵਿਚ ਨਾਮਜ਼ਦ ਸ਼ਰਜ਼ੀਲ ਇਮਾਮ ਸਮੇਤ 11 ਵਿਦਿਆਰਥੀ ਕਾਰਕੁਨਾਂ ਨੂੰ ਬਰੀ ਕੀਤੇ ਜਾਣ ਨਾਲ ਇਹ ਸਾਬਤ ਹੋ ਗਿਆ ਕਿ ਦਿੱਲੀ ਪੁਲਿਸ ਵੱਲੋਂ ਬਣਾਏ ਗਏ ਇਨ੍ਹਾਂ ਝੂਠੇ ਕੇਸਾਂ ਦਾ ਇੱਕੋ-ਇਕ ਮਨੋਰਥ ਵਿਰੋਧ ਦੇ ਜਮਹੂਰੀ ਹੱਕ ਅਤੇ ਮੁਸਲਮਾਨ ਘੱਟਗਿਣਤੀ ਦੀ ਹੱਕ-ਜਤਾਈ ਨੂੰ ਕੁਚਲਣਾ ਅਤੇ ਦਹਿਸ਼ਤਜ਼ਦਾ ਕਰਨਾ ਸੀ। ਫਰਵਰੀ ਹਿੰਸਾ ਦੇ ਕੇਸ ਵੀ ਆਖ਼ਿਰਕਾਰ ਝੂਠੇ ਸਾਬਤ ਹੋਣਗੇ, ਭਾਵੇਂ ਕਿ ਬਹੁਤ ਸਾਰੇ ਬੇਕਸੂਰ ਮੁਸਲਮਾਨਾਂ ਨੂੰ ਅਜੇ ਵੀ ਬਿਨਾਂ ਜ਼ਮਾਨਤ ਜੇਲ੍ਹਾਂ 'ਚ ਸੜਨਾ ਪੈ ਰਿਹਾ ਹੈ।

ਇਸ ਹਿੰਸਾ ਸੰਬੰਧੀ ਐੱਫ.ਆਈ.ਆਰ.59/2020 'ਚ ਯੂ.ਏ.ਪੀ.ਏ. ਅਤੇ ਆਈ.ਪੀ.ਸੀ. ਦੀਆਂ ਸਖ਼ਤ ਧਾਰਾਵਾਂ ਤਹਿਤ ਕਾਰਕੁਨਾਂ ਉਮਰ ਖ਼ਾਲਿਦ, ਸ਼ਰਜ਼ੀਲ ਇਮਾਮ, ਮੀਰਾਨ ਹੈਦਰ, ਆਸਿਫ਼ ਇਕਬਾਲ, ਸਫ਼ੂਰਾ ਜ਼ਰਗਰ, ਗੁਲਫ਼ਿਸ਼ਾ ਫ਼ਾਤਿਮਾ, ਨਤਾਸ਼ਾ ਨਰਵਾਲ, ਦੇਵਾਂਗਨਾ ਕਲੀਤਾ ਸਮੇਤ 18 ਲੋਕਾਂ ਉੱਪਰ ਦੋਸ਼ ਲਗਾਏ ਗਏ ਸਨ। ਇਨ੍ਹਾਂ ਵਿੱਚੋਂ ਪੰਜ ਨੂੰ ਬੜੀ ਮੁਸ਼ਕਲ ਨਾਲ ਜ਼ਮਾਨਤ ਮਿਲੀ ਜਦਕਿ 9 ਵਿਅਕਤੀ ਅਜੇ ਵੀ ਯੂ.ਏ.ਪੀ.ਏ. ਤਹਿਤ ਜੇਲ੍ਹ 'ਚ ਬੰਦ ਹਨ। ਸਵਰਾਜ ਇੰਡੀਆ ਦੇ ਆਗੂ ਯੋਗੇਂਦਰ ਯਾਦਵ, ਸੀ.ਪੀ.ਆਈ.(ਐੱਮ) ਦੇ ਜਨਰਲ ਸਕੱਤਰ ਸੀਤਾਰਾਮ ਯੈਚੁਰੀ, ਅਰਥਸ਼ਾਸਤਰੀ ਜੈਅਤੀ ਘੋਸ਼, ਪ੍ਰੋਫੈਸਰ ਅਪੂਰਵਾਨੰਦ ਅਤੇ ਫਿਲਮਸਾਜ਼ ਰਾਹੁਲ ਰਾਏ ਦਾ ਨਾਮ ਵੀ ਚਾਰਜਸ਼ੀਟ ਵਿਚ ਸ਼ਾਮਲ ਹੈ। ਪਿਛਲੇ ਦਿਨੀਂ ਨਿਊਜ਼ਕਲਿੱਕ ਵੱਲੋਂ ਹਿੰਸਾ ਦੀ ਤੀਜੀ ਬਰਸੀ ਮੌਕੇ ਇਨ੍ਹਾਂ ਵਿਚਾਰ-ਅਧੀਨ ਕੈਦੀਆਂ ਦੇ ਪਰਿਵਾਰਾਂ ਨੂੰ ਮਿਲ ਕੇ ਜੋ ਜਾਣਕਾਰੀ ਇਕੱਠੀ ਕੀਤੀ ਗਈ ਉਹ ਮਜ਼ਲੂਮਾਂ ਦੇ ਸੰਤਾਪ ਦੀ ਦਾਸਤਾਨ ਬਿਆਨ ਕਰਦੀ ਹੈ। ਇਸ ਰਿਪੋਰਟ ਨੇ ਕੁਝ ਜੇਲ੍ਹਬੰਦ ਕਾਰਕੁਨਾਂ ਦੇ ਐਸੇ ਵੇਰਵੇ ਪੇਸ਼ ਕੀਤੇ ਹਨ ਜੋ ਅਸਲ ਦੋਸ਼ੀ ਭਗਵੇਂ ਆਗੂਆਂ ਦੀ ਦਹਿਸ਼ਤਵਾਦੀ ਭੂਮਿਕਾ ਤੋਂ ਧਿਆਨ ਹਟਾਉਣ ਲਈ ਝੂਠੇ ਕੇਸ ਬਣਾਉਣ 'ਚ ਦਿੱਲੀ ਪੁਲਿਸ ਦੀਆਂ ਮਨਮਾਨੀਆਂ ਦਾ ਪਰਦਾਫਾਸ਼ ਕਰਦੇ ਹਨ।

ਢਾਈ ਸਾਲ ਤੋਂ ਜੇਲ੍ਹ 'ਚ ਬੰਦ ਚਾਂਦ ਬਾਗ਼ ਦਾ 27 ਸਾਲਾ ਅਤਹਰ ਖ਼ਾਨ ਬਵਾਸੀਰ ਦਾ ਮਰੀਜ਼ ਹੈ। ਉਸ ਦੇ ਪਰਿਵਾਰ ਨੇ ਨਵੰਬਰ 2022 'ਚ ਟਰਾਇਲ ਕੋਰਟ 'ਚ ਅਰਜੀ ਦੇ ਕੇ ਮੰਗ ਕੀਤੀ ਸੀ ਕਿ ਬਵਾਸੀਰ ਤੋਂ ਰਾਹਤ ਲਈ ਉਸ ਨੂੰ ਗਰਮ ਪਾਣੀ ਦਿੱਤਾ ਜਾਵੇ। ਅਦਾਲਤ ਨੇ ਅਜੇ ਤੱਕ ਵੀ ਅਰਜੀ ਉੱਪਰ ਕੋਈ ਫ਼ੈਸਲਾ ਨਹੀਂ ਸੁਣਾਇਆ। ਉਸ ਦੇ ਅੱਬਾ ਦੱਸਦੇ ਹਨ ਕਿ ਜੇਲ੍ਹ 'ਚ ਬੰਦ ਆਪਣੇ ਬੇਟੇ ਨੂੰ ਜੁੱਤੀ ਦਾ ਜੋੜਾ ਭੇਜਣ ਲਈ ਤਿੰਨ ਮਹੀਨੇ ਲੱਗ ਗਏ। 'ਸਾਡਾ ਕਸੂਰ ਸਿਰਫ਼ ਇਹ ਹੈ ਕਿ ਅਸੀਂ ਸਾਡੇ ਇਲਾਕੇ ਉੱਪਰ ਹਮਲਾ ਕਰਨ ਵਾਲੇ ਹਿੰਸਕ ਹਜੂਮ ਦਾ ਸਵੈਰੱਖਿਆ ਲਈ ਵਿਰੋਧ ਕੀਤਾ ਸੀ। ਸ਼ਾਂਤਮਈ ਵਿਰੋਧ ਕਰਨਾ ਹਰ ਕਿਸੇ ਦਾ ਸੰਵਿਧਾਨਕ ਹੱਕ ਹੈ ਅਤੇ ਮੇਰਾ ਬੇਟਾ ਅਤੇ ਅਸੀਂ ਹੋਰ ਲੋਕ ਇਸੇ ਹੱਕ ਦਾ ਇਸਤੇਮਾਲ ਕਰ ਰਹੇ ਸੀ।'

ਪੇਸ਼ ਕੀਤੀ ਚਾਰਜਸ਼ੀਟ ਵਿਚ ਪੁਲਿਸ ਨੇ ਉਸ ਨੂੰ ਹਿੰਸਾ ਦਾ ਮਾਸਟਰ ਮਾਈਂਡ ਅਤੇ ਪ੍ਰਮੁੱਖ ਸਾਜ਼ਿਸ਼ਘਾੜਿਆਂ 'ਚੋਂ ਇਕ ਦੱਸਿਆ। ਇਹ ਦਾਅਵਾ ਵੀ ਕੀਤਾ ਗਿਆ ਕਿ ਉਸ ਨੇ ਲੋਕਾਂ ਨੂੰ ਦਿੱਲੀ ਨੂੰ ਸਾੜ ਦੇਣ ਲਈ ਉਕਸਾਇਆ। ਕਿ ਉਹ ਫਿਲਮਸਾਜ਼ ਰਾਹੁਲ ਰਾਏ ਦੇ ਸੰਪਰਕ 'ਚ ਸੀ ਜਿਸ ਨੇ ਉਸ ਨੂੰ ਯਮੁਨਾ ਪਾਰ ਇਲਾਕੇ ਵਿਚ ਹਿੰਸਾ ਨੂੰ ਅੰਜਾਮ ਦੇਣ ਦੀਆਂ ਤਿਆਰੀਆਂ ਬਾਰੇ ਦੱਸਿਆ। ਆਪਣੇ ਦਾਅਵੇ ਨੂੰ ਸਾਬਤ ਕਰਨ ਲਈ ਪੁਲਿਸ ਨੇ ਹੁਣ ਤੱਕ ਅਤਹਰ ਖ਼ਾਨ ਦਾ ਕੋਈ ਵੀ ਵੀਡੀਓ ਕਲਿੱਪ ਜਾਂ ਸੀਸੀਟੀਵੀ ਫੁਟੇਜ ਜਾਂ ਕੋਈ ਹੋਰ ਸਬੂਤ ਪੇਸ਼ ਨਹੀਂ ਕੀਤਾ ਜਿਸ ਵਿਚ ਉਹ ਹਮਲਾ ਕਰ ਰਿਹਾ ਜਾਂ ਹਥਿਆਰ ਲੈ ਕੇ ਜਾ ਰਿਹਾ ਜਾਂ ਕੋਈ ਸ਼ੱਕੀ ਦਹਿਸ਼ਤਵਾਦੀ ਹਰਕਤ ਕਰ ਰਿਹਾ ਹੋਵੇ।

ਜਾਫ਼ਰਾਬਾਦ ਦੀ ਕਿਰਤੀ ਬਸਤੀ ਦੀ ਵਸਨੀਕ ਗੁਲਫਿਸ਼ਾ ਫ਼ਾਤਿਮਾ ਪੀ.ਐੱਚ.ਡੀ. ਦੀ ਵਿਦਿਆਰਥਣ ਹੈ ਜਿਸ ਨੂੰ 'ਗ਼ਲਤ ਜਾਣਕਾਰੀ ਫੈਲਾਉਣ ਦੀ ਸਾਜ਼ਿਸ਼ ਅਤੇ ਯੋਜਨਾ 'ਚ ਲਗਾਤਾਰ ਸ਼ਾਮਲ' ਸਾਜ਼ਿਸ਼ੀ ਬਣਾ ਦਿੱਤਾ ਗਿਆ। ਉਸ ਦਾ ਕਸੂਰ ਵੀ ਇਹੀ ਸੀ ਕਿ ਉਸ ਨੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪ੍ਰਦਰਸ਼ਨਾਂ 'ਚ ਹਿੱਸਾ ਲਿਆ ਸੀ। ਦਰਅਸਲ, ਸੀ.ਏ.ਏ. ਵਿਰੁੱਧ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਪ੍ਰਤੀ ਕੇਂਦਰ ਸਰਕਾਰ ਦੀ ਉਦਾਸੀਨਤਾ ਕਾਰਨ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਸੀ। ਇਸ ਸੱਦੇ ਤਹਿਤ ਜਾਫ਼ਰਾਬਾਦ 'ਚ ਪ੍ਰਦਰਸ਼ਨ ਕਰ ਰਹੇ ਲੋਕ 22 ਫਰਵਰੀ ਦੀ ਸ਼ਾਮ ਨੂੰ ਮੁੱਖ ਸੜਕ ਬੰਦ ਕਰਕੇ ਆਪਣਾ ਧਰਨਾ ਜਾਫ਼ਰਾਬਾਦ ਮੈਟਰੋ ਸਟੇਸ਼ਨ ਉੱਪਰ ਲੈ ਗਏ। ਅਗਲੇ ਦਿਨ ਭਾਜਪਾ ਆਗੂ ਕਪਿਲ ਮਿਸ਼ਰਾ ਇਸ ਧਰਨੇ ਨੂੰ ਖਦੇੜਣ ਲਈ ਭਗਵਾਂ ਲਸ਼ਕਰ ਲੈ ਕੇ ਉੱਥੇ ਆ ਗਿਆ। ਇਕ ਸੀਨੀਅਰ ਪੁਲਿਸ ਅਧਿਕਾਰੀ ਦੀ ਮੌਜੂਦਗੀ 'ਚ ਮੌਜਪੁਰ ਚੌਰਾਹੇ ਉੱਪਰ ਕਪਿਲ ਮਿਸ਼ਰੇ ਨੇ ਭੜਕਾਊ ਭਾਸ਼ਣ ਦੇ ਕੇ ਗੁੰਡਾ ਤਾਕਤ ਨਾਲ ਉੱਥੋਂ ਧਰਨਾ ਹਟਾਉਣ ਦੀ ਧਮਕੀ ਦਿੱਤੀ। ਉਸ ਦੇ ਭੜਕਾਊ ਭਾਸ਼ਣ ਤੋਂ ਬਾਦ ਭਗਵੇਂ ਹਜੂਮ ਵੱਲੋਂ ਪ੍ਰਦਰਸ਼ਨਕਾਰੀਆਂ ਉੱਪਰ ਪਥਰਾਓ ਕੀਤਾ ਗਿਆ ਅਤੇ ਫਿਰ ਇਸ ਕਥਿਤ ਹਿੰਸਾ ਦੇ ਬਹਾਨੇ ਉੱਤਰ-ਪੂਰਬੀ ਦਿੱਲੀ ਦੇ ਕਈ ਇਲਾਕਿਆਂ ਵਿਚ ਗਿਣੀ-ਮਿੱਥੀ ਯੋਜਨਾ ਤਹਿਤ ਹਿੰਸਾ ਭੜਕਾ ਦਿੱਤੀ ਗਈ। ਦਰਅਸਲ, ਜਾਫ਼ਰਾਬਾਦ ਦੇ ਧਰਨੇ 'ਚ ਸਰਗਰਮ ਭੂਮਿਕਾ ਨਿਭਾਉਣ ਵਾਲੇ ਕਾਰਕੁੰਨ ਹਕੂਮਤ ਅਤੇ ਦਿੱਲੀ ਪੁਲਿਸ ਨੂੰ ਅੱਖ 'ਚ ਰੋੜ ਵਾਂਗ ਰੜਕਦੇ ਸਨ। ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਕਹਾਣੀ ਘੜੀ ਕਿ ਫ਼ਾਤਿਮਾ ਜੇ.ਐੱਨ.ਯੂ. ਦੀਆਂ 'ਪਿੰਜਰਾ ਤੋੜ' ਗਰੁੱਪ ਦੀਆਂ ਲੜਕੀਆਂ ਨਾਲ ਮਿਲ ਕੇ ਸੜਕ ਜਾਮ ਕਰਨ ਦਾ ਸਾਰਾ ਪ੍ਰੋਗਰਾਮ ਉਲੀਕਿਆ ਸੀ। ਕੁਝ 'ਇਤਰਾਜ਼ਯੋਗ' ਵੱਟਸਐਪ ਚੈਟ ਦਾ ਜ਼ਿਕਰ ਕਰਦੇ ਹੋਏ ਸਪੈਸ਼ਲ ਸੈੱਲ ਨੇ ਦਾਅਵਾ ਕੀਤਾ ਕਿ 16 ਫਰਵਰੀ ਦੀ ਰਾਤ ਨੂੰ ਚਾਂਦ ਬਾਗ਼ ਵਿਚ ਇਕ 'ਗੁਪਤ' ਮੀਟਿੰਗ ਹੋਈ ਸੀ ਜਿਸ ਵਿਚ ਚੁਣਵੇਂ ਵਿਅਕਤੀ ਸ਼ਾਮਿਲ ਹੋਏ ਜਿਸ ਵਿਚ ਅੰਦੋਲਨ ਨੂੰ ਸਥਿਰ ਕਿਵੇਂ ਬਣਾਇਆ ਜਾਵੇ ਇਸ ਬਾਰੇ ਚਰਚਾ ਕੀਤੀ ਗਈ ਸੀ। ਕਿ ਫ਼ਾਤਿਮਾ ਹਰ ਮਾਧਿਅਮ ਦੀ ਵਰਤੋਂ ਕਰਦੇ ਹੋਏ ਅੰਦੋਲਨ 'ਚ ਲਗਾਤਾਰ ਸ਼ਾਮਿਲ ਸੀ ਅਤੇ ਉਹ ਵੱਟਸਐਪ ਗਰੁੱਪ 'ਚ ਕੋਡ ਭਾਸ਼ਾ 'ਚ ਸੰਦੇਸ਼ ਭੇਜਦੀ ਸੀ। ਪੁਲਿਸ ਨੇ ਵਾਅਦਾ ਮਾਫ਼ ਗਵਾਹ ਬਣ ਚੁੱਕੇ ਵਿਅਕਤੀ ਤੋਂ ਇਹ ਬਿਆਨ ਵੀ ਦਿਵਾਇਆ ਕਿ ਉਹ ਇਕ ਹੋਰ ਸਾਜ਼ਿਸ਼ੀ ਤਾਹਿਰ ਹੁਸੈਨ ਵੱਲੋਂ ਫ਼ਾਤਿਮਾ ਨੂੰ ਕੈਸ਼ ਦਿੱਤੇ ਜਾਣ ਦਾ ਚਸ਼ਮਦੀਦ ਗਵਾਹ ਹੈ। ਕਿ ਉਸ ਨੇ ਇਹ ਕਹਿੰਦਿਆਂ ਸੁਣਿਆ ਸੀ ਕਿ 'ਇਸ ਪੈਸੇ ਦਾ ਇਸਤੇਮਾਲ ਦੰਗਿਆਂ ਲਈ ਕਰ ਲਿਆ ਜਾਵੇ।' ਇਸ ਤਰ੍ਹਾਂ ਝੂਠੇ ਕੇਸ ਬਣਾਉਣ ਦੇ ਮਾਹਰ ਸਪੈਸ਼ਲ ਸੈੱਲ ਨੇ ਇਕ ਜਾਗਰੂਕ ਵਿਦਿਆਰਥਣ ਨੂੰ ਖ਼ਤਰਨਾਕ ਦੇਸ਼ਧ੍ਰੋਹੀ ਕਰਾਰ ਦੇਕੇ ਜੇਲ੍ਹ 'ਚ ਡੱਕ ਦਿੱਤਾ।

ਸ਼ਾਦਾਬ ਅਹਿਮਦ ਦਾ ਕੇਸ ਵੀ ਇਸੇ ਤਰ੍ਹਾਂ ਦਾ ਹੈ। ਬੀ.ਸੀ.ਏ. ਦੀ ਡਿਗਰੀ ਕਰ ਲੈਣ ਤੋਂ ਬਾਦ ਉਹ ਦਿੱਲੀ ਦੇ ਜਗਤਪੁਰੀ ਵਿਚ ਇਕ ਆਈ.ਟੀ. ਕੰਪਨੀ ਵਿਚ ਕੰਮ ਕਰ ਰਿਹਾ ਸੀ ਅਤੇ ਘਰ ਦਾ ਗੁਜ਼ਾਰਾ ਚਲਾਉਣ 'ਚ ਆਪਣੇ ਅੱਬਾ ਦਾ ਹੱਥ ਵਟਾਉਂਦਾ ਸੀ। ਉਸ ਦੇ ਅੱਬਾ ਬਸ਼ਟਾ, ਬਿਜਨੌਰ ਵਿਚ ਬਿਸਕੁਟ ਅਤੇ ਬਰੈੱਡ ਫੇਰੀ ਲਾ ਕੇ ਵੇਚਦੇ ਹਨ। ਉਹ ਪਿਛਲੇ ਤਿੰਨ ਸਾਲ ਤੋਂ ਯੂ.ਏ.ਪੀ.ਏ. ਤਹਿਤ ਬਿਨਾਂ ਜ਼ਮਾਨਤ ਜੇਲ੍ਹ ਵਿਚ ਬੰਦ ਹੈ। ਉਸ ਨੂੰ ਵੀ ਯੂ.ਏ.ਪੀ.ਏ. ਤਹਿਤ 6 ਅਪ੍ਰੈਲ 2020 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। 'ਦੰਗਿਆਂ' ਤੋਂ ਬਾਦ ਦਿੱਲੀ ਪੁਲਿਸ ਨੇ ਉਸ ਨੂੰ ਪੁੱਛਗਿੱਛ ਲਈ ਸੱਦਿਆ। ਜਾਂਚ ਅਧਿਕਾਰੀ ਪੁੱਛਗਿੱਛ ਕਰਕੇ ਉਸ ਨੂੰ ਵਾਪਸ ਭੇਜ ਦਿੰਦੇ ਸਨ। ਉਸ ਨੂੰ ਪੰਜ ਵਾਰ ਸੱਦ ਕੇ ਪੁੱਛਗਿੱਛ ਕੀਤੀ ਗਈ ਅਤੇ ਪੰਜਵੀਂ ਵਾਰ ਉਸ ਨੂੰ ਹਿਰਾਸਤ 'ਚ ਲੈ ਲਿਆ ਗਿਆ ਅਤੇ ਉਸ ਉੱਪਰ 'ਦੰਗਿਆਂ ਦੀ ਸਾਜ਼ਿਸ਼' ਅਤੇ ਹੋਰ ਕਈ ਕੇਸ ਪਾ ਕੇ ਸੰਗੀਨ ਜੁਰਮਾਂ ਦੀਆਂ ਧਾਰਾਵਾਂ ਲਗਾ ਦਿੱਤੀਆਂ ਗਈਆਂ ਤਾਂ ਜੋ ਉਸ ਨੂੰ ਅਣਮਿੱਥੇ ਸਮੇਂ ਲਈ ਜੇਲ੍ਹ 'ਚ ਸਾੜਿਆ ਜਾ ਸਕੇ।

ਦਰਬਾਰੀ ਮੀਡੀਆ ਨੇ ਵਿਚਾਰ-ਅਧੀਨ ਬੰਦੀ ਹੋਣ ਦੇ ਬਾਵਜੂਦ ਇਨ੍ਹਾਂ ਸਾਰਿਆਂ ਨੂੰ ਹਿੰਸਾ ਦੇ ਮਾਸਟਰਮਾਈਂਡ ਬਣਾ ਕੇ ਪੇਸ਼ ਕੀਤਾ। ਉਨ੍ਹਾਂ ਵਿਰੁੱਧ ਫੈਲਾਈ ਨਫ਼ਰਤ ਕਾਰਨ ਦੂਜੇ ਫਿਰਕੇ ਦੇ ਲੋਕਾਂ ਨੇ ਉਨ੍ਹਾਂ ਨਾਲ ਬੋਲਚਾਲ ਬੰਦ ਕਰ ਦਿੱਤੀ। ਇਸ ਦਾ ਅਸਰ ਉਨ੍ਹਾਂ ਦੇ ਰੋਜ਼ਗਾਰ ਉੱਪਰ ਪਿਆ। ਇਹ ਸਾਰੇ ਪਰਿਵਾਰ ਗ਼ਰੀਬ ਕਿਰਤੀ ਪਰਿਵਾਰ ਹਨ ਅਤੇ ਆਪਣੇ ਪਰਿਵਾਰ ਦੇ ਜੀਆਂ ਦੀਆਂ ਗ੍ਰਿਫ਼ਤਾਰੀਆਂ ਨਾਲ ਉਨ੍ਹਾਂ ਨੂੰ ਬਹੁਤ ਜ਼ਿਆਦਾ ਆਰਥਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਨਾ ਸਿਰਫ਼ ਪਰਿਵਾਰ ਦੇ ਗੁਜ਼ਾਰੇ 'ਚ ਹੱਥ ਵਟਾਉਣ ਵਾਲਿਆਂ ਨੂੰ ਜੇਲ੍ਹਾਂ 'ਚ ਡੱਕ ਕੇ ਪਰਿਵਾਰਾਂ ਦਾ ਗੁਜ਼ਾਰਾ ਮੁਸ਼ਕਲ ਬਣਾ ਦਿੱਤਾ ਗਿਆ ਸਗੋਂ ਉਨ੍ਹਾਂ ਉੱਪਰ ਝੂਠੇ ਕੇਸਾਂ ਦੀ ਕਾਨੂੰਨੀ ਪੈਰਵੀ ਦੇ ਖ਼ਰਚੇ ਦਾ ਭਾਰੀ ਬੋਝ ਵੀ ਲੱਦ ਦਿੱਤਾ ਗਿਆ।

ਚਾਹੇ ਦਿੱਲੀ ਹਿੰਸਾ ਦੇ ਕੇਸ ਹਨ ਜਾਂ ਕਿਸੇ ਹੋਰ ਇਲਾਕੇ ਵਿਚ ਘੱਟਗਿਣਤੀਆਂ ਅਤੇ ਹੋਰ ਹਾਸ਼ੀਏ 'ਤੇ ਧੱਕੇ ਹਿੱਸਿਆਂ ਵਿਰੁੱਧ ਰਾਜਕੀ ਦਹਿਸ਼ਤਵਾਦੀ ਹਿੰਸਾ ਦੇ ਕੇਸ, ਇਹ ਸਾਰੇ ਕੇਸ ਇਸ ਦਾ ਸਬੂਤ ਹਨ ਕਿ ਹੁਕਮਰਾਨ ਭਾਰਤ ਦੀ ਕਾਨੂੰਨ ਵਿਵਸਥਾ, ਜਾਂਚ ਏਜੰਸੀਆਂ ਅਤੇ ਅਦਾਲਤੀ ਪ੍ਰਣਾਲੀ ਨੂੰ ਪੀੜਤਾਂ ਨੂੰ ਕਿੰਨੀ ਸੌਖ ਨਾਲ ਮੋਮ ਦੀ ਨੱਕ ਵਾਂਗ ਮਰੋੜ ਕੇ ਵਰਤ ਸਕਦੇ ਹਨ ਅਤੇ ਉਨ੍ਹਾਂ ਨੂੰ ਹੋਰ ਦਬਾ ਕੇ ਉਨ੍ਹਾਂ ਨੂੰ ਬੇਵਸੀ ਦਾ ਅਹਿਸਾਸ ਕਰਾਉਣ ਦਾ ਕੁਹਾੜਾ ਬੇਖ਼ੌਫ਼ ਹੋ ਕੇ ਚਲਾ ਸਕਦੇ ਹਨ। ਜਾਬਰ ਹੁਕਰਮਾਨਾਂ ਅਤੇ ਉਨ੍ਹਾਂ ਦੇ ਇਸ਼ਾਰੇ 'ਤੇ ਝੂਠੇ ਕੇਸ ਬਣਾਉਣ ਵਾਲੇ ਵਰਦੀਧਾਰੀ ਜਲਾਦਾਂ ਨੂੰ ਜਵਾਬਦੇਹ ਬਣਾਉਣ ਲਈ ਕੋਈ ਕਾਨੂੰਨੀ/ਸੰਵਿਧਾਨਕ ਢਾਂਚਾ ਨਹੀਂ ਹੈ। ਮਜ਼ਲੂਮਾਂ ਦੀ ਕਿਤੇ ਸੁਣਵਾਈ ਨਹੀਂ ਹੁੰਦੀ। ਉਹ ਮਹਿਜ਼ ਹਕੂਮਤ ਅਤੇ ਜਾਂਚ ਏਜੰਸੀਆਂ/ਪੁਲਿਸ ਦੇ ਰਹਿਮ ਦੇ ਮੁਥਾਜ ਹਨ। ਨਿਸ਼ਚੇ ਹੀ ਉਪਰੋਕਤ ਸਾਰੇ ਕਾਰਕੁਨ ਆਰ.ਐੱਸ.ਐੱਸ.-ਭਾਜਪਾ ਵੱਲੋਂ ਆਪਣੇ ਫਾਸ਼ੀਵਾਦੀ ਏਜੰਡੇ ਨੂੰ ਅੰਜਾਮ ਦੇਣ ਲਈ ਲਿਆਂਦੇ ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕ ਰਜਿਸਟਰ ਵਿਰੁੱਧ ਸੰਵਿਧਾਨ ਦੇ ਦਾਇਰੇ 'ਚ ਰਹਿੰਦੇ ਹੋਏ ਵਿਰੋਧ ਦਰਜ ਕਰਾ ਰਹੇ ਸਨ ਅਤੇ ਆਪਣੇ ਸੰਵਿਧਾਨਕ ਹੱਕ ਦਾ ਇਸਤੇਮਾਲ ਕਰਕੇ ਪੂਰੀ ਤਰ੍ਹਾਂ ਸ਼ਾਂਤਮਈ ਤਰੀਕੇ ਨਾਲ ਇਸ ਅਨਿਆਂਕਾਰੀ ਕਾਨੂੰਨ ਵਿਰੁੱਧ ਲੋਕ ਰਾਇ ਖੜ੍ਹੀ ਕਰ ਰਹੇ ਹਨ। ਫਿਰ ਵੀ ਉਨ੍ਹਾਂ ਦਾ ਸੰਵਿਧਾਨਕ ਦਾਇਰੇ 'ਚ ਵਿਰੋਧ ਦਾ ਹੱਕ ਸੱਤਾ ਦੀ ਤਾਕਤ ਨਾਲ ਕੁਚਲ ਦਿੱਤਾ ਗਿਆ ਅਤੇ ਮਜ਼ਲੂਮਾਂ ਨੂੰ ਹੀ ਮੁਜਰਮ ਬਣਾ ਦਿੱਤਾ ਗਿਆ। ਉਹ ਉਦੋਂ ਤੱਕ ਜੇਲ੍ਹਾਂ ਵਿਚ ਸੜਦੇ ਰਹਿਣਗੇ ਜਦੋਂ ਤੱਕ ਹਕੂਮਤ ਉਨ੍ਹਾਂ ਨੂੰ ਜ਼ਮਾਨਤ ਦੇਣ ਦਾ ਮਨ ਨਹੀਂ ਬਣਾ ਲੈਂਦੀ।

# ਬੀਬੀਸੀ ਦਫਤਰਾਂ ’ਤੇ ਛਾਪੇਮਾਰੀ ਅਤੇ ਭਾਰਤ ’ਚ ਮੀਡੀਆ ਦੀ ਅਜ਼ਾਦੀ ਦਾ ਮਸਲਾ




**ਨਵਕਿਰਨ ਸਿੰਘ ਪੱਤੀ**

ਪਿਛਲੇ ਹਫਤੇ ਲਗਾਤਾਰ ਤਿੰਨ ਦਿਨ ਆਮਦਨ ਕਰ (ਇਨਕਮ ਟੈਕਸ) ਵਿਭਾਗ ਵੱਲੋਂ ਬੀਬੀਸੀ ਦੇ ਦਿੱਲੀ ਅਤੇ ਮੁੰਬਈ ਦਫ਼ਤਰਾਂ ਦੇ ਸਰਵੇਖਣ ਲਈ ਮਾਰੇ ਛਾਪਿਆਂ ਨਾਲ ਭਾਰਤ ਵਿੱਚ ਮੀਡੀਆ ਦੀ ਅਜਾਦੀ ਦਾ ਮਸਲਾ ਮੁੜ ਚਰਚਾ ਦਾ ਵਿਸ਼ਾ ਬਣ ਰਿਹਾ ਹੈ। ਇਹਨਾਂ ਛਾਪਿਆਂ ਪਿੱਛੇ ਮੋਦੀ ਸਰਕਾਰ ਅਤੇ ਇਸਦੀਆਂ ਏਜੰਸੀਆਂ ਭਾਵੇਂ ਬੀਬੀਸੀ ਵੱਲੋਂ ਪੂਰਾ ਟੈਕਸ ਨਾ ਭਰਨ ਸਮੇਤ ਕਈ ਤਰ੍ਹਾਂ ਦੀਆਂ ਦਲੀਲਾਂ ਦੇ ਰਹੇ ਹਨ ਪਰ ਹਕੀਕਤ ਵਿੱਚ ਇਹ ਛਾਪੇ ਬੀਬੀਸੀ ਦੁਆਰਾ 2002 ਦੇ ਗੁਜਰਾਤ ਕਤਲੇਆਮ ਬਾਰੇ ਜਾਰੀ ਕੀਤੀ ਡਾਕੂਮੈਂਟਰੀ ‘ਭਾਰਤ:ਮੋਦੀ ਸਵਾਲ’ (India: The Modi Question) ਤੋਂ ਕੁੱਝ ਹਫ਼ਤੇ ਬਾਅਦ ਹੀ ਮਾਰਨ ਕਰਕੇ ਸਰਕਾਰ ਦੀ ਬਦਲਾ ਲਊ ਕਾਰਵਾਈ ਸਾਫ ਨਜ਼ਰ ਆਉਂਦੀ ਹੈ। ਮੋਦੀ ਸਰਕਾਰ ਦੀ ਇਹ ਕੋਈ ਪਹਿਲੀ ਕਾਰਵਾਈ ਨਹੀਂ ਹੈ ਬਲਕਿ ਇਸ ਸਰਕਾਰ ਦਾ ਜੇਕਰ ਅਸੀਂ ਪਿਛਲੇ 9 ਸਾਲਾਂ ਦਾ ਕਾਰਜ ਵਿਹਾਰ ਵੇਖੀਏ ਤਾਂ ਇਹ ਆਪਣੇ ਸਿਆਸੀ ਵਿਰੋਧੀਆਂ ਖਿਲਾਫ ਇਸੇ ਤਰ੍ਹਾਂ ਦੀਆਂ ਕਾਰਵਾਈਆਂ ਕਰਦੀ ਆ ਰਹੀ ਹੈ।

ਇਹ ਤੱਥ ਸਭਨੇ ਨੋਟ ਕੀਤਾ ਹੈ ਕਿ ਡਾਕੂਮੈਂਟਰੀ ਜਾਰੀ ਹੁੰਦਿਆਂ ਹੀ ਕੇਂਦਰ ਸਰਕਾਰ ਤਿਲਮਿਲਾ ਉੱਠੀ ਸੀ ਅਤੇ ਉਹਨਾਂ ਇਸ ਫਿਲਮ ’ਤੇ ਭਾਰਤ ਵਿੱਚ ਪਾਬੰਦੀਆਂ ਮੜ੍ਹਦਿਆਂ ਕਈ ਤਰ੍ਹਾਂ ਦੀਆਂ ਟਿੱਪਣੀਆਂ ਕੀਤੀਆਂ ਸਨ। ਭਾਜਪਾ ਦੇ ਕੌਮੀ ਬੁਲਾਰੇ ਗੌਰਵ ਭਾਟੀਆ ਨੇ ਤਾਂ ਬੀਬੀਸੀ ਨੂੰ ‘ਭ੍ਰਿਸ਼ਟ ਬਕਵਾਸ ਕਾਰਪੋਰੇਸ਼ਨ’ ਤੱਕ ਕਹਿੰਦਿਆਂ ਆਪਣਾ ਨਜ਼ਲਾ ਝਾੜਿਆ ਸੀ।

ਵੈਸੇ ਤਾਂ ਭਾਰਤ ਵਿੱਚ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਅਤੇ ਮੀਡੀਆ ’ਤੇ ਪਾਬੰਦੀਆਂ ਕੋਈ ਨਵੀਂ ਗੱਲ ਨਹੀਂ ਹੈ ।ਕਾਂਗਰਸ ਦੀ ਸੱਤਾ ਸਮੇਂ ਅਦਾਲਤ ਨੇ ਸੀਬੀਆਈ ਨੂੰ ਸਰਕਾਰ ਦਾ ਤੋਤਾ ਤੱਕ ਕਿਹਾ ਸੀ ਤੇ ਹੁਣ ਤਾਂ ਸੀਬੀਆਈ ਦੇ ਨਾਲ-ਨਾਲ ਤਮਾਮ ਕੇਂਦਰੀ ਏਜੰਸੀਆਂ ਸਰਕਾਰ ਦੇ ਇਸ਼ਾਰੇ ਤਹਿਤ ਕੰਮ ਕਰਦੀਆਂ ਨਜ਼ਰ ਆ ਰਹੀਆਂ ਹਨ। ਕੇਂਦਰ ਦੇ ਇਸ਼ਾਰੇ ਤਹਿਤ ਏਜੰਸੀਆਂ ਤਾਂ ਸੂਬਿਆਂ ਵਿੱਚ ਸਰਕਾਰਾਂ ਸੁੱਟਣ/ਬਨਾਉਣ ਤੱਕ ਸਰਗਰਮ ਰਹਿੰਦੀਆਂ ਹਨ। ਭਾਰਤੀ ਏਜੰਸੀਆਂ ਦੀ ਭਰੋਸੇਯੋਗਤਾ ਇਸ ਕਰਕੇ ਵੀ ਸਵਾਲਾਂ ਦੇ ਘੇਰੇ ਵਿੱਚ ਆ ਜਾਂਦੀ ਹੈ ਕਿ ਇਹਨਾਂ ਨੂੰ ਸੱਤਾ ਨਾਲ ਜੁੜੇ ਕਿਸੇ ਵਿਅਕਤੀ ਜਾਂ ਸੰਸਥਾਂ ਵਿੱਚ ਕੋਈ ਖੋਟ ਨਜ਼ਰ ਕਿਉਂ ਨਹੀਂ ਆਉਂਦੀ, ਇਹਨਾਂ ਦੀ ਛਾਪੇਮਾਰੀ ਦਾ ਸ਼ਿਕਾਰ ਸਿਰਫ ਤੇ ਸਿਰਫ ਸੱਤਾ ਦੇ ਸਿਆਸੀ ਵਿਰੋਧੀ ਹੀ ਕਿਉਂ ਹੁੰਦੇ ਹਨ।

ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਕਹੇ ਜਾਂਦੇ ਸਾਡੇ ਮੁਲਕ ਵਿੱਚ ਵਿਰੋਧੀ ਵਿਚਾਰਾਂ ਨੂੰ ਕੁਚਲ ਦੇਣ ਦੀ ਨੀਤੀ ਚੱਲ ਰਹੀ ਹੈ। ਉੱਘੇ ਲੇਖਕ/ਫਰੀਲਾਂਸ ਪੱਤਰਕਾਰ ਗੌਤਮ ਨਵਲੱਖਾ ਸਮੇਤ ਦਰਜ਼ਨਾਂ ਬੁੱਧੀਜੀਵੀ ਇਸ ਕਰਕੇ ਜੇਲ੍ਹਾਂ ਵਿੱਚ ਬੰਦ ਕੀਤੇ ਗਏ ਕਿਉਂਕਿ ਉਹਨਾਂ ਦੇ ਵਿਚਾਰ ਸੱਤਾ ਨੂੰ ਹਜ਼ਮ ਨਹੀਂ ਆਉਂਦੇ। 2011 ਵਿੱਚ ਸੁਪਰੀਮ ਕੋਰਟ ਦੇ ਜਸਟਿਸ ਮਾਰਕੰਡਾ ਕਾਟਜੂ ਅਧਾਰਿਤ ਬੈਂਚ ਨੇ ਇੱਕ ਕੇਸ ਦਾ ਫੈਸਲਾ ਦਿੰਦਿਆ ਕਿਹਾ ਕਿ ਵਿਚਾਰਾ ਦੇ ਅਧਾਰ ਤੇ ਕਿਸੇ ਨੂੰ ਕੈਦ ਨਹੀਂ ਕੀਤਾ ਜਾ ਸਕਦਾ ਪਰ ਹਕੀਕਤ ਇਹ ਹੈ ਕਿ ਸਰਕਾਰ ਮੀਡੀਆ ਸਮੇਤ ਵਿਰੋਧੀ ਵਿਚਾਰ ਪ੍ਰਗਟ ਕਰਨ ਵਾਲਿਆਂ ਨੂੰ ਡਰਾਉਣ, ਧਮਕਾਉਣ ਲਈ ਆਪਣੀਆਂ ਏਜੰਸੀਆਂ ਦਾ ਬਾਖੂਬੀ ਇਸਤੇਮਾਲ ਕਰਦੀ ਹੈ।

ਧਾਰਮਿਕ ਘੱਟਗਿਣਤੀ ਨਾਲ ਸਬੰਧਤ ਪੱਤਰਕਾਰ ਸਿੱਦੀਕ ਕੱਪਨ ਨੂੰ ਢਾਈ ਸਾਲ ਜੇਲ੍ਹ ਵਿੱਚ ਰਹਿਣ ਮਗਰੋਂ ਪਿਛਲੇ ਦਿਨੀ ਜ਼ਮਾਨਤ ਮਿਲੀ ਹੈ। ਉਸਨੂੰ ਇਸ ਕਰਕੇ ਸਰਕਾਰ ਨੇ ਜੇਲ੍ਹ ਵਿੱਚ ਬੰਦ ਕਰੀ ਰੱਖਿਆ ਕਿਉਂਕਿ ਉਹ ਉੱਤਰ ਪ੍ਰਦੇਸ਼ ਦੇ ਹਾਥਰਸ ਵਿੱਚ ਬਲਾਤਕਾਰ ਬਾਅਦ ਕਤਲ ਕੀਤੀ ਔਰਤ ਦੇ ਮਾਮਲੇ ਦੀ ਰਿਪੋਰਟਿੰਗ ਲਈ ਜਾ ਰਿਹਾ ਸੀ। ਵੈਸੇ ਤਾਂ ਦੁਨੀਆਂ ਭਰ ਵਿੱਚ ਹੀ ਮੀਡੀਆ ਅਦਾਰਿਆਂ ਨੂੰ ਸਰਕਾਰ ਦੀ ਬੋਲੀ ਬੋਲਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਅਮਰੀਕਾ, ਇੰਗਲੈਂਡ, ਚੀਨ, ਰੂਸ ਵਰਗੇ ਕਹਿੰਦੇ ਕਹਾਉਂਦੇ ਪੂੰਜੀਵਾਦੀ ਮੁਲਕਾਂ ਵਿੱਚ ਵੀ ਮੀਡੀਆ ’ਤੇ ਤਮਾਮ ਤਰ੍ਹਾਂ ਦੀਆਂ ਪਾਬੰਦੀਆਂ ਮੜ੍ਹੀਆਂ ਹੋਈਆ ਹਨ ਤੇ ਉੱਥੇ ਵੀ ਮੁੱਖ ਧਾਰਾ ਮੀਡੀਆ ਸਰਕਾਰ ਵੱਲੋਂ ਵਾਹੀ ਲਾਈਨ ਘੱਟ ਕਰਾਸ ਕਰਦਾ ਹੈ ਪਰ ਸਾਡੇ ਇੱਥੇ ਤਾਂ ਸੱਤਾ ਧਿਰ ਵੱਲੋਂ ਬੇਹੱਦ ਕੁੱਢਰ ਤਰੀਕੇ ਨਾਲ ਮੀਡੀਆ ਅਦਾਰਿਆਂ ਨੂੰ ਕੰਟਰੋਲ ਕਰਨ ਜਾਂ ਫਿਰ ਡਰਾਉਣ, ਧਮਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ।

ਅਸਲ ਵਿੱਚ ਮੀਡੀਆ ਦੋ ਧਾਰੀ ਤਲਵਾਰ ਹੈ ਤੇ ਤਕਨੀਕ ਦੇ ਇਸ ਯੁੱਗ ਵਿੱਚ ਮੀਡੀਆ ਨਾਲ ਜੁੜਣ ਵਾਲੇ ਲੋਕਾਂ ਦੀ ਗਿਣਤੀ ਵਧ ਰਹੀ ਹੈ। ਹਾਕਮ ਪਾਰਟੀਆਂ ਚਾਹੁੰਦੀਆਂ ਹਨ ਕਿ ਮੀਡੀਆ ਸਿਰਫ ਤੇ ਸਿਰਫ ਸਰਕਾਰ ਦੀ ਉਸਤੱਤ ਕਰੇ। ਪੰਜਾਬ ਦੀ ਗੱਲ ਕਰਨੀ ਹੋਵੇ ਤਾਂ ਇੱਥੇ ਵੀ ‘ਆਪ’ ਸਰਕਾਰ ਦਾ ਮੀਡੀਆ ਪ੍ਰਤੀ ਕਿਰਦਾਰ ਕੇਂਦਰ ਸਰਕਾਰ ਤੋਂ ਵੱਖਰਾ ਨਹੀਂ ਹੈ। ‘ਆਪ’ ਵਾਲਿਆਂ ਨੇ ਵੱਡੀ ਪੱਧਰ ’ਤੇ ਇਸ਼ਤਿਹਾਰ ਦੇ ਕੇ ਮੀਡੀਆ ਖਾਸਕਰ ਸ਼ੋਸ਼ਲ ਮੀਡੀਆ ਚੈੱਨਲ ਆਪਣੇ ਪੱਖ ਵਿੱਚ ਭੁਗਤਾਉਣ ਦੇ ਯਤਨ ਕੀਤੇ ਹਨ ਤੇ ਜੋ ਅਖਬਾਰ/ਅਦਾਰੇ ਸਰਕਾਰ ਦੀ ਆਲੋਚਨਾ ਕਰਦੇ ਹਨ ਉਹਨਾਂ ਦੇ ਇਸ਼ਤਿਹਾਰ ਬੰਦ ਕਰ ਦਿੱਤੇ ਗਏ ਹਨ।

ਕੌਮੀ ਪੱਧਰ ’ਤੇ ਮੁੱਖ ਧਾਰਾ ਮੀਡੀਆ ਦੇ ਲੋਕ ਵਿਰੋਧੀ ਰੋਲ ’ਤੇ ‘ਗੋਦੀ-ਮੀਡੀਆ’ ਦਾ ਰੌਲਾ ਪਾਉਣ ਵਾਲੀ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਉਸੇ ਤਰ੍ਹਾਂ ਦਾ ਕਿਰਦਾਰ ਅਪਣਾਇਆ ਹੈ ਜਿਸ ਤਰ੍ਹਾਂ ਦਾ ਕੇਂਦਰੀ ਪੱਧਰ ’ਤੇ ਭਾਜਪਾ ਨੇ ਅਪਣਾਇਆ ਹੋਇਆ ਹੈ। ਸੰਯੁਕਤ ਰਾਸ਼ਟਰ ਦੀ ਸੰਸਥਾ ਯੂਨੈਸਕੋ ਵੱਲੋਂ 1997 ਵਿੱਚ ਪਾਸ ਕੀਤੇ ਮਤੇ ਅਨੁਸਾਰ ‘ਪੱਤਰਕਾਰਾਂ ਵਿਰੁੱਧ ਹਿੰਸਾ ਅਤੇ ਉਨ੍ਹਾਂ ਦੀ ਹੱਤਿਆ ਸਮਾਜ ਵਿਰੁੱਧ ਕੀਤੇ ਗਏ ਅਪਰਾਧ ਹਨ’। ਪਰ ਇਸਦੇ ਬਾਵਜੂਦ ਦੁਨੀਆਂ ਭਰ ਵਿੱਚ ਅਜਿਹਾ ਕੋਈ ਫਰਕ ਨਜ਼ਰ ਨਹੀਂ ਆਇਆ ਹੈ। ਪਿਛਲੇ ਹਫਤੇ ਮਹਾਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਪੱਤਰਕਾਰ ਸ਼ਸ਼ੀਕਾਂਤ ਵਾਰਿਸ਼ੇ ਦੀ ਕਥਿਤ ਸੜਕ ਹਾਦਸੇ ਮੌਤ ਹੋਣਾ ਦੱਸਿਆ ਗਿਆ ਸੀ ਪਰ ਮਰਾਠੀ ਪੱਤਰਕਾਰ ਪਰਿਸ਼ਦ ਅਤੇ ਪੱਤਰਕਾਰਾਂ ਦੀਆਂ ਹੋਰ ਜਥੇਬੰਦੀਆਂ ਨੇ ਤੱਥਾਂ ਸਹਿਤ ਦੱਸਿਆ ਕਿ ਵਾਰਿਸ਼ੇ ਦੀ ਹੱਤਿਆ ਕੀਤੀ ਗਈ ਹੈ। ਗੌਰੀ ਲੰਕੇਸ਼ ਦਾ ਕਤਲ ਵੀ ਉਸਦੀ ਵਿਚਾਰਧਾਰਾ ਕਾਰਨ ਕੀਤਾ ਗਿਆ ਸੀ।

ਯੂਨੈਸਕੋ ਦੀ ਜਨਵਰੀ 2023 ਵਿਚ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ 2022 ਵਿਚ 86 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ।ਵੱਖ ਵੱਖ ਸਰਵੇਖਣਾਂ ਅਨੁਸਾਰ ਹਰ ਸਾਲ 250 ਤੋਂ ਵੱਧ ਪੱਤਰਕਾਰਾਂ ਨੂੰ ਨਜ਼ਰਬੰਦ ਕੀਤਾ ਜਾਂਦਾ ਹੈ।

‘ਸਰਹੱਦਾਂ ਦੇ ਆਰ-ਪਾਰ ਪੱਤਰਕਾਰ’ ਅਨੁਸਾਰ ਪਿਛਲੇ 20 ਸਾਲਾਂ ਦੌਰਾਨ ਦੁਨੀਆਂ ਭਰ ਵਿੱਚ 1668 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ਹੈ। ਇਸ ਸੰਸਥਾਂ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਭਾਰਤ ਵਿੱਚ ਮੀਡੀਆ ਦੀ ਅਜਾਦੀ ਨੂੰ ਲਗਾਤਾਰ ਖੋਰਾ ਲਾਇਆ ਜਾ ਰਿਹਾ ਹੈ। ‘ਸਰਹੱਦਾਂ ਦੇ ਆਰ-ਪਾਰ ਪੱਤਰਕਾਰ’ ਵੱਲੋਂ 180 ਦੇਸ਼ਾਂ ਵਿੱਚ ਹਰ ਵਰ੍ਹੇ ਕੀਤੇ ਜਾਂਦੇ ਸਰਵੇਖਣ ਅਨੁਸਾਰ 2016 ਵਿੱਚ ਭਾਰਤ 133ਵੇਂ ਸਥਾਨ ’ਤੇ ਸਥਾਨ ’ਤੇ ਸੀ ਜੋ 2021 ਵਿੱਚ 142ਵੇਂ ਅਤੇ 2022 ਵਿੱਚ 150ਵੇਂ ਸਥਾਨ ’ਤੇ ਗਿਆ। ਆਰਐਸਐਫ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਪੱਤਰਕਾਰਾਂ ਨੂੰ ਗਿਣਮਿੱਥ ਕੇ ਨਿਸ਼ਾਨਾ ਬਣਾਇਆ ਜਾਂਦਾ ਹੈ। ਇਸ ਰਿਪੋਰਟ ਵਿੱਚ ਜਿਕਰ ਕੀਤਾ ਗਿਆ ਹੈ ਕਿ ਇੱਥੇ ਪੱਤਰਕਾਰਾਂ ਦੇ ਖਿਲਾਫ ਕਿਵੇਂ ਸਖਤ ਧਰਾਵਾਂ ਤਹਿਤ ਝੂਠੇ ਕੇਸ ਦਰਜ਼ ਕੀਤੇ ਜਾਂਦੇ ਹਨ,ਜਾਂਚ ਏਜੰਸੀਆਂ ਦੁਆਰਾ ਮੀਡੀਆ ਹਾਊਸਾਂ ’ਤੇ ਮਾਰੇ ਜਾਂਦੇ ਛਾਪਿਆਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਇਸ ਵਿੱਚ ਪੱਤਰਕਾਰਾਂ ਦੀ ਜਾਸੂਸੀ ਕਰਨ ਲਈ ਭਾਰਤ ਸਰਕਾਰ ਦੁਆਰਾ ਇਜ਼ਰਾਈਲੀ ਸਾਫਟਵੇਅਰ ‘ਪੈਗਾਸਸ’ ਦੀ ਕਥਿਤ ਵਰਤੋਂ ਦਾ ਜਿਕਰ ਹੈ। 2019 ਵਿੱਚ ਧਾਰਾ 370 ਨੂੰ ਮਨਸੂਖ ਕੀਤੇ ਜਾਣ ਤੋਂ ਬਾਅਦ ਜੰਮੂ ਕਸ਼ਮੀਰ ਵਿੱਚ ਪੱਤਰਕਾਰਾਂ ਨੂੰ ਕਿਵੇਂ ਨਜ਼ਰਬੰਦ ਕੀਤਾ ਗਿਆ ਤੇ ਲੰਮਾ ਸਮਾਂ ਇੰਟਰਨੈੱਟ ਬੰਦ ਕਰਕੇ ਜਾਣਕਾਰੀ ਨੂੰ ਲੋਕਾਂ ਤੱਕ ਜਾਣ ਤੋਂ ਰੋਕਿਆ ਗਿਆ।

ਪਿਛਲੇ ਦਿਨੀ ਬੀਬੀਸੀ ਦੀ ਡਾਕੂਮੈਂਟਰੀ ਤੋਂ ਇਲਾਵਾਂ ਵੀ ਦੋ ਘਟਨਾਵਾਂ ਨੇ ਲੋਕਾਂ ਦਾ ਧਿਆਨ ਖਿੱਚਿਆ ਹੈ,ਅਮਰੀਕਾ ਅਧਾਰਿਤ ਸੰਸਥਾ ਹਿੰਡਨਵਰਗ ਵੱਲੋਂ ਅਡਾਨੀ ਦੇ ਮਾਮਲੇ ਵਿੱਚ ਜਾਰੀ ਕੀਤੀ ਰਿਪੋਰਟ ਤੇ ਅਮਰੀਕਾ ਦੇ ਖਰਬਪਤੀ ਕਾਰੋਬਾਰੀ ਜਾਰਜ ਸੋਰੇਸ਼ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਜਾਰੀ ਕੀਤਾ ਬਿਆਨ, ਆਉਣ ਵਾਲੇ ਦਿਨਾਂ ਵਿੱਚ ਇਹ ਮਾਮਲੇ ਕਿਸ ਪਾਸੇ ਤੁਰਨਗੇ ਇਹ ਵੀ ਵੇਖਣਾ ਹੋਵੇਗਾ।

ਕਾਂਗਰਸ ਦੀ ਸੱਤਾ ਸਮੇਂ ਜਦ ਇੰਦਰਾ ਗਾਂਧੀ ਨੇ 1975 ਵਿੱਚ ਐਮਰਜੈਂਸੀ ਲਗਾਈ ਸੀ ਪ੍ਰੈੱਸ ਦੀ ਆਜ਼ਾਦੀ ਸਿੱਧੇ ਤੌਰ ’ਤੇ ਖਤਮ ਕਰ ਦਿੱਤੀ ਗਈ ਸੀ ਪਰ ਅੱਜ ਦੇ ਹਲਾਤ ਵੀ ਉਸਤੋਂ ਵੱਖਰੇ ਨਹੀਂ ਹਨ ਕਿਉਂਕਿ ਅੱਜ ਅਣ-ਐਲਾਨੀ ਐਮਰਜੈਂਸੀ ਵਾਲੇ ਹਲਾਤ ਹਨ ਤੇ ਸਰਕਾਰ ਵੱਲੋਂ ਮੀਡੀਆ ਨੂੰ ਸਿੱਧੇ ਤੌਰ ’ਤੇ ਆਪਣੇ ਕੰਟਰੋਲ ਵਿੱਚ ਕਰਨ ਦੀ ਥਾਂ ਟੇਢੇ ਢੰਗ ਨਾਲ ਆਪਣੇ ਕੰਟਰੋਲ ਹੇਠ ਕੀਤਾ ਗਿਆ ਹੈ। ਭਾਰਤ ਦੇ ਜਿਆਦਾਤਰ ਮੁੱਖ ਧਾਰਾ ਮੀਡੀਆ ਤਾਂ ਪਹਿਲਾਂ ਹੀ ਸਰਕਾਰ ਦੀ ਬੋਲੀ ਬੋਲਣ ਲੱਗੇ ਹੋਏ ਹਨ, ਪਿਛਲੇ ਦਿਨੀਂ ਚਰਚਿਤ ਭਾਰਤੀ ਕਾਰੋਬਾਰੀ ਗੌਤਮ ਅਡਾਨੀ ਵੱਲੋਂ ਜਿਸ ਤਰੀਕੇ ਮੀਡੀਆ ਅਦਾਰੇ ਐਨਡੀਟੀਵੀ ਦੇ ਸ਼ੇਅਰ ਖ੍ਰੀਦ ਕੇ ਉਸ ’ਤੇ ਅਜਾਰੇਦਾਰੀ ਸਥਾਪਤ ਕੀਤੀ ਗਈ ਹੈ ਉਸਨੇ ਵੀ ਇਹ ਜਾਹਿਰ ਕੀਤਾ ਹੈ ਕਿ ਸਰਕਾਰ ਤੇ ਉਸਦੇ ਜੋਟੀਦਾਰ ਹੁਣ ਸਿੱਧੀਆਂ ਪਾਬੰਦੀਆਂ ਮੜ੍ਹਣ ਦੀ ਬਜਾਏ ਟੇਢਾ ਢੰਗ ਅਖਤਿਆਰ ਕਰ ਰਹੇ ਹਨ।

HOMELIFE HIGHER STANDARDS
HOMELIFE SILVERCITY REALTY INC.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
MLS
11775 Bramalea Rd., Unit #201, Brampton L6R3S7

EXPERIOR FINANCIAL GROUP INC
Representing Many financial institutions
SuperVisa,Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES FREE QUOTE Call Protect your family
Call: 416.209.6363
Hardeep Atwal
Sr. Financial Advisor

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca
Hiring AZ drivers and owner operator
Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

ਪਰਮਿੰਦਰ ਕੌਰ ਸਵੈਚ
604 760 4794

ਅੰਤਰਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ

# ਔਰਤ ਦੀ ਅਜ਼ਾਦੀ ਦਾ ਕੱਚ ਸੱਚ



ਅੰਤਰਰਾਸ਼ਟਰੀ ਔਰਤ ਦਿਵਸ ਦੇ ਦਿਨ ਤੇ 21ਵੀਂ ਸਦੀ ਵਿੱਚ ਔਰਤ ਦੀ ਅਜ਼ਾਦੀ ਨੂੰ ਸਹਮਣੇ ਰੱਖਦਿਆਂ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ /ਔਰਤ ਦੀ ਅੱਜ ਦੀ ਸਥਿਤੀ ਕੀ ਹੈ? ਕੀ ਉਹ ਅਜ਼ਾਦ ਹੈ? ਉਸਦੀ ਅੱਜ ਦੀ ਦਸ਼ਾ ਤੇ ਦਿਸ਼ਾ ਕੀ ਹੈ? ਕੀ ਉਸਨੂੰ ਸਾਰੇ ਹੱਕ ਹਾਸਲ ਹਨ? ਕੀ ਉਸਦੀ ਲੜਾਈ ਖਤਮ ਹੋ ਗਈ ਹੈ? ਕੀ ਅੱਜ ਦੀ "ਪਾਵਰ ਵੂਮੈਨ" ਆਪਣੀ ਮੰਜ਼ਲ ਤੇ ਪਹੁੰਚ ਗਈ ਹੈ? ਅੱਜ ਦੇ ਦਿਨ ਤੇ ਇਹ ਸਾਰੇ ਸਵਾਲ ਸਾਡੇ ਲਈ ਚਨੌਤੀ ਹਨ।

ਅੱਜ ਜਦੋਂ ਅਸੀਂ ਆਪਣੇ ਆਲੇ ਦੁਆਲੇ ਨਜ਼ਰ ਮਾਰਦੇ ਹਾਂ ਤਾਂ ਲੱਗਦਾ ਇਉਂ ਹੈ ਕਿ ਔਰਤ ਅਜ਼ਾਦ ਹੋ ਗਈ ਹੈ ਤੇ ਕਈ ਥਾਵਾਂ ਤੇ ਤਾਂ ਮਰਦਾਂ ਨਾਲੋਂ ਵੀ ਉੱਚ ਅਹੁਦਿਆਂ ਤੇ ਬੈਠੀ ਹੈ। ਜਿਹੜੀ ਔਰਤ ਪਿਛਲੇ ਸਮੇਂ ਵਿੱਚ ਘਰ ਬੈਠ ਕੇ ਬੱਚੇ ਪਾਲਦੀ ਸੀ, ਪਰਿਵਾਰ ਦੀਆਂ ਸੁੱਖ ਸਹੂਲਤਾਂ ਦਾ ਖਿਆਲ ਰੱਖਦੀ ਸੀ ਤੇ ਇੱਕ ਯੂਨਿਟ ਦੇ ਤੌਰ ਤੇ ਕੰਮ ਕਰ ਰਹੀ ਸੀ, ਬਜ਼ਾਰ ਨੇ ਹੁਣ ਉਹਦੀ ਕਿਰਤ ਦਾ ਬਹੁਤਾ ਹਿੱਸਾ ਮੰਡੀ ਦੀ ਭੱਠ ਵਿੱਚ ਝੋਕ ਦਿੱਤਾ ਹੈ। ਔਰਤ ਦੀ ਕਿਰਤ ਸ਼ਕਤੀ ਦੇ ਮੁਆਵਜ਼ੇ ਨੂੰ ਹੀ ਔਰਤ ਦੀ ਅਜ਼ਾਦੀ ਦਾ ਨਾਂ ਦਿੱਤਾ ਜਾ ਰਿਹਾ ਹੈ ਜਦਕਿ ਹੁਣ ਉਹ ਦੂਹਰਾ ਸੰਤਾਪ ਹੰਢਾ ਰਹੀ ਹੈ। ਜੇ ਸਿਰਫ ਬਾਹਰ ਜਾ ਕੇ ਕੰਮ ਕਰਨ ਨੂੰ ਅਜ਼ਾਦੀ ਕਹੀਏ ਤਾਂ ਗ਼ਰੀਬ ਔਰਤਾਂ ਮੁੱਢ ਤੋਂ ਹੀ ਖੇਤਾਂ ਵਿੱਚ, ਸੜਕਾਂ ਤੇ ਰੋੜੀ ਕੁੱਟਦੀਆਂ, ਇਮਾਰਤਾਂ ਲਈ ਇੱਟਾਂ ਗਾਰਾਂ ਢੋਹਦੀਆਂ ਦੇਖੀਆਂ ਜਾ ਸਕਦੀਆਂ ਹਨ, ਕੀ ਉਸਨੂੰ ਵੀ ਅਜ਼ਾਦੀ ਦਾ ਨਾਂ ਦੇਵਾਂਗੇ?

ਔਰਤ ਦੀ ਕਿਰਤ ਸ਼ਕਤੀ ਦਾ ਲ਼ਾਭ ਉਠਾਉਂਦੇ ਹੋਏ ਪੂੰਜੀਵਾਦੀ ਸਮਾਜ ਵਿੱਚ 45% ਔਰਤਾਂ ਵਿੱਚੋਂ ਸਿਰਫ 1% ਔਰਤ ਹੀ ਸਮਾਜ ਦੀ ਨੁਮਾਇੰਦਗੀ ਕਰਦੀ ਹੈ ਬਾਕੀ ਤਾਂ ਛੋਟੇ ਛੋਟੇ ਕੰਮਾਂ ਤੇ ਘੱਟ ਤਨਖਾਹ ਨਾਲ ਆਰਥਿਕ ਲੋੜਾਂ ਦੀ ਪੂਰਤੀ ਲਈ ਜਿਹੜੀਆਂ ਖਪਤਵਾਦ ਨੇ ਲੋੜ ਤੋਂ ਵੱਧ ਵਧਾ ਦਿੱਤੀਆਂ ਹਨ ਉਹਨਾਂ ਲਈ ਹਰ ਵਕਤ ਭੱਜੀ ਨੱਠੀ ਦਿਖਾਈ ਦੇ ਰਹੀ ਹੈ। ਇਸ ਦੂਹਰੀ ਕਿਰਤ ਦੇ ਬਾਵਜੂਦ ਵੀ ਸਾਡੇ ਸਮਾਜ ਦੀ ਸੰਕੀਰਣ, ਪ੍ਰੰਪਰਾਵਾਦੀ ਤੇ ਸੰਸਾਰੀਕਰਣ ਸੋਚ ਨੇ ਭਰੂਣ ਹੱਤਿਆ, ਬਲਾਤਕਾਰ, ਔਰਤਾਂ ਦੇ ਕਤਲ, ਅਣਖ ਕਾਰਣ ਮੌਤਾਂ, ਵਿਆਹ ਵੇਲੇ ਖਰਚੇ, ਮੂੰਹ ਮੰਗੀਆਂ ਦਾਜ ਦੀਆਂ ਲਿਸਟਾਂ, ਵੇਸਵਾਗਮਨੀ, ਔਰਤ ਦਾ ਬਜ਼ਾਰੀਕਰਣ ਤੇ ਹਿੰਸਾਤਮਿਕ ਘਟਨਾਵਾਂ ਆਦਿ ਵਿੱਚ ਕਮੀ ਹੋਣ ਦੀ ਥਾਂ ਤੇ ਵਾਧਾ ਹੀ ਕੀਤਾ। ਇਹ ਔਰਤ ਦੀ ਤਰੱਕੀ ਨਹੀਂ ਸਗੋਂ ਸ਼ੋਸ਼ਣ ਦੀਆਂ ਮਿਸਾਲਾਂ ਹਨ। ਸ਼ੋਸ਼ਣ ਤੇ ਅਧਾਰਤ ਸਮਾਜ ਕਦੇ ਵੀ ਬਰਾਬਰਤਾ ਦਾ ਲੁੱਟ ਰਹਿਤ ਸਮਾਜ ਨਹੀਂ ਹੋ ਸਕਦਾ। ਜਿਸ ਸਮਾਜ ਦੀ ਅੱਧੀ ਅਬਾਦੀ ਨਾਲ ਇਹ ਕੁੱਝ ਵਾਪਰ ਰਿਹਾ ਹੈ ਉਸ ਸਮਾਜ ਦਾ ਅਜ਼ਾਦ ਹੋਣਾ ਨਾਮੁਮਕਿਨ ਹੈ। ਇਹ ਮਸਲਾ ਇੱਕਲੀ ਔਰਤ ਦੀ ਅਜ਼ਾਦੀ ਦਾ ਨਹੀਂ ਸਗੋਂ ਮਨੁੱਖ ਦੀ ਅਜ਼ਾਦੀ ਦਾ ਹੈ ਕਿਉਂਕਿ ਇਹ ਸਮਾਜ ਦੋ ਜਮਾਤਾਂ ਵਿੱਚ ਵੰਡਿਆ ਹੋਇਆ ਹੈ। ਇੱਕ ਲੁੱਟਣ ਵਾਲੀ ਤੇ ਦੂਜੀ ਲੁੱਟ ਖਾਣ ਵਾਲੀ। ਜਿਨ੍ਹਾਂ ਚਿਰ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਖ਼ਤਮ ਨਹੀਂ ਹੁੰਦੀ ਉਨ੍ਹਾਂ ਚਿਰ ਔਰਤ ਕਦੇ ਵੀ ਅਜ਼ਾਦ ਨਹੀਂ ਹੋ ਸਕਦੀ।


ਔਰਤ ਨੂੰ ਰਾਜਨੀਤੀ, ਧਰਮ, ਸਮਾਜ, ਪ੍ਰੰਪਰਾ, ਸਭਿਆਚਾਰ ਤੇ ਆਰਥਿਕ ਤਾਣੇ ਬਾਣੇ ਨੇ ਜਗੀਰੂ ਨਿੱਜੀ ਜਾਇਦਾਦ ਦੇ ਚੁੰਗਲ ਵਿੱਚੋਂ ਕੱਢ ਕੇ ਬਜ਼ਾਰੀਕਰਣ ਵੱਲ ਧੱਕ ਦਿੱਤਾ ਹੈ। ਜਿਸਦੇ ਸਿੱਟੇ ਵਜੋਂ ਉਸਦੇ ਸਿਰ ਜ਼ੁੰਮੇਵਾਰੀਆਂ ਦੀ ਪੰਡ ਵਧਣ ਲੱਗੀ ਹੈ ਤੇ ਉਹ ਨਵੀਂ ਕਿਸਮ ਦੀ ਗੁਲਾਮੀ ਵਿੱਚ ਧੱਸਣ ਲੱਗੀ ਹੈ।ਅਸੀਂ ਸਮਾਜ ਵਿੱਚ ਚਾਰ ਤਰ੍ਹਾਂ ਦੀ ਔਰਤ ਘੁੰਮਦੀ ਦੇਖ ਸਕਦੇ ਹਾਂ। ਇੱਕ ਤਾਂ ਤਰ੍ਹਾਂ ਤਰ੍ਹਾਂ ਦੇ ਮੇਅ-ਕੱਪ ਨਾਲ ਸਜੀ ਸੰਵਰੀ, ਦੁਬਲੀ ਪਤਲੀ, ਸੰਪੂਰਨ ਬਾਰਬੀ ਡੌਲ ਜਿਹੀ, ਦੂਸਰੀ ਬਰੈਂਡ ਨੇਮ ਕੱਪੜੇ, ਖਾਣੇ, ਸਾਬਣ, ਸੈਂਪੂ, ਖਿਡੌਣੇ, ਬਿਸਕੁੱਟ ਆਦਿ ਖ਼੍ਰੀਦਦੀ ਸੁਪਰ ਮੰਮੀ ਤੇ ਤੀਸਰੀ ਕਲਰਕ, ਸੇਲਜ਼ ਗਰਲ, ਮਾਡਲ, ਕੰਮਪਿਊਟਰ ਅਪਰੇਟਰ, ਸਟੈਨੋ, ਏਅਰ ਹੋਸਟੈੱਸ,ਟੀਚਰ, ਡਾਕਟਰ ਅਦਿ ਤੇ ਚੌਥੀ ਇੰਡਸਟਰੀਅਲ ਵਰਕਰ, ਡਿਸ਼-ਵਾਸ਼ਰ ਤੇ ਫਾਰਮ ਵਰਕਰ ਆਦਿ ਹੇਠਲੇ ਕੰਮਾਂ ਵਾਲੀ ਪਰ ਚਾਰੇ ਵਰਗਾ ਦੀਆਂ ਔਰਤਾਂ ਨੂੰ ਬੌਸ ਦੀਆਂ ਝਿੜਕਾਂ, ਘਰੇਲੂ ਕਲੇਸ਼, ਟੈਨਸ਼ਨ ਤੇ ਸ਼ੋਸ਼ਣ ਦਾ ਸ਼ਿਕਾਰ ਤਾਂ ਹੋਣਾ ਹੀ ਪੈਂਦਾ ਹੈ ਪਰ ਇਸਦੇ ਢੰਗ ਤਰੀਕੇ ਕੈਟਾਗਿਰੀ ਦੇ ਮੁਤਾਬਕ ਬਦਲ ਜਾਂਦੇ ਹਨ।

ਇਸ ਤਰ੍ਹਾਂ ਔਰਤ ਦੀ ਕਿਰਤ ਸ਼ਕਤੀ ਵਿੱਚ ਹਿੱਸੇਦਾਰੀ ਤਾਂ ਵਧੀ ਹੈ ਪਰ ਉਸਦੀ ਫੈਸਲੇ ਲੈਣ ਦੀ ਸਮਰੱਥਾ, ਅਜ਼ਾਦ ਵਿਚਰਣ ਦਾ ਹੌਂਸਲਾ ਅਤੇ ਸਿਰਜਣਸ਼ੀਲਤਾ ਘਟੀ ਹੈ। ਉਹ ਵੀ ਪੂੰਜੀਵਾਦ ਵਲੋਂ ਪਾਏ ਆਰਥਿਕ ਵਾਧੇ ਦੇ ਭਰਮ ਵਿੱਚ ਸ਼ਾਮਲ ਹੋ ਕੇ ਆਪਣੇ ਫਰਜ਼ਾਂ, ਹੱਕਾਂ ਤੇ ਹੈਸੀਅਤ ਨੂੰ ਗਵਾ ਕੇ ਸੰਸਾਰੀਕਰਣ ਦੀ ਮੰਡੀ ਵਿੱਚ ਅਨੁਸ਼ਾਸ਼ਤ ਤੇ ਵਿਸਥਾਪਤ ਹੋਣ ਲਈ ਮਜ਼ਬੂਰ ਹੋ ਰਹੀ ਹੈ। ਇਸ ਭਰਮ ਦੇ ਤਹਿਤ ਯੋਜਨਾਵੱਧ ਢੰਗ ਨਾਲ ਖਪਤਵਾਦੀ ਸਭਿਆਚਾਰ ਪ੍ਰੋਸਿਆ ਜਾ ਰਿਹਾ ਹੈ ਜਿਸ ਨਾਲ ਜਗੀਰੂ ਮਾਨਸਿਕਤਾ ਤੇ ਭੋਗਵਾਦੀ ਮਾਨਸਿਕਤਾ ਆਪਸ ਵਿੱਚ ਰਲ਼ਗੱਡ ਹੋ ਗਈਆਂ ਹਨ। ਔਰਤ ਹੁਣ ਮੰਡੀ ਵਿੱਚ ਕੰਮ ਕਰਨ ਸਦਕਾ ਮੇਅਕੱਪ, ਕੱਪੜੇ, ਪਰਸ ਅਤੇ ਜੁੱਤੀਆਂ ਦੀ ਚੋਣ ਵਿੱਚ ਹੀ ਉਲਝੀ ਨਜ਼ਰ ਆਉਂਦੀ ਹੈ ਉਸਦੀ ਨੈਤਿਕਤਾ, ਸੂਝ, ਸਿਆਣਪ, ਸਹਿਣਸ਼ੀਲਤਾ, ਜਦੋਜਹਿਦ ਤੇ ਰਚਨਾਤਮਿਕ ਸ਼ਕਤੀ ਉਸ ਵਿਚੋਂ ਗਾਇਬ ਹੋ ਰਹੀਆਂ ਹਨ ਕਿਉਂਕਿ ਉਹ ਰਾਜਨੀਤਿਕ, ਸਮਾਜਿਕ, ਸਭਿਆਚਾਰਕ, ਧਾਰਮਿਕ ਅਤੇ ਆਰਥਿਕ ਗੁਲਾਮੀ ਦੇ ਪ੍ਰਭਾਵ ਹੇਠ ਜੀਅ ਰਹੀ ਹੈ।

ਸਮਾਜ ਦੇ ਵਿੱਚ ਉਸਰੀਆਂ ਉਹ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਜਥੇਬੰਦੀਆਂ ਜਿਹੜੀਆਂ ਨੈਤਿਕਤਾ, ਮਨੁੱਖਤਾ, ਧਰਮ ਜਾਂ ਰੱਬ ਪੂਜਕ, ਚੰਗਿਆਈ, ਪੁੰਨ-ਦਾਨ, ਸੇਵਾ-ਭਾਵਨਾ, ਮੁਕਤੀ, ਬੱਚਾ ਪ੍ਰਦਾਨ, ਉਜਲਾ ਭਵਿੱਖ ਆਦਿ ਦਾ ਪ੍ਰਚਾਰ ਕਰਕੇ ਦਹਿਸ਼ਤ ਤੇ ਅਸਰੁੱਖਿਆ ਦਾ ਮਾਹੌਲ ਪੈਦਾ ਕਰਕੇ ਲਿੰਗਕ ਸ਼ੋਸ਼ਣ ਵਿੱਚ ਵਾਧਾ ਕਰਦੀਆਂ ਹਨ ਜਿਵੇਂ ਮੰਦਰਾਂ, ਗੁਰਦਵਾਰਿਆਂ, ਚਰਚਾਂ ਤੇ ਮਸੀਤਾਂ ਜਾਂ ਹੋਰ ਸੰਗਠਨਾਂ ਜਿਨ੍ਹਾਂ ਨੂੰ ਕਾਰਪੋਰੇਸ਼ਨਾਂ ਦੀਆਂ ਹੱਥਠੋਕਾ ਸਰਕਾਰਾਂ ਗਰਾਂਟਾਂ ਦੇ ਪੱਠੇ ਪਾ ਕੇ ਉਹਨਾਂ ਦੀਆਂ ਮਨਆਈਆਂ ਵਿੱਚ ਵਾਧਾ ਕਰਦੀਆਂ ਹਨ ਉਹ ਆਮ ਲੋਕਾਂ ਲਈ ਹੋਰ ਵੀ ਘਾਤਕ ਸਿੱਧ ਹੁੰਦੀਆਂ ਹਨ। ਜਿਵੇਂ ਐਬਸਫੋਰਡ ਦੇ ਮੰਦਰ ਦੇ ਪੁਜਾਰੀ ਦੀ ਮਿਸਾਲ ਸਾਡੇ ਸਾਹਮਣੇ ਹੈ ਤੇ ਅਨੇਕਾਂ ਹੀ ਡੇਰਿਆਂ ਵਿੱਚ ਹੋਣ ਵਾਲੇ ਕੁਕਰਮ।

ਬੇਸ਼ੱਕ ਵਿਕਸਿਤ ਦੇਸ਼ਾਂ ਵਿੱਚ ਇਹ ਸਾਰਾ ਕੁੱਝ ਬਹੁਤੀ ਵਾਰ ਸਾਨੂੰ ਅੱਖੋਂ ਪਰੋਖੇ ਰਹਿੰਦਾ ਹੈ ਪਰ ਜਦੋਂ ਇਸਦੀ ਡੂੰਘਾਈ ਵਿੱਚ ਜਾਓ ਤਾਂ ਦੇਖਦੇ ਹਾਂ ਕਿ ਇਹਨਾਂ ਸਭਿਆ ਸਮਾਜਾਂ ਵਿੱਚ ਵੀ ਉੱਚ ਅਹੁਦਿਆਂ ਵਾਲੀ ਔਰਤ ਤੇ ਅਵਾਜ਼ੇ ਕਸਣੇ ਇੱਕ ਮਾਮੂਲੀ ਗੱਲ ਹੀ ਸਮਝੀ ਜਾਂਦੀ ਹੈ। ਕਨੇਡਾ ਵਰਗੇ ਦੇਸ਼ ਵਿੱਚ ਵੀ ਆਏ ਦਿਨ

(ਬਾਕੀ ਸ.ਫ਼ਾ 30 'ਤੇ)

Top Quality Windows and Doors
Professional Windows And Doors Installation
Best Price And Service Guaranteed
Cell : 647 830 7615 Denys | 647 572 5872 Yuriy
TopQualityWD.ca | TopQualityWD@Hotmail.com | Fax : 647 931 7363

ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

ਮੋ: 94176-42785
84276-18686
62800-68493
ਮਾ. ਹਰੀਸ਼ ਮੋਦਗਿੱਲ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
ਦੁਕਾਨ ਨੰ: 7, ਪੰਜਾਬੀ ਭਵਨ, ਲੁਧਿਆਣਾ-141001
ਘਰ-ਪਿੰਡ ਤੇ ਡਾਕ ਪੱਖੋਵਾਲ, ਲੁਧਿਆਣਾ-141108
hmpkwl@gmail.com

Best Mobile Signs
All kinds of mobile sign board
best mobile sign call for yours
Kamal Sidhu
403-966-7167 bestmobilesigns@gmail.com

GALAXY Freightline Inc.
Logistics Ltd Calgary Alberta
Warehousing / Distribution
Ajay pal Manager 604-653-7841
Jatinder Singh Manager 403-992-0004
Office : 416-644-8881
7270 106 Ave SE Calgary, AB T2C 4Y5

# ਕੈਲਗਰੀ ਦੀ ਪ੍ਰਭਲੀਨ ਕੌਰ ਗਰੇਵਾਲ ਦੀ ਕੈਨੇਡਾ ਦੀ ਜੂਨੀਅਰ ਫੀਲਡ ਹਾਕੀ ਟੀਮ ਲਈ ਚੋਣ

## • ਫਰਾਂਸ ਦੇ ਦੌਰੇ ਤੇ ਜਾਵੇਗੀ ਅੰਡਰ-18 ਟੀਮ • ਨੈਸ਼ਨਲ ਟੀਮ ਵਿੱਚ ਆਉਣ ਵਾਲੀ ਅਲਬਰਟਾ ਦੀ ਪਹਿਲੀ ਪੰਜਾਬਣ ਕੁੜੀ

ਕੈਲਗਰੀ, (ਸਰੋਕਾਰਾਂ ਦੀ ਆਵਾਜ਼ ਬਿਊਰੋ) ਕੈਲਗਰੀ ਦੀ ਫੀਲਡ ਹਾਕੀ ਖਿਡਾਰਨ ਪ੍ਰਭਲੀਨ ਕੌਰ ਗਰੇਵਾਲ ਦੀ ਚੋਣ ਕੈਨੇਡਾ ਦੀ ਜੂਨੀਅਰ ਟੀਮ (ਅੰਡਰ-18) ਲਈ ਹੋ ਗਈ ਹੈ। ਕੈਲਗਰੀ ਦੇ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਦੀ ਖਿਡਾਰਨ ਪ੍ਰਭਲੀਨ ਇਹ ਮੁਕਾਮ ਹਾਸਲ ਕਰਨ ਵਾਲੀ ਅਲਬਰਟਾ ਸੂਬੇ ਦੀ ਪਹਿਲੀ ਪੰਜਾਬੀ ਖਿਡਾਰਨ ਹੈ। ਇਹ ਜੂਨੀਅਰ ਟੀਮ ਅਪਰੈਲ ਦੇ ਮਹੀਨੇ ਫਰਾਂਸ ਦਾ ਦੌਰਾ ਕਰੇਗੀ ਜਿੱਥੇ ਇੱਿਰ ਟੈਸਟ ਮੈਚ ਸੀਰੀਜ਼ ਖੇਡੀ ਜਾਵੇਗੀ। ਇਸ ਤੋਂ ਪਹਿਲਾਂ ਪ੍ਰਭਲੀਨ ਨੇ 2022 ਦੀ ਨੈਸ਼ਨਲ ਫੀਲਡ ਹਾਕੀ ਚੈਂਪੀਅਨਸ਼ਿਪ (ਅੰਡਰ-18) ਵਿੱਚ ਅਲਬਰਟਾ ਦੀ ਟੀਮ ਵਲੋਂ ਭਾਗ ਲਿਆ ਜਿਸ ਵਿੱਚ ਅਲਬਰਟਾ ਨੇ ਚਾਂਦੀ ਦਾ ਤਮਗਾ ਹਾਸਲ ਕੀਤਾ ਸੀ। ਇਸ ਚੈਂਪੀਅਨਸ਼ਿਪ ਤੋਂ ਬਾਅਦ ਫੀਲਡ ਹਾਕੀ ਕੈਨੇਡਾ ਵਲੋਂ ਟ੍ਰਾਇਲ ਰੱਖੇ ਗਏ ਸਨ ਜਿਸ ਦੇ ਆਧਾਰ ਤੇ ਪ੍ਰਭਲੀਨ ਦੀ ਚੋਣ ਨੈਸ਼ਨਲ ਜੂਨੀਅਰ ਕੈਂਪ ਲਈ ਹੋ ਗਈ ਤੇ ਹੁਣ ਫਰਵਰੀ ਦੇ ਮਹੀਨੇ ਜੂਨੀਅਰ ਟੀਮ ਦਾ ਐਲਾਨ ਕੀਤਾ।






ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਪ੍ਰਭਲੀਨ ਗਰੇਵਾਲ ਦੀ ਵੱਡੀ ਭੈਣ ਹਰਲੀਨ ਗਰੇਵਾਲ ਕੌਮੀ ਪੱਧਰ ਤੇ ਫੀਲਡ ਹਾਕੀ ਵਿੱਚ ਚੰਗਾ ਨਾਮ ਕਮਾ ਚੁੱਕੀ ਹੈ।2011-12 ਵਿੱਚ ਜਦੋਂ ਕੈਲਗਰੀ ਵਿੱਚ ਪੰਜਾਬੀ ਕੁੜੀਆਂ ਦੁਆਰਾ ਫੀਲਡ ਹਾਕੀ ਖੇਡਣ ਵਿੱਚ ਕਿਸੇ ਨੇ ਪਹਿਲ ਨਹੀਂ ਕੀਤੀ ਸੀ ਤਾਂ ਹਰਲੀਨ ਨੇ ਇੱਕ ਨਵੀਂ ਪਿਰਤ ਪਾਉਂਦਿਆਂ ਇਸ ਹਾਕੀ ਖੇਡਣੀ ਸ਼ੁਰੂ ਕੀਤੀ ਸੀ। ਪ੍ਰਭਲੀਨ ਹੁਣ ਫੀਲਡ ਹਾਕੀ ਕੈਨੇਡਾ ਦੇ ਨੈਸ਼ਨਲ ਟਰੇਨਿੰਗ ਪ੍ਰੋਗਰਾਮ ਵਿੱਚ ਹਿੱਸਾ ਲਵੇਗੀ ਜਿਸ ਦੇ ਆਧਾਰ ਤੇ ਕੈਨੇਡਾ ਦੀਆਂ ਭਵਿੱਖ ਦੀਆਂ ਕੌਮੀ ਟੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ।

ਪ੍ਰਭਲੀਨ ਦੇ ਪਿਤਾ ਸੁਖਵੀਰ ਗਰੇਵਾਲ ਨੇ ਦੱਸਿਆ ਕਿ ਉਹਨਾਂ ਦੇ ਪੂਰੇ ਪਰਿਵਾਰ ਨੂੰ ਮਾਣ ਹੈ ਕਿ ਉਹਨਾਂ ਦੀਆਂ ਬੇਟੀਆਂ ਨੇ ਆਪਣੇ ਜੱਦੀ ਪਿੰਡ ਕਿਲਾ ਰਾਇਪੁਰ ਦੀ ਖੇਡ ਹਾਕੀ ਵਿੱਚ ਨਾਮਣਾ ਖੱਟਿਆ ਹੈ। ਉਹਨਾਂ ਦੱਸਿਆ ਕਿ ਜੂਨੀਅਰ ਨੈਸ਼ਨਲ ਕੈਂਪ ਵਰਗਾ ਇਹ ਪ੍ਰੋਗਰਾਮ ਕਾਫੀ ਮਿਹਨਤ ਦੀ ਮੰਗ ਕਰਦਾ ਹੈ ਜਿਸ ਨੂੰ ਪੜਾਈ ਦੇ ਨਾਲ ਜਾਰੀ ਰੱਖਣਾ ਇੱਕ ਚੁਣੌਤੀ ਵੀ ਹੈ।ਉਹਨਾਂ ਕਿੰਗਜ਼ ਇਲੈਵਨ ਦੇ ਕੋਚ ਜੱਗੀ ਧਾਲੀਵਾਲ ਤੇ ਕਲੱਬ ਦੀ ਸਮੁੱਚੀ ਪ੍ਰਬੰਧਕੀ ਟੀਮ ਦਾ ਧੰਨਵਾਦ ਕੀਤਾ ਜਿਹਨਾਂ ਦੇ ਸਹਿਯੋਗ ਸਦਕਾ ਪ੍ਰਭਲੀਨ ਨੇ ਇਹ ਮੁਕਾਮ ਹਾਸਲ ਕੀਤਾ ਤੇ ਕੋਚ ਦਿਲਪਾਲ ਸਿੰਘ ਦਾ ਵੀ ਸ਼ੁਕਰਾਨਾ ਕੀਤਾ ਜਿਹਨਾਂ ਤੋਂ ਪ੍ਰਭਲੀਨ ਨੇ ਹਾਕੀ ਫੜਨੀ ਸਿੱਖੀ। ਉਹਨਾਂ ਦੇ ਪਰਿਵਾਰ ਨੂੰ ਆਸ ਹੈ ਕਿ ਹਰਲੀਨ ਅਤੇ ਪ੍ਰਭਲੀਨ ਦੀਆਂ ਇਹਨਾਂ ਪਹਿਲਕਦਮੀਆਂ ਤੋਂ ਕੈਨੇਡਾ ਰਹਿੰਦੇ ਪਰਿਵਾਰ ਪ੍ਰੇਰਿਤ ਹੋ ਕੇ ਆਪਣੀਆਂ ਬੱਚੀਆਂ ਨੂੰ ਖੇਡਾਂ ਵਿੱਚ ਭਾਗ ਲੈਣ ਲਈ ਹੱਲਾਸ਼ੇਰੀ ਦੇਣਗੇ।


ਜ਼ਿਕਰਯੋਗ ਹੈ ਕਿ ਪ੍ਰਭਲੀਨ ਕੌਰ ਗਰੇਵਾਲ ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਲੰਮੇ ਸਮੇਂ ਬਿਹਤਰੀਨ ਕਲਾਕਾਰ ਹੈ।












# ਮੈਕਾਲੇ, ਨਵੀਂ ਵਿੱਦਿਅਕ ਨੀਤੀ 2020 ਅਤੇ ਜਮਹੂਰੀ ਹੱਕ



ਡਾ. ਬਲਜਿੰਦਰ
94170-79720
singh.drbaljinder@gmail.com

ਮਨੁੱਖੀ ਅਧਿਕਾਰਾਂ ਦੀ ਜਦੋਂ ਵੀ ਗੱਲ ਚੱਲਦੀ ਹੈ ਤਾਂ ਸੁਤੇਸਿੱਧ ਹੀ ਇਹ ਗੱਲ ਜ਼ਿਹਨ 'ਚ ਆਉਂਦੀ ਹੈ ਕਿ ਇਹਨਾਂ ਬਾਰੇ ਜਦੋਂ ਵਿਸਾਲ ਲੋਕਾਈ ਨੂੰ ਇਲਮ ਹੀ ਨਹੀਂ ਹੈ ਤਾਂ ਉਹ ਇਹਨਾਂ ਨੂੰ ਮਾਨਣ ਵੱਲ ਵੀ ਕਿਵੇਂ ਵੱਧ ਸਕਣਗੇ ਅਤੇ ਇਹਨਾਂ ਹੱਕਾਂ 'ਤੇ ਪੈਂਦੇ ਛਾਪਿਆਂ ਨੂੰ ਕਿਵੇਂ ਪਹਿਚਾਣਨਗੇ ਅਤੇ ਇਹਨਾਂ ਦੀ ਰਾਖੀ ਕਰਨ ਵੱਲ ਵੀ ਕਿਵੇਂ ਵਧ ਸਕਣਗੇ। ਵਿਸਾਲ ਲੋਕਾਈ ਆਪਣੇ ਜਮਾਤੀ ਤੇ ਤਬਕਾਤੀ ਸੰਘਰਸਾਂ ਰਾਹੀਂ ਜਮਹੂਰੀ ਅਧਿਕਾਰਾਂ ਨਾਲ ਬਾਵਾਸਤਾ ਹੁੰਦੀ ਹੈ। ਬਹੁਗਿਣਤੀ ਲੋਕਾਂ ਦੇ ਅਨਪੜ੍ਹ ਹੋਣ ਕਾਰਨ ਉਹਨਾਂ ਨੂੰ ਇਓਂ ਅਮਲ 'ਚ ਪਿਆ ਹੀ ਜਮਹੂਰੀ ਅਧਿਕਾਰਾਂ ਦੀ ਸੋਝੀ ਆਉਂਦੀ ਹੈ ਭਾਵ ਉਹ ਆਪਣੇ ਅਮਲ 'ਚੋਂ ਇਹਨਾਂ ਬਾਰੇ ਸੋਝੀ ਹਾਸਲ ਕਰਦੇ ਹਨ। ਜਮਹੂਰੀ ਤੇ ਮਨੁੱਖੀ ਹੱਕਾਂ ਦੀ ਸੋਝੀ ਹਾਸਲ ਕਰਨ ਦਾ ਇੱਕ ਮਹੱਤਵਪੂਰਨ ਜਰੀਆ ਲੋਕਾਂ ਨੂੰ ਪੜ੍ਹਾਈ-ਲਿਖਾਈ ਨਾਲ ਲੈਸ ਕਰਨ ਰਾਹੀਂ ਇਹਨਾਂ ਬਾਰੇ ਜਾਗਰੂਕਤਾ ਹਾਸਲ ਕਰਨਾ ਹੈ।

ਪਰ ਲੁੱਟ-ਖਸੁੱਟ 'ਤੇ ਆਧਾਰਤ ਨਿਜਾਮ ਅੰਦਰ ਹਕੂਮਤਾਂ ਦੀ ਮਨਸਾ ਇਹ ਰਹਿੰਦੀ ਹੈ ਕਿ ਉਹ ਹਰ ਹੀਲੇ ਆਪਣੀ ਲੁੱਟ ਨੂੰ ਬਣਾਈ ਰੱਖਣ ਲਈ ਲੋਕਾਂ ਦੇ ਵਿਸਾਲ ਹਿੱਸਿਆਂ ਨੂੰ ਉਸ ਸੂਝ-ਬੂਝ ਤੋਂ ਕੋਰੇ ਰੱਖਣ, ਜਿਹੜੀ ਲੋਕਾਂ ਨੂੰ ਹਕੀਕਤ ਦੇ ਦੀਦਾਰ ਕਰਾਉਂਦੀ ਹੋਵੇ। ਇਸ ਲਈ ਹਾਕਮ ਹਮੇਸਾ ਹੀ ਇਸ ਤਾਕ 'ਚ ਰਹਿੰਦੇ ਹਨ ਕਿ ਉਹ ਉਹ ਸੱਭ ਰਾਹ ਮੁੰਦ ਦੇਣ, ਜਿਹਨਾਂ ਵੀ ਝੀਥਾਂ ਥਾਨੀਂ ਕੋਈ ਵੀ ਰੌਸਨੀ ਦੀ ਕਿਰਨ ਉਹਨਾਂ ਥੁੜਾਂ ਮਾਰੇ ਲੋਕਾਂ ਤੱਕ ਪਹੁੰਚਦੀ ਹੋਵੇ। ਇਹੀ ਹੈ ਉਹ ਸੰਦਰਭ, ਜੀਹਦੇ 'ਚ ਸਾਨੂੰ ਨਵੀਂ ਵਿੱਦਿਅਕ ਨੀਤੀ 2020 ਦੀ ਚੀਰ-ਫਾੜ ਕਰਨੀ ਚਾਹੀਦੀ ਹੈ।

ਇਸ ਨੀਤੀ (ਹੁਣ ਤੋਂ ਅੱਗੇ ਇਹੀ ਲਫਜ ਹੀ ਨਵੀਂ ਵਿੱਦਿਅਕ ਨੀਤੀ 2020 ਲਈ ਵਰਤਿਆ ਜਾਵੇਗਾ) ਦੀਆਂ ਬਾਰੀਕੀਆਂ ਨੂੰ ਸਮਝਣ ਲਈ ਸਾਨੂੰ ਇਸ ਦੇ ਇਤਿਹਾਸ 'ਚ ਡੂੰਘਾ ਜਾ ਕੇ ਨਜਰਸਾਨੀ ਕਰਨੀ ਚਾਹੀਦੀ ਹੈ। 1947 ਤੋਂ ਲੈ ਕੇ 1980 ਤੱਕ ਤਾਂ ਥੋੜ੍ਹੇ-ਬਹੁਤ ਫਰਕਾਂ ਨਾਲ ਇੱਕੋ ਹੀ ਵਿੱਦਿਅਕ ਨੀਤੀ ਜਾਰੀ ਰੱਖੀ ਜਾਂਦੀ ਰਹੀ। ਪਰ 1980 ਤੋਂ ਬਾਅਦ ਵਿੱਦਿਆ ਦੇ ਮਾਮਲੇ 'ਚ ਤਬਦੀਲੀਆਂ ਕੀਤੀਆਂ ਗਈਆਂ। ਉਹਨਾਂ ਨੀਤੀਆਂ ਨੂੰ ਲਾਗੂ ਕਰਨ ਵੇਲੇ ਵੀ ਇਹੀ ਕਿਹਾ ਗਿਆ ਸੀ ਕਿ ਇਹ ਲੋਕਾਂ ਦੀ ਭਲਾਈ ਖਾਤਰ ਹਨ ਪਰ ਉਹ ਨੀਤੀਆਂ ਵਿੱਦਿਆ ਦੇ ਪੱਧਰ ਨੂੰ ਕਿਸੇ ਤਰ੍ਹਾਂ ਵੀ ਉਤਾਂਹ ਚੁੱਕਣ 'ਚ ਕਾਮਯਾਬ ਨਹੀਂ ਹੋਈਆਂ। ਇਸੇ ਹੀ ਲੜੀ 'ਚ ਜਦੋਂ ਸਾਡੇ ਮੁਲਕ ਦੇ ਹੁਕਮਰਾਨਾਂ ਨੇ ਆਰਥਕ ਖੇਤਰ ਅੰਦਰ ਨਵੀਂ ਉਦਾਰਵਾਦੀ ਨੀਤੀ ਨੂੰ ਮੁਲਕ ਦੇ ਵਿਕਾਸ ਲਈ ਅਮਲ 'ਚ ਲਾਗੂ ਕੀਤਾ ਤਾਂ ਉਹਨਾਂ ਦੀ ਲੋੜ ਇਹ ਬਣੀ ਕਿ ਉਹ ਇਸ ਪੁਰਾਣੀ ਵਿੱਦਿਅਕ ਨੀਤੀ ਨੂੰ ਵੀ ਆਪਣੀਆਂ ਉਹਨਾਂ ਨੀਤੀਆਂ ਦੇ ਅਨੁਸਾਰੀ ਢਾਲਣ। ਜਿਵੇਂ ਕਿ ਆਰਥਕਤਾ ਦੇ ਹਰ ਸੋਅਬੇ ਅੰਦਰ ਹੀ ਇਹ ਦੇਖਿਆ ਜਾ ਸਕਦਾ ਹੈ ਕਿ ਇਹਨਾਂ ਨਵੀਂਆਂ ਆਰਥਕ ਨੀਤੀਆਂ ਦਾ ਪੂਰਾ ਦਾਰੋਮਦਾਰ ਹੀ ਨਿੱਜੀਕਰਣ ਕਰਨ ਵੱਲ ਸੇਧਤ ਹੈ ਤਾਂ ਇਹ ਕੁਦਰਤੀ ਹੀ ਸੀ ਕਿ ਉਹ ਵਿੱਦਿਅਕ ਪ੍ਰਣਾਲੀ 'ਚ ਵੀ ਉਹ ਤਬਦੀਲੀਆਂ ਲਿਆਉਣ, ਜਿਹੜੀਆਂ ਇੱਥੋਂ ਦੇ ਸਰਮਾਏਦਾਰਾਨਾ ਪ੍ਰਬੰਧ ਨੂੰ ਮਜਬੂਤੀ ਬਖਸੇ। ਇਹ ਨੀਤੀ ਅੱਸੀਵਿਆਂ ਵਾਲੀ ਪਹਿਲਾਂ ਲਿਆਂਦੀ ਨੀਤੀ ਦੀ ਹੀ ਲਗਾਤਾਰਤਾ 'ਚ ਕਹੀ ਜਾ ਸਕਦੀ ਹੈ। ਭਾਵੇਂ ਕਿ ਪਹਿਲਾਂ ਇਸਨੂੰ ਐਨੀ ਕੁੱਢਰਤਾ ਨਾਲ ਲਾਗੂ ਨਹੀਂ ਕੀਤਾ ਜਾਂਦਾ ਸੀ ਪਰ ਇਸ ਨੀਤੀ ਨੂੰ ਲਾਗੂ ਕਰਨ ਵੇਲੇ ਤਾਂ ਪਾਰਲੀਮੈਂਟ 'ਚ ਬਹਿਸ-ਮੁਬਾਹਸੇ ਰਾਹੀਂ ਕੋਈ ਵੀ ਲੋਕ ਹਿੱਤ 'ਚ ਫੈਸਲੇ ਲੈਣ ਦੀ ਕਵਾਇਦ ਦੇ ਸੰਵਿਧਾਨਕ ਕਾਇਦੇ ਦੀ ਪਾਲਣਾ ਨਹੀਂ ਕੀਤੀ ਗਈ ਅਤੇ ਸਿਰਫ ਮੰਤਰੀ ਮੰਡਲ 'ਚੋਂ ਹੀ ਪਾਸ ਕਰਕੇ ਇਸਨੂੰ ਲਾਗੂ ਕਰਨਾ ਸੁਰੂ ਕਰ ਦਿੱਤਾ ਹੈ। ਇਸ ਲਈ ਇਹ ਨੀਤੀ ਸੰਵਿਧਾਨ ਦੀ ਵੀ ਉਲੰਘਣਾ ਕਰਦੀ ਹੈ, ਸੰਵਿਧਾਨ ਵਿਰੋਧੀ ਹੈ।

ਇਤਿਹਾਸਕ ਤੌਰ 'ਤੇ ਨਿਗ੍ਹਾ ਮਾਰਿਆਂ ਅਸੀਂ ਇਹ ਦੇਖਦੇ ਹਾਂ ਕਿ ਇਸ ਨੀਤੀ ਦਾ ਮੁੱਢ ਬਰਤਾਨਵੀ ਹੁਕਮਰਾਨਾਂ ਵੱਲੋਂ 1813 'ਚ ਕੌਂਸਲ ਆਫ ਇੰਡੀਆ 'ਚ ਪਾਸ ਕੀਤੇ ਇੱਕ ਕਾਨੂੰਨ ਨਾਲ ਜਾ ਬੱਝਦਾ ਹੈ, ਜਦੋਂ ਉਹਨਾਂ ਨੇ ਇੱਕ ਕਾਨੂੰਨ ਰਾਹੀਂ ਹਰ ਸਾਲ ਇੱਕ ਲੱਖ ਰੁਪੈ ਦੀ ਰਾਸੀ ਇੱਥੋਂ ਦੀਆਂ ਮੂਲ ਭਾਸਾਵਾਂ ਸੰਸਕ੍ਰਿਤ ਤੇ ਫਾਰਸੀ ਨੂੰ ਸਿਖਾਉਣ ਅਤੇ ਇਹਨਾਂ ਭਾਸਾਵਾਂ ਦੀਆਂ ਕਿਤਾਬਾਂ ਛਾਪਣ ਅਤੇ ਇੱਥੋਂ ਦੇ ਮੂਲ ਨਿਵਾਸੀਆਂ ਨੂੰ ਇਹਨਾਂ ਭਾਸਾਵਾਂ 'ਚ ਉਪਲਬਧ ਵਿਗਿਆਨ ਨਾਲ ਬਾਵਾਸਤਾ ਕਰਾਉਣ ਦੇ ਟੀਚੇ ਨਾਲ ਖਰਚ ਕਰਨੇ ਸਨ। ਲੱਗਪੱਗ 20 ਸਾਲ ਬਾਅਦ 1835 'ਚ ਥਾਮਸ ਬੈਬਿੰਗਟਨ ਮੈਕਾਲੇ ਨੇ ਗਵਰਨਰ ਦੀ ਕਮੇਟੀ ਸਾਹਮਣੇ 1813 ਦੇ ਇਸ ਕਾਨੂੰਨ ਦੀ ਵਾਜਬੀਅਤ ਨਾ ਹੋਣ ਸੰਬੰਧੀ ਆਪਣੇ ਵਿਚਾਰ ਪੇਸ ਕੀਤੇ ਜਿਹੜੇ ਕਿ ਮੈਕਾਲੇ ਮਿਨਟਸ 1835 ਦੇ ਨਾਂ ਨਾਲ ਜਾਣੇ ਜਾਂਦੇ ਹਨ। ਇਹੀ ਉਹ ਲਿਖਤ ਹੈ, ਜਿਹੜੀ ਕਿ ਹੁਣ ਤੱਕ ਵਿੱਦਿਅਕ ਪਾਲਿਸੀ ਘਾੜਿਆਂ ਲਈ ਰਾਹ ਦਰਸਾਵਾ ਬਣੀ ਹੋਈ ਹੈ। 1813 ਦੇ ਢਾਂਚੇ 'ਚ ਇਹ ਦਰਜ ਸੀ ਕਿ ਬਰਤਾਨਵੀ ਹੁਕਮਰਾਨ ਸੰਸਕ੍ਰਿਤ ਤੇ ਫਾਰਸੀ ਦੀ ਪੜ੍ਹਾਈ ਨੂੰ ਉਤਸਾਹਤ ਕਰਨ ਲਈ ਹਰ ਸਾਲ ਇੱਕ ਲੱਖ ਰੁਪੈ ਖਰਚ ਕਰਿਆ ਕਰਨਗੇ ਅਤੇ ਨਾਲ ਹੀ ਉਹ ਇਹਨਾਂ ਭਾਸਾਵਾਂ ਦੀਆਂ ਕਿਤਾਬਾਂ ਵੀ ਛਾਪਿਆ ਕਰਨਗੇ। ਇਸੇ ਪੈਸੇ 'ਚੋਂ ਹੀ ਇਹਨਾਂ ਸੰਸਥਾਵਾਂ ਅੰਦਰ ਪੜ੍ਹਾਈ ਕਰਨ ਵਾਲੇ ਵਿਦਿਆਰਥੀਆਂ ਲਈ ਵਜੀਫੇ ਦੇਣ ਦੀ ਵੀ ਗੱਲ ਕਹੀ ਗਈ ਸੀ। ਪਰ 1835 'ਚ ਮੈਕਾਲੇ ਨੇ ਇਸ ਨੀਤੀ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ

"ਮੈਨੂੰ ਕਿਹਾ ਜਾਂਦਾ ਹੈ ਕਿ ਮੈਨੂੰ ਇੱਥੋਂ (ਭਾਰਤ) ਦੇ ਹਾਲਾਤ ਦੀ ਸਮਝ ਨਾ ਆਉਣ ਕਾਰਨ ਮੈਨੂੰ ਇਹਨਾਂ ਗੱਲਾਂ 'ਤੇ ਹੈਰਾਨੀ ਹੋ ਰਹੀ ਹੈ ਕਿ ਭਾਰਤ ਦੇ ਵਿਦਿਆਰਥੀਆਂ 'ਚ ਇਹ ਰਿਵਾਜ ਨਹੀ ਕਿ ਉਹ ਆਪਣੇ ਪੱਲਿਓਂ ਪੈਸੇ ਲਾ ਕੇ ਪੜ੍ਹਣ। ਇਹਦੇ ਨਾਲ ਮੈਨੂੰ ਆਪਣੀ ਸਮਝ 'ਤੇ ਹੋਰ ਵਧੇਰੇ ਯਕੀਨ ਬੱਝਿਆ ਹੈ। ਇਸ ਤੋਂ ਵੱਧ ਹੋਰ ਕੋਈ ਵੀ ਸੱਚ ਨਹੀਂ ਹੈ ਅਤੇ ਸੰਸਾਰ ਦੇ ਕਿਸੇ ਵੀ ਹਿੱਸੇ ਅੰਦਰ ਵੀ ਅਜਿਹਾ ਨਹੀਂ ਹੈ ਕਿ ਜਿਹੜੀ ਚੀਜ ਕਿਸੇ ਵਿਅਕਤੀ ਨੂੰ ਆਨੰਦ ਦਿੰਦੀ ਹੈ ਜਾਂ ਉਹਨੂੰ ਫਾਇਦਾ ਪਹੁੰਚਾਉਣ ਵਾਲੀ ਹੈ ਅਤੇ ਭਾਰਤ ਇਹਦੇ ਨਾਲੋਂ ਕੋਈ ਅੱਡਰੀ ਸੈਅ ਨਹੀਂ ਹੈ ਕਿ ਇੱਥੇ ਵੀ ਕੋਈ ਉਹਦੇ ਲਈ ਪੈਸੇ ਅਦਾ ਨਾ ਕਰੇ। ਕੀ ਜਦੋਂ ਲੋਕਾਂ ਨੂੰ ਭੁੱਖ ਲੱਗਦੀ ਹੈ ਤਾਂ ਚੌਲ ਖਾਣ ਲਈ ਉਹਨਾਂ ਨੂੰ ਪੈਸੇ ਅਦਾ ਕਰਨ ਦੀ ਲੋੜ ਨਹੀਂ ਪੈਂਦੀ, ਇਓਂ ਹੀ ਕੀ ਸਿਆਲਾਂ ਦੀ ਯੱਖ ਸਰਦੀ ਤੋਂ ਬਚਣ ਲਈ ਨਿੱਘੇ ਗਰਮ ਵਸਤਰ ਪਹਿਨਣ 'ਤੇ ਉਹ ਪੈਸੇ ਨਹੀਂ ਖਰਚਦੇ। ਮੁੱਦੇ 'ਤੇ ਆਉਂਦੇ ਹਾਂ- ਜਿਹੜੇ ਨਿਆਣੇ ਪਿੰਡ ਦੇ ਸਕੂਲ ਮਾਸਟਰ ਪਾਸੋਂ ਊੜਾ-ਐੜਾ ਜਾਂ ਥੋੜ੍ਹਾ-ਬਹੁਤ ਗਣਿਤ ਸਿੱਖਦੇ ਹਨ, ਕੀ ਮਾਸਟਰ ਉਹਨਾਂ ਨੂੰ ਇਹ ਸਿਖਾਉਣ ਬਦਲੇ ਪੈਸੈ ਦਿੰਦਾ ਹੈ। ਉਹਨੂੰ ਉਹਨਾਂ ਬੱਚਿਆਂ ਨੂੰ ਇਹ ਸਿਖਾਉਣ ਬਦਲੇ ਪੈਸੇ ਦਿੱਤੇ ਜਾਂਦੇ ਹਨ। ਤਾਂ ਫਿਰ ਕੀ ਗੱਲ ਹੈ ਕਿ ਲੋਕਾਂ ਨੂੰ ਸੰਸਕ੍ਰਿਤ ਜਾਂ ਫਾਰਸੀ ਸਿੱਖਣ ਬਦਲੇ ਪੈਸੇ ਅਦਾ ਕੀਤੇ ਜਾਣ? ਗੱਲ ਪੂਰੀ ਤਰ੍ਹਾਂ ਸਪੱਸਟ ਹੈ ਕਿਓਂਕਿ ਇਹ ਗੱਲ ਆਲਮੀ ਪੱਧਰ 'ਤੇ ਹੀ ਮਹਿਸੂਸ ਕੀਤੀ ਗਈ ਹੈ ਕਿ ਸੰਸਕ੍ਰਿਤ ਤੇ ਫਾਰਸੀ ਜ਼ੁਬਾਨ ਅਜਿਹੀਆਂ ਹਨ ਕਿ ਉਹਨਾਂ 'ਤੇ ਮੁਹਾਰਤ ਪਾਉਣ 'ਤੇ ਹੋਣ ਵਾਲੇ ਸਮੇਂ ਤੇ ਸਕਤੀ ਦੇ ਮੁਕਾਬਲੇ 'ਚ ਉਹਨਾਂ ਦਾ ਮੁੱਲ ਨਹੀਂ ਪੈਂਦਾ। ਇਹਨਾਂ ਸਾਰੇ ਵਿਸ਼?ਿਆਂ ਦੇ ਮਾਮਲਿਆਂ 'ਚ ਮੰਡੀ ਹੀ ਪ੍ਰਤੱਖ-ਪ੍ਰਮਾਨ ਹੈ, ਹੋਰ ਕਿਸੇ ਗਵਾਹੀ ਦੀ ਕੋਈ ਲੋੜ ਹੀ ਨਹੀਂ ਹੈ।"

ਇਸ ਤੋਂ ਅੱਗੇ ਉਸ ਨੇ ਇਸ ਵਿਸੇ ਬਾਰੇ ਆਪਣੇ ਵਿਚਾਰਾਂ ਨੂੰ ਹੋਰ ਵਿਆਖਿਆ ਸਹਿਤ ਦੱਸਦਿਆਂ ਸਬੂਤ ਦਿੰਦਿਆਂ ਕਿਹਾ ਕਿ, "ਪਿਛਲੇ ਸਾਲ ਸੰਸਕ੍ਰਿਤ ਕਾਲਜ ਦੇ ਕੁੱਝ ਸਾਬਕਾ ਵਿਦਿਆਰਥੀਆਂ ਨੇ ਕਮੇਟੀ ਸਾਹਮਣੇ ਇੱਕ ਰਿੱਟ ਦਾਇਰ ਕੀਤੀ ਸੀ। ਪਟੀਸਨਰਾਂ ਦਾ ਕਹਿਣਾ ਸੀ ਕਿ ਉਹਨਾਂ ਨੇ ਕਾਲਜ 'ਚ ਦਸ-ਬਾਰਾਂ ਸਾਲ ਦੀ ਪੜ੍ਹਾਈ ਕਰਕੇ ਹਿੰਦੂ ਸਾਹਿਤ ਤੇ ਵਿਗਿਆਨ 'ਤੇ ਆਪਣੀ ਮੁਹਾਰਤ ਹਾਸਲ ਕੀਤੀ ਹੈ, ਕਿ ਉਹਨਾਂ ਨੂੰ ਇਸ ਮੁਹਾਰਤ ਦੇ ਸਰਟੀਫਿਕੇਟ ਵੀ ਮਿਲੇ ਹੋਏ ਹਨ। ਇਸ ਸਾਰੇ ਕੁੱਝ ਦਾ ਫਾਇਦਾ ਹੀ ਕੀ ਹੈ? ਉਹਨਾਂ ਦਾ ਕਹਿਣਾ ਸੀ ਕਿ 'ਤੁਹਾਡੀ ਮਾਣਯੋਗ ਕਮੇਟੀ ਦੀ ਕ੍ਰਿਪਾਲੂ ਦ੍ਰਿਸਟੀ ਹੋਣ ਤੋਂ ਬਿਨ੍ਹਾਂ ਸਾਡੀ ਜ਼ਿੰਦਗੀ 'ਚ ਸੁਧਾਰ ਕਰਨ 'ਚ ਇਹਨਾਂ ਸਰਟੀਫਿਕੇਟਾਂ ਦੀ ਕੋਈ ਵੁੱਕਤ ਨਹੀਂ, ਸਾਡੇ ਮੁਲਕ ਦੇ ਲੋਕ ਹੀ ਆਮ ਤੌਰ 'ਤੇ ਸਾਨੂੰ ਬੇਗਾਨਗੀ ਨਾਲ ਦੇਖਦੇ ਹਨ। ਸਾਨੂੰ ਉਹਨਾਂ ਪਾਸੋਂ ਕਿਸੇ ਵੀ ਹੌਸਲਾ-ਅਫਜਾਈ ਅਤੇ ਇਮਦਾਦ ਦੀ ਕੋਈ ਆਸ ਨਹੀਂ ਹੈ।' ਇਸ ਲਈ ਉਹਨਾਂ ਨੇ ਅਰਜ ਕੀਤੀ ਕਿ ਉਹਨਾਂ ਨੂੰ ਸਰਕਾਰ 'ਚ ਕੰਮ ਕਰਨ ਲਈ ਗਵਰਨਰ ਜਨਰਲ ਕੋਲ ਉਹਨਾਂ ਦੀ ਸਿਫਾਰਸ ਕੀਤੀ ਜਾਵੇ, ਜਰੂਰੀ ਨਹੀਂ ਕਿ ਉਹਨਾਂ ਨੂੰ ਕੋਈ ਉੱਚਾ ਅਹੁਦਾ ਹੀ ਦਿੱਤਾ ਜਾਵੇ, ਪਰ ਉਹ ਨੌਕਰੀ ਅਜਿਹੀ ਹੋਵੇ ਕਿ ਉਹ ਜਿਓਂਦੇ ਰਹਿਕੇ ਆਪਣਾ ਗੁਜਰ-ਬਸਰ ਕਰ ਸਕਣ। ਉਹਨਾਂ ਦਾ ਕਹਿਣਾ ਸੀ ਕਿ 'ਸਾਨੂੰ ਚੰਗੇਰੀ ਜ਼ਿੰਦਗੀ ਜਿਓਣ ਲਈ ਅਤੇ ਅਗਾਂਹ ਵੱਲ ਵਧਣ ਲਈ ਕੋਈ ਵਸੀਲੇ ਚਾਹੀਦੇ ਹਨ, ਜਿਹੜੇ ਕਿ ਅਸੀਂ ਉਸ ਸਰਕਾਰ ਦੀ ਸਹਾਇਤਾ ਬਿਨ੍ਹਾਂ ਹਾਸਲ ਨਹੀਂ ਕਰ ਸਕਦੇ ਜੀਹਦੇ ਸਿਰ 'ਤੇ ਅਸੀਂ ਬਚਪਣ ਤੋਂ ਲੈ ਕੇ ਪੜ੍ਹਨ-ਲਿਖਣ ਸਿੱਖਦੇ ਆਏ ਹਾਂ ਅਤੇ ਉਹਦੀਆਂ ਦਿੱਤੀਆਂ ਰੋਟੀਆਂ 'ਤੇ ਪਲਦੇ ਆਏ ਹਾਂ।' ਅੱਗੇ ਉਹ ਕਹਿੰਦੇ ਹਨ ਕਿ ਉਹਨਾਂ ਨੂੰ ਰੱਤੀ-ਭਰ ਵੀ ਸੱਕ ਨਹੀਂ ਕਿ ਜਿਹੜੀ ਸਰਕਾਰ ਨੇ ਉਹਨਾਂ ਨੂੰ ਵਿੱਦਿਆ ਪ੍ਰਦਾਨ ਕਰਨ ਵੇਲੇ ਐਨੀ ਖੁੱਲ੍ਹਦਿਲੀ ਨਾਲ ਖਰਚੇ ਦਿੱਤੇ ਸਨ ਉਹ ਕਿਵੇਂ ਸਾਨੂੰ ਅੱਧਵਾਟੇ ਛੱਡ ਸਕਦੀ ਹੈ।. ਅਤੇ ਮੈਨੂੰ ਇਹਦੇ 'ਚ ਰੱਤੀ ਭਰ ਵੀ ਸੱਕ ਨਹੀਂ ਕਿ ਉਹ ਵਿਦਿਆਰਥੀ ਗਲਤ ਹਨ। ਉਹਨਾਂ ਨੇ ਆਪਣੀ ਜ਼ਿੰਦਗੀ ਦੇ ਬੇਹਤਰੀਨ ਸਾਲ ਉਹ ਕੁੱਝ ਸਿੱਖਣ 'ਤੇ ਲਾਏ ਹਨ ਜਿਹੜਾ ਕਿ ਉਹਨਾਂ ਨੂੰ ਇੱਜਤ-ਮਾਨ ਵਾਲੀ ਰੋਜੀ-ਰੋਟੀ ਵੀ ਨਹੀਂ ਦੇ ਸਕਦਾ।"

ਇਓਂ ਕਰਕੇ ਉਸਨੇ ਇੱਥੋਂ ਦੇ ਪੁਰਾਤਨ ਸਿੱਖਿਆ ਪ੍ਰਬੰਧ 'ਤੇ ਹੀ ਸੁਆਲੀਆ ਨਿਸਾਨ ਲਾ ਦਿੱਤਾ ਸੀ ਅਤੇ ਇਸਨੂੰ ਪੂਰਨ ਰੂਪ 'ਚ ਨਕਾਰ ਦਿੱਤਾ ਸੀ। ਉਸ ਦਾ ਕਹਿਣਾ ਸੀ ਕਿ ਇਸ ਢਾਂਚੇ ਨੂੰ ਮੂਲੋਂ ਹੀ ਬਦਲ ਦੇਣਾ ਚਾਹੀਦਾ ਹੈ। ਇੱਥੇ ਇਹ ਵੀ ਧਿਆਨ 'ਚ ਰਹਿਣਾ ਚਾਹੀਦਾ ਹੈ ਕਿ ਮੈਕਾਲੇ ਇੱਕ ਵਿਅਕਤੀ ਦਾ ਨਾਮ ਹੈ ਜਿਹੜਾ ਬਰਤਾਨਵੀ ਸਾਮਰਾਜੀ ਹੁਕਮਰਾਨ ਜਮਾਤ ਦੀ ਨੁਮਾਇੰਦਗੀ ਕਰਦਾ ਸੀ, ਉਹਦੀ ਥਾਂ 'ਤੇ



TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan
(Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style.
Give me a call for all your personal and business needs.
Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward
• Corporate Law • Real Estate
Wills • Affidavits • Power of Attorney
VIPANDEEP SINGH MAROK
M.A., LLB
Barrister, Solicitor & Notary Public
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

ਕੋਈ ਰਾਬਰਟ, ਕੋਈ ਵਿਲੀਅਮ ਆਦਿ ਵੀ ਹੋ ਸਕਦਾ ਸੀ। ਗੱਲ ਇਹ ਹੈ ਕਿ ਸਾਮਰਾਜੀ ਹਾਕਮਾਂ ਨੇ ਆਪਣੇ ਸੂਤ ਬਹਿੰਦੀਆਂ ਨੀਤੀਆਂ ਨੂੰ ਲਿਆਂਦਾ, ਚਾਹੇ ਇਹ ਗੱਲਾਂ ਕਿਸੇ ਵੀ ਵਿਅਕਤੀ ਦੇ ਮੂੰਹੋਂ ਕਹਾਈਆਂ। ਇਹਦੇ 'ਚ ਕੋਈ ਵੀ ਅਲੋਕਾਰ ਵਾਲੀ ਗੱਲ ਨਹੀਂ ਹੈ ਪਰ ਸਮਝਣ ਵਾਲੀ ਗੱਲ ਇਹ ਹੈ ਕਿ ਜਿਸ ਢੰਗ ਨਾਲ ਉਸਨੇ ਇੱਥੋਂ ਦੀ ਸੂਝ-ਬੂਝ ਨੂੰ ਨਕਾਰਿਆ ਅਤੇ ਸਥਾਨਕ ਜੁਬਾਨ ਦੀ ਥਾਂ 'ਤੇ ਅੰਗਰੇਜੀ ਦੀ ਵਕਾਲਤ ਕੀਤੀ ਉਹ ਸਮਝ ਸਾਡੀ ਵਿਦਿਅਕ ਪ੍ਰਣਾਲੀ ਨੂੰ ਕਿੱਧਰ ਨੂੰ ਲੈ ਗਈ।

ਮੈਕਾਲੇ ਦੇ ਦਿਖਾਏ ਪਦ-ਚਿੰਨ੍ਹਾਂ 'ਤੇ ਚੱਲਦਿਆਂ ਮੌਜੂਦਾ ਹੁਕਮਰਾਨਾਂ ਨੇ ਵੀ ਜੋ ਨਵੀਂ ਵਿੱਦਿਅਕ ਨੀਤੀ ਲਿਆਂਦੀ ਹੈ ਜਿਹੜੀ ਨਿੱਜੀਕਰਨ ਨੂੰ ਉਤਸਾਹਤ ਕਰਦੀ ਹੈ ਅਤੇ ਜਿਹੜੇ ਵਰਗ ਇਸ ਮਹਿੰਗੀ ਵਿੱਦਿਆ ਨੂੰ ਖਰੀਦ ਸਕਣ ਤੋਂ ਹੀਣੇ ਹਨ ਉਹ ਇਸ ਵਿੱਦਿਆ ਤੋਂ ਬਾਹਰ ਧੱਕ ਦਿੱਤੇ ਜਾਣਗੇ ਜਿਸ ਨਾਲ ਉਹ ਆਪਣੀਆਂ ਜ਼ਿੰਦਗੀਆਂ ਨੂੰ ਸੁਧਾਰ ਨਹੀਂ ਸਕਣਗੇ ਅਤੇ ਨਰਕੀ ਜੂਨ ਭੁਗਤਣ ਲਈ ਮਜਬੂਰ ਹੋਣਗੇ। ਜਿਵੇਂ ਇਸ ਨੀਤੀ ਤਹਿਤ ਨਿੱਜੀ ਖੇਤਰ ਦੇ ਨਿਵੇਸ ਨੂੰ ਉਤਸਾਹਤ ਕੀਤਾ ਗਿਆ ਹੈ ਉਹ ਇਸੇ ਪਾਸੇ ਵੱਲ ਨੂੰ ਹੀ ਲੈ ਜਾਵੇਗਾ। ਸਰਕਾਰੀ ਸਕੂਲਾਂ ਦੀ ਨਿੱਜੀ ਸਕੂਲਾਂ ਨਾਲ ਜੋਟੀਆਂ ਬਣਾਉਣ ਵਾਲੀ ਮੱਦ ਇਹੀ ਤਾਂ ਦਰਸਾਉਂਦੀ ਹੈ ਕਿ ਇਨਫਰਾਸਟਰਕਚਰ ਤਾਂ ਸਰਕਾਰੀ ਹੋਵੇ ਪਰ ਫੀਸ ਨਿੱਜੀ ਹੱਥਾਂ 'ਚ ਜਾਵੇ। ਸਮਾਜ ਦੇ ਕਮਜੋਰ ਵਰਗਾਂ ਦੇ ਜੀਵਨ ਪੱਧਰ ਨੂੰ ਉੱਚਾ ਉਠਾਉਣ ਲਈ ਸੰਵਿਧਾਨ ਅੰਦਰ ਇਹ ਦਰਜ ਕੀਤਾ ਗਿਆ ਸੀ ਕਿ ਇਹਨਾਂ ਵਰਗਾਂ ਦੇ ਬੱਚਿਆਂ ਨੂੰ ਵਜੀਫੇ, ਪੜ੍ਹਣ ਲਈ ਵਿੱਤੀ ਸਹਾਇਤਾ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਪਰ ਇਹ ਨੀਤੀ ਸੰਵਿਧਾਨ 'ਚ ਦਰਜ ਇਹਨਾਂ ਰਿਆਇਤਾਂ ਨੂੰ ਹੀ ਖੋਹਣਾ ਚਾਹੁੰਦੀ ਹੈ ਅਤੇ ਵਿੱਦਿਆ ਨੂੰ ਨਿੱਜੀ ਹੱਥਾਂ ਦੀ ਖੇਡ ਬਣਾਉਣ ਜਾ ਰਹੀ ਹੈ।

ਇੱਥੇ ਇਹ ਚੇਤੇ ਕਰਨਾ ਜਰੂਰੀ ਹੈ ਕਿ ਆਜਾਦੀ ਦੀ ਲੜਾਈ ਦੌਰਾਨ ਲੋਕਾਂ ਅੰਦਰ ਆਜਾਦੀ ਘੁਲਾਟੀਆਂ ਵੱਲੋਂ ਜਿਹਨਾਂ ਕਦਰਾਂ-ਕੀਮਤਾਂ ਦਾ ਸੰਚਾਰ ਕੀਤਾ ਗਿਆ ਸੀ ਉਹਨਾਂ ਨੂੰ ਲੋਕਾਂ ਦੇ ਏਕੇ ਮੂਹਰੇ ਲਾਗੂ ਕਰਨਾ ਅਤੇ ਕੌਮਾਂਤਰੀ ਹਾਲਤਾਂ ਦੇ ਮੱਦੇਨਜਰ ਭਾਰਤ ਦੇ ਸੰਵਿਧਾਨ ਘਾੜਿਆਂ ਨੂੰ ਲੋਕ-ਪੱਖੀ ਦਿੱਖ ਵਾਲਾ ਸੰਵਿਧਾਨ ਘੜਣ ਲਈ ਮਜਬੂਰ ਹੋਣਾ ਪਿਆ ਸੀ। ਇਹ ਲੋਕਾਂ ਦੀ ਜਮਹੂਰੀ ਚੇਤਨਾ ਹੀ ਸੀ ਕਿ ਸੰਵਿਧਾਨ 'ਚ ਹਰੇਕ ਨੂੰ ਬਰਾਬਰੀ, ਪੜ੍ਹਣ ਦੇ ਬਰਾਬਰ ਮੌਕੇ ਦੇਣ ਦੀਆਂ ਮੱਦਾਂ ਦਰਜ ਕਰਨੀਆਂ ਪਈਆਂ। ਪਰ ਇਹ ਨੀਤੀ ਯੂਨੀਵਰਸਿਟੀਆਂ/ਕਾਲਜਾਂ ਅੰਦਰ ਵਿਦਿਆਰਥੀਆਂ ਦੀਆਂ ਯੂਨੀਅਨਾਂ ਬਣਾਉਣ ਅਤੇ ਹਰ ਪੱਧਰ 'ਤੇ ਹੀ ਅਧਿਆਪਕਾਂ ਦੀਆਂ ਆਪਣੇ ਮਸਲਿਆਂ ਦੇ ਹੱਲ ਲਈ ਜਥੇਬੰਦੀਆਂ ਬਣਾਉਣ ਦੇ ਸੰਵਿਧਾਨ ਅੰਦਰ ਦਰਜ ਜਥੇਬੰਦ ਹੋਣ ਦੇ ਜਮਹੂਰੀ ਹੱਕ 'ਤੇ ਛਾਪਾ ਮਾਰ ਰਹੀ ਹੈ।

ਬਸਤੀਵਾਦੀ ਹਾਕਮਾਂ ਦੇ ਪਦ-ਚਿੰਨ੍ਹਾਂ 'ਤੇ ਚੱਲਦਿਆਂ ਇਹ ਨੀਤੀ ਕੇਂਦਰੀਕਰਨ ਤੇ ਸਮਰੂਪੀਕਰਨ ਨੂੰ ਉਗਾਸਾ ਦਿੰਦੀ ਹੈ। ਧਰਮ ਜਾਤ ਲਿੰਗ ਆਦਿ ਨੂੰ ਦਰਕਿਨਾਰ ਕਰਦਿਆਂ ਆਜਾਦੀ ਦੀ ਲੜਾਈ 'ਚ ਭਾਰਤ ਦੇ ਸਾਰੇ ਲੋਕਾਂ ਨੇ ਮੋਢੇ ਨਾਲ ਮੋਢਾ ਡਾਹ ਕੇ ਆਪਣਾ ਯੋਗਦਾਨ ਪਾਇਆ ਸੀ ਅਤੇ ਇਸੇ ਲੜਾਈ 'ਚੋਂ ਹੀ ਸਮਾਜਵਾਦ ਅਤੇ ਧਰਮ ਨਿਰਪੱਖਤਾ ਵਰਗੇ ਦੋ ਲਕਬ ਹੋਂਦ 'ਚ ਆਏ ਹਨ ਜੋ ਕਿ ਆਜਾਦੀ ਦੇ ਉਸ ਮਹਾਨ ਯੁੱਧ ਦੀ ਰੂਹ ਹਨ, ਅਤੇ ਸਾਡੀ ਵਿਰਾਸਤ ਹਨ। ਪਰ ਇਹ ਨੀਤੀ ਇਸ ਰੂਹ ਨੂੰ ਹੀ ਸਰੀਰ 'ਚੋਂ ਮਨਫੀ ਕਰਕੇ ਸਰੀਰ ਨੂੰ ਧਰਮ ਆਧਾਰਤ ਤੇ ਗੈਰ ਬਰਾਬਰੀਅਤ ਵਾਲਾ ਸਮਾਜ ਸਿਰਜਣ ਲਈ ਕਾਹਲੀ ਹੈ। ਕਿਓਂਕਿ ਦੋ-ਪਰਤੀ ਵਿੱਦਿਅਕ ਢਾਂਚੇ ਨੂੰ ਉਤਸਾਹਤ ਕਰਨ ਰਾਹੀਂ ਇਹ ਪਾਲਿਸੀ ਸੰਵਿਧਾਨ ਦੇ ਬਰਾਬਰੀ ਦੇ ਅਧਿਕਾਰ ਨੂੰ ਉਲੰਘਦੀ ਹੈ। ਜਿਹੜੇ ਵਿਦਿਆਰਥੀ ਸਾਧਨ ਵਿਹੂਣੇ ਸਕੂਲਾਂ ਤੋਂ ਵਿੱਦਿਆ ਪ੍ਰਾਪਤ ਕਰਨਗੇ ਉਹ ਉਹਨਾਂ ਵਿਦਿਆਰਥੀਆਂ ਨਾਲੋਂ ਪੱਛੜੇ ਹੋਣਗੇ ਜੋ ਸਾਧਨ ਸੰਪੰਨ ਸਕੂਲਾਂ 'ਚ ਪੜ੍ਹੇ ਹਨ। ਇਓਂ ਇਹ ਗੈਰ ਬਰਾਬਰੀ ਵਾਲੇ ਢਾਂਚੇ ਨੂੰ ਉਤਸਾਹਤ ਕਰੇਗੀ।

ਆਪਣੇ ਰਾਜ ਨੂੰ ਬਰਕਰਾਰ ਰੱਖਣ ਲਈ ਬਰਤਾਨਵੀ ਬਸਤੀਵਾਦੀਆਂ ਨੇ ਭਾਰਤ ਦੇ ਪ੍ਰਾਚੀਨ ਇਤਿਹਾਸ ਨੂੰ 'ਪ੍ਰਾਚੀਨ ਸੁਨਿਹਰੀ ਯੁੱਗ' ਕਹਿ ਕੇ ਵਡਿਆਇਆ ਸੀ ਅਤੇ ਗੈਰ ਮਾਨਵੀ ਕਦਰਾਂ-ਕੀਮਤਾਂ ਨਾਲ ਪਰੁੰਨੇ ਪਏ ਮਨੂੰ ਸਮ੍ਰਿਤੀ ਵਰਗੇ ਉਸ ਸਮੇਂ ਦੇ ਸਾਰੇ ਗਰੰਥਾਂ 'ਚ ਭਰੇ ਪਏ ਮਿਥਿਹਾਸਕ ਹਵਾਲਿਆਂ ਨੂੰ ਇਤਿਹਾਸਕ ਸੱਚ ਹੋਣ ਵਜੋਂ ਪ੍ਰਚਾਰਿਆ ਸੀ। ਪਰ ਬਾਅਦ ਦੇ ਅਰਸੇ 'ਚ ਹੋਈ ਖੋਜ ਨੇ ਉਹਨਾਂ 'ਤੱਥਾਂ-ਹਕੀਕਤਾਂ' ਨੂੰ ਪੂਰੀ ਤਰ੍ਹਾਂ ਨਾਲ ਨਕਾਰ ਦਿੱਤਾ ਸੀ। ਅਤੇ ਨਾਲ ਹੀ ਉਸ '...ਯੁੱਗ' ਦੇ ਪ੍ਰਚਲਤ ਜਾਤਪਾਤੀ ਤੁਅੱਸਬਾਂ ਨਾਲ ਗ੍ਰਸਤ ਵਿਚਾਰਾਂ, ਔਰਤਾਂ ਪ੍ਰਤੀ ਤ੍ਰਿਸਕਾਰ ਦੀ ਭਾਵਨਾ ਨਾਲ ਭਰਪੂਰ ਹੋਣ ਵਾਲੇ ਭੇਦਭਾਵ ਵਾਲੇ ਵਿਚਾਰਾਂ ਨੂੰ ਨਕਾਰ ਦਿੱਤਾ ਗਿਆ ਸੀ ਅਤੇ ਇਹਨਾਂ ਨੂੰ ਵਿਗਿਆਨਕ ਵਿਚਾਰਧਾਰਾ ਦੀ ਸਾਨ੍ਹ 'ਤੇ ਚਾੜ੍ਹਕੇ ਇਹਨਾਂ ਦੀ ਨਕਾਰਾਤਮਕਤਾ ਸਿੱਧ ਕੀਤੀ ਜਾ ਚੁੱਕੀ ਹੈ। ਪਰ ਇਹ ਪਾਲਿਸੀ ਉਹਨਾਂ ਹੀ ਜਾਤਪਾਤੀ ਤੁਅੱਸਬਾਂ ਤੇ ਔਰਤਾ ਪ੍ਰਤੀ ਦਵੈਤ ਪੂਰਨ ਰਵੱਈਏ ਵਾਲੇ ਵਿਚਾਰਾਂ ਵਾਲੇ ਯੁੱਗ ਦਾ ਗੁਣਗਾਣ ਕਰਨ ਵਾਲੇ ਵਿਚਾਰਾਂ ਨੂੰ ਸਿਲੇਬਸ ਅੰਦਰ ਜਗ੍ਹਾ ਦਿੰਦੀ ਹੈ ਅਤੇ ਮੈਨੂੰ ਸਮ੍ਰਿਤੀ ਵਰਗੇ ਗ੍ਰੰਥਾਂ ਨੂੰ ਸੰਵਿਧਾਨ ਦਾ ਦਰਜਾ ਦਿਵਾਉਣਾ ਲੋਚਦੀ ਹੈ ਅਤੇ ਉਹਨਾਂ ਸਮਿਆਂ ਦੌਰਾਨ ਹੀ ਇਹਨਾਂ ਬ੍ਰਾਹਮਣੀ ਮੱਤਾਂ ਦਾ ਮੱਤਖੰਡਨ ਕਰਦੇ ਭਗਵਾਨ ਮਹਾਂਵੀਰ, ਗੌਤਮ ਬੁੱਧ ਦੇ ਵਿਚਾਰਾਂ, ਸੂਫੀ-ਭਗਤੀ-ਇਸਲਾਮੀ ਤੇ ਸਿੱਖ ਰਵਾਇਤਾਂ ਨੂੰ ਸਿਲੇਬਸ ਤੋਂ ਬਾਹਰ ਧੱਕਕੇ ਬ੍ਰਾਹਮਣੀ ਰਵਾਇਤਾਂ ਨੂੰ ਸਥਾਪਤ ਕਰਨ ਲਈ ਅਹੁਲਦੀ ਹੈ ਜਿਹੜਾ ਕਿ ਭਾਰਤ ਦੇ ਮੌਜੂਦਾ ਹਾਕਮਾਂ ਦਾ ਅਜੰਡਾ ਹੈ।

ਇਹ ਵਿਗਿਆਨਕ ਸੱਚਾਈ ਹੈ ਕਿ ਵਿਦਿਆਰਥੀ ਆਪਣੀ ਮਾਂ-ਬੋਲੀ ਦੇ ਮਾਧਿਅਮ ਰਾਹੀਂ ਵਧੇਰੇ ਸਹਿਲਤਾ ਅਤੇ ਤੇਜੀ ਨਾਲ ਵਿੱਦਿਆ ਗ੍ਰਹਿਣ ਕਰਦਾ ਹੈ। ਪਰ ਆਪਣੇ ਬਰਤਾਨਵੀ ਹੁਕਮਰਾਨਾਂ ਦੀ ਤਰਜ 'ਤੇ ਅੰਗਰੇਜੀ ਜੁਬਾਨ ਨੂੰ ਉਤਸਾਹਤ ਕਰਨ ਲਈ ਇਸ ਪਾਲਿਸੀ ਰਾਹੀਂ ਮਾਂ-ਬੋਲੀ (ਮਾਦਰੀ ਜੁਬਾਨ) ਰਾਹੀਂ ਵਿੱਦਿਆ ਪ੍ਰਦਾਨ ਕਰਨ ਦੇ ਕਾਰਜ ਨੂੰ ਪੰਜਵੀਂ ਜਮਾਤ ਤੱਕ ਹੀ ਸੁੰਗੇੜ ਦਿੱਤਾ ਗਿਆ ਹੈ ਅਤੇ ਨਾਲ ਹੀ ਪਹਿਲੇ ਕਾਨੂੰਨਾਂ ਵਾਂਗ ਇਸ ਕਾਨੂੰਨ ਵਿੱਚ ਵੀ ਇਹ ਮੱਦ ਦਰਜ ਕੀਤੀ ਗਈ ਹੈ ਕਿ 'ਜਿੱਥੇ ਕਿਤੇ ਵੀ ਸੰਭਵ ਨਾ ਹੋਵੇ।' ਜੀਹਦਾ ਅਰਥ ਇਹ ਹੈ ਕਿ ਅਗਰ ਕਿਸੇ ਸਕੂਲ 'ਚ ਕਿਸੇ ਖਾਸ ਮਾਂ-ਬੋਲੀ ਨੂੰ ਬੋਲਣ ਵਾਲੇ ਵਿਦਿਆਰਥੀ ਤਾਂ ਮੌਜੂਦ ਹਨ ਪਰ ਜਾਂ ਤਾਂ ਉਸ ਸਕੂਲ 'ਚ ਉਸ ਜੁਬਾਨ ਦਾ ਮਾਹਰ ਕੋਈ ਅਧਿਆਪਕ ਹੈਨੀ ਜਾਂ ਫਿਰ ਨੇੜੇ-ਤੇੜੇ ਉਸ ਮਾਦਰੀ ਜੁਬਾਨ ਵਾਲਾ ਕੋਈ ਸਕੂਲ ਹੀ ਮੌਜੂਦ ਨਹੀਂ ਹੈ ਤਾਂ ਉਸ ਵਿਦਿਆਰਥੀ/ਵਿਦਿਆਰਥੀ ਸਮੂਹ ਨੂੰ ਉਸ ਸਕੂਲ 'ਚ ਮੌਜੂਦ ਸਹੂਲਤਾਂ ਅਨੁਸਾਰ ਹੀ ਆਪਣੀ ਪੜ੍ਹਾਈ ਜਾਰੀ ਰੱਖਣੀ ਪਊ। ਯਾਨੀ ਕਿ ਇਓਂ ਦੇਖਿਆਂ ਪੰਜਵੀਂ ਜਮਾਤ ਤੱਕ ਦੀ ਵਿੱਦਿਆ ਪ੍ਰਦਾਨ ਕਰਨ ਦੀ ਗੱਲ ਵੀ ਕਾਗਜੀ ਹੀ ਬਣ ਕੇ ਰਹਿ ਜਾਂਦੀ ਹੈ ਅਤੇ ਵਿਦਿਆਰਥੀ ਦੇ ਕੁਦਰਤੀ ਰੂਪ 'ਚ ਹੋਣ ਵਾਲੇ ਮਾਨਸਕ ਤੇ ਚੇਤਨਾ ਦੇ ਵਿਕਾਸ ਨੂੰ ਬੰਨ੍ਹ ਵੱਜਦਾ ਹੈ। ਉਹ ਵਿਦਿਆਰਥੀ ਸਾਰਟੀਫਿਕੇਟ ਤਾਂ ਭਾਵੇਂ ਹਾਸਲ ਕਰ ਲੈਣ ਪਰ ਉਹਨਾਂ ਦੀ ਵਿਸ਼ੇ 'ਤੇ ਪਕੜ, ਗਹਿਰਾਈ ਨਾਲ ਉਹਦੇ 'ਤੇ ਮੁਹਾਰਤ ਪੱਖੋਂ ਉਹ ਊਣੇ ਹੀ ਰਹਿ ਜਾਣਗੇ। ਕਿਓਂਕਿ ਉਹਨਾਂ ਨੂੰ ਵਿਸੇ ਦੀ ਬੁਨਿਆਦੀ ਸਿਖਲਾਈ ਉਸ ਦੀ ਮਾਂਦਰੀ ਜੁਬਾਨ ਤੋੜ ਬਿਨ੍ਹਾਂ ਕਿਸੇ ਹੋਰ ਜੁਬਾਨ 'ਚ ਢਾਲੀ ਗਈ ਹੈ, ਜੀਹਦੀ ਉਸ ਵਿਦਿਆਰਥੀ ਦੇ ਦਿਮਾਗ ਦੇ ਉੱਤੋਂ ਦੀ ਗੁਜਰ ਜਾਂਦੀ ਹੈ। ਅਜਿਹੇ ਵਿਦਿਆਰਥੀ ਪੜ੍ਹਾਈ 'ਚ ਤਾਂ ਪਛੜਦੇ ਹੀ ਹਨ ਪਰ ਉਹ ਰੁਜਗਾਰ ਹਾਸਲ ਕਰਨ ਵੇਲੇ ਵੀ ਪਿਛਾਂਹ ਰਹਿ ਜਾਂਦੇ ਹਨ।

ਜਿਹੋ ਜਿਹਾ ਇਸ ਪਾਲਿਸੀ ਦਾ ਮਸੌਦਾ ਹੈ ਉਸ ਮੁਤਾਬਕ ਵਿਦਿਆਰਥੀਆਂ ਲਈ ਗੁਣਵੱਤਾ ਵਾਲੀ ਵਿੱਦਿਆ ਪ੍ਰਾਪਤੀ ਕਰਨਾ ਸੰਭਵ ਨਹੀਂ ਹੈ। ਨਤੀਜਤਨ ਰਸਮੀ ਵਿੱਦਿਆ ਤੋਂ ਹੀਣੇ ਉਹ ਵਿਦਿਆਰਥੀ ਇਸ ਲੋਟੂ ਢਾਂਚੇ ਦੇ ਪੁਰਜੇ ਹੀ ਬਣਨਗੇ ਅਤੇ ਮਿਆਰੀ ਵਿੱਦਿਆ ਹਾਸਲ ਨਾ ਹੋਣ ਕਾਰਨ ਉਹ ਬੇਰੁਜਗਾਰਾਂ ਦੀ ਕਤਾਰ 'ਚ ਹੀ ਵਾਧਾ ਕਰਨਗੇ ਜਾਂ ਫਿਰ ਸਮਾਜ ਅੰਦਰ ਕੋਈ ਮਾਨਯੋਗ ਕਿੱਤਾ ਹਾਸਲ ਕਰਨ 'ਚ ਨਾਕਾਮ ਰਹਿਣ ਤੋਂ ਬਾਅਦ ਧੱਕੇ-ਧੋੜੇ ਖਾਂਦੇ ਪਛੜੇ ਵਰਗਾਂ ਨਾਲ ਸਬੰਧਤ ਵਿਦਿਆਰਥੀਆਂ ਨੂੰ ਮੁੜ ਤੋਂ ਆਪਣੇ ਪਿਤਾਪੁਰਖੀ ਕਿੱਤਿਆਂ ਵੱਲ ਧੱਕੇਗੀ, ਜਿਸ ਨਾਲ ਜਾਤਪਾਤੀ ਵਿਵਸਥਾ ਦੇ ਖਾਤਮੇ ਦੀ ਬਜਾਏ ਇਹ ਨੀਤੀ ਇਸ ਨਾਪਾਕ ਢਾਂਚੇ ਨੂੰ ਮਜਬੂਤ ਕਰੇਗੀ ਕਿਓਂਕਿ ਅਜਿਹੇ ਪਿਤਾ-ਪੁਰਖੀ ਕਿੱਤਿਆਂ ਨਾਲ ਬੱਝੇ ਉਹ ਵਿਦਿਆਰਥੀ ਸਮਾਜ ਦੀ ਮੁੱਖਧਾਰਾ ਨਾਲ ਨਾ ਮਿਲਕੇ ਸਮਾਜ ਦੇ ਹੋਰਨਾਂ ਵਰਗਾਂ ਤੋਂ ਆਪਣੀ ਵੱਖਰੀ ਪਹਿਚਾਣ ਹੀ ਬਣਾਈ ਰੱਖਣਗੇ ਅਤੇ ਜਾਤਪਾਤੀ ਵਿਵਸਥਾ ਦੇ ਉਸੇ ਹੀ ਗਧੀਗੇੜ 'ਚ ਪਿਸਦੇ ਚਲੇ ਰਹਿਣਗੇ। ਇਓਂ ਜਾਤਪਾਤੀ ਵਿਤਕਰੇਬਾਜੀ ਵਧੇਗੀ ਅਤੇ ਸਮਾਜ ਜਾਤਾਂ 'ਚ ਵੰਡਿਆ ਰਹੇਗਾ।

ਸਕੂਲੀ ਅਧਿਆਪਕਾਂ ਦੀ ਭਰਤੀ 'ਚ ਇਹ ਨੀਤੀ ਸਕੂਲ ਵਿੱਦਿਆ ਦੇ ਹਰ ਪੱਧਰ 'ਤੇ ਗੈਰ ਰਸਮੀ/ਗੈਰ ਪ੍ਰੀਭਾਸਤ ਭੂਮਿਕਾਵਾਂ ਲਈ ਇਹ ਨੀਤੀ 'ਵਲੰਟੀਅਰਾਂ', 'ਸਮਾਜ ਸੇਵੀਆਂ', 'ਸਲਾਹਕਾਰਾਂ', 'ਸਥਾਨਕ ਉੱਘੇ ਵਿਅਕਤੀਆਂ', 'ਸਕੂਲਾਂ ਦੇ ਸਾਬਕਾ ਵਿਦਿਆਰਥੀਆਂ', 'ਸਰਗਰਮ ਤੇ ਸਿਹਤਮੰਦ ਸੀਨੀਅਰ ਸਹਿਰੀਆਂ' ਅਤੇ 'ਜਨਤਕ ਭਾਵਨਾ ਵਾਲੇ ਭਾਈਚਾਰੇ ਦੇ ਮੈਂਬਰਾਂ' ਦੀ ਵੱਡੀ ਪੱਧਰ 'ਤੇ ਭਰਤੀ ਦੀ ਵਿਵਸਥਾ ਕਰਦੀ ਹੈ। ਜਿਸ ਨਾਲ ਵਿਦਿਆਰਥੀਆਂ ਦੇ ਮੁੱਢਲੇ ਸਾਲਾਂ ਦੌਰਾਨ ਹੋਣ ਵਾਲੇ ਮਾਨਸਕ ਵਿਕਾਸ ਨੂੰ ਆਪਣੇ ਅਜੰਡੇ ਮੁਜਬ ਢਾਲਣ ਰਾਹੀਂ ਇਹ ਸਮਾਜ ਦੇ ਹਰ ਖੇਤਰ ਅੰਦਰ ਹਾਕਮ ਪਾਰਟੀ ਦੇ ਭਾਈਚਾਰਕ ਸਾਂਝ ਨੂੰ ਤੀਲਾ-ਤੀਲਾ ਕਰਨ ਅਤੇ ਭਾਈਚਾਰਕ ਵੰਡੀਆਂ ਪਾਉਣ ਦੇ ਅਜੰਡੇ ਨੂੰ ਅੱਗੇ ਵਧਾਉਣ ਲਈ ਰਾਹ ਪੱਧਰਾ ਕਰਦੀ ਹੈ। ਹਰ ਪੱਧਰ 'ਤੇ ਆਪਣਾ ਕਾਡਰ ਭਰਤੀ ਕਰਕੇ ਆਪਣੀ ਮਨਮਰਜੀ ਦੇ ਫੈਸਲੇ ਲੈਣ ਲਈ ਹਾਕਮ ਟੋਲਿਆਂ ਲਈ ਮੁਆਫਕ ਮੌਕੇ ਹਾਸਲ ਕਰਨਾ ਹੈ।

ਚੈਰਿਟੀ, ਚੈਰੀਟੇਬਲ ਸਬਦ ਆਮ ਹੀ ਸੁਣੇ ਜਾਂਦੇ ਹਨ। ਚੈਰਿਟੀ ਕਰਨ ਦਾ ਵਿਚਾਰ ਇਸਾਈ ਪ੍ਰਚਾਰਕਾਂ ਵੱਲੋਂ ਲਿਆਂਦਾ ਗਿਆ ਸੀ। ਉਹਨਾਂ ਨੇ ਹੀ ਸੱਭ ਤੋਂ ਪਹਿਲਾਂ ਭਾਰਤ ਅੰਦਰ ਚੈਰਿਟੀ ਸੰਸਥਾਵਾਂ ਦੀ ਨੀਂਹ ਰੱਖੀ ਸੀ ਅਤੇ ਸਮਾਜ ਦੇ ਪ੍ਰਤਿਸਠ ਵਰਗਾਂ ਤੋਂ ਦਾਨ ਲੈ ਕੇ ਉਹ ਇਹਨਾਂ ਸੰਸਥਾਵਾਂ ਨੂੰ ਚਲਾਉਂਦੇ ਸਨ। ਉਹ ਉਹਨਾਂ ਹੀ ਵਿਚਾਰਾਂ ਨੂੰ ਉਗਾਸਾ ਦਿੰਦੇ ਸਨ ਜੋ ਬਸਤੀਵਾਦੀ ਹੁਕਮਰਾਨਾਂ ਨੂੰ ਰਾਸ ਬਹਿੰਦੇ ਸਨ। ਉਹਨਾਂ ਦੀ ਦੇਖਾ-ਦੇਖੀ ਹੋਰਨਾਂ ਧਰਮਾਂ ਨਾਲ ਸਬੰਧਤ ਲੋਕਾਂ ਨੇ ਵੀ ਅਜਿਹੀਆਂ ਸੰਸਥਾਵਾਂ ਖੋਹਲੀਆਂ- ਆਰੀਆ ਸਮਾਜ, ਸਨਾਤਨ ਧਰਮ, ਖਾਲਸਾ ਸੰਸਥਾਨ, ਜੈਨ ਸੰਸਥਾਵਾਂ, ਮੁਸਲਿਮ ਸੰਸਥਾਨ ਆਦਿ। ਪਰ ਅੱਜ ਦੀਆਂ ਸਾਰੀਆਂ ਹੀ ਪਰ-ਉਪਕਾਰੀ (ਚੈਰੀਟੇਬਲ) ਵਿੱਦਿਅਕ ਸੰਸਥਾਨ ਵਿਦਿਆਰਥੀਆਂ ਦੀ ਲੁੱਟ ਦੇ ਸਾਧਨ ਬਣੇ ਹੋਏ ਹਨ। ਚੈਰਿਟੀ ਦੇ ਨਾਂ ਹੇਠ ਇਹ ਸੰਸਥਾਨ ਸਰਕਾਰੀ ਰਾਹਤਾਂ ਮਾਨਦੇ ਹਨ ਅਤੇ ਇਹੀ ਰਾਹਤਾਂ ਉਹ ਅਗਾਂਹ ਵਿਦਿਆਰਥੀਆ ਨੂੰ ਪਹੁੰਚਦੀਆਂ ਨਹੀਂ ਕਰਦੇ। ਇਹੀ ਕਾਰਨ ਹੈ ਕਿ ਇਹ ਨੀਤੀ ਪਰਉਪਕਾਰ ਕਰਨ ਰਾਹੀਂ ਵਿੱਦਿਆ ਦੇ ਵਪਾਰੀਕਰਨ ਨੂੰ ਉਤਸਾਹਤ ਕਰਦੀ ਹੈ। ਅਤੇ ਨਾਲ ਹੀ ਇਹ ਕਿ ਇਸ ਪਾਲਿਸੀ ਅੰਦਰ ਇਹ ਕਿਧਰੇ ਵੀ ਦਰਜ ਨਹੀਂ ਹੈ ਕਿ ਇੱਕ ਨਿੱਜੀ ਸੰਸਥਾਨ ਅਤੇ ਇੱਕ ਪਰ-ਉਪਕਾਰੀ ਸੰਸਥਾਨ ਦਾ ਆਪੋ 'ਚ ਫਰਕ ਕੀ ਹੈ। ਇਸ ਲਈ ਨਿੱਜੀ ਸੰਸਥਾਵਾਂ ਨੇ ਵੀ ਪਰ-ਉਪਕਾਰੀ ਦੇ ਬੋਰਡ ਲਾ ਕੇ ਆਪਣੀਆਂ ਨਿੱਜੀ ਦੁਕਾਨਾਂ ਮਾਫਕ ਸੰਸਥਾਨ ਖੋਹਲ ਛੱਡੇ ਹਨ। ਇਓਂ ਇਹ ਨੀਤੀ ਸਰਕਾਰੀ (ਜਨਤਕ) ਪੈਸੇ ਦੇ ਸਿਰ 'ਤੇ ਆਪਣੇ ਨਿੱਜੀ ਖਜਾਨਿਆਂ ਨੂੰ ਪੂਰਨ ਦਾ ਸੰਦ ਬਣਦੀ ਹੈ।

ਕਿੱਤੇ ਪ੍ਰਤੀ ਸਮੱਰਪਣ, ਯੋਗਤਾ ਤੇ ਪੜ੍ਹਾਉਣ ਦੀ ਕਲਾ 'ਚ ਮੁਹਾਰਤ ਕਿਸੇ ਵੀ ਅਧਿਆਪਕ ਨੂੰ ਇੱਕ ਸਫਲ ਅਧਿਆਪਕ ਬਣਾਉਂਦੀ ਹੈ। ਪਰ ਇਹ ਪਾਲਿਸੀ ਇਹਨਾਂ ਗੁਣਾਂ-ਯੋਗਤਾਵਾਂ ਨੂੰ ਦਰਕਿਨਾਰ ਕਰਦਿਆਂ ਸੰਸਥਾ ਤੇ ਸਮਾਜ ਪ੍ਰਤੀ ਸਮੱਰਪਣ ਨੂੰ ਹੀ ਅਧਿਆਪਕਾਂ ਦੀਆਂ ਨਿਯੁਕਤੀਆਂ ਦਾ ਆਧਾਰ ਬਣਾਉਂਦੀ ਹੈ। ਜਿਹਨਾਂ ਦਾ ਪੈਮਾਨਾ ਉੱਚ-ਅਹੁਦਿਆਂ 'ਤੇ ਬਿਰਾਜਮਾਨ ਵਿਅਕਤੀ ਹੀ ਨਿਰਧਾਰਤ ਕਰਨਗੇ ਅਤੇ ਉਹ ਹੀ ਪਰਖਣਗੇ ਕਿ ਕੋਈ ਵਿਅਕਤੀ ਸਮਾਜ ਪ੍ਰਤੀ ਸਮੱਰਪਣ ਰੱਖਦਾ ਵੀ ਹੈ ਕਿ ਨਹੀਂ। ਇਓਂ ਇਹ ਪਾਲਿਸੀ ਚਾਪਲੂਸਾਂ ਦੀ ਫੌਜ ਤਿਆਰ ਕਰਨ ਲਈ ਘੜੀ ਗਈ ਹੈ। ਇਓਂ ਹੀ ਇਹ ਨੀਤੀ ਆਰਐੱਸਐੱਸ ਦੇ ਲੁਕਵੇਂ ਅਜੰਡੇ- ਇੱਕ ਦੇਸ ਇੱਕ ਭਾਸਾ ਇੱਕ ਬੋਲੀ ਇੱਕ ਵੇਸ ਇੱਕ ਕਾਨੂੰਨ ਇੱਕ ਵਿਆਹ ਕਾਨੂੰਨ- ਨੂੰ ਹੀ ਨੇਪਰੇ ਚਾੜ੍ਹਣ ਵੱਲ ਲੈ ਜਾਂਦੀ ਹੈ। ਇਸੇ ਸਕੀਮ 'ਚ ਹੀ ਇਸ ਨੀਤੀ ਤਹਿਤ ਆਰਐੱਸਐੱਸ ਵੱਲੋਂ ਆਦਿ-ਵਾਸੀ ਇਲਾਕਿਆਂ ਅੰਦਰ ਖੋਲ੍ਹੇ ਏਕਲ ਵਿਦਿਆਲਾ ਦੀ ਤਰਜ 'ਤੇ ਪੇਂਡੂ ਖੇਤਰਾਂ ਅੰਦਰ ਸਿੰਗਲ ਟੀਚਰ ਸਕੂਲ ਅਤੇ ਸਹਿਰੀ ਖੇਤਰਾਂ ਅੰਦਰ ਬਜਟ ਸਕੂਲ ਖੋਹਲਣ ਦਾ ਬਿਓਰਾ ਇਹ ਨੀਤੀ ਦਿੰਦੀ ਹੈ। ਸਮਾਜ ਦੇ ਆਦਿ-ਵਾਸੀਆਂ ਜਿਹੇ ਪਛੜੇ ਵਰਗਾਂ ਨੂੰ ਮਿਆਰੀ ਵਿੱਦਿਆ ਤੋਂ ਵਾਂਝਿਆਂ ਰੱਖਕੇ ਇਹ ਨੀਤੀ ਗਰੀਬੀ-ਅਮੀਰੀ ਦਰਮਿਆਨ ਮੌਜੂਦ ਪਾੜੇ ਨੂੰ ਹੀ ਹੋਰ ਚੁੜੇਰਾ ਕਰਨ ਦਾ ਸਾਧਨ ਬਣਦੀ ਹੈ।

ਪ੍ਰੀ-ਪ੍ਰਾਇਮਰੀ ਤੋਂ ਲੈ ਕੇ ਸਕੂਲੀ ਵਿੱਦਿਆ ਅਤੇ ਧੁਰ ਯੂਨੀਵਰਸਿਟੀ ਪੱਧਰ ਦੀ ਹਰ ਲੈਵਲ ਦੀ ਪੜ੍ਹਾਈ ਦੇ ਖੇਤਰ ਨੂੰ ਨਿੱਜੀ ਸੰਸਥਾਨਾਂ ਲਈ ਖੋਹਲਣ ਅਤੇ ਨਾਲ ਹੀ ਇਸ ਵਿਸਾਲ ਖੇਤਰ ਨੂੰ ਵਿਦੇਸੀ ਯੂਨੀਵਰਸਿਟੀਆਂ ਲਈ ਖੁੱਲ੍ਹਾ ਕਰਨ ਨਾਲ ਜਿੱਥੇ ਪੜ੍ਹਾਈ ਕਰਨੀ ਆਮ ਵੱਸੋਂ ਦੇ ਵਿਤੋਂ-ਬਾਹਰੀ ਹੋ ਜਾਵੇਗੀ, ਉੱਥੇ ਨਾਲ ਹੀ ਵਿਦੇਸੀ ਯੂਨੀਵਰਸਿਟੀਆਂ ਲਈ ਇਹ ਕੋਈ ਬੰਨ੍ਹਣ ਨਹੀਂ ਕਿ ਉਹ ਇੱਥੋਂ ਭਾਰਤ 'ਚੋਂ ਕਮਾਇਆ ਪੈਸਾ ਭਾਰਤ ਅੰਦਰ ਹੀ ਅਤੇ ਉਹ ਵੀ ਵਿੱਦਿਆ ਦੇ ਖੇਤਰ ਅੰਦਰ ਹੀ ਇਨਵੈੱਸਟ ਕਰਨ ਦੀ ਉਹਨਾਂ 'ਤੇ ਕਿਸੇ ਕਿਸਮ ਦੀ ਕੋਈ ਪਾਬੰਦੀ ਨਹੀਂ ਹੈ। ਇਹ ਸਰ੍ਹੇਆਮ ਹੀ ਸਾਡੇ ਮੁਲਕ ਦੇ ਬਹੁ ਕੀਮਤੀ ਖਜਾਨਿਆਂ ਨੂੰ ਨੂੰ ਬਹੁ ਕੌਮੀ ਕਾਰਪੋਰੇਸਨਾਂ ਦੇ ਹਵਾਲੇ ਕਰਕੇ ਸਾਨੂੰ ਗੁਲਾਮੀ ਵੱਲ ਧੱਕਣ ਦੀ ਕੋਝੀ ਕੋਸ਼ਿਸ ਹੈ।

ਭਾਰਤ ਦੀ ਹੁਕਮਰਾਨ ਜਮਾਤ ਵੱਲੋਂ ਵਿਸਾਲ ਲੋਕਾਈ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨ ਲਈ ਲਿਆਂਦੀ ਗਈ ਇਹ ਨੀਤੀ ਇੱਥੇ ਇੱਕ ਵਾਰ ਫਿਰ ਮੈਕਾਲੇ ਦੇ ਉਹਨਾਂ ਲਫਜਾਂ ਦੀ ਯਾਦ ਦੁਆਉਂਦੀ ਹੈ ਜੀਹਦੇ ਆਧਾਰ 'ਤੇ ਉਸਨੇ ਆਪਣੀ ਉਹ ਨੀਤੀ 1835 'ਚ ਲਿਆਂਦੀ ਸੀ ਅਤੇ ਜਿਸ ਵਿੱਦਿਅਕ ਢਾਂਚੇ ਨੇ ਸਾਡੇ ਮੁਲਕ ਦੀਆਂ ਪੀੜ੍ਹੀਆਂ ਦੀਆਂ ਪੀੜ੍ਹੀਆਂ ਦੀ ਜ਼ਿੰਦਗੀਆਂ ਤਬਾਹ ਕੀਤੀਆਂ ਅਤੇ ਸਾਨੂੰ ਗੁਲਾਮੀ 'ਚ ਬੱਝੀ ਰੱਖਿਆ ਅਤੇ ਜਿਹੜੀ ਨੇ 1947 ਤੋਂ ਬਾਅਦ ਦੇ ਵਰ੍ਹਿਆਂ ਦੌਰਾਨ ਵੀ ਅੰਦਰ ਕੋਈ ਖੋਜੀ ਪ੍ਰਵਿਰਤੀ ਵਿਕਸਤ ਹੋਣ ਨੂੰ ਬੰਨ੍ਹ ਮਾਰੀ ਰੱਖਿਆ ਹੈ ਅਤੇ ਅੱਜ ਹਾਲਾਤ ਇਹ ਹਨ ਕਿ ਜਦੋਂ ਵੀ ਸਾਡੇ ਮੁਲਕ ਦੇ ਪੜ੍ਹੇ ਡਾਕਟਰ, ਇੰਜਨੀਅਰ ਜਾਂ ਕੋਈ ਹੋਰ ਪ੍ਰੋਫੈਸਨ ਦੀਆਂ ਡਿਗਰੀਆਂ ਲੈ ਕੇ ਵਿਦੇਸਾਂ 'ਚ ਜਾਂਦੇ ਹਨ ਤਾਂ ਉਹਨਾਂ ਸਾਰਟੀਫਿਕੇਟਾਂ ਨੂੰ ਉਹ ਰੱਦੀ ਮਾਫਕ ਸਮਝਦੇ ਹਨ ਅਤੇ ਉਹ ਇਹਨਾਂ 'ਤੇ ਇਤਬਾਰ ਨਹੀਂ ਕਰਦੇ ਅਤੇ ਆਪਣੇ ਪਸੰਦ ਦੀ 'ਆਜਾਦ' ਸੰਸਥਾ ਤੋਂ ਉਹਨਾਂ ਦਸਤਾਵੇਜਾਂ ਦੀ ਮੁੜ ਪੜਤਾਲ ਕਰਾਉਂਦੇ ਹਨ ਅਤੇ ਨਾਲ ਹੀ ਉਹਨਾਂ ਦਾ ਮੁੜ ਮੁਲਾਂਕਣ ਕਰਕੇ ਵਿਦਿਆਰਥੀਆਂ ਨੂੰ ਆਪਣੇ ਦੇਸਾਂ ਦੀ ਪੜ੍ਹਾਈ 'ਚ ਦਾਖਲ ਹੋਣ ਦੀ ਇਜਾਜਤ ਦੇ ਕੇ ਉਹਨਾਂ ਮੁਲਕਾਂ 'ਚ ਕੰਮ ਕਰਨ ਦੇ ਲਾਇਕ ਹੋਣ ਦੇ ਸਾਰਟੀਫਿਕੇਟ ਦਿੰਦੇ ਹਨ।

ਖੋਜ ਨੂੰ ਉਤਸਾਹਤ ਕਰਨ ਦੇ ਸਾਰੇ ਰਾਹ ਹੀ ਬੰਦ ਕਰ ਰੱਖੇ ਨੇ ਇਸ ਨੀਤੀ ਨੇ। ਪੋਸਟ ਗਰੈਜੂਏਟ ਕੋਰਸ ਨੂੰ ਇੱਕ ਸਾਲ ਦਾ ਅਤੇ ਐੱਮ ਫਿਲ ਕੋਰਸ ਨੂੰ ਬੰਦ ਕਰਕੇ ਇਹ ਨੀਤੀ ਕਿਹੋ ਜਿਹੇ ਵਿਦਿਆਰਥੀਆਂ ਨੂੰ ਦੇਸ ਸਾਹਮਣੇ ਪੇਸ ਕਰਨ ਜਾ ਰਹੀ ਹੈ ਇਹ ਅੰਦਾਜਾਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਇਸ ਨੀਤੀ ਤਹਿਤ ਰਾਸਟਰੀ ਖੋਜ ਫਾਊਂਡੇਸਨ ਰਾਹੀਂ ਖੋਜ ਕਰਨ ਦੇ ਸਮੁੰਚੇ ਕਾਰ-ਵਿਹਾਰ ਨੂੰ ਹੀ ਸਮੁੱਚੇ ਰੂਪ 'ਚ ਆਪਣੇ ਏਕਾਧਿਕਾਰ ਠੀਕ ਲਿਆਉਣਾ ਲੋਚਦੀ ਹੈ ਜਿਹੜਾ ਕਿ ਖੋਜ ਪ੍ਰਤੀ ਆਪਮੁਹਾਰਤਾ, ਸਿਰਜਣਾਤਮਕਤਾ ਤੇ ਉਤਸਾਹ ਨੂੰ ਖੋਰਾ ਲਾਉਂਦੀ ਹੈ ਅਤੇ ਆਪਣੇ ਸੂਤ ਬਹਿੰਦੇ ਖੋਜ ਕਾਰਜਾਂ ਨੂੰ ਮਨਜੂਰੀ ਦੇਣ ਦੇ ਰਾਹ ਪੱਧਰਾ ਕਰਦੀ ਹੈ।

ਵਿਦਿਆਰਥੀਆਂ ਦੀ ਲੁੱਟ ਨੂੰ ਹੋਰ ਉਤਸਾਹਤ ਕਰਨ ਲਈ ਇਹ ਪਾਲਿਸੀ ਨਿੱਜੀ ਵਿੱਦਿਅਕ ਅਦਾਰਿਆਂ ਦੇ ਫੀਸਾਂ ਦੇ ਢਾਂਚੇ ਨੂੰ ਅਤੇ ਅਧਿਆਪਕਾਂ ਨੂੰ ਦਿੱਤੀ ਜਾਣ ਵਾਲੀ ਤਨਖਾਹ ਦੇ ਢਾਂਚੇ ਨੂੰ ਪੂਰਨ ਰੂਪ 'ਚ ਖਤਮ ਕਰ ਕੇ ਉਹਨਾਂ ਨੂੰ ਮਨਮਾਨੀਆਂ ਕਰਨ ਦੀ ਇਜਾਜਤ ਦਿੰਦੀ ਹੈ। ਇਸ ਨਾਲ ਪਛੜੇ ਵਰਗਾਂ ਅਤੇ ਵਿੱਤੀ ਪੱਖੋਂ ਕਮਜ਼ੋਰ ਘਰਾਂ ਦੇ ਬੱਚਿਆਂ ਲਈ ਵਿੱਦਿਆ ਪਹੁੰਚ ਤੋਂ ਬਾਹਰ ਹੋ ਜਾਵੇਗੀ ਅਤੇ ਮੋੜਵੇਂ ਰੂਪ 'ਚ ਸਿੱਖਿਆ ਪ੍ਰਦਾਨ ਕਰਨ ਦੀ ਬਜਾਏ ਇਹ ਨੀਤੀ ਅਨਪੜ੍ਹਤਾ ਨੂੰ ਉਤਸਾਹਤ ਕਰੇਗੀ। ਇਸ ਮਾਮਲੇ 'ਚ ਇਸ ਨੀਤੀ 'ਚ ਦਰਜ ਹੈ ਕਿ ਅਦਾਰਿਆਂ ਨੂੰ ਸਿਰਫ 'ਆਨਲਾਈਨ ਪਾਰਦਰਸੀ ਹਲਫੀਆ ਬਿਆਨ' ਹੀ ਦੇਣਾ ਪਵੇਗਾ ਯਾਨੀ ਕਿ ਹਲਫੀਆ ਬਿਆਨ ਦਿਓ ਤੇ ਮਨਮਰਜੀ ਦੀ ਲੁੱਟ ਕਰੋ।

ਇਹ ਨੀਤੀ ਜੋ ਕੁੱਝ ਵੀ ਥੋੜ੍ਹਾ-ਬਹੁਤ ਜਮਹੂਰੀ ਢਾਂਚਾ ਵਿੱਦਿਅਕ ਪ੍ਰਣਾਲੀ ਨਾਲ ਜੁੜਿਆ ਹੋਇਆ ਮੌਜੂਦ ਸੀ ਉਸ ਨੂੰ ਪੂਰੀ ਤਰ੍ਹਾਂ ਨਾਲ ਖੇਰੂੰ-ਖੇਰੂੰ ਕਰਦੀ ਹੈ। ਹਰ ਯੂਨੀਵਰਸਿਟੀ ਨੂੰ ਖੁਦਮੁਖਤਾਰੀ ਦੇ ਕੇ ਅਤੇ ਉਸਦੀ ਕਾਰਕਰਦਗੀ ਨੂੰ ਸਟਾਰ ਰੇਟਿੰਗ ਮੁਤਾਬਕ ਵਧੀਆ ਜਾਂ ਮਾੜੀ ਹੋਰ ਦੀ ਰੇਟਿੰਗ ਦੇਣ ਰਾਹੀਂ ਇਹ ਨੀਤੀ ਫੰਡਾਂ ਦੀ ਘਾਟ ਨਾਲ ਮੁੱਢਾਂ-ਸੁੰਢੋਲੇ ਹੀ ਜੂਝਦੀਆਂ ਆ ਰਹੀਆਂ ਜਨਤਕ ਖੇਤਰ ਦੀਆਂ ਯੂਨੀਵਰਸਿਟੀਆਂ ਨੂੰ ਪਿੜੋਂ ਬਾਹਰ ਕੱਢਣਾ ਹੈ। ਇਓਂ ਵਾਜਬ ਫੀਸਾਂ ਨਾਲ ਮਿਆਰੀ ਪੜ੍ਹਾਈ ਪ੍ਰਾਪਤ ਕਰਨ ਦੇ ਮੁੱਢਲੇ ਅਧਿਕਾਰ ਤੋਂ ਆਮ ਵਿਦਿਆਰਥੀ ਅਤੇ ਖਾਸਕਰ ਪਛੜੇ ਵਰਗਾਂ ਦੇ ਵਿਦਿਆਰਥੀ ਮੁਕਾਬਲੇ ਤੋਂ ਬਾਹਰ ਧੱਕੇ ਜਾਣਗੇ।

ਇੱਕ ਵਾਰੀ ਫਿਰ ਮਨੂੰ ਸਮ੍ਰਿਤੀ 'ਚ ਦਰਜ ਸਮਝ ਕਿ ਕਿਸ ਤਰ੍ਹਾਂ ਨਾਲ ਦਲਿਤ ਤੇ ਪਛੜੇ ਵਰਗਾਂ ਨੂੰ ਜਾਣਕਾਰੀ ਵਿਹੂਣੇ ਰੱਖਣਾ ਹੈ ਉਹ ਯਾਦ ਕਰਨ ਦੀ ਲੋੜ ਹੈ ਜਿਸ 'ਚ ਕਿਹਾ ਗਿਆ ਹੈ ਕਿ "ਜੇ ਸੂਦਰ ਇਤਫਾਕੀਆ ਜਾਂ ਗੁਪਤ ਤੌਰ 'ਤੇ ਵੇਦਾਂਤ ਦੇ ਮੰਤਰ ਸੁਣ ਲਵੇ ਤਾਂ ਉਸ ਦੇ ਕੰਨਾਂ 'ਚ ਸੀਸੇ (ਸਿੱਕੇ) ਨੂੰ ਪਿੰਘਲਾਕੇ ਭਰ ਦਿੱਤਾ ਜਾਵੇ, ਜੇ ਉਹ ਵੇਦਾਂ ਦੇ ਮੰਤਰ ਬੋਲੇ ਤਾਂ ਉਸ ਦੀ ਜੀਭ ਕੱਟ ਦਿੱਤੀ ਜਾਵੇ ਅਤੇ ਜੇ ਉਸਨੂੰ ਵੇਦਾਂ ਦੇ ਸਲੋਕ ਯਾਦ ਹੋ ਗਏ ਹੋਣ ਤਾਂ ਉਸਦੇ ਸਰੀਰ ਦੇ ਟੁਕੜੇ-ਟੁਕੜੇ ਕਰ ਦਿੱਤਾ ਜਾਣ।"

ਇਹ ਹੈ ਭਾਰਤ ਦੀਆਂ ਮੌਜੂਦਾ ਹਾਕਮ ਜਮਾਤਾਂ ਦਾ ਲੁਕਵਾਂ ਅਜੰਡਾ-ਜਿਸ ਰਾਹੀਂ ਉਹ ਆਪਣੇ ਰਾਜ-ਭਾਗ ਦੀ ਉਮਰ ਲਮੇਰੀ ਕਰਨ ਲਈ ਹਰ ਛਲ ਤੇ ਬਲ ਦੀ ਨੀਤੀ ਵਰਤਣ ਤੋਂ ਕੋਈ ਵੀ ਗੁਰੇਜ ਨਹੀਂ ਕਰ ਰਹੇ ਅਤੇ ਨਾ ਹੀ ਇਸਨੂੰ ਲੁਕੋ-ਛਿਪੋ ਕੇ ਅਜਿਹਾ ਕਰ ਰਹੇ ਹਨ। ਕ ਥਾਂਵਾਂ 'ਤੇ ਉਹ ਆਪਣੀ ਪਰਖ ਪ੍ਰੀਖਿਆ ਰਾਹੀਂ ਵਿਦਿਆਰਥੀਆਂ ਨੂੰ

# ਜ਼ਮੀਰ ਦੀ ਆਵਾਜ਼, ਝੂਠੇ ਕੇਸ ਅਤੇ ਅਦਾਲਤੀ ਫ਼ੈਸਲੇ



ਵਿੱਦਿਆ ਪ੍ਰਾਪਤੀ ਤੋਂ ਬਾਹਰ ਕਰ ਰਹੇ ਹਨ। ਇੱਕ ਅਜਿਹੀ ਪਰੀਖਿਆ ਪ੍ਰਣਾਲੀ ਹੈ ਜਿਹੜੀ ਇਸ ਪਾਲਿਸੀ ਤਹਿਤ ਕੇਂਦਰੀਕ੍ਰਿਤ ਕੀਤੀ ਗਈ ਹੈ ਅਤੇ ਜਿਹੜੀ ਹੇਠਲੀਆਂ ਜਮਾਤਾਂ ਤੋਂ ਲੈ ਕੇ ਪਰੀਖਿਆਵਾਂ ਲੈਣ ਦੀ ਗੱਲ ਕਰਦੀ ਹੈ। ਪਰਫਾਰਮੈਂਸ, ਅਸੈੱਸਮੈਂਟ, ਰੀਵਿਊ, ਅਨਾਲਸਿਸ ਆਫ ਨਾਲਜ ਫਾਰ ਦ ਹੋਲਿਸਟਿਕ ਡਿਵੈਲਪਮੈਂਟ ਇਸ ਪਰਖ ਦਾ ਪੂਰਾ ਮਤਲਬ ਬਣਦਾ ਹੈ। ਕੋਈ ਵੀ ਅਧਿਆਪਕ ਇਹੀ ਹੀ ਸਾਧਨ ਅਪਨਾ ਕੇ ਆਪਣੇ ਵਿਦਿਆਰਥੀ ਦਾ ਮੁਲੰਕਣ ਕਰਦਾ ਹੈ ਤਾਂ ਫਿਰ ਇਸ ਲੰਮੇ-ਚੌੜੇ ਨਾਂ ਨਾਲ ਸ਼ਿੰਗਾਰੇ ਇਸ ਲਕਬ ਦੀ ਕੀ ਤੁਕ ਬਣਦੀ ਹੈ। ਵਿੱਦਿਆ ਅਧਿਕਾਰ ਕਾਨੂੰਨ ਤਹਿਤ ਕਿਸੇ ਵੀ ਵਿਦਿਆਰਥੀ ਨੂੰ ਫੇਲ੍ਹ ਨਾ ਕਰਨ ਦੀ ਨੀਤੀ ਅਪਨਾਈ ਗਈ ਸੀ ਜਿਸਦਾ ਅਰਥ ਸੀ ਕਿ ਕੋਈ ਵੀ ਵਿਦਿਆਰਥੀ ਅਸਫਲ ਨਹੀਂ ਹੁੰਦਾ। ਅਗਰ ਕਿਸੇ ਵਿਦਿਆਰਥੀ ਨੇ ਕਿਸੇ ਇਮਤਿਹਾਨ ਅੰਦਰ ਥੋੜ੍ਹੇ ਨੰਬਰ ਪ੍ਰਾਪਤ ਕੀਤੇ ਹਨ ਤਾਂ ਇਸ ਦਾ ਅਰਥ ਨਹੀਂ ਬਣਦਾ ਕਿ ਉਹ ਹੁਣ ਕਿਸੇ ਵੀ ਕੰਮ ਦਾ ਨਹੀਂ ਰਿਹਾ ਅਤੇ ਉਸ ਦੇ ਅੱਗੇ ਵਧਣ ਦੇ ਸਾਰੇ ਰਾਹ ਹੀ ਖਤਮ ਹੋ ਗਏ ਹਨ ਅਤੇ ਉਹ ਹੁਣ ਕਿਸੇ ਵੀ ਕੰਮ ਕਰਨ ਦੇ ਲਾਇਕ ਨਹੀਂ ਹੈ। ਅਜਿਹੀ ਹਾਲਤ ਦੇ ਮੱਦੇ-ਨਜਰ ਹੀ ਕਿਸੇ ਨੂੰ ਵੀ ਫੇਲ੍ਹ ਨਾ ਕਰਨ ਦੀ ਨੀਤੀ ਅਪਨਾਈ ਗਈ ਸੀ। ਪਰ ਇਸ ਨੀਤੀ ਰਾਹੀਂ ਬਾਹਰੀ ਤੌਰ 'ਤੇ ਇੱਕ ਕੇਂਦਰੀਕ੍ਰਿਤ ਅਥਾਰਟੀ ਨੂੰ ਪ੍ਰੀਖਿਆਵਾਂ ਲੈਣ ਦਾ ਅਧਿਕਾਰ ਦੇਣ ਨਾਲ ਵਿਦਿਆਰਥੀਆਂ ਦੀ ਜੋ ਪਰਖ ਕੀਤੇ ਜਾਣ ਦਾ ਇਹ ਨੀਤੀ ਦਾਅਵਾ ਕਰਦੀ ਹੈ ਉਹ ਮਕਸਦ ਨਾ ਸਿਰਫ ਗ੍ਰਿਹਣਿਆ ਜਾਂਦਾ ਹੈ ਸਗੋਂ ਇਸ ਨਾਲ ਪਛੜੇ ਵਰਗਾਂ ਦੇ ਵਿਦਿਆਰਥੀ ਵਿੱਦਿਆ ਦੇ ਪਿੱਛੋਂ ਹੀ ਬਾਹਰ ਧੱਕੇ ਜਾਣਗੇ ਕਿਓਂਕਿ ਉਹਨਾਂ ਕੋਲ ਉਹ ਸਾਧਨ ਹੀ ਨਹੀਂ ਹਨ ਕਿ ਉਹ ਉਸ ਤਰ੍ਹਾਂ ਦੀਆਂ ਪ੍ਰੀਖਿਆਵਾਂ ਦੇ ਹਾਣ ਦੇ ਬਣ ਸਕਣ।

ਇਸ ਨੀਤੀ ਦੇ ਵਿੱਦਿਅਕ ਢਾਂਚੇ ਅਤੇ ਵਿੱਦਿਆ ਦੇ ਮਿਆਰ ਅਤੇ ਮੋੜਵੇਂ ਰੂਪ 'ਚ ਸਮੁੱਚੇ ਸਮਾਜ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦੇ ਮੱਦੇਨਜਰ ਮੈਕਾਲੇ ਦੇ ਕਹੇ ਇਹ ਲਫਜ ਮੁੜ-ਮੁੜ ਯਾਦ ਆਉਂਦੇ ਹਨ-"ਮੈਨੂੰ ਇਹ ਗੱਲ ਬਿਲਕੁੱਲ ਸਪੱਸ਼ਟ ਹੈ ਕਿ ਅਸੀਂ ਪਾਰਲੀਮੈਂਟ ਵੱਲੋਂ ਪਾਸ ਕੀਤੇ 1813 ਦੇ ਕਾਨੂੰਨ 'ਚ ਬੱਝੇ ਹੋਏ ਨਹੀਂ ਹਾਂ, ਕਿ ਅਸੀਂ ਕਿਸੇ ਵੀ ਸ਼ਰ੍ਹਾਂ ਜਾਂ ਸ਼ਰਤ ਨਾਲ ਨੂੜੇ ਹੋਏ ਨਹੀਂ ਹਾਂ। ਕਿ ਅਸੀਂ ਆਪਣੇ ਫੰਡਾਂ ਨੂੰ ਆਪਣੀ ਮਨਮਰਜੀ ਨਾਲ ਖਰਚੀਏ, ਕਿ ਅਸੀਂ ਉਹਨਾਂ ਨੂੰ ਉਹੀ ਕੁੱਝ ਪੜ੍ਹਾਈਏ ਜਿਹੜਾ ਜਾਨਣ ਯੋਗ ਹੋਵੇ, ਕਿ ਸੰਸਕ੍ਰਿਤ ਜਾਂ ਫਾਰਸੀ ਨਾਲੋਂ ਅੰਗਰੇਜੀ ਜਾਣਨਾ ਚੰਗੇਰਾ ਹੈ ਕਿ ਇਸ ਮੁਲਕ ਦੇ ਨਿਵਾਸੀ ਅੰਗਰੇਜੀ ਜਾਣਨ ਦੇ ਇੱਛੁਕ ਹਨ ਨਾ ਕਿ ਸੰਸਕ੍ਰਿਤ ਜਾਂ ਫਾਰਸੀ ਜ਼ੁਬਾਨ ਸਿੱਖਣ ਦੇ। ਇੱਕ ਨੁਕਤੇ 'ਤੇ ਮੈਂ ਉਹਨਾਂ ਭਲੇਮਾਨਸ ਭੱਦਰਪੁਰਸ਼ਾਂ ਨਾਲ ਸਹਿਮਤ ਹਾਂ ਜਿਹਨਾਂ ਦਾ ਮੈਂ ਵਿਰੋਧੀ ਵੀ ਹਾਂ। ਮੈਂ ਉਹਨਾਂ ਵਾਂਗ ਹੀ ਮਹਿਸੂਸ ਕਰਦਾ ਹਾਂ ਕਿ ਸਾਡੇ ਲਈ ਇਹ ਅਸੰਭਵ ਹੈ ਕਿ ਸੀਮਤ ਸਾਧਨਾਂ ਦੇ ਹੁੰਦਿਆਂ ਅਸੀਂ ਕੁੱਲ-ਮੁਲਕ ਨੂੰ ਸਿੱਖਿਅਤ ਕਰੀਏ। ਹੁਣ ਸਾਨੂੰ ਪੂਰਾ ਵਾਹ ਲਾ ਕੇ ਇੱਕ ਅਜਿਹੀ ਜਮਾਤ ਪੈਦਾ ਕਰਨੀ ਚਾਹੀਦੀ ਹੈ ਜਿਹੜੀ ਸਾਡੇ ਅਤੇ ਸਾਡੀ ਸਰਕਾਰ ਹੇਠ ਰਹਿਣ ਵਾਲੇ ਕਰੋੜਾਂ-ਕਰੋੜ ਲੋਕਾਂ ਦਰਮਿਆਨ ਦੁਭਾਸ਼ੀਏ ਦਾ ਕੰਮ ਕਰਨ ਵਾਲੀ ਹੋਵੇ- ਇੱਕ ਅਜਿਹੀ ਜਮਾਤ ਜਿਹੜੀ ਖੂਨ ਤੇ ਰੰਗ ਪੱਖੋਂ ਤਾਂ ਭਾਰਤੀ ਹੋਵੇ ਪਰ ਸੁਹਜ-ਸੁਆਦਾਂ, ਵਿਚਾਰਾਂ, ਇਖਲਾਕਾਂ ਅਤੇ ਬੁੱਧੀਮਤਾਂ ਪੱਖੋਂ ਇੰਗਲਿਸਤਾਨੀ ਹੋਵੇ। ਇਸ ਮੁਲਕ ਦੀਆਂ ਦੇਸੀ ਜ਼ੁਬਾਨਾਂ ਦੀ ਸੁਧਾਈ ਕਰਨ, ਇਹਨਾਂ ਜ਼ੁਬਾਨਾਂ ਨੂੰ ਪੱਛਮੀ ਤਰਜ ਦੀ ਵਿਗਿਆਨਕ ਸ਼ਬਦਾਵਲੀ ਨਾਲ ਅਮੀਰ ਕਰਨ ਲਈ ਅਸੀਂ ਉਸ ਜਮਾਤ 'ਤੇ ਛੱਡੀਏ ਅਤੇ ਉਹਨਾਂ ਨੂੰ ਅਜਿਹੀਆਂ ਡਿਗਰੀਆਂ ਨਾਲ ਨਵਾਜੀਏ ਜਿਹੜੀਆਂ ਆਬਾਦੀ ਦੇ ਵਡੇਰੇ ਹਿੱਸਿਆਂ ਅੰਦਰ ਜਾਣਕਾਰੀ ਦਾ ਪਸਾਰਾ ਕਰਨ।"



ਬੂਟਾ ਸਿੰਘ
ਮਹਿਮੂਦਪੁਰ
94634-74342

ਹਾਲ ਹੀ ਵਿਚ ਪੱਤਰਕਾਰ ਸਿਦੀਕ ਕੱਪਨ ਦੇ ਜੇਲ੍ਹ 'ਚੋਂ ਬਾਹਰ ਆਉਣ ਅਤੇ ਜਾਮੀਆ ਮਿਲੀਆ ਯੂਨੀਵਰਸਿਟੀ ਹਿੰਸਾ ਦੇ ਝੂਠੇ ਕੇਸ 'ਚ ਫਸਾਏ ਕਾਰਕੁਨਾਂ ਨੂੰ ਅਦਾਲਤ ਵੱਲੋਂ ਬਰੀ ਕੀਤੇ ਜਾਣ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਆਰ.ਐੱਸ.ਐੱਸ.-ਭਾਜਪਾ ਹਕੂਮਤ ਸਰਕਾਰ ਦੀਆਂ ਆਲੋਚਕ ਆਵਾਜ਼ਾਂ ਨੂੰ ਕਿਵੇਂ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਸਾੜ ਰਹੀ ਹੈ। ਪੱਤਰਕਾਰ ਸਿਦੀਕ ਕੱਪਨ ਆਖ਼ਿਰਕਾਰ 28 ਮਹੀਨੇ ਜੇਲ੍ਹ ਦਾ ਸੰਤਾਪ ਝੱਲਣ ਤੋਂ ਬਾਦ 2 ਫਰਵਰੀ ਨੂੰ ਯੂ.ਪੀ. ਦੀ ਜੇਲ੍ਹ 'ਚੋਂ ਬਾਹਰ ਆ ਗਏ। ਜਾਮੀਆ ਮਿਲੀਆ ਕੇਸ ਵਿਚ 4 ਫਰਵਰੀ ਨੂੰ ਦਿੱਲੀ ਦੀ ਸਾਕੇਤ ਅਦਾਲਤ ਵੱਲੋਂ ਸ਼ਰਜ਼ੀਲ ਇਮਾਮ ਸਮੇਤ 10 ਕਾਰਕੁਨਾਂ ਨੂੰ ਇਹ ਕਹਿੰਦੇ ਹੋਏ ਬਰੀ ਕਰ ਦਿੱਤਾ ਗਿਆ ਕਿ ਉਨ੍ਹਾਂ ਨੂੰ 'ਬਲੀ ਦਾ ਬੱਕਰਾ' ਬਣਾਇਆ ਗਿਆ ਸੀ। ਸ਼ਰਜ਼ੀਲ ਇਮਾਮ ਤਿੰਨ ਸਾਲ ਤੋਂ ਜੇਲ੍ਹ 'ਚ ਹਨ ਅਤੇ ਉਨ੍ਹਾਂ ਦੇ ਸਹਿ-ਮੁਲਜ਼ਮਾਂ ਨੂੰ ਵੀ ਬਿਨਾਂ ਜੁਰਮ ਕੀਤੇ ਜੇਲ੍ਹ ਦਾ ਸੰਤਾਪ ਝੱਲਣਾ ਪਿਆ ਹੈ।

ਸਿਦੀਕ ਕੱਪਨ ਨੂੰ 5 ਅਕਤੂਬਰ 2020 ਨੂੰ ਯੂ.ਪੀ. ਪੁਲਿਸ ਵੱਲੋਂ ਤਿੰਨ ਹੋਰ ਵਿਅਕਤੀਆਂ ਸਮੇਤ ਉਦੋਂ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਜਦੋਂ ਉਹ ਹਾਥਰਸ ਕਾਂਡ ਦੀ ਰਿਪੋਰਟ ਕਰਨ ਲਈ ਜਾ ਰਹੇ ਸਨ। ਕੱਪਨ ਮਲਿਆਲਮ ਜ਼ੁਬਾਨ ਦੀ ਵੈੱਬਸਾਈਟ 'ਅਜ਼ੀਮੁਖਮ' ਲਈ ਕੰਮ ਕਰਦੇ ਸਨ ਅਤੇ ਕੇਰਲਾ ਦੀ ਵਰਕਿੰਗ ਜਰਨਲਿਸਟ ਯੂਨੀਅਨ ਦੇ ਦਿੱਲੀ 'ਚ ਸਕੱਤਰ ਸਨ। ਹਾਥਰਸ ਵਿਚ ਇਕ ਦਲਿਤ ਲੜਕੀ ਦਾ ਸਮੂਹਿਕ ਬਲਾਤਕਾਰ ਕਰਨ ਤੋਂ ਬਾਦ ਉਸ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਕੇਸ ਨੂੰ ਦਬਾਉਣ ਲਈ ਪੁਲਿਸ ਵੱਲੋਂ ਪਰਿਵਾਰ ਨੂੰ ਦੱਸੇ ਬਿਨਾਂ ਹੀ ਅੱਧੀ ਰਾਤ ਨੂੰ ਲੜਕੀ ਦੀ ਲਾਸ਼ ਨੂੰ ਜਲਾ ਦਿੱਤਾ ਗਿਆ ਸੀ। ਇਸ ਕਾਂਡ ਨੂੰ ਅੰਜਾਮ ਦੇਣ ਵਾਲੇ ਦਰਿੰਦੇ ਭਗਵੀਂ ਹਕੂਮਤ ਦੇ ਚਹੇਤੇ ਸਨ ਅਤੇ ਮਹੰਤ ਅਦਿੱਤਿਆਨਾਥ ਦੀ ਸਰਕਾਰ ਅਤੇ ਪੁਲਿਸ-ਪ੍ਰਸ਼ਾਸਨ ਉਨ੍ਹਾਂ ਨੂੰ ਬਚਾਉਣ ਲਈ ਇਸ ਕੇਸ ਨੂੰ ਦਬਾ ਦੇਣਾ ਚਾਹੁੰਦੇ ਸਨ। ਬਲਾਤਕਾਰੀਆਂ ਦੀ ਰਾਜਸੀ ਸਰਪ੍ਰਸਤੀ ਕਰਨ ਦੀ ਆਪਣੀ ਕਰਤੂਤ ਉੱਪਰ ਪਰਦਾ ਪਾਉਣ ਅਤੇ ਮੀਡੀਆ ਨੂੰ ਇਸ ਕਾਂਡ ਦੀ ਰਿਪੋਰਟ ਕਰਨ ਤੋਂ ਰੋਕਣ ਲਈ ਅਦਿੱਤਿਆਨਾਥ ਸਰਕਾਰ ਨੇ ਹਰ ਹਰਬਾ ਵਰਤਿਆ। ਪੱਤਰਕਾਰਾਂ ਨੂੰ ਰਿਪੋਰਟ ਕਰਨ ਤੋਂ ਰੋਕਿਆ ਗਿਆ। ਇਸੇ ਦੇ ਹਿੱਸੇ ਵਜੋਂ ਕੱਪਨ ਨੂੰ ਮੇਰਠ ਯੂਨੀਵਰਸਿਟੀ ਦੇ ਵਿਦਿਆਰਥੀ, ਇਕ ਜਾਮੀਆ ਮਿਲੀਆ ਯੂਨੀਵਰਸਿਟੀ ਦੇ ਵਿਦਿਆਰਥੀ ਅਤੇ ਇਕ ਹੋਰ ਵਿਅਕਤੀ ਸਮੇਤ ਗ੍ਰਿਫ਼ਤਾਰ ਕਰਕੇ, ਰਾਜਧ੍ਰੋਹ, ਯੂਏਪੀਏ ਅਤੇ ਹੋਰ ਦਹਿਸ਼ਤਵਾਦੀ ਧਾਰਾਵਾਂ ਲਗਾ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ।

ਉਨ੍ਹਾਂ ਉੱਪਰ ਇਲਜ਼ਾਮ ਲਗਾਇਆ ਗਿਆ ਕਿ ਉਹ ਕਥਿਤ ਤੌਰ 'ਤੇ ਪਾਬੰਦੀਸ਼ੁਦਾ 'ਪਾਪੂਲਰ ਫਰੰਟ ਆਫ ਇੰਡੀਆ' ਅਤੇ ਇਸ ਦੇ ਵਿਦਿਆਰਥੀ ਵਿੰਗ 'ਕੈਂਪਸ ਫਰੰਟ ਆਫ਼ ਇੰਡੀਆ' ਲਈ ਕੰਮ ਕਰਦੇ ਹਨ। ਉਨ੍ਹਾਂ ਦਾ ਸੰਬੰਧ ਕੇ.ਏ.ਰਾਊਫ਼ ਵੱਲੋਂ ਕਥਿਤ ਤੌਰ 'ਤੇ ਵਸੂਲ ਕੀਤੇ ਗਏ ਇਕ ਕਰੋੜ ਛੱਤੀ ਲੱਖ ਰੁਪਏ ਦੀ ਮਨੀ ਲਾਂਡਰਿੰਗ ਨਾਲ ਜੋੜਿਆ ਗਿਆ। ਇਹ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਨੇ ਦੋਹਾ ਅਤੇ ਮਸਕਟ ਵਿਚ ਸਥਿਤ ਵਿੱਤੀ ਸੰਸਥਾਵਾਂ ਤੋਂ 80 ਲੱਖ ਰੁਪਏ ਪ੍ਰਾਪਤ ਕੀਤੇ ਸਨ ਜਿਸ ਦਾ ਮਕਸਦ ਉੱਤਰ ਪ੍ਰਦੇਸ਼ ਵਿਚ ਗੜਬੜ ਫੈਲਾਉਣਾ ਹੈ। ਪੁਲਿਸ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਲੈਪਟਾਪ ਅਤੇ ਮੋਬਾਈਲ ਫ਼ੋਨਾਂ ਵਿੱਚੋਂ ਜੁਰਮ ਦੇ ਕਈ ਸਬੂਤ ਮਿਲੇ ਹਨ। ਜਦਕਿ ਗ੍ਰਿਫ਼ਤਾਰੀ ਦੇ ਵਕਤ ਕੱਪਨ ਕੋਲੋਂ ਮਹਿਜ਼ ਕੁਝ ਸੌ ਰੁਪਏ ਬਰਾਮਦ ਹੋਏ ਸਨ। ਇਸ ਝੂਠੇ ਕੇਸ ਦਾ ਦੇਸ਼-ਬਦੇਸ਼ 'ਚ ਵਿਆਪਕ ਵਿਰੋਧ ਹੋਇਆ। ਕੇਰਲਾ ਦੇ ਮੁੱਖ ਮੰਤਰੀ ਨੇ ਆਪਣੇ ਯੂ.ਪੀ. ਹਮਰੁਤਬਾ ਨੂੰ ਚਿੱਠੀ ਲਿਖ ਕੇ ਪੱਤਰਕਾਰ ਨੂੰ ਰਿਹਾਅ ਕਰਨ ਲਈ ਕਿਹਾ। ਇਸ ਦੇ ਬਾਵਜੂਦ ਅਦਿੱਤਿਆਨਾਥ ਸਰਕਾਰ ਟੱਸ ਤੋਂ ਮੱਸ ਨਹੀਂ ਹੋਈ।

ਜੇਲ੍ਹ ਵਿਚ ਕੱਪਨ ਨਾਲ ਘੋਰ ਅਣਮਨੁੱਖੀ ਸਲੂਕ ਕਰਕੇ ਉਸ ਦਾ ਮਨੋਬਲ ਤੋੜਨ ਅਤੇ ਇਸ ਜ਼ਰੀਏ ਬਾਕੀ ਪੱਤਰਕਾਰਾਂ ਅਤੇ ਸਰਕਾਰ ਉੱਪਰ ਸਵਾਲ ਉਠਾਉਣ ਵਾਲਿਆਂ ਨੂੰ ਜ਼ੁਬਾਨ ਬੰਦ ਕਰ ਲੈਣ ਦਾ ਫਾਸ਼ੀਵਾਦੀ ਸੰਦੇਸ਼ ਦੇਣ ਦੀ ਕੋਸ਼ਿਸ਼ ਕੀਤੀ ਗਈ। ਕੋਰੋਨਾ ਇਨਫੈਕਸ਼ਨ ਦੇ ਬਾਵਜੂਦ ਕੱਪਨ ਦਾ ਇਲਾਜ ਨਹੀਂ ਕਰਵਾਇਆ ਗਿਆ ਅਤੇ ਹਸਪਤਾਲ 'ਚ ਦਾਖ਼ਲ ਕਰਵਾ ਕੇ ਵੀ ਉਸ ਨੂੰ ਬੈੱਡ ਨਾਲ ਬੰਨ੍ਹ ਕੇ ਰੱਖਿਆ ਗਿਆ। ਉਸ ਦੀ ਪਤਨੀ ਅਤੇ ਪਰਿਵਾਰ ਨੂੰ ਉਸ ਨਾਲ ਮੁਲਾਕਾਤ ਨਹੀਂ ਕਰਨ ਦਿੱਤੀ ਗਈ। ਉਸ ਦੀ ਜ਼ਮਾਨਤ ਨੂੰ ਰੋਕਣ ਲਈ ਯੂ.ਪੀ. ਪੁਲਿਸ ਅਤੇ ਈ.ਡੀ. ਨੇ ਸ਼ਾਇਦ ਹੀ ਕੋਈ ਕਸਰ ਬਾਕੀ ਛੱਡੀ ਹੋਵੇ। 9 ਸਤੰਬਰ 2022 ਨੂੰ ਉਸ ਨੂੰ ਸਾਰੇ ਕੇਸਾਂ 'ਚ ਜ਼ਮਾਨਤ ਦੇ ਦਿੱਤੀ ਗਈ ਸੀ ਪਰ ਹਕੂਮਤ ਦੀ ਪਾਲਤੂ ਏਜੰਸੀ ਈ ਡੀ ਵੱਲੋਂ ਇਸ ਬਹਾਨੇ ਉਸ ਦੀ ਰਿਹਾਈ ਨਹੀਂ ਹੋਣ ਦਿੱਤੀ ਗਈ ਕਿ ਉਸ ਦੇ ਖ਼ਿਲਾਫ਼ ਮਨੀ ਲਾਂਡਰਿੰਗ ਦਾ ਕੇਸ ਬਾਕੀ ਹੈ। ਇਹ ਪੂਰੀ ਤਰ੍ਹਾਂ ਝੂਠਾ ਕੇਸ ਸਿਰਫ਼ ਇਸੇ ਲਈ ਬਣਾਇਆ ਗਿਆ ਸੀ ਕਿ ਜ਼ਮਾਨਤ ਦੇ ਬਾਵਜੂਦ ਉਹ ਜੇਲ੍ਹ ਤੋਂ ਬਾਹਰ ਨਾ ਆ ਸਕੇ। ਦਸੰਬਰ 2022 'ਚ ਉਸ ਨੂੰ ਇਸ ਕੇਸ ਵਿਚ ਵੀ ਜ਼ਮਾਨਤ ਮਿਲ ਗਈ। ਜ਼ਮਾਨਤ ਦਿੰਦੇ ਹੋਏ ਇਲਾਹਾਬਾਦ ਹਾਈਕੋਰਟ ਨੇ ਕਿਹਾ ਕਿ ਉਸ ਦੇ ਸਹਿ-ਮੁਲਜ਼ਮ ਅਤੀਕੁਰ ਰਹਿਮਾਨ ਦੇ ਬੈਂਕ ਖ਼ਾਤੇ ਵਿਚ ਸਿਰਫ਼ ਪੰਜ ਹਜ਼ਾਰ ਰੁਪਏ ਟਰਾਂਸਫਰ ਹੋਣ ਤੋਂ ਇਲਾਵਾ ਉਨ੍ਹਾਂ ਦੇ ਖ਼ਾਤਿਆਂ ਵਿਚ ਹੋਰ ਕੋਈ ਰਕਮ ਟਰਾਂਸਫਰ ਨਹੀਂ ਹੋਈ ਇਸ ਲਈ ਮਨੀ ਲਾਂਡਰਿੰਗ ਦਾ ਕੋਈ ਜੁਰਮ ਨਹੀਂ ਬਣਦਾ। ਭਾਵੇਂ ਕੱਪਨ ਜੇਲ੍ਹ 'ਚੋਂ ਬਾਹਰ ਆ ਗਏ ਹਨ ਪਰ ਉਨ੍ਹਾਂ ਉੱਪਰ ਪਾਏ ਝੂਠੇ ਕੇਸ ਉਸੇ ਤਰ੍ਹਾਂ ਬਰਕਰਾਰ ਹਨ।

ਦੂਜਾ ਮਹੱਤਵਪੂਰਨ ਅਦਾਲਤੀ ਫ਼ੈਸਲਾ ਨਾਗਰਿਕਤਾ ਸੋਧ ਕਾਨੂੰਨ ਅਤੇ ਕੌਮੀ ਨਾਗਰਿਕਤਾ ਰਜਿਸਟਰ ਵਿਰੁੱਧ ਅੰਦੋਲਨ ਦੌਰਾਨ ਝੂਠੇ ਕੇਸਾਂ 'ਚ ਫਸਾਏ ਕਾਰਕੁਨਾਂ ਨਾਲ ਸੰਬੰਧਤ ਹੈ। ਦਿੱਲੀ ਪੁਲਿਸ, ਜੋ ਕਿ ਆਰ.ਐੱਸ.ਐੱਸ.-ਭਾਜਪਾ ਦੀ ਸ਼ਾਖਾ ਵਜੋਂ ਕੰਮ ਕਰਦੀ ਹੈ, ਵੱਲੋਂ ਆਪਣੇ ਰਾਜਸੀ ਬੌਸਾਂ ਦੇ ਇਸ਼ਾਰੇ 'ਤੇ ਇਸ ਅੰਦੋਲਨ ਨੂੰ ਦਬਾਉਣ ਲਈ ਪੁਰਅਮਨ ਅੰਦੋਲਨਕਾਰੀਆਂ ਵਿਰੁੱਧ ਲਾਠੀ-ਗੋਲੀ ਦੀ ਬਦਰੇਗ ਵਰਤੋਂ ਕੀਤੀ ਗਈ। ਪੁਲਿਸ ਵੱਲੋਂ ਭਗਵੇਂ ਦਹਿਸ਼ਤੀ ਗਰੋਹਾਂ ਨਾਲ ਮਿਲ ਕੇ ਅੰਦੋਲਨਕਾਰੀਆਂ ਉੱਪਰ ਵਹਿਸ਼ੀਆਨਾ ਹਮਲੇ ਕੀਤੇ ਗਏ ਅਤੇ ਫਿਰ ਸਿਰਕੱਢਵੀਂ ਭੂਮਿਕਾ ਨਿਭਾਉਣ ਵਾਲੇ ਬਹੁਤ ਸਾਰੇ ਕਾਰਕੁਨਾਂ ਅਤੇ ਵਿਦਿਆਰਥੀ ਆਗੂਆਂ ਉੱਪਰ ਸਰਕਾਰ ਦਾ ਤਖ਼ਤਾ ਪਲਟਣ ਲਈ ਹਿੰਸਾ ਦੀ ਸਾਜ਼ਿਸ਼ ਰਚਣ ਦੇ ਝੂਠੇ ਕੇਸ ਪਾ ਦਿੱਤੇ ਗਏ। ਇਨ੍ਹਾਂ ਵਿੱਚੋਂ ਇਕ ਕੇਸ 13 ਦਸੰਬਰ (ਯਾਨੀ 12 ਦਸੰਬਰ 2019 ਨੂੰ ਭਾਰਤ ਦੇ ਰਾਸ਼ਟਰਪਤੀ ਵੱਲੋਂ ਨਾਗਰਿਕਤਾ ਸੋਧ ਬਿੱਲ ਉੱਪਰ ਦਸਖ਼ਤ ਕੀਤੇ ਜਾਣ ਤੋਂ ਅਗਲੇ ਦਿਨ) ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਤੋਂ ਪਾਰਲੀਮੈਂਟ ਵੱਲ ਮਾਰਚ ਕਰਕੇ ਹਿੰਸਾ ਭੜਕਾਉਣ ਦਾ ਸੀ। ਪੁਲਿਸ ਨੇ ਕੇਸ ਬਣਾਇਆ ਕਿ ਹਿੰਸਾ ਸ਼ਰਜ਼ੀਲ ਇਮਾਮ ਦੇ ਭਾਸ਼ਣ ਦੇਣ ਨਾਲ ਭੜਕੀ। ਕਿ ਜਦੋਂ 700-800 ਮੁਜ਼ਾਹਰਾਕਾਰੀਆਂ ਨੂੰ ਪੁਲਿਸ ਨੇ ਦਫ਼ਾ 144 ਦੀ ਉਲੰਘਣਾ ਕਰਕੇ ਮਾਰਚ ਕਰਨ ਤੋਂ ਰੋਕਿਆ ਤਾਂ ਉਨ੍ਹਾਂ ਨੇ ਖਿੰਡਣ ਦੀ ਬਜਾਏ ਪਥਰਾਓ ਕੀਤਾ, ਬੈਰੀਕੇਡ ਤੋੜੇ, ਟਾਇਰਾਂ ਨੂੰ ਅੱਗ ਲਗਾ ਕੇ ਅੱਗਜ਼ਨੀ ਕੀਤੀ ਅਤੇ ਸਰਕਾਰੀ ਤੇ ਨਿੱਜੀ ਜਾਇਦਾਦ ਦੀ ਭੰਨਤੋੜ ਕੀਤੀ। ਹਿੰਸਕ ਮੁਜ਼ਾਹਰਾਕਾਰੀਆਂ ਨੂੰ ਕੰਟਰੋਲ ਕਰਨ ਲਈ ਪੁਲਿਸ ਨੂੰ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ। ਤਿੰਨ ਸਾਲ 'ਚ ਪੁਲਿਸ ਉਨ੍ਹਾਂ ਵਿਰੁੱਧ ਕੋਈ ਠੋਸ ਸਬੂਤ ਅਤੇ ਸੁਤੰਤਰ ਗਵਾਹ ਪੇਸ਼ ਨਹੀਂ ਕਰ ਸਕੀ। ਇੱਥੋਂ ਤੱਕ ਕਿ ਦਿੱਲੀ ਪੁਲਿਸ ਦਾ ਇਲਾਕੇ 'ਚ ਦਫ਼ਾ 144 ਲਗਾਏ ਜਾਣ ਦਾ ਦਾਅਵਾ ਵੀ ਝੂਠਾ ਸਾਬਤ ਹੋਇਆ। ਇਸੇ ਕੇਸ ਵਿਚ ਹੁਣ ਅਦਾਲਤ ਵੱਲੋਂ ਜੇ.ਐੱਨ.ਯੂ. ਦੇ ਵਿਦਿਆਰਥੀ ਕਾਰਕੁਨ ਸ਼ਰਜ਼ੀਲ ਇਮਾਮ, ਕਾਰਕੁਨ ਆਸਿਫ਼ ਇਕਬਾਲ ਤਨਹਾ, ਸਫ਼ੂਰਾ ਜ਼ਰਗਰ ਅਤੇ ਅੱਠ ਹੋਰਾਂ ਨੂੰ ਬਰੀ ਕਰ ਦਿੱਤਾ ਗਿਆ ਹੈ। ਜਿਨ੍ਹਾਂ 'ਚੋਂ ਜ਼ਿਆਦਾਤਰ ਵਿਦਿਆਰਥੀ ਹਨ। ਇਮਾਮ ਅਜੇ ਜੇਲ੍ਹ 'ਚੋਂ ਬਾਹਰ ਨਹੀਂ ਆ ਸਕਣਗੇ ਕਿਉਂਕਿ ਉਸ ਵਿਰੁੱਧ 2019 ਦੀ ਹਿੰਸਾ ਦੇ ਤਿੰਨ ਹੋਰ ਮੁਕੱਦਮੇ ਵੀ ਦਰਜ ਹਨ। ਉਹ ਸਿਰਫ਼ 13 ਦਸੰਬਰ ਵਾਲੇ ਮੁਕੱਦਮੇ 'ਚੋਂ ਬਰੀ ਹੋਏ ਹਨ।

ਇਸ ਕੇਸ ਵਿਚ ਫ਼ੈਸਲਾ ਸੁਣਾਉਂਦੇ ਹੋਏ ਅਦਾਲਤ ਨੇ ਕਿਹਾ, ਇਸ ਕੇਸ 'ਚ ਦਾਇਰ ਮੁੱਖ ਚਾਰਜ ਸ਼ੀਟ ਅਤੇ ਤਿੰਨ ਪੂਰਕ ਚਾਰਜ ਸ਼ੀਟਾਂ 'ਚ ਜੋ ਤੱਥ ਸਾਡੇ ਸਾਹਮਣੇ ਲਿਆਂਦੇ ਗਏ ਹਨ ਉਨ੍ਹਾਂ ਤੋਂ ਅਦਾਲਤ ਇਸ ਨਤੀਜੇ 'ਤੇ ਪਹੁੰਚੀ ਹੈ ਕਿ ਪੁਲਿਸ ਜੁਰਮ ਨੂੰ ਅੰਜਾਮ ਦੇਣ ਵਾਲੇ ਅਸਲ ਮੁਜਰਿਮਾਂ ਨੂੰ ਫੜਨ 'ਚ ਨਾਕਾਮ ਰਹੀ ਲੇਕਿਨ ਲੋਕਾਂ ਨੂੰ ਬਲੀ ਦੇ ਬੱਕਰੇ ਬਣਾ ਕੇ ਗ੍ਰਿਫ਼ਤਾਰ ਕਰਨ 'ਚ ਕਾਮਯਾਬ ਰਹੀ। ਪੁਲਿਸ ਨੇ ਇਮਾਮ, ਤਨਹਾ ਅਤੇ ਸਫ਼ੂਰਾ ਜ਼ਰਗਰ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ। ਪੁਲਿਸ ਦੀ ਇਸ ਤਰ੍ਹਾਂ ਦੀ ਕਾਰਵਾਈ ਐਸੇ ਨਾਗਰਿਕਾਂ ਦੀ ਆਜ਼ਾਦੀ ਨੂੰ ਸੱਟ ਮਾਰਦੀ ਹੈ ਜੋ ਆਪਣੇ ਮੌਲਿਕ ਅਧਿਕਾਰ ਦਾ ਇਸਤੇਮਾਲ ਕਰਦੇ ਹੋਏ ਸ਼ਾਂਤਮਈ ਪ੍ਰਦਰਸ਼ਨ ਕਰਨ ਲਈ ਇਕੱਠੇ ਹੁੰਦੇ ਹਨ। ਸ਼ਰਜ਼ੀਲ ਇਮਾਮ ਅਤੇ ਇਕਬਾਲ ਤਨਹਾ ਨੂੰ ਇਸ ਤਰ੍ਹਾਂ ਦੇ ਲੰਮੇ ਅਤੇ ਕਠੋਰ ਮੁਕੱਦਮੇ 'ਚ ਘੜੀਸਣਾ ਮੁਲਕ ਅਤੇ ਕ੍ਰਿਮੀਨਲ ਨਿਆਂ ਪ੍ਰਣਾਲੀ ਲਈ ਚੰਗਾ ਨਹੀਂ ਹੈ। ਅਦਾਲਤ ਨੇ ਇਹ ਵੀ ਕਿਹਾ ਕਿ 'ਜਦੋਂ ਵੀ ਕੋਈ ਚੀਜ਼ ਸਾਡੀ ਜ਼ਮੀਰ ਦੇ ਖ਼ਿਲਾਫ਼ ਜਾਂਦੀ ਹੈ ਤਾਂ ਅਸੀਂ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੰਦੇ ਹਾਂ। ਆਪਣਾ ਫ਼ਰਜ਼ ਸਮਝਦੇ ਹੋਏ ਅਸੀਂ ਅਜਿਹਾ ਕਰਨ ਤੋਂ ਇਨਕਾਰ ਕਰਦੇ ਹਾਂ। ਇਹ ਸਾਡਾ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਐਸੀ ਕਿਸੇ ਵੀ ਗੱਲ ਨੂੰ ਮੰਨਣ ਤੋਂ ਇਨਕਾਰ ਕਰੀਏ ਜੋ ਸਾਡੀ ਜ਼ਮੀਰ ਦੇ ਖ਼ਿਲਾਫ਼ ਹੈ।' ਜੱਜ ਨੇ ਚੀਫ਼ ਜਸਟਿਸ ਡੀ.ਵਾਈ.ਚੰਦਰਚੂੜ ਦੀ ਪਿੱਛੇ ਜਹੇ ਕੀਤੀ ਉਸ ਟਿੱਪਣੀ ਦਾ ਹਵਾਲਾ ਵੀ ਦਿੱਤਾ ਜਿਸ ਵਿਚ ਕਿਹਾ ਗਿਆ ਸੀ ਕਿ 'ਸਵਾਲ ਕਰਨ ਅਤੇ ਅਸਹਿਮਤੀਆਂ ਦੇ ਲਈ ਸਪੇਸ ਖ਼ਤਮ ਕਰਨਾ ਰਾਜਨੀਤਕ, ਆਰਥਕ ਅਤੇ ਸਮਾਜੀ ਤਰੱਕੀ ਦੇ ਆਧਾਰ ਨੂੰ ਖ਼ਤਮ ਕਰਨਾ ਹੈ। ਇਸ ਲਿਹਾਜ਼ ਨਾਲ ਅਸਹਿਮਤੀ ਲੋਕਤੰਤਰ ਦਾ ਸੇਫ਼ਟੀ ਵਾਲਵ ਹੈ।'

ਵੱਖ-ਵੱਖ ਕੇਸਾਂ 'ਚ ਜੱਜਾਂ ਦੀਆਂ ਐਸੀਆਂ ਟਿੱਪਣੀਆਂ ਫਾਸ਼ੀਵਾਦੀ ਆਰ.ਐੱਸ.ਐੱਸ.-ਭਾਜਪਾ ਲਈ ਕੋਈ ਮਾਇਨੇ ਨਹੀਂ ਰੱਖਦੀਆਂ। ਆਰ.ਐੱਸ.ਐੱਸ.-ਭਾਜਪਾ ਖ਼ਾਸ ਕਰਕੇ ਲੋਕਤੰਤਰੀ ਮੁੱਲਾਂ ਦੀ ਸਭ ਤੋਂ ਘੋਰ ਦੁਸ਼ਮਣ ਤਾਕਤ ਹੈ। ਭਗਵੇਂ ਹੁਕਮਰਾਨ ਸਵਾਲ ਉਠਾਉਣ ਵਾਲਿਆਂ ਨੂੰ ਆਪਣੇ ਕਾਰਪੋਰੇਟ ਪੱਖੀ ਆਰਥਕ ਮਾਡਲ ਅਤੇ ਹਿੰਦੂ ਰਾਸ਼ਟਰ ਦੇ ਏਜੰਡੇ ਦੇ ਰਾਹ 'ਚ ਵੱਡਾ ਅੜਿੱਕਾ ਸਮਝਦੇ ਹਨ। ਆਰ.ਐੱਸ.ਐੱਸ.-ਭਾਜਪਾ ਵੱਲੋਂ ਸਵਾਲ ਉਠਾਉਣ ਵਾਲਿਆਂ ਨੂੰ ਕੁਚਲਣ ਲਈ 'ਟੁਕੜੇ-ਟੁਕੜੇ ਗੈਂਗ', 'ਸ਼ਹਿਰੀ ਨਕਸਲੀ', 'ਕਲਮਾਂ ਵਾਲੇ ਨਕਸਲੀ' ਦੀਆਂ ਕੈਟੇਗਰੀਆਂ ਘੜੀਆਂ ਗਈਆਂ ਹਨ। ਬਿਰਤਾਂਤ ਇਹ ਸਿਰਜਿਆ ਜਾ ਰਿਹਾ ਹੈ ਕਿ ਬੰਦੂਕਾਂ ਵਾਲੇ ਨਕਸਲੀਆਂ ਨਾਲੋਂ ਵੀ ਖ਼ਤਰਨਾਕ ਹੋਣ ਕਾਰਨ ਕਲਮਾਂ ਵਾਲੇ ਨਕਸਲੀਆਂ ਨੂੰ ਸਖ਼ਤੀ ਨਾਲ ਕੁਚਲਣਾ ਜ਼ਰੂਰੀ ਹੈ। ਜਿਸ ਅਸਹਿਮਤੀ ਨੂੰ ਚੀਫ਼ ਜਸਟਿਸ 'ਲੋਕਤੰਤਰ ਦਾ ਸੇਫ਼ਟੀ ਵਾਲਵ' ਕਹਿ ਰਹੇ ਹਨ, ਹਕੂਮਤ ਅਨੁਸਾਰ ਉਹ ਦੇਸ਼ਧ੍ਰੋਹ ਹੈ। ਸਿਵਲ ਸੁਸਾਇਟੀ ਵਿਰੁੱਧ ਯੁੱਧ ਨੂੰ ਭਾਰਤ ਦੀ ਲੜਾਈ ਦਾ ਨਵਾਂ ਮੋਰਚਾ ਕਿਹਾ ਗਿਆ ਹੈ। ਸ਼ਰਜ਼ੀਲ ਇਮਾਮ, ਉਮਰ ਖ਼ਾਲਿਦ, ਸਫ਼ੂਰਾ ਜ਼ਰਗਰ, ਆਸਿਫ਼ ਇਕਬਾਲ ਅਤੇ ਵੱਖ-ਵੱਖ ਕੇਸਾਂ 'ਚ ਫਸਾਏ ਵਿਦਿਆਰਥੀ ਅਤੇ ਵਿਦਿਆਰਥਣਾਂ ਰੋਸ਼ਨ-ਖ਼ਿਆਲ ਕਾਰਕੁਨ ਹਨ ਜਿਨ੍ਹਾਂ ਨੇ ਮੁਸਲਿਮ ਵਿਰੋਧੀ ਨਾਗਰਿਕਤਾ ਸੋਧ ਕਾਨੂੰਨ ਨੂੰ ਦਲੀਲਾਂ ਨਾਲ ਚੁਣੌਤੀ ਦਿੱਤੀ। ਉਹ ਆਪਣੇ ਭਾਸ਼ਣਾਂ ਅਤੇ ਸਰਗਰਮੀਆਂ ਰਾਹੀਂ ਇਸ ਦੇ ਵਿਰੁੱਧ ਪ੍ਰਭਾਵਸ਼ਾਲੀ ਲੋਕ ਰਾਇ ਖੜ੍ਹੀ ਕਰ ਰਹੇ ਹੋਣ ਕਾਰਨ ਆਰ.ਐੱਸ.ਐੱਸ.-ਭਾਜਪਾ ਨੂੰ ਬਹੁਤ ਚੁਭਦੇ ਸਨ। ਸ਼ਰਜ਼ੀਲ ਇਮਾਮ ਜੇ.ਐੱਨ.ਯੂ. 'ਚ ਪੀ.ਐੱਚ.ਡੀ. ਕਰ ਰਹੇ ਸਨ। ਕਸ਼ਮੀਰੀ ਵਿਦਿਆਰਥਣ ਸਫ਼ੂਰਾ ਜਾਮੀਆ ਮਿਲੀਆ 'ਚ ਐੱਮ.ਫ਼ਿਲ ਕਰ ਰਹੀ ਸੀ ਅਤੇ ਜਾਮੀਆ ਕੋਆਰਡੀਨੇਸ਼ਨ ਕਮੇਟੀ ਦੀ ਮੀਡੀਆ ਇੰਚਾਰਜ ਸੀ। ਇਕਬਾਲ ਤਨਹਾ ਵੀ ਜਾਮੀਆ ਮਿਲੀਆ ਦੇ ਸਾਬਕਾ ਵਿਦਿਆਰਥੀ ਅਤੇ 'ਯੂਨਾਈਟਿਡ ਅਗੇਂਸਟ ਹੇਟ' ਮੁਹਿੰਮ ਦੇ ਸਰਗਰਮ ਕਾਰਕੁਨ ਹਨ। ਇਸੇ ਤਰ੍ਹਾਂ ਹੋਰ ਵਿਦਿਆਰਥੀ ਸਰਗਰਮ ਭੂਮਿਕਾ ਨਿਭਾ ਰਹੇ ਸਨ। ਲਿਹਾਜ਼ਾ, ਜ਼ਮੀਰ ਦੀ ਆਵਾਜ਼ ਅਤੇ ਸਵਾਲ ਉਠਾਉਣ ਦੀ ਬੌਧਿਕ ਕਾਬਲੀਅਤ ਨੇ ਉਨ੍ਹਾਂ ਨੂੰ ਮੁਜਰਿਮ ਬਣਾ ਦਿੱਤਾ।

ਇਹ ਖ਼ੁਸ਼ੀ ਦੀ ਗੱਲ ਹੈ ਕਿ ਸਿਦੀਕ ਕੱਪਨ ਜੇਲ੍ਹ 'ਚੋਂ ਬਾਹਰ ਆ ਗਏ ਹਨ ਅਤੇ ਸ਼ਰਜ਼ੀਲ ਇਮਾਮ ਸਮੇਤ 11 ਕਾਰਕੁਨ ਇਕ ਵੱਡੇ ਸਾਜ਼ਿਸ਼ ਕੇਸ ਵਿੱਚੋਂ ਬਰੀ ਹੋ ਗਏ ਹਨ। ਪਰ ਇਨ੍ਹਾਂ ਸਾਰਿਆਂ ਅਤੇ ਹੋਰ ਕਾਰਕੁਨਾਂ ਵਿਰੁੱਧ ਦਰਜ ਝੂਠੇ ਕੇਸਾਂ ਦੀ ਲੰਮੀ ਕਾਨੂੰਨੀ ਲੜਾਈ ਅਜੇ ਬਾਕੀ ਹੈ। ਭੀਮਾ-ਕੋਰੇਗਾਓਂ ਕੇਸ ਅਤੇ ਹੋਰ ਝੂਠੇ ਕੇਸਾਂ ਵਿਚ ਫਸਾਏ ਹੱਕਾਂ ਦੇ ਬਹੁਤ ਸਾਰੇ ਹੋਰ ਪਹਿਰੇਦਾਰ, ਲੋਕਪੱਖੀ ਪੱਤਰਕਾਰ, ਜਮਹੂਰੀ ਕਾਰਕੁਨ ਬਿਨਾਂ ਜ਼ਮਾਨਤ ਜੇਲ੍ਹਾਂ 'ਚ ਬੰਦ ਹਨ। ਉਨ੍ਹਾਂ ਦੀ ਰਿਹਾਈ ਲਈ ਲਗਾਤਾਰ ਆਵਾਜ਼ ਉਠਾਉਂਦੇ ਹੋਏ ਵਿਆਪਕ ਲੋਕ ਰਾਇ ਖੜ੍ਹੀ ਕਰਨੀ ਜ਼ਰੂਰੀ ਹੈ ਫਿਰ ਹੀ ਉਹ ਜ਼ਮੀਰ ਦੀ ਆਵਾਜ਼ ਮਹਿਫ਼ੂਜ਼ ਹੋ ਸਕਦੀ ਹੈ।

# Celebrate 175th Anniversary of ‘The Communist Manifesto’ a relevant tool To analyze Capitalism's shortcomings




Dr. P. R. Kalia
Editor Asian Times

Today, 21st February 2023, marks the 175th Anniversary of The Communist Manifesto – a founding document of the Marxist movement. It highlights the historical role of capitalism and how it has replaced relations based on patriarchy, the family, and religion etc. Karl Marx and Engels laid out in it the method of historical materialism, explaining how capitalism sprung from the decaying feudal system, outlining the historical limits of the capitalist mode of production, and calling for a revolutionary overhaul of society.

For the first time the trends of capitalism were laid out, from its birth in the European feudal system and its expansion all over the world, creating the global marketplace that we today call “globalisation”. The 23-page pamphlet was originally published on 21 February 1848 by Karl Marx and Friedrich Engels, as the official programmatic statement of the Communist Party—or Communist League, as it was then called. The Communist League was a small group of almost exclusively white European men, mostly German. Its members knew they needed a statement of what they as communists envisioned. Marx envisioned an apocalyptic revolution leading to the overthrow of capitalism by the impoverished working class, the common people, the masses—the so-called “proletariat.” The stage in the revolutionary process immediately following this overthrow would be that of the Dictatorship of the Proletariat. That “dictatorship” would be a waystation on the road to the ultimate utopian goal of a “classless society.” The state in the process would be abolished. Meanwhile, it is precisely the epoch of imperialism which gives to the Communist Manifesto its supreme theoretical triumph. It has completely withstood the test of events and the blows of hostile criticism. It constitutes today one of the most precious instruments of human thought.

Since it was brought to public notice, “The Communist Manifesto" has been so far the world's most widely read political document. First published at 46 Liverpool Street in central London, “The Communist Manifesto" has been translated into more than 1,000 versions in over 200 languages, including 23 versions in Chinese. In 2013, it was registered to UNESCO's Memory of the World Programme along with Marx's Capital, Volume I. Its sales have soared ever since 2008, when the global financial crisis broke out, as have those of "Das Kapital," Marx's masterpiece of political economy, and the "Grundrisse," which in English is the "Outlines of the Critique of Political Economy." Their sales further rose as workers were struggling with debt and job insecurity. Waterstones, a British book retailer, sold more than 30,000 copies of the Manifesto within a week in late February 2015. To rescue collective life, the International Union of Left Publishers (IULP) picked 21st February, to encourage people from around the world to go into public places and read their favourite red books (including The Communist Manifesto) in their own languages. In 2020, on the first Red Books Day, more than 30,000 people from South Korea to Venezuela joined the public reading of the manifesto in their own languages. The epicentre of Red Books Day was in the four Indian states of Andhra Pradesh, Kerala, Tamil Nadu, and Telangana, where the bulk of public readings took place.

Due to the pandemic, Red Books Day 2021 was held largely online. The highlight of Red Books Day 2022 was that half a million people in Kerala (India) read the books of EMS Namboodiripad in 35,000 meetings across the state. Sadly, at dawn members of the neo-fascist RSS organisation entered the Thalassery (Kerala) home of Punnol Haridas, a member of the Communist Party of India (Marxist). They hacked Haridas, a fisherman, to death (Times of India, 23 Feb, 2022: “Four BJP-RSS men held for K Haridasan murder in Kerala). Today, in 2023, the fourth Red Books Day promises to build on previous years, fighting to rescue our collective life from the atomisation of precarious living. Obviously, on one side of our world today are red books and the urge to expand the boundaries of humanity and left culture, while on the other side are violence and bloodshed, the ghastly side of barbarism.




The economic and political situation of the world today seems to clash with what Marx and Engels said of the proletariat in 1848. Evidently, the suffering of the proletariat from the 2008 crisis and the global crisis that we are currently living through is tremendous. Even before the pandemic, the cutback and annulling of labour rights were unstoppable; millions of workers lost their jobs, their savings, and their houses in developed countries.

It is time then to learn the lessons of history, overcome this disorganisation, end the relaxation of work laws, etc. Above all, to organise into a revolutionary party as the Communist Manifesto demands and carry out a wide-ranging political and ideological struggle for the historical interests of the proletariat of the world. The "Communist Manifesto" is still being recognized today as a relevant tool to analyze capitalism's shortcomings and human development path. Over the past 175 years since the publication of the "Communist Manifesto," the world has seen China transform itself from a weak, underdeveloped country to a prosperous nation, which has adopted its own development model and modernization pattern. The secret behind China's rapid progress is that China has firmly adhered to the guidance of the "Communist Manifesto," while constantly ensuring that it keeps pace with the times and the country's changing needs. In doing so, China offers an example for other developing countries that are struggling to modernize, as well as developed countries troubled by the shortcomings of capitalism.

Undoubtedly, authors of The Communist Manifesto have outlived their critics and the states that were created in their name, but not according to their vision.

# ਬਵਾਸੀਰ ਕਾਰਨ, ਲੱਛਣ ਤੇ ਇਲਾਜ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਕਬਜ਼ ਅਨੇਕਾਂ ਰੋਗਾਂ ਦੀ ਜਨਣੀ ਹੈ। ਬਵਾਸੀਰ ਪੈਦਾ ਹੋਣ ਦਾ ਇੱਕ ਕਾਰਨ ਕਬਜ ਹੈ ਤੇ ਇਹ ਰੋਗ ਵਧਦਾ ਵੀ ਕਾਬਜ ਕਾਰਨ ਹੈ।

ਬਵਾਸੀਰ ਨੂੰ ਡਾਕਟਰੀ ਭਾਸ਼ਾ ਵਿੱਚ ਪਾਇਲਜ ਜਾਂ ਹੈਮਰਾਇਡਜ ਕਹਿੰਦੇ ਹਨ। ਬਵਾਸੀਰ ਇੱਕ ਕਸ਼ਟਦਾਇਕ ਰੋਗ ਹੈ ਤੇ ਜੇ ਇਸ ਨੂੰ ਜਲਦੀ ਦੂਰ ਨਾ ਕੀਤਾ ਜਾਵੇ ਤਾਂ ਇਹ ਵਧਦਾ ਹੀ ਜਾਂਦਾ ਹੈ ਅਤੇ ਰੋਗੀ ਨੂੰ ਉਠਣਾ, ਬੈਠਣਾ ਵੀ ਮੁਸ਼ਕਲ ਹੋ ਜਾਂਦਾ ਹੈ। ਇਸ ਰੋਗ ਵਿੱਚ ਗੁਦਾ ਦੇ ਅੰਕੁਰ ਫੁੱਲ ਕੇ ਮਟਰ ਜਾਂ ਅੰਗੂਰ ਜਿੰਨੇ ਵੱਡੇ ਹੋ ਜਾਂਦੇ ਹਨ। ਦਰਅਸਲ ਇਹ ਅੰਕੁਰ ਆਮ ਨਾਲੋਂ ਵਧ ਕੇ ਫੁੱਲੀਆਂ ਹੋਈਆਂ ਖ਼ੂਨ ਦੀਆਂ ਨਸਾਂ ਹੁੰਦੀਆਂ ਹਨ, ਜੋ ਕਿ ਗੁਦਾ ਜਾਂ ਵੱਡੀ ਆਂਤ (ਰੈਕਟਮ) ਦੇ ਜੋੜ ਜਾਂ ਗੁਦਾ ਤੇ ਗੁਦਾ ਦੇ ਬਾਹਰ ਦੀ ਚਮੜੀ ਦੇ ਜੋੜ ਤੇ ਸਥਿਤ ਹੁੰਦੀਆਂ ਹਨ। ਇਹਨਾਂ ਦੀ ਸਥਿਤੀ ਦੇ ਆਧਾਰ ਤੇ ਹੀ ਇਸ ਨੂੰ ਅੰਦਰੂਨੀ ਜਾਂ ਬਾਹਰੀ (ਇੰਟਰਨਲ ਜਾਂ ਐਕਸਟਰਨਲ)

ਬਵਾਸੀਰ/ਪਾਈਲਜ ਕਿਹਾ ਜਾਂਦਾ ਹੈ।

**ਬਵਾਸੀਰ ਦੇ ਕਾਰਨ:**

ਇਸ ਰੋਗ ਦੇ ਪੈਦਾ ਹੋਣ ਦੇ ਕਾਰਨ ਹਨ: ਗਲਤ ਖਾਣ-ਪਾਣ ਤੇ ਸੁਸਤ ਜਿੰਦਗੀ,ਫਾਸਟ ਫੂਡ ਵਰਗੇ ਦੂਸ਼ਿਤ ਖੁਰਾਕੀ ਪਦਾਰਥ, ਅੱਜ ਦੀ ਅਧੁਨਿਕ ਜੀਵਨ ਸ਼ੈਲੀ ਦੇ ਮਾਨਕ ਅੱਗ ਹਨ ਤੇ ਇਹਨਾਂ ਕਰਕੇ ਹੀ ਅਨੇਕਾਂ ਲੋਕ ਕਬਜ ਵਰਗੇ ਵਿਗਾੜ ਦੀ ਮਾਰ ਹੇਠ ਹਨ। ਜਬਜ ਨੂੰ ਇਸ ਰੋਗ ਦੀ ਉਤਪਤੀ ਦਾ ਮੁੱਖ ਕਾਰਨ ਮੰਨਿਆ ਜਾਂਦਾ ਹੈ। ਕਬਜ ਹੁੰਦੀ ਹੀ ਕਿਉਂ ਹੈ? ਭਾਰੀ, ਚਿਕਨੇ, ਤਲੇ ਹੋਏ ਤੇ ਤੇਜ ਮਿਰਚ ਮਸਾਲੇਦਾਰ ਖੁਰਾਕੀ ਪਦਾਰਥਾਂ ਦੀ ਬੇਹੱਦ ਵਰਤੋਂ ਕਰਨ ਕਰਕੇ ਪਾਚਣ ਸ਼ਕਤੀ ਕਮਜੋਰ ਹੋ ਜਾਂਦੀ ਹੈ, ਜਿਸ ਨਾਲ ਅਣਪੱਚ ਹੁੰਦਾ ਹੈ ਤੇ ਕਬਜ ਰਹਿਣ ਲਗਦੀ ਹੈ। ਅਕਸਰ ਲੋਕ ਜਲਦਬਾਜੀ ਚ ਭੋਜਨ ਖਾਂਦੇ ਹਨ। ਇਸ ਨੂੰ ਠੀਕ ਤਰ੍ਹਾਂ ਨਾਲ ਚਿਥੇ ਬਗੈਰ ਨਿਗਲ ਲੈਂਦੇ ਹਨ। ਕਬਜ ਹੋਣ ਦਾ ਇਹ ਵੀ ਇੱਕ ਅਹਿਮ ਕਾਰਨ ਹੈ। ਭਲੀਭਾਂਤ ਭੋਜਨ ਕਾਫੀ ਦੇਰ ਚਬਾ ਕੇ ਹੀ ਨਿਗਲਣਾ ਚਾਹੀਦਾ ਹੈ। ਬਵਾਸੀਰ ਦੇ ਰੋਗੀ ਨੂੰ ਇਸ ਤਰ੍ਹਾਂ ਦੇ ਨਿਯਮ ਦੀ ਪਾਲਣਾ ਅੱਛੀ ਤਰ੍ਹਾਂ ਕਰਨੀ ਚਾਹੀਦੀ ਹੈ। ਕਈ ਲੋਕ ਦਿਨ ਭਰ ਅੱਛੀ ਮਾਤਰਾ ਚ ਪਾਣੀ ਹੀ ਨਹੀਂ ਪੀਂਦੇ। ਇਸ ਨਾਲ ਪੇਟ ਤੇ ਪੂਰੀ ਪਾਚਣ ਪ੍ਰਣਾਲੀ ਚ ਖੁਸ਼ਕੀ ਤੇ ਗਰਮੀ ਵਧਦੀ ਹੈ, ਜਿਸ ਨਾਲ ਕਬਜ ਬਣੀ ਰਹਿੰਦੀ ਹੈ। ਕਬਜ ਹੋਣ ਨਾਲ ਮਲ ਸੁੱਕ ਜਾਂਦਾ ਹੈ ਅਤੇ ਅਜੇਹੀ ਹਾਲਤ ਚ ਰੋਗੀ ਟੱਟੀ ਕਰਨ ਸਮੇਂ ਇੱਕ ਤਾਂ ਜੋਰ ਵੱਧ ਲਾਉਂਦਾ ਹੈ। ਦੂਜਾ ਸਖਤ ਟੱਟੀ ਦੀ ਰਗੜ ਮਲ ਮਾਰਗ ਦੀ ਅੰਦਰੂਨੀ ਪਰਤ ਚ ਸਥਿਤ ਖ਼ੂਨ ਦੀਆਂ ਨਸਾਂ ਤੇ ਪੈਂਦੀ ਹੈ। ਸਿੱਟੇ ਵਜੋਂ ਸ਼ਿਰਾਵਾਂ ਫੁੱਲ ਜਾਂਦੀਆਂ ਹਨ ਤੇ ਬਵਾਸੀਰ ਬਣ ਜਾਂਦੀ ਹੈ। ਕਬਜ਼ ਹੋਣ ਤੋਂ ਇਲਾਵਾ ਬਵਾਸੀਰ ਹੋਣ ਦੇ ਕਾਰਨ ਹੋਰ ਵੀ ਹਨ। ਜਿਵੇਂ ਪਿਤਾਪੁਰਖੀ ਅਸਰ,ਆਰਾਮਪ੍ਰਸਤ ਜਿੰਦਗੀ,ਵੱਧ ਸਮੇਂ ਤੱਕ ਬੈਠਣ ਵਾਲਾ ਕੰਮ ਤੇ ਨਰਮ ਗੱਦੇਦਾਰ ਕੁਰਸੀ ਤੇ ਬੈਠਣਾ, ਬੇਵਕਤ ਅਨਿਯਮਤ ਢੰਗ ਨਾਲ ਸਖਤ ਤੇ ਬੇਹਾ ਭੋਜਨ ਖਾਣਾ, ਚਾਹ ਤੇ ਕੌਫੀ ਵੱਧ ਪੀਣੀ, ਜਿਗਰ ਦੇ ਵਿਗਾੜ, ਅਣਪੱਚ, ਸੰਗਰਹਿਣੀ, ਨਸ਼ੀਲੇ ਪਦਾਰਥਾਂ ਦੀ ਵਰਤੋਂ, ਕ੍ਰੋਧੀ ਤੇ ਈਰਖਾਲੂ ਸੁਭਾਅ, ਮਾਨਸਿਕ ਤਣਾਅ ਤੇ ਚਿੰਤਾਵਾਂ ਨਾਲ ਪੀੜਤ ਰਹਿਣਾ, ਗਰਭ ਅਵਸਥਾ ਆਦਿ।

**ਰੋਗ ਦੇ ਲੱਛਣ:** ਪਾਇਲਜ ਯਾਨੀ ਬਵਾਸੀਰ ਔਰਤ ਤੇ ਮੇਰਦ ਦੋਹਾਂ ਚ ਇੱਕੋ ਜਿੰਨੀ ਪਾਈ ਜਾਂਦੀ ਹੈ। ਕਈ ਲੋਕ ਰੋਗ ਨਾਲ ਗ੍ਰਸਿਤ ਤਾਂ ਹੁੰਦੇ ਹਨ ਪਰ ਉਹਨਾਂ ਚ ਲੱਛਣ ਨਹੀਂ ਦਿੱਸਦੇ। ਇਹ ਰੋਗ ਦੋ ਤਰ੍ਹਾਂ ਦਾ ਹੁੰਦਾ ਹੈ। ਬਾਹਰੀ ਬਵਾਸੀਰ ਤੇ ਅੰਦਰੂਨੀ ਬਵਾਸੀਰ।

**ਬਾਹਰੀ ਬਵਾਸੀਰ:** ਇਸ ਕਿਸਮ ਦੀ ਬਵਾਸੀਰ ਚ ਮੌਹਕੇ ਗੁਦਾ ਤੋਂ ਬਾਹਰ ਦੀ ਤਰਫ ਹੁੰਦੇ ਹਨ। ਇਸ ਚ ਰੋਗ ਦੇ ਇਹਨਾਂ ਮੌਹਕਿਆਂ ਵਾਲੀ ਥਾਂ ਤੇ ਦਰਦ,ਜਲਣ ਤੇ ਖਾਰਸ਼ ਹੁੰਦੀ ਹੈ,ਪਰ ਇਹਨਾਂ ਚੋਂ ਖ਼ੂਨ ਨਹੀਂ ਵਗਦਾ। ਮਿਊਕਸ ਕਾਰਨ ਰੋਗੀ ਨੂੰ ਗਿੱਲਾਪਣ ਮਹਿਸੂਸ ਹੁੰਦਾ ਹੈ।

**ਅੰਦਰੂਨੀ ਬਵਾਸੀਰ:** ਇਸ ਕਿਸਮ ਦੀ ਬਵਾਸੀਰ ਚ ਦਰਦ ਦੇ ਨਾਲ ਮੌਹਕਿਆਂ ਵਿੱਚੋਂ ਖ਼ੂਨ ਡਿਗਦਾ ਹੈ। ਮੌਹਕਿਆ ਦੀ ਸਥਿਤੀ ਅਨੁਸਾਰ ਇਸ ਦੀਆਂ ਚਾਰ ਸ਼੍ਰੇਣੀਆਂ ਹੁੰਦੀਆਂ ਹਨ।

**ਪਹਿਲੀ ਸ਼੍ਰੇਣੀ (ਗਰੇਡ-1):**

ਇਸ ਕਿਸਮ ਚ ਮੌਹਕੇ ਰੈਕਟਮ ਜਾਂ ਇਸ ਦੇ ਗੁਦਾ ਨਾਲ ਜੁੜਣ ਵਾਲੇ ਭਾਗ ਚ ਹੁੰਦੇ ਹਨ ਤੇ ਇਹਨਾਂ ਨੂੰ ਬਾਹਰੋਂ ਅਨੁਭਵ ਨਹੀਂ ਕੀਤਾ ਜਾ ਸਕਦਾ ਹੈ। ਰੋਗੀ ਨੂੰ ਸਿਰਫ ਖ਼ੂਨ ਗਿਰਦਾ ਹੈ।

**ਦੂਜੀ ਸ਼੍ਰੇਣੀ (ਗਰੇਡ-2)**

ਇਸ ਵਿੱਚ ਟੱਟੀ ਕਰਦੇ ਵਕਤ ਮੌਕੇ ਗੁਦਾ ਤੋਂ ਬਾਹਰ ਆ ਜਾਂਦੇ ਹਨ ਤੇ ਮਲ ਤਿਆਗਣ ਪਿਛੋਂ ਆਪਣੇ ਆਪ ਅੰਦਰ ਚਲੇ ਜਾਂਦੇ ਹਨ।

**ਤੀਜੀ ਸ਼੍ਰੇਣੀ (ਗਰੇਡ-3)**

ਇਹ ਸਥਿਤੀ ਵੀ ਦੂਜੀ ਸ਼੍ਰੇਣੀ ਵਾਂਗ ਹੁੰਦੀ ਹੈ,ਪਰ ਇਸ ਵਿੱਚ ਟੱਟੀ ਕਰਨ ਪਿਛੋਂ ਮੋਹਕੇ ਬਾਹਰ ਆਉਂਦੇ ਹਨ ਤੇ ਆਪਣੇ ਆਪ ਅੰਦਰ ਨਹੀਂ ਜਾਂਦੇ। ਇਹਨਾਂ ਨੂੰ ਉਂਗਲ ਦੀ ਸਹਾਇਤਾ ਨਾਲ ਅੰਦਰ ਕਰਨਾ ਪੈਂਦਾ ਹੈ।

ਚੌਥੀ ਸ਼੍ਰੇਣੀ (ਗਰੇਡ-4) ਇਸ ਰੋਗ ਵਿੱਚ ਮੌਹਕੇ ਗੁਦਾ ਤੋਂ ਬਾਹਰ ਹੀ ਰਹਿੰਦੇ ਹਨ। ਖ਼ੂਨੀ ਬਵਾਸੀਰ ਕਾਰਨ ਹੌਲੀ ਹੌਲੀ ਖ਼ੂਨ ਦੀ ਘਾਟ ਹੋਣ ਲਗਦੀ ਹੈ ਤੇ ਸ਼ਰੀਰ ਕੰਮਜੋਰ ਹੋ ਜਾਂਦਾ ਹੈ। ਟੱਟੀ ਕਰਦੇ ਸਮੇਂ ਤੇ ਪਿਛੋਂ ਕਾਫੀ ਦਰਦ ਤੇ ਜਲਣ ਹੁੰਦੀ ਰਹਿੰਦੀ ਹੈ।

**ਬਵਾਸੀਰ ਦਾ ਇਲਾਜ:**

ਰੋਗੀ ਨੂੰ ਪਹਿਲੀ ਗੱਲ ਤਾਂ ਕਬਜ ਨਹੀਂ ਹੋਣੀ ਚਾਹੀਦੀ। ਰੇਸ਼ੇਦਾਰ ਖੁਰਾਕੀ ਤੱਤਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਲੱਸੀ ਵੱਧ ਪੀਣੀ ਚਾਹੀਦੀ ਹੈ। ਜੇ ਮੌਹਕੇ ਠੀਕ ਨਹੀਂ ਹੁੰਦੇ ਬਲਕਿ ਵਧਦੇ ਹੀ ਜਾਣ ਅਤੇ ਖ਼ੂਨ ਦਾ ਵਗਣਾ ਵੀ ਜਾਰੀ ਰਹੇ ਤਾਂ ਇਸ ਦਾ ਇੱਕੋ ਇੱਕ ਹੱਲ ਅਪ੍ਰੇਸ਼ਨ ਹੀ ਰਹਿ ਜਾਂਦਾ ਹੈ, ਜੋ ਮਾਹਰ ਸਰਜਨ ਤੋਂ ਹੀ ਕਰਵਾਉਣਾ ਚਾਹੀਦਾ ਹੈ। ਅਪ੍ਰੇਸ਼ਨ ਬਹੁਤਾ ਵੱਡਾ ਨਹੀਂ ਹੁੰਦਾ। ਜੇ ਬਵਾਸੀਰ ਦੇ ਇਲਾਜ ਪਿਛੋਂ ਵੀ ਕਬਜ ਰਹੇ ਬਵਾਸੀਰ ਦੁਬਾਰਾ ਫਿਰ ਹੋ ਜਾਂਦੀ ਹੈ। ਕਬਜ ਇਸ ਦੀ ਉਤਪਤੀ ਦੀ ਜੜ੍ਹ ਹੈ।

# here's more money on the table—but without adequate strings attached, the provinces could end up spending it on tax cuts instead of fixing health care

**Executive Summary**

As emergency rooms are overwhelmed, surgery wait times continue to lengthen, and under-resourced childrens' hospitals face surges related to viral infections like COVID, the provincial and territorial governments have accepted the federal government's new health care funding deal.

But there's more than meets the eye with this deal.

It provides an additional $46.2 billion to provinces and territories over the next 10 years, but not all of that money will have conditions attached.

The deal requires provinces to spend 58 cents out of every new dollar on actual new health care programs—barely a majority—while leaving the remaining without requirements.

So what will this new money buy? Not necessarily new health care improvements.

A position paper jointly authored by all of the provinces and territories in 2021 suggests that the provinces' position coming into the negotiations was a plan to spend zero dollars of the increased federal transfers on higher health care spending. They actually wouldn't change any operational funding in any department if they got extra federal funding. According to the model they outlined, the provinces and territories would use the extra federal health care money to pay down their deficits—although all of the big provinces now have cumulative surpluses projected for the future.

So despite provincial ad campaigns that show destitute doctors and nurses begging for federal funding, the question of who is responsible for the crisis in Canadian health care is not so clear cut. Health care is a provincial jurisdiction and the big provinces are flush with cash. It's not money stopping them from fixing their systems, it's political will.

The federal government can, and should, increase funding to the health care system—but that money shouldn't have strings attached, it should have chains that ensure new health care money is actually spent on improving health care.

**Support the Monitor**

Our content is fiercely open source and we never paywall our website. The support of our community makes this possible.

Make a donation of $35 or more and receive The Monitor magazine for one full year and a donation receipt for the full amount of your gift.



With a new 10-year funding deal between the federal government and provincial/territorial governments announced last week, one would think that Canada's health care woes will soon be remedied.

**Think again.**

Yes, the federal government has put more money on the table for health care: an additional $46.2 billion in new money will flow from Ottawa to the provinces and territories over the next 10 years. The federal government was already planning an increase of $149.9 billion in federal transfers over the next decade. Including the latest deal, this would result in a total increase of $196.1 billion.

This $196.1 billion package includes new funds across these five areas:

Guaranteeing Canada Health Transfer (CHT) increases by at least five per cent a year.

Providing an immediate $2 billion CHT top-up, labelled "pediatric hospitals and emergency rooms.

A Territorial Health Investment Fund for medical travel costs.

A personal support worker wage top-up.

$25 billion for new bilateral agreements with each of the provinces.

How the money will be allocated

The federal government only attached strings to 58 per cent of the new money. That means 58 per cent of that money actually has to be spent on health care—the rest can be spent on whatever the provinces want.

While some federal deals require the provinces and territories to match funding—that is frequently the case with federal infrastructure deals—there is no matching requirement for health care spending in this deal. On infrastructure spending, every dollar of federal funding can easily become two or three dollars of actual infrastructure spending—because the province and municipality are expected to pitch in a third of the funds. With the new health care funding deal, a federal dollar is only guaranteed to become 58 cents in actual health care spending, not two or three dollars. It also means that any new health care programs coming out of this new money will be entirely funded by the federal government.

**Bilateral agreements**

The health care deal includes $25 billion—over half the package—worth of incremental spending over 10 years to go toward bilateral agreements with the provinces and territories. By "incremental," the federal government means that provinces and territories have to show that it is actually a new program, not a program that they were going to do anyway and send the bill to Ottawa.

The federal government wants to focus on four areas for upcoming bilateral deals:

Improved access to primary care.

Support for health care workers and clearing up surgical and diagnostic backlogs.

Substance abuse and mental health care.

Better data and health care systems.

Personal support workers

The pandemic has made crystal clear the importance of personal support workers in the health care system, particularly in long-term care. It has also exposed the terrible working conditions that personal support workers have been expected to tolerate.

This new health care deal focuses on better pay for personal support workers: it includes $1.7 billion worth of additional wage support over five years in a deal that's similar to the essential workers wage top-up that the provinces rolled out with federal funding in the early stages of the COVID-19 pandemic.

The federal government will require the provinces to spend this new money on higher wages for low-paid personal support workers.

Even where the provinces have to actually spend the money on "new" programs, the federal government has left some wiggle room. Maybe a province was already going to pay personal support workers more and now they can say it's a "new" program or maybe a province was already going to clear its surgical backlog and it can pitch it as "new" to the federal government. The provinces and territories can certainly play games here, but it's far better than nothing.

No strings attached: other funding priorities

The personal support workers' wage top-up and the bilateral agreements account for 58 per cent of the total 10-year funding deal, or $26.7 billion of the $46.2 billion package.

The remaining 42 per cent—$19.5 billion—is not tied to specific spending requirements, which means the provinces and territories will get the money but they won't have to necessarily spend it on health care. This includes the guaranteed five per cent annual increase in the Canada Health Transfer (CHT) payments, the $2 billion CHT top-up and the territorial travel money.

These programs have suggested uses—like children's hospitals or territorial health travel—but the federal government is not imposing any requirements for the provinces to use the money as such. It is unconditional revenue for the provinces, without the need for any specific expenditure on the other side.

Essentially, the label on the box of cash says "kids' hospitals and ERs" but the back of the card says "no receipts required." Canadians can only hope that the provinces and territories do the right thing, but they might do something entirely different with that money, such as increase their budget surpluses and pay off bondholders in New York, offer massive tax cuts, or whatever.

The Canada Health Transfer has been unconditional since 1995. There is no requirement that the provinces show how they spend the money. They just receive it as an unconditional revenue stream from the federal government.

How much will be spent on health care?

The proportion of new funding that the federal government requires the provinces and territories to spend on health care varies quite a bit by jurisdiction. Across all jurisdictions, 58 cents of every dollar from this new package will have to be spent on new health care programs. Figure 2 lays out that ratio by province.

The federal government is going to require that P.E.I. spend 78 cents out of every new health care dollar from this new package on new health care expenditures that aren't already in the plans.

The big provinces—notably Quebec and Ontario—will not be required to spend as much of what they receive on health care.1 Of the $16.7 billion in new money that the federal government will send to Ontario over the next 10 years, for instance, the federal government only requires the province to spend $9.1 billion on new health care improvements (or 54 cents of every dollar they receive). The federal government isn't looking for matching funding; it simply wants 54 cents out of every dollar they send to Ontario to actually be spent on better health care. How much of the rest ends up improving health care will depend on how much public pressure is brought to bear on Queen's Park.

It's similar for Alberta and B.C.: the federal government only requires that they spend 57 cents of every dollar on improving health care. Of the $5.5 billion the federal government will send Alberta over the next 10 years, it only requires $3.1 billion to be spent on health care. Of the $6.3 billion the federal government will send B.C., it only requires $3.5 billion to be spent on better health care.

**Premiers wanted no strings attached**

The federal position is that the provinces only have to spend 58 cents out of every new dollar that they get on health care. But what's the provincial position?

Two years ago, all of the provinces and territories, except Newfoundland and Labrador, put out a position paper on exactly what they wanted from new health transfers. This was the provincial/territorial starting position: over the next 10 years, they wanted to receive $326 billion, much more than the $46.2 billion that the federal government has on offer.2 That's obviously a big difference. But there was another, even more revealing element: the proportion of the new health transfers that the provinces/territories would want to actually spend on improving health care.

The provinces wanted to receive an extra $26 billion in the first year, rising to $44 billion in the tenth year. So the revenue difference between the before and after scenarios is exactly those amounts.

What's truly shocking—and revealing—is the graph of planned provincial/territorial operating expenditures before and after a new federal health transfer.3

Program expenditures before and after a massive infusion of federal cash are identical! What this means is that whether the provinces and territories receive $26 billion or $44 billion more in federal transfers a year, they haven't planned to spend an extra dime on health care.

It's important to note that the provinces and territories are planning to grow their health care budgets, to varying degrees, but provincial leaders have an underlying assumption that their existing health care budgets are adequate to deal with overwhelmed emergency rooms, surgery backlogs, and under-resourced childrens' hospitals.

The provinces' and territories' own position paper shows they had no intention of changing their budgets by even a penny to address these issues.

So while the federal position is that it would like the provinces and territories to spend 58 cents out of every new health care dollar on actual health care, the starting provincial position is that they wouldn't spend any new federal health care dollars on actual health care. Not one cent.

Not on health care, and not on anything else

But wait, there's more.

If the provinces' operating expenditures would remain completely the same even if they receive between $26 billion and $44 billion more a year from the federal government, it's clear that they didn't plan any net new spending on anything else either. Not on better education. Not on expanding affordable child care. Not on improving the justice system. Not on post-secondary education.

The position paper explicitly shows that their only intention was to spend additional new federal funding on reducing their own deficits.

Please can I have a bigger surplus

It's worth noting that the provincial-territorial position paper was written in February 2021, when the provinces were predicting doomsday scenarios for deficits. Those predictions weren't worth the paper they were written on, they were so off the mark (as I documented in my November 2022 report Flush with Cash).

I've updated those figures to February 8, 2023, the day after the federal agreement details were released. Guess what? Nearly every province is projecting a huge surplus for 2022-23—and going forward, as far as the eye can see. What's the deficit emergency? There is no emergency. Quite the opposite.

All of the big provinces—B.C., Alberta, Quebec and Ontario—have budgetary surpluses rolling in. If they wanted to fix health care today—and it is a provincial responsibility—they don't have to ask permission, they can just snap their fingers and do it.

Need to hire more nurses? Need to fully staff emergency rooms and expand capacity? Need to clear wait list backlogs? Money isn't the object. Ontario is projecting $15.6 billion in surpluses over the next five years. Alberta is projecting $23.3 billion in surpluses over the next three. Quebec is projecting $13.7 billion in surpluses in the next five.

This is without additional federal transfers to those provinces.

Remember, just under half of new federal transfers aren't required to be spent on health care. It's just new revenue. Back in 2021, the provinces said they'd spend it all paying down their deficits. But now those deficits are massive surpluses.

So those new no-strings-attached "health care" transfers will just make massive surpluses even more massive. For instance, the Financial Accountability Office of Ontario is projecting a total of $15.6 billion in surpluses over the next five years—new no-strings-attached health care money would kick that up to $21.8 billion. Quebec, would move from $13.7 billion in surpluses over the next five years to $17.1 billion.

**Conclusion**

Budget surpluses may be on the horizon, but the provinces are highly unlikely to sit on those surpluses. Unless considerable public pressure comes to bear, Canadians could possibly expect much of the federal health care money to be given away in the form of tax cuts. In the last round of health care accords, premiers barely waited for the ink to dry before turning that money into tax cuts.

And guess what tax cuts have never been able to accomplish in the decades that politicians have been delivering them? Better health care.

**Methodological notes**

The federal backgrounder didn't break down personal support workers wage support by province. I've allocated it provincially based on the breakdown of the Essential Worker Wage Top-up program from the pandemic.

The cumulative budget balances in Figure 5 are over the entire available horizon for each province. Provincial contingency funds have been removed for a fairer comparison. The addition of new un-tied federal health care dollars is adjusted for each province's time frame. For example, P.E.I has budget projections out three years: 2022-23, 2023-24 and 2024-25. Those are summed to provide the first amount in Figure 5. The additional federal amounts are the amounts expected only over those three years and only for the portion of the federal money that is untied.

The projection horizons for each province are as follows:

- Newfoundland and Labrador projects four years out
- P.E.I. projects three years out
- New Brunswick projects three years out
- Nova Scotia projects four years out
- Quebec projects five years out
- Ontario projects five years out
- Manitoba projects four years out
- Saskatchewan projects four years out
- Alberta projects three years out
- B.C. projects three years out
-The following is the underlying estimates behind Figure 2.

**Notes**

While much of the new federal money is allocated roughly by population, the bilateral agreements are not. They provide lower amounts to Quebec and Ontario than their populations would suggest. It's unclear why this was done, but it's the reason why the ratio of the money transfers to actual health care expenditures is lower for these two provinces.

If you calculate the annual change in provincial consolidated revenue between the status quo (Table 4) and CHT increase (Table 6) scenarios from 2021-22 through 2030-31.

Operating expenditures exclude debt-servicing charges. I'm excluding debt charges because the Annexes of the paper calculate the impact of changing debt loads on provincial expenditures via debt servicing costs. The argument being made is that by shifting projected debt from the provinces to the federal government, which pays a lower interest rate, the system as a whole can save money.

# The crisis in the care economy shows no sign of letting up



Katherine Scott

**Support the Monitor**

Our content is fiercely open source and we never paywall our website. The support of our community makes this possible.

Make a donation of $35 or more and receive The Monitor magazine for one full year and a donation receipt for the full amount of your gift.

This is part six of our Fall 2022 Bumpy Ride labour market series update. It presents up-to-date information on women's economic security, unpacking national-level statistics and identifying emerging economic trends that impact women's economic standing.

**Quick takeaway**

Between the beginning of 2021 to June 2022, many groups of care workers experienced real wage cuts wages including registered nurses (-6.3 per cent), social and community service workers (-5.5 per cent) and nurse aides and orderlies (3.3 per cent).

**Care workers' earnings falling behind**

Over two million women work in the health care and social assistance sector and another million in education. There has been modest employment growth in these fields since before the pandemic, up 3.7 per cent and 3.5 per cent, respectively, but these new positions have barely made a dent on skyrocketing demand for care and support.

Record-high vacancies, notably in health care, persist as the rate of retirement in the sector edges ever-higher. In August, there were 152,000 vacant positions in health care and social assistance, up 6.4 per cent (+9,100) from July and up 19.4 per cent (+24,800) from August 2021. Hospitals and community-based care providers are buckling under the strain of an acute labour shortage, leaving them unable to adequately staff care services even as new COVID-19 cases mount.

Different governments are proposing solutions to the care crisis, but none have taken decisive action to tackle wages and working conditions of care workers, preferring to tinker ineffectively around the edges. Care sector wages have increased only modestly since 2019 even after taking pandemic wage top-ups for selected groups into account. It is important to remember how very low the starting wages were before the pandemic. In 2019, the average offered hourly wage for nurse aides and orderlies was $18.40 and even less for early childhood educators ($17.20).

The graph above looks at more recent wage gains from the beginning of 2021 to June 2022. We see an increase of 3.6 per cent among social and community service workers, 5.3 per cent among nurse aides, and just a meagre 2.8 per cent among registered nurses – many subject to legislated wage constraint. After taking inflation into account, these essential workers all experienced real income losses over these 18 months.

Care workers across the country are fighting for recognition, fair wages and improved working conditions, but facing entrenched resistance from employers and governments. The Ontario government in an unprecedented move introduced legislation to strip largely female educational workers of their democratic right to free and fair collective bargaining, unilaterally imposing a contract that would have locked in real wage losses for years. This law was not only a direct attack on labour rights but gender rights too.

After massive outcry and pushback from Canada's labour movement, the government announced it would repeal Bill 28 and return to the bargaining table. The outcome for workers is still uncertain. Addressing the low wages and poor working conditions of care workers is central to any plausible or just strategy for addressing Canada's care deficit and reducing the penalty attached to occupational segregation for women and other marginalized groups. There is a fight ahead to realize these goals.

This Bumpy Ride Update series is part of a larger project, Beyond Recovery, which is working to support and advance a gender-just recovery from the COVID-19 pandemic. The project's goals are to document and analyze women's experiences, with a particular focus on those of marginalized women in hard-hit sectors, and to provide evidence-based policy proposals to ensure those who are most impacted in this pandemic are front and centre in Canada's recovery. The Fall 2022 update draws on the annual and monthly Labour Force Survey and other related sources of information, highlighting differences between women and men as well as between different groups of women. Considering differences in the experiences of women with intersecting identities is crucial to understanding the impact of the pandemic and efforts to craft a fair and inclusive recovery, attentive to the experiences and struggles of marginalized and under-represented groups.

See the first Labour Market Update, published in May: Katherine Scott,

ਪਰਮਿੰਦਰ ਕੌਰ ਸਵੈਚ
604 760 4794

# ਖ਼ਾਮੋਸ਼ੀ ਤੋਂ ਪਾਰ



ਪਿਛਲੇ ਹਫ਼ਤੇ ਜੋ ਕੁੜੀ ਗੁਆਚ ਗਈ ਹੈ ਉਸ ਬਾਰੇ ਲਗਾਤਾਰ ਹੀ ਖ਼ਬਰਾਂ ਆ ਰਹੀਆਂ ਹਨ। ਮਨ ਬਹੁਤ ਉਦਾਸ ਹੈ। ਬਹੁਤ ਵਾਰੀ ਸੋਚਦੀ ਹਾਂ ਕਿ ਟੀ.ਵੀ. ਨਾ ਹੀ ਦੇਖਾਂ, ਪਰ ਸੋਚਦੀ ਹਾਂ ਕਿ ਆਸ ਨੂੰ ਮਾਰ ਕੇ, ਜ਼ਿੰਦਗੀ ਜਿਊਣਾ ਵੀ ਤਾਂ, ਜਿਊਣਾ ਨਹੀਂ ਹੁੰਦਾ, ਇਸ ਕਰਕੇ ਸਾਰੇ ਕੰਮ ਛੱਡ ਕੇ ਟੀ.ਵੀ. ਦੇਖਣ ਬੈਠ ਜਾਂਦੀ ਹਾਂ। ਅੱਜ ਕੱਲ ਮੇਰੇ ਅਤੀਤ ਨੇ ਮੇਰੇ ਅੰਦਰ ਖਲਬਲ਼ੀ ਜਿਹੀ ਮਚਾਈ ਪਈ ਹੈ। ਉਹ ਰਾਤਾਂ ਮੇਰੇ ਚੇਤਿਆਂ ਵਿੱਚੋਂ ਕਦੇ ਵੀ ਨਹੀਂ ਗਈਆਂ, ਬੇਸ਼ੱਕ ਬਹੁਤ ਸਾਲ ਹੋ ਗਏ ਹਨ, ਹੁਣ ਵੀ ਜਦੋਂ ਅਤੀਤ ਵਿੱਚ ਜਾਂਦੀ ਹਾਂ ਤਾਂ ਸਾਰੇ ਜ਼ਿਹਨ ਵਿੱਚ ਧੁਰ ਕੰਬਣੀ ਛਿੜ ਜਾਂਦੀ ਹੈ, ਬਹੁਤੀ ਬਾਰ ਉਹ ਘਟਨਾਵਾਂ ਸੁਪਨਿਆਂ ਵਿੱਚ ਆ ਕੇ ਥਰ ਥਰ ਕੰਬਣ ਲਾ ਦਿੰਦੀਆਂ ਹਨ। ਲੱਖ ਭੁਲਾਉਣ ਦਾ ਯਤਨ ਕਰਾਂ, ਪਰ ਅੱਖਾਂ ਅੱਗੇ ਇੱਕ ਇੱਕ ਛਿਣ ਦੀ ਧੁੰਦਲੀ ਫਿਲਮ ਘੁੰਮਦੀ ਰਹਿੰਦੀ ਹੈ।

ਜਦੋਂ ਮੈਂ ਯੂਨੀਵਰਸਿਟੀ ਪੜ੍ਹਨ ਗਈ, ਤਾਂ ਬਹੁਤ ਡਰਦੀ ਸੀ ਕਿ ਕਿਸੇ ਨੂੰ ਜਾਣਦੀ ਨਹੀਂ, ਇੱਕ ਆਈ ਵੀ ਤਾਂ ਛੋਟੇ ਸ਼ਹਿਰ ਤੋਂ ਸੀ। ਸਾਡੇ ਸ਼ਹਿਰ ਤੋਂ ਕੁੜੀਆਂ ਬਾਹਰ ਪੜ੍ਹਨ ਘੱਟ ਹੀ ਆਉਂਦੀਆਂ ਸਨ, ਉੱਥੇ ਹੀ ਛੋਟੇ ਮੋਟੇ ਕੰਮ ਕਰਦੀਆਂ ਤੇ ਉੱਥੇ ਦੇ ਮੁੰਡਿਆਂ ਨਾਲ ਹੀ ਮਿੱਤਰਤਾ ਹੋ ਜਾਂਦੀ ਤੇ ਵਿਆਹ ਹੋ ਕੇ ਪਰਿਵਾਰ ਵਸਾ ਲੈਂਦੀਆਂ, ਕੋਈ ਕੋਈ ਕੁੜੀ ਕਿਸੇ ਵੱਡੇ ਸ਼ਹਿਰ ਜਾ ਕੇ ਕੋਈ ਕੋਰਸ ਕਰਕੇ ਵੀ, ਫਿਰ ਵਾਪਸ ਆ ਕੇ ਇੱਥੇ ਹੀ ਰਹਿੰਦੀ। ਸਾਰੇ ਲੋਕ ਆਪਸ ਵਿੱਚ ਜਾਣਦੇ ਸਨ ਤੇ ਭਾਈਚਾਰਕ ਸਾਂਝ ਬਣੀ ਹੋਈ ਸੀ। ਮੇਰਾ ਪਹਿਲਾਂ ਤੋਂ ਹੀ ਸੁਫ਼ਨਾ ਸੀ ਕਿ ਮੈਂ ਬਹੁਤ ਪੜ੍ਹਨਾ ਹੈ ਤੇ ਯੂਨੀਵਰਸਿਟੀ ਹੀ ਜਾਣਾ ਹੈ, ਮਨ ਵਿੱਚ ਉਬਾਲ ਸੀ ਕਿ ਬਾਹਰਲੀ ਦੁਨੀਆਂ ਦੇਖਣੀ ਹੈ, ਮੈਂ ਖੂਹ ਦਾ ਡੱਡੂ ਬਣ ਕੇ ਇੱਥੇ ਨਹੀਂ ਰਹਿਣਾ। ਜਦੋਂ ਯੂਨੀਵਰਸਿਟੀ ਦੇ ਪਹਿਲੇ ਦਿਨ ਹੋਰ ਵਿਦਿਆਰਥੀਆਂ ਨੂੰ ਮਿਲੀ, ਉਹਨਾਂ ਵਿੱਚੋਂ ਕਾਫ਼ੀ ਮੇਰੇ ਵਾਂਗ ਦੂਰੋਂ ਨੇੜਿਓਂ ਟਾਊਨਾਂ ਜਾਂ ਛੋਟੇ ਸ਼ਹਿਰਾਂ ਤੋਂ ਹੀ ਆਏ ਸਨ। ਇਸ ਕਰਕੇ ਧਰਵਾਸ ਜਿਹਾ ਹੋ ਗਿਆ ਕਿ ਮੈਂ ਇਕੱਲੀ ਨਹੀਂ ਸਗੋਂ ਅਸੀਂ ਸਾਰੇ ਇਕੱਲੇ ਇਕੱਲੇ ਇੱਕ ਹੀ ਹਾਂ। ਅਸੀਂ ਸਾਰਿਆਂ ਨੇ ਇੱਕ ਦੂਜੇ ਦੇ ਖਿਆਲਾਂ ਨੂੰ ਸਮਝ ਕੇ ਦੋਸਤੀਆਂ ਬਣਾਈਆਂ। ਯੂਨੀਵਰਸਿਟੀ ਵਿੱਚ ਮੁੰਡੇ ਕੁੜੀਆਂ ਅਸੀਂ ਸਾਰੇ ਦੋਸਤਾਂ ਵਾਂਗ ਹੀ ਵਿਚਰਦੇ। ਇਹ ਮੇਰੇ ਲਈ ਵੱਖਰਾ ਤੁਜਰਬਾ ਸੀ ਕਿਉਂਕਿ ਮੇਰੇ ਮਾਪਿਆਂ ਨੂੰ ਇੰਡੀਆ ਤੋਂ ਕੈਨੇਡਾ ਆਇਆਂ ਭਾਵੇਂ 35 ਸਾਲ ਹੋ ਗਏ ਹਨ ਪਰ ਛੋਟੇ ਟਾਊਨ ਵਿੱਚ ਰਹਿਣ ਕਰਕੇ ਅਜੇ ਵੀ ਇੰਡੀਆ ਦੀਆਂ ਰਵਾਇਤੀ ਗੱਲਾਂ ਦਾ ਪ੍ਰਭਾਵ ਜਿਉਂ ਦਾ ਤਿਉਂ ਸੀ। ਫਿਰ ਜਦੋਂ ਮੈਂ 12ਵੀਂ ਗਰੇਡ ਬਹੁਤ ਹੀ ਵਧੀਆ ਅੰਕਾਂ ਵਿੱਚ ਪਾਸ ਕੀਤੀ ਤਾਂ ਮੇਰੀ ਆਸ ਹੋਰ ਵੀ ਬੱਝ ਗਈ ਕਿ ਹੁਣ ਜ਼ਰੂਰ ਹੀ ਮੇਰੇ ਮਨ ਦੇ ਵਲਵਲੇ ਪੂਰੇ ਹੋ ਜਾਣਗੇ। ਸਾਰੇ ਸਹਿਮਤ ਹੋ ਗਏ ਕਿ ਮੈਨੂੰ ਕਲੋਨਾ ਯੂਨੀਵਰਸਿਟੀ ਵਿੱਚ ਪੜ੍ਹਨ ਭੇਜਿਆ ਜਾਵੇ, ਮੇਰੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਹੁਣ ਮੈਨੂੰ ਮੇਰੇ ਮਾਪਿਆਂ ਤੇ ਮਾਣ ਮਹਿਸੂਸ ਹੁੰਦਾ ਸੀ ਕਿ ਉਹ ਮੇਰੀ ਬਹੁਤ ਪ੍ਰਵਾਹ ਕਰਦੇ ਹਨ। ਹੁਣ ਮੈਂ ਹੀ ਉਹਨਾਂ ਦੇ ਵਿਸ਼ਵਾਸ ਨੂੰ ਕਾਇਮ ਰੱਖਣਾ ਸੀ ਤੇ ਆਪਣੀ ਪੜ੍ਹਾਈ ਦਾ ਆਪਣਾ ਮਕਸਦ ਪੂਰਾ ਕਰਨਾ ਸੀ। ਮੈਂ ਯੂਨੀਵਰਸਿਟੀ ਦੇ ਪਹਿਲੇ ਸਾਲ ਬਹੁਤ ਜ਼ੋਰ ਲਾ ਕੇ ਬਹੁਤ ਹੀ ਵਧੀਆ ਨੰਬਰ ਲਏ ਤਾਂ ਸਾਰੇ ਖੁਸ਼ ਸਨ, ਹੁਣ ਮੈਂ ਯੂਨੀਵਰਸਿਟੀ ਦਾ ਭੇਤ ਪਾ ਲਿਆ ਸੀ। ਅਸੀਂ ਸਾਰੇ ਵਿਦਿਆਰਥੀ ਇਹ ਸਮਝਦੇ ਸਾਂ ਕਿ ਜੋ ਅਸੀਂ ਘਰ ਪਰਿਵਾਰ ਛੱਡ ਕੇ, ਮਾਪਿਆਂ ਦਾ ਐਨਾ ਖਰਚਾ ਕਰਕੇ ਤੇ ਆਪਣਾ ਸੁਪਨਾ ਲੈ ਕੇ ਐਥੇ ਆਏ ਹਾਂ, ਉਸਨੂੰ ਪੂਰਾ ਕਰਨਾ ਸਾਡਾ ਪਹਿਲਾ ਫਰਜ਼ ਹੈ।

ਯੂਨੀਵਰਸਿਟੀ ਦੇ ਦੂਸਰੇ ਸਾਲ ਦੇ ਅਖੀਰਲੇ ਅਗਜਾਮ (ਪੇਪਰ) ਵਾਲੇ ਦਿਨ ਕੁਦਰਤੀ ਸ਼ੁਕਰਵਾਰ ਸੀ। ਅਸੀਂ ਤਕਰੀਬਨ 15 ਕੁੜੀਆਂ ਹੋਵਾਂਗੀਆਂ, ਸਾਰੀਆਂ ਨੇ ਫ਼ੋਨ ਤੇ ਸੁਨੇਹੇ ਭੇਜ ਕੇ ਹੀ ਸਲਾਹ ਕਰ ਲਈ ਸੀ ਕਿ ਅੱਜ ਕਲੱਬ ਜਾਵਾਂਗੀਆਂ ਕਿਉਂਕਿ ਪਿਛਲੇ ਦਿਨੀਂ ਪੜ੍ਹਾਈ ਦਾ ਬਹੁਤ ਬੋਝ ਸੀ, ਮਸਾਂ ਮਸਾਂ ਇਮਤਿਹਾਨ ਮੁੱਕੇ ਸਨ। ਦਿਮਾਗ ਹੌਲ਼ਾ ਫੁੱਲ ਮਹਿਸੂਸ ਹੋ ਰਿਹਾ ਸੀ। ਅੱਜ ਜਿਵੇਂ ਦੁਨੀਆਂ ਦੀਆਂ ਸਾਰੀਆਂ ਚਿੰਤਾਵਾਂ ਕੋਹਾਂ ਦੂਰ ਚਲੀਆਂ ਗਈਆਂ ਸਨ। ਮੈਨੂੰ ਨੱਚਣਾ ਬਹੁਤ ਚੰਗਾ ਲੱਗਦਾ ਹੈ ਜਦੋਂ ਮੈਨੂੰ ਲੀਜ਼ਾ ਨੇ ਇਸ ਯੋਜਨਾ ਬਾਰੇ ਦੱਸਿਆ ਤਾਂ ਮੈਂ ਤਾਂ ਝੱਟੇ ਤਿਆਰ ਹੋ ਗਈ। ਦੋ ਕੁ ਘੰਟੇ ਬਾਅਦ ਲੀਜ਼ਾ ਆਈ ਮੈਂ ਤਾਂ ਬੈਠੀ ਉਡੀਕ ਕਰ ਰਹੀ ਸੀ। ਮੈਨੂੰ ਕਾਰ 'ਚ ਬਿਠਾ ਕੇ ਲੀਜ਼ਾ ਨੇ ਕਾਰ ਸੋਫੀਆ ਦੇ ਘਰ ਵੱਲ ਨੂੰ ਮੋੜ ਲਈ, ਉੱਥੇ ਐਮਲੀ ਤੇ ਗਰੇਸ ਨੇ ਪਹਿਲਾਂ ਹੀ ਆ ਜਾਣਾ ਸੀ। ਸਾਡੀਆਂ ਦੂਜੀਆਂ ਦੋਸਤ ਕੁੜੀਆਂ ਨੇ ਹੋਰ ਕਾਰਾਂ ਵਿੱਚ ਆਉਣਾ ਸੀ। ਮੈਂ ਤਾਂ ਕਾਰ ਵਿੱਚ ਬੈਠਣ ਸਾਰ ਭੰਗੜਾ ਪਾਉਣਾ ਸ਼ੁਰੂ ਕਰ ਦਿੱਤਾ।

ਲੀਜ਼ਾ ਨੇ ਕਿਹਾ, "ਦੀਪੀ ਅੱਜ ਤੈਨੂੰ ਕਾਹਦਾ ਝੱਲ਼ ਚੜ੍ਹ ਗਿਆ।"

"ਯਾਰ, ਮੇਰਾ ਅੱਜ ਬਹੁਤ ਔਖਾ ਅਗਜਾਮ (ਪੇਪਰ) ਸੀ, ਇਹਦਾ ਬੋਝ ਵੀ ਬਹੁਤ ਸੀ।" ਮੈਂ ਅਰਾਮ ਨਾਲ ਬੈਠਦੀ ਨੇ ਕਿਹਾ

"ਕਾਹਦਾ ਸੀ?" ਲੀਜ਼ਾ ਨੇ ਪੁੱਛਿਆ

"ਉਹਨੂੰ ਭੁੱਲ ਜਾ, ਹੁਣ ਕੁਛ ਨਾ ਪੁੱਛ, ਮੈਂ ਤਾਂ ਹੁਣ ਦੇ ਸਮੇਂ ਦਾ ਮਜ਼ਾ ਲੈਣਾ ਚਾਹੁੰਦੀ ਹਾਂ।"

"ਚੰਗਾ, ਚੰਗਾ, ਉੱਥੇ ਜਾ ਕੇ ਵੀ ਤਾਂ ਇਹੀ ਕਰਨੈ।"

"ਮੈਂ ਤਾਂ ਹੁਣ ਤੋਂ ਹੀ ਆਪਣੇ ਆਪ ਨੂੰ ਤਿਆਰ ਕਰ ਰਹੀ ਆਂ, ਅੱਜ ਤਾਂ ਨੱਚ ਟੱਪ ਕੇ ਪੂਰਾ ਮਜ਼ਾ ਲੈਣਾ।" ਮੈਂ ਚਾਂਭਲ ਕੇ ਅੱਖਾਂ ਵਿੱਚ ਖ਼ੁਮਾਰੀ ਭਰ ਕੇ ਕਿਹਾ।

ਲੀਜ਼ਾ ਬਹੁਤ ਗੰਭੀਰ ਕੁੜੀ ਸੀ, ਉਹ ਮੇਰੀਆਂ ਹਰਕਤਾਂ ਦੇਖ ਕੇ ਮੁਸਕਰਾ ਛੱਡਦੀ। ਮੇਰੀ ਕੋਸ਼ਿਸ਼ ਹੁੰਦੀ ਕਿ ਉਸਨੂੰ ਜ਼ਰੂਰ ਹਸਾਉਣਾ ਹੈ। ਇੰਨੇ ਨੂੰ ਸੋਫੀਆ ਦਾ ਘਰ ਆ ਗਿਆ, ਉਹ ਵੀ ਸਾਡੇ ਨਾਲ ਕਾਰ ਵਿੱਚ ਆ ਕੇ ਬੈਠ ਗਈਆਂ। ਇੱਕ ਦੂਜੇ ਦਾ ਹਾਲ ਚਾਲ ਪੁੱਛਦੀਆਂ ਪੁਛਾਉਂਦੀਆਂ ਅਸੀਂ ਕਾਰ ਕਲੱਬ ਦੀ ਪਾਰਕਿੰਗ ਲਾਟ ਵਿੱਚ ਜਾ ਖੜ੍ਹਾਈ। ਕਲੱਬ ਦੇ ਬਾਹਰ ਮੁੰਡੇ ਟੋਲੀਆਂ ਬਣਾ ਬਣਾ ਕੇ ਖੜ੍ਹੇ ਸਨ। ਜਦੋਂ ਅਸੀਂ ਕਾਰ 'ਚੋਂ ਉਤਰੀਆਂ, ਆਪਣੀਆਂ ਆਪਣੀਆਂ ਡਰੈੱਸਾਂ, ਜੋ ਸਪੈਸ਼ਲ ਇਹੋ ਜਿਹੇ ਮੌਕਿਆਂ ਤੇ ਹੀ ਪਾਈ ਦੀਆਂ ਹਨ, ਠੀਕ ਕੀਤੀਆਂ ਤੇ ਉੱਚੀ ਅੱਡੀ ਦੇ ਸੈਂਡਲਾਂ ਵਿੱਚ ਅਕਾਸ਼ੋਂ ਉੱਤਰੀਆਂ ਪਰੀਆਂ ਹੀ ਤਾਂ ਲੱਗ ਰਹੀਆਂ ਸਾਂ। ਮੇਰੀ ਡਰੈੱਸ ਨੂੰ ਖ਼ੀਦਿਆਂ ਤਾਂ ਦੋ ਮਹੀਨੇ ਹੋ ਗਏ ਸਨ, ਇਮਤਿਹਾਨਾਂ ਵਿੱਚ ਉਲਝੀ ਨੂੰ ਪਾਉਣ ਦਾ ਮੌਕਾ ਹੀ ਨਹੀਂ ਸੀ ਮਿਲਿਆ, ਨਵੀਂ ਡਰੈੱਸ ਦਾ ਚਾਅ ਵੀ ਬਹੁਤ ਸੀ।

ਮੈਂ ਸੋਫੀਆ ਨੂੰ ਪੁੱਛਿਆ, "ਮੈਂ ਕਿਹੋ ਜਿਹੀ ਲੱਗਦੀਆਂ, ਇਸ ਡਰੈੱਸ ਵਿੱਚ।"

ਉਸਨੇ ਹੇਠਾਂ ਤੋਂ ਉੱਪਰ ਵੱਲ ਪੂਰੀ ਨਜ਼ਰ ਘੁੰਮਾ ਕੇ ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ, ਸੱਜੇ ਹੱਥ ਦੇ ਅਗੂੰਠੇ ਨੂੰ ਖੜ੍ਹਾ ਕਰਕੇ ਕਿਹਾ, "ਬਹੁਤ ਹੀ ਖ਼ੂਬਸੂਰਤ।"

ਉਸਦੇ ਐਕਸ਼ਨ ਨਾਲ ਮੈਂ ਸ਼ਰਮਾ ਹੀ ਤਾਂ ਗਈ ਸੀ। ਗਰੇਸ ਨੇ ਪੈਂਦੀ ਸੱਟੇ ਦੂਸਰਾ ਸਵਾਲ ਕਰ ਦਿੱਤਾ ਸੀ, "ਐਨੀ ਤਿਆਰ ਹੋ ਕੇ ਕੀਹਦੇ ਲਈ ਆਈ ਐਂ?"

ਭੱਖਦੀਆਂ ਲਾਲ ਗੱਲ੍ਹਾਂ ਦੇ ਸੇਕ ਵਿੱਚੋਂ ਮੈਂ ਕਿਹਾ ਸੀ, "ਆਪਣੇ ਆਪ ਲਈ।"

ਉਹਨਾਂ ਨੇ ਆਪਸ ਵਿੱਚ ਨਜ਼ਰਾਂ ਮਿਲਾਈਆਂ ਮੁਸਕੜੀਆਂ ਹੱਸ ਪਈਆਂ ਤੇ ਅਸੀਂ ਸਾਰੀਆਂ ਅੰਦਰ ਨੂੰ ਚੱਲ ਪਈਆਂ ਸਾਂ। ਅੰਦਰ ਜਾ ਕੇ ਅਸੀਂ ਖੱਬੇ ਪਾਸੇ ਵਾਲਾ ਕੋਨਾ ਮੱਲ ਲਿਆ ਤੇ ਕਾਫੀ ਚਿਰ ਗੱਲਾਂ ਕਰਦੀਆਂ ਰਹੀਆਂ ਕਿਉਂਕਿ ਸੰਗੀਤ ਬਹੁਤ ਉੱਚੀ ਸੀ। ਇੱਕ ਦੂਜੇ ਦੇ ਕੰਨ ਵਿੱਚ ਹੀ ਗੱਲ ਕਰ ਸਕਦੇ ਸੀ। ਜਦੋਂ ਸਾਡੀ ਪਸੰਦ ਦਾ ਗਾਣਾ ਆਇਆ ਤਾਂ ਅਸੀਂ ਨੱਚਣਾ ਸ਼ੁਰੂ ਕਰ ਦਿੱਤਾ, ਫਿਰ ਤਾਂ ਤਕਰੀਬਨ ਘੰਟਾ ਇਵੇਂ ਚੱਲਦਾ ਰਿਹਾ। ਇਸ ਦੌਰਾਨ ਅਸੀਂ ਸਾਰੀਆਂ ਨੇ ਇੱਕ ਇੱਕ ਬੀਅਰ ਵੀ ਲੈ ਲਈ, ਜਿਸਨੇ ਰੂਹਾਂ ਵਿੱਚ ਹੋਰ ਜੋਸ਼ ਭਰ ਦਿੱਤਾ ਤੇ ਅਸੀਂ ਲਗਾਤਾਰ ਨੱਚਦੀਆਂ ਰਹੀਆਂ। ਕਈ ਵਾਰ ਜਾਣੇ ਪਛਾਣੇ ਮੁੰਡੇ ਵੀ ਸਾਡੇ ਨਾਲ ਆ ਕੇ ਨੱਚਣ ਲੱਗ ਪੈਂਦੇ।

ਉਸ ਦਿਨ ਯੂਨੀਵਰਸਿਟੀ ਦੇ ਤੀਜੇ ਸਾਲ 'ਚ ਪੜ੍ਹਦਾ ਮੁੰਡਾ ਸਾਡੇ ਨਾਲ ਆ ਕੇ ਨੱਚਣ ਲੱਗ ਪਿਆ। ਉਹ ਲੀਜ਼ਾ ਦੇ ਕੰਨ ਵਿੱਚ ਕੁੱਝ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੀ ਤੇ ਉਹ ਸਿਰ ਮਾਰ ਰਹੀ ਸੀ ਜਿਵੇਂ ਉਸਨੂੰ ਕੁੱਝ ਸੁਣਾਈ ਨਾ ਦੇ ਰਿਹਾ ਹੋਵੇ। ਫਿਰ ਉਸਨੇ ਉਸਨੂੰ ਬਾਹਰ ਜਾਣ ਦਾ ਇਸ਼ਾਰਾ ਕੀਤਾ ਤਾਂ ਉਹ ਮੇਰੇ ਵੱਲ ਆਉਂਦੀ ਆਉਂਦੀ ਪਿੱਛੇ ਮੁੜ ਗਈ ਜਿਵੇਂ ਉਸਨੇ ਰੋਕ ਲਿਆ ਹੋਵੇ ਕਿ ਆਪਾਂ ਹੁਣੇ ਮੁੜ ਆਉਣੈ ਤੇ ਉਹ ਚਲੀ ਗਈ। ਬਾਕੀ ਸਾਰੇ ਅਸੀਂ ਨੱਚਣ ਵਿੱਚ ਰੁਝੇ ਹੋਏ ਸੀ। 15 ਕੁ ਮਿੰਟਾਂ ਬਾਅਦ ਮੈਨੂੰ ਲੀਜ਼ਾ ਦਾ ਖਿਆਲ ਆਇਆ ਤਾਂ ਮੈਂ ਇਧਰ ਉਧਰ ਦੇਖਿਆ ਜਦੋਂ ਅੰਦਰ ਨਾ ਦਿਸੀ ਤਾਂ ਸੋਚਿਆ ਬਾਹਰਲੇ ਪਾਸੇ ਬਣੇ ਵਾਸ਼ਰੂਮਾਂ ਵਿੱਚ ਚਲੀ ਗਈ ਹੋਵੇਗੀ। ਜਦੋਂ ਅੱਧਾ ਘੰਟਾ ਲੰਘ ਗਿਆ, ਉਹ ਵਾਪਸ ਨਾ ਆਈ ਤਾਂ ਮੈਂ ਭੱਜ ਕੇ ਵਾਸ਼ਰੂਮਾਂ ਦੇ ਬਾਹਰ ਜਾ ਕੇ ਹਾਕਾਂ ਮਾਰਨ ਲੱਗੀ, ਉਹ ਉੱਥੇ ਵੀ ਨਹੀਂ ਸੀ, ਬਾਹਰ ਵੀ ਸਾਰੇ ਕਿਤੇ ਦੇਖਿਆ, ਉਹ ਕਿਤੇ ਵੀ ਨਜ਼ਰੀਂ ਨਾ ਪਈ। ਮੈਂ ਅੰਦਰ ਜਾ ਕੇ ਬਾਕੀ ਸਹੇਲੀਆਂ ਨੂੰ ਵੀ ਬੁਲਾ ਲਿਆਈ। ਉਹ ਵੀ ਆਸੇ ਪਾਸੇ ਦੇਖਣ ਲੱਗੀਆਂ ਪਰ ਲੀਜ਼ਾ ਕਿਤੇ ਨਾ ਮਿਲੀ। ਜਦੋਂ ਉਸਨੂੰ ਫ਼ੋਨ ਕਰਦੇ ਤਾਂ ਉਹਦਾ ਫ਼ੋਨ ਕੱਟ ਹੋ ਜਾਂਦਾ। ਅਸੀਂ ਉਹਨੂੰ ਐਧਰ ਉਧਰ ਲੱਭਦੀਆਂ ਰਹੀਆਂ। ਅਸੀਂ ਪੁਲਸ ਨੂੰ ਵੀ ਫ਼ੋਨ ਕੀਤਾ, ਉਹ ਕਹਿੰਦੇ ਮਰਜ਼ੀ ਨਾਲ ਗਈ ਹੋਣੀ ਐ, ਅਸੀਂ ਕੁੱਝ ਨਹੀਂ ਕਰ ਸਕਦੇ। ਥੋੜ੍ਹੀ ਦੇਰ ਬਾਅਦ ਦੋ ਕੁ ਗਲ਼ੀਆਂ ਦੇ ਪਿਛਲੇ ਪਾਸਿਓਂ ਐਮਲੀ ਤੇ ਗਰੇਸ ਉਸਨੂੰ ਫੜ੍ਹੀ ਆ ਰਹੀਆ ਸਨ। ਉਹ ਮੁੰਡਾ ਭੱਜ ਗਿਆ ਸੀ। ਲੀਜ਼ਾ ਦੀ ਹਾਲਤ ਦੇਖੀ ਨਹੀਂ ਸੀ ਜਾ ਰਹੀ। ਉਹ ਸਰੀਰਕ ਤੌਰ ਤੇ ਹੀ ਨਹੀਂ, ਉਹ ਮਾਨਸਿਕ ਤੌਰ ਵੀ ਟੁੱਟ ਚੁੱਕੀ ਸੀ। ਮੈਨੂੰ ਸਮਝ ਨਹੀਂ ਸੀ ਲੱਗ ਰਿਹਾ ਕਿ ਕੁੱਝ ਘੰਟੇ ਪਹਿਲਾਂ ਸਾਡੀ ਹੱਸਦੀ ਰਸਦੀ ਜ਼ਿੰਦਗੀ ਨੂੰ ਕੀ ਹੋ ਗਿਆ ਸੀ। ਬਾਕੀ ਦੋਸਤਾਂ ਨੂੰ ਘਰ ਲਾਹ ਕੇ ਮੈਂ ਉਹਨੂੰ ਘਰ ਤਾਂ ਲੈ ਗਈ ਪਰ ਅਸੀਂ ਸਾਰੀ ਰਾਤ ਸੌਂ ਨਾ ਸਕੀਆਂ, ਲੀਜ਼ਾ ਦਾ ਰੋਣਾ ਥੰਮਿਆ ਥੰਮ ਨਹੀਂ ਸੀ ਰਿਹਾ। ਜਦੋਂ ਉਹ ਥੱਕ ਗਈ ਤਾਂ ਸੌਂ ਗਈ, ਮੈਨੂੰ ਸਵੇਰੇ ਜਲਦੀ ਜਾਗ ਆ ਗਈ, ਮੈਂ ਉਸਨੂੰ ਉਠਾਇਆ ਨਹੀਂ, ਸਵੇਰੇ ਦਸ ਕੁ ਵਜੇ ਉਹ ਉੱਠੀ ਤੇ ਮੈਂ ਉਸਨੂੰ ਹਸਪਤਾਲ ਲੈ ਕੇ ਪਹੁੰਚੀ। ਲੀਜ਼ਾ ਅੱਜ ਬਿਲਕੁੱਲ ਚੁੱਪ ਸੀ, ਉਹ ਮੇਰੇ ਨਾਲ ਵੀ ਗੱਲ ਨਹੀਂ ਸੀ ਕਰ ਰਹੀ। ਜਦੋਂ ਮੈਂ ਗੱਲ ਕਰਨ ਲੱਗਦੀ ਤਾਂ ਉਹ ਫਿਰ ਰੋਣ ਲੱਗ ਜਾਂਦੀ। ਉੱਥੇ ਮੈਂ ਡਾਕਟਰ ਨੂੰ ਸਾਰੇ ਹਾਲਾਤ ਬਾਰੇ ਦੱਸਿਆ ਤਾਂ ਉਹਨਾਂ ਨੇ ਸਾਰੇ ਟੈਸਟ ਕੀਤੇ ਤੇ ਦਵਾਈਆਂ ਦੇ ਦਿੱਤੀਆਂ ਤੇ ਨਾਲ ਦੀ ਨਾਲ ਇਹ ਵੀ ਕਿਹਾ ਕਿ ਤੁਸੀਂ ਪੁਲਸ ਕੋਲ ਸ਼ਿਕਾਇਤ ਵੀ ਕਰ ਸਕਦੇ ਹੋ ? ਜੇ ਕੇਸ ਬਗੈਰਾ ਕਰਨਾ ਹੋਇਆ ਤਾਂ ਇਹਦੇ ਲਈ ਸਬੂਤਾਂ ਦੀ ਵੀ ਲੋੜ ਹੋਵੇਗੀ।

ਮੈਂ ਡਾਕਟਰ ਨੂੰ ਪੁੱਛਿਆ, "ਕੀ ਇਹ ਸਬੂਤ ਨਹੀਂ?"

"ਨਹੀਂ, ਇਹ ਕਾਫ਼ੀ ਨਹੀਂ। ਉੱਥੇ ਵਕੀਲ ਬਹੁਤ ਉਲਝਾ ਲੈਂਦੇ ਨੇ।" ਉਸਨੇ ਠਰੰਮੇ ਨਾਲ ਕਿਹਾ।

ਅਸੀਂ ਚੁੱਪ ਸਾਂ।

ਉਹ ਫਿਰ ਬੋਲਿਆ, "ਤੁਹਾਨੂੰ ਆਪਣਾ ਵਕੀਲ ਵੀ ਕਰਨਾ ਪਵੇਗਾ, ਖੈਰ ਤੁਹਾਡੇ ਕੋਲ ਤਿੰਨ ਮਹੀਨੇ ਦਾ ਵਕਤ ਐ, ਤੁਸੀਂ ਸਲਾਹ ਕਰ ਲਓ ਕਿ ਕੀ ਕਰਨੈ ? ਇਸ ਦੇ ਵਿੱਚ ਵਿੱਚ, ਤੁਸੀਂ ਬਲਾਤਕਾਰ ਦਾ ਕੇਸ ਕਰ ਸਕਦੇ ਹੋ ਉਸ ਲੜਕੇ ਤੇ"

"ਉਹ ਦੋਸ਼ੀ ਹੈ, ਉਹਨੂੰ ਸਜ਼ਾ ਤਾਂ ਮਿਲਣੀ ਚਾਹੀਦੀ ਐ।" ਮੈਂ ਗੁੱਸੇ ਵਿੱਚ ਕਿਹਾ।

"ਹੂੰਅ----ਥੋੜ੍ਹੀ ਬਹੁਤ ਸਜ਼ਾ ਵੀ ਮਿਲ ਸਕਦੀ ਐ ਤੇ ਕੁੱਝ ਕੁ ਜੁਰਮਾਨਾ ਵੀ ਹੋ ਸਕਦੈ, ਜੇ ਸਬੂਤ ਪੱਕੇ ਹੋਣ।" ਉਸਨੇ ਸੁਭਾਵਕ ਹੀ ਕਿਹਾ।

"ਸ.ਬੂ..ਤ!" ਮੈਂ ਹੈਰਾਨ ਹੋ ਗਈ।

ਲੀਜ਼ਾ ਨੇ ਆਪਣੇ ਹੱਥਾਂ ਵਿੱਚ ਮੇਰਾ ਹੱਥ ਘੁੱਟ ਲਿਆ ਤੇ ਮੈਨੂੰ ਚੁੱਪ ਕਰਵਾ ਦਿੱਤਾ। ਅਸੀਂ ਘਰ ਆਈਆਂ ਤਾਂ ਉਸਨੇ ਕਿਹਾ, "ਦੀਪੀ, ਮੈਂ ਇਸ ਭਿਆਨਕ ਹਾਦਸੇ ਨੂੰ ਭੁੱਲ ਜਾਣਾ ਚਾਹੁੰਦੀ ਹਾਂ।"

"ਕਿਉਂ ? ਇਹ ਤੇਰੇ ਲਈ ਸੌਖਾ ਹੋਵੇਗਾ, ਕੀ ਤੂੰ ਇਸਨੂੰ ਭੁੱਲ ਸਕਦੀ ਐਂ?"

"ਨਹੀਂ, ਮੈਂ ਕਦੇ ਨਹੀਂ ਭੁੱਲ ਸਕਦੀ ਪਰ----"

"ਪਰ ਕੀ ?" ਮੈਨੂੰ ਸਮਝ ਨਹੀਂ ਸੀ ਲੱਗ ਰਹੀ ਕਿ ਉਹ ਮੈਨੂੰ ਕੀ ਕਹਿਣਾ ਚਾਹੁੰਦੀ ਸੀ।

"ਦੀਪੀ, ਜੇ ਮੇਰੇ ਮਾਪਿਆਂ ਨੂੰ ਪਤਾ ਲੱਗ ਗਿਆ, ਉਹ ਮੈਨੂੰ ਹਟਾ ਕੇ ਘਰ ਲੈ ਜਾਣਗੇ, ਮੇਰੇ ਨਾਲ ਜੋ ਹੋ ਗਿਆ, ਬਦਲ ਤਾਂ ਸਕਦਾ ਨਹੀਂ, ਸਗੋਂ ਬਦਨਾਮੀ ਵਾਧੂ ਹੋਵੇਗੀ। ਜਿਸਨੂੰ ਨਹੀਂ ਪਤਾ, ਉਹਨੂੰ ਵੀ ਪਤਾ ਲੱਗੇਗਾ।" ਉਹ ਕਹਿ ਕੇ ਚੁੱਪ ਕਰ ਗਈ।

ਉਸ ਸਮੇਂ ਮੈਂ ਉਸਨੂੰ ਕੁੱਝ ਨਾ ਕਿਹਾ ਪਰ ਮੈਨੂੰ ਹਮੇਸ਼ਾਂ ਲੱਗਣਾ ਕਿ ਲੀਜ਼ਾ ਨੂੰ ਆਪਣੀ ਲੜਾਈ ਲੜਨੀ ਚਾਹੀਦੀ ਹੈ। ਹੁਣ ਉਹ ਬਹੁਤ ਚੁੱਪ ਰਹਿੰਦੀ ਸੀ, ਉਹ ਆਪਣੇ ਘਰ ਦੇ ਹਾਲਾਤਾਂ ਨੂੰ ਮੇਰੇ ਨਾਲੋਂ ਬਿਹਤਰ ਜਾਣਦੀ ਸੀ।

ਮੈਂ ਬਾਅਦ ਵਿੱਚ ਵੀ ਕਈ ਵਾਰ ਉਹਨੂੰ ਕਹਿਣ ਦੀ ਕੋਸ਼ਿਸ਼ ਕੀਤੀ, "ਲੀਜ਼ਾ ਤੂੰ ਪੱਕਾ ਸੋਚਦੀ ਐਂ ਕਿ ਤੈਨੂੰ ਤੇਰੇ ਹਿੱਸੇ ਦੀ ਲੜਾਈ ਨਹੀਂ ਲੜਨੀ ਚਾਹੀਦੀ।"

"ਇਸਨੂੰ ਇੱਥੇ ਹੀ ਛੱਡ ਦੇਹ, ਮੈਂ ਇਸ ਹਾਦਸੇ ਨੂੰ ਭੁੱਲਣਾ ਚਾਹੁੰਦੀ ਹਾਂ ਤੇ ਜ਼ਿੰਦਗੀ ਵਿੱਚ ਅੱਗੇ ਵੱਧਣਾ।" ਉਸਨੇ ਬੇਪ੍ਰਵਾਹੀ ਨਾਲ ਕਿਹਾ।

ਮੁੜ ਕੇ ਮੈਂ ਉਸ ਨਾਲ ਇਹ ਗੱਲ ਕਦੇ ਨਾ ਕੀਤੀ ਪਰ ਮੈਨੂੰ ਉਸ ਦਿਨ ਦੇ ਮੇਰੀ ਬੁੱਕਲ ਵਿੱਚ ਪਰਲ ਪਰਲ ਸੁੱਟੇ ਹੰਝੂ ਕਦੇ ਵੀ ਨਹੀਂ ਭੁੱਲੇ। ਸਮਾਂ ਲੰਘਦਾ ਗਿਆ ਤੇ ਜ਼ਿੰਦਗੀ ਆਮ ਵਾਂਗ ਹੋ ਗਈ ਸੀ। ਸਾਡੇ ਪੇਪਰ ਹੋ ਗਏ, ਵਧੀਆ ਨੰਬਰਾਂ ਵਿੱਚ ਪਾਸ ਹੋ ਗਈਆਂ ਸਾਂ। ਸਾਨੂੰ ਲੱਗਦਾ ਸੀ ਕਿ ਅਸੀਂ ਅਣਜਾਣ ਸਾਂ ਇਸ ਕਰਕੇ ਇਹ ਹਾਦਸਾ ਵਾਪਰਿਆ ਸੀ, ਕਿਉਂਕਿ ਯੂਨੀਵਰਸਿਟੀ ਦਾ ਦੂਜਾ ਸਾਲ ਹੀ ਤਾਂ ਸੀ।

ਇਵੇਂ ਹੀ ਗਰਮੀਆਂ ਦੇ ਦਿਨ ਸਨ। ਮੈਂ ਆਪਣੇ ਰੂਮ ਵਿੱਚ ਬੈਠੀ ਪੜ੍ਹ ਰਹੀ ਸੀ। ਸਾਡਾ ਯੂਨੀਵਰਸਿਟੀ ਦਾ ਅਖੀਰਲਾ ਸਾਲ ਸੀ। ਸੋਫੀਆ ਆਪਣੇ ਥੀਸਿਸ ਦੀ ਪ੍ਰੀਜੈਂਟੇਸ਼ਨ (ਪੇਸ਼ਕਾਰੀ) ਕਰਕੇ ਆਈ ਸੀ, ਉਹ ਖੁਸ਼ ਹੋਣ ਦੀ ਬਜਾਇ ਆ ਕੇ ਮੇਰੇ ਗਲ਼ ਲੱਗ ਕੇ ਰੋਣ ਲੱਗ ਪਈ। ਮੈਨੂੰ ਸਮਝ ਨਾ ਲੱਗੇ, ਉਸ ਤੋਂ ਗੱਲ ਨਹੀ ਸੀ ਹੋ ਰਹੀ।

"ਸੋਫੀਆ, ਕੀ ਹੋਇਆ ? ਪ੍ਰੀਜੈਂਟੇਸ਼ਨ ਠੀਕ ਨਹੀਂ ਹੋਈ ?" ਮੈਂ ਘਬਰਾ ਕੇ ਪੁੱਛਿਆ।

"---------" ਉਹ ਕੁੱਝ ਨਾ ਬੋਲੀ, ਲਗਾਤਾਰ ਰੋਈ ਜਾ ਰਹੀ ਸੀ।

"ਕੋਈ ਗੱਲ ਨਹੀਂ, ਫੇਰ ਕੀ ਹੋਇਆ ਜੇ ਇਸ ਵਾਰ ਠੀਕ ਨਹੀਂ ਹੋਈ, ਅਗਲੀ ਵਾਰ ਹੋ ਜਾਵੇਗੀ, ਇਹੋ ਜਿਹੇ ਇਮਤਿਹਾਨ ਤਾਂ ਜ਼ਿੰਦਗੀ 'ਚ ਆਉਂਦੇ ਹੀ ਰਹਿੰਦੇ ਨੇ, ਕਿਉਂ ਘਬਰਾਉਂਦੀ ਐ?" ਮੈਂ ਦਿਲਾਸਾ ਦਿੰਦੇ ਹੋਏ ਕਿਹਾ।

"ਹਾਂ—ਹਾਂ—ਮੈਂ ਜ਼ਿੰਦਗੀ ਦਾ ਇਮਤਿਹਾਨ ਫੇਲ੍ਹ ਹੋ ਗਈ ਹਾਂ।" ਤੇ ਕਹਿ ਕੇ ਰੋਣ ਲੱਗ ਪਈ।

"ਸੌਰੀ ਸੋਫੀਆ, ਮੈਂ ਤੈਨੂੰ ਇਵੇਂ ਨੀ ਕਿਹਾ, ਤੂੰ ਦੱਸ ਤਾਂ ਸਹੀ ਤੇਰੇ ਨਾਲ ਕੀ ਹੋਇਆ?" ਮੈਂ ਠਰੰਮੇ ਨਾਲ ਕਿਹਾ ਤੇ ਉਠ ਕੇ ਉਸ ਲਈ ਪਾਣੀ ਲੈਣ ਚਲੀ ਗਈ। ਮੈਂ ਵੀ ਅੰਦਰੋਂ ਡਰ ਗਈ ਸੀ।

ਉਸਨੂੰ ਪਾਣੀ ਪੀਣ ਲਈ ਦਿੱਤਾ ਤਾਂ ਉਹ ਥੋੜ੍ਹਾ ਆਪਣੇ ਆਪ ਵਿੱਚ ਆ ਗਈ। ਮੈਂ ਉਸਦੇ ਦੋਨੋਂ ਹੱਥ ਆਪਣੇ ਹੱਥਾਂ ਵਿੱਚ ਫੜ੍ਹ ਕੇ ਹੌਂਸਲਾ ਦਿੰਦੇ ਹੋਏ ਕਿਹਾ, "ਤੂੰ ਦੱਸ ਤਾਂ ਸਹੀ ਤੇਰੇ ਨਾਲ ਕੀ ਹੋਇਆ, ਅਗਰ ਮੈਂ ਮੱਦਦ ਕਰ ਸਕਦੀ ਹੋਈ ਤਾਂ ਜ਼ਰੂਰ ਕਰਾਂਗੀ"

"ਮੈਨੂੰ ਮੱਦਦ ਕਰਨ ਵਾਲਿਆਂ ਤੋਂ ਨਫ਼ਰਤ ਹੋ ਗਈ ਐ, ਦੀਪੀ।" ਉਸਨੇ ਰੋਣਹਾਕੀ ਅਵਾਜ਼ ਵਿੱਚ ਕਿਹਾ।

"ਫਿਰ ਵੀ---" ਮੈਂ ਅੱਗੇ ਕੁੱਝ ਕਹਿ ਨਾ ਸਕੀ ਤੇ ਉਹ ਜਿਵੇਂ ਉੱਧੜ ਗਈ ਹੋਵੇ।

"ਉਹ ਬੁੱਢਾ ਪ੍ਰੋਫੈਸਰ ਬਰਨੀ, ਮੇਰਾ ਜੀਅ ਕਰਦੈ ਉਹਦੇ ਸੀਨੇ ਵਿੱਚ ਦੀ ਗੋਲ਼ੀ ਕੱਢ ਦਿਆਂ," ਉਸਨੇ ਰੋਹ ਨਾਲ ਦਗਦੀਆਂ ਲਾਲ ਅੱਖਾਂ ਨੂੰ ਚੌੜੀਆਂ ਕਰਕੇ ਦੰਦ ਕਰੀਚ ਕੇ ਕਿਹਾ।

"ਸੋਫੀਆ ਪਲੀਜ਼, ਸ਼ਾਂਤ ਹੋ ਕੇ ਗੱਲ ਕਰ, ਦੱਸ ਮੈਨੂੰ, ਕੀ ਹੋਇਆ?," ਹੁਣ ਮੈਨੂੰ ਗੱਲ ਦੀ ਥੋੜ੍ਹੀ ਥੋੜ੍ਹੀ ਸਮਝ ਆ ਰਹੀ ਸੀ ਕਿ ਹੋ ਸਕਦੈ ਉਸਨੇ ਇਹਨੂੰ ਕੋਈ ਮੰਦਾ ਚੰਗਾ ਸ਼ਬਦ ਬੋਲ ਦਿੱਤਾ ਹੋਵੇਗਾ। ਛੋਟੀਆਂ ਮੋਟੀਆਂ ਗੱਲਾਂ ਹੋਣਾ ਤਾਂ ਹਰ ਕੁੜੀ ਦੇ ਹਿੱਸੇ ਆਇਆ ਹੈ, ਚਾਹੇ ਕਿਹੋ ਜਿਹਾ ਵੀ ਸਮਾਜ ਹੋਵੇ।

"ਦੀਪੀ, ਇਹ ਬੁੱਢਾ ਪ੍ਰੋਫੈਸਰ ਬਹੁਤ ਮੀਸਣੈ, ਮਿੱਠਾ ਮਿੱਠਾ ਬੋਲਦੈ ਤਾਂ ਕਿ ਇਹਦੇ ਕੋਲ ਕੁੜੀਆਂ ਫਸ ਜਾਣ, ਬਾਅਦ ਵਿੱਚ ਨਜ਼ਾਇਜ਼ ਫਾਇਦਾ ਉਠਾਉਂਦੈ।" ਉਸਨੇ ਆਪਣੇ ਗੁੱਸੇ ਤੇ ਕਾਬੂ ਪਾਉਂਦਿਆਂ ਦੱਸਿਆ।

"ਅੱਗੇ ਤਾਂ ਤੂੰ ਉਹਦੇ ਬਾਰੇ ਕਦੇ ਗੱਲ ਨਹੀਂ ਕੀਤੀ," ਮੈਂ ਹੈਰਾਨ ਹੁੰਦਿਆਂ ਕਿਹਾ।

"ਮੈਨੂੰ ਲੱਗਦਾ ਸੀ ਕਿ ਆਪਣੇ ਬੱਚਿਆਂ ਵਾਂਗ ਪਿਆਰ ਕਰਦੈ, ਕਦੇ ਹੱਥ ਘੁੱਟ ਦੇਣਾ, ਕਦੇ ਨਾਲ ਨੂੰ ਲਾ ਕੇ ਕੱਛ 'ਚ ਲੈ ਕੇ ਪਿਆਰ ਕਰਨਾ, ਐਧਰਲੀਆਂ ਉੱਧਰਲੀਆਂ ਗੱਲਾਂ ਕਰਦੇ ਰਹਿਣਾ, ਮੈਂ ਕਦੇ ਗੌਲ਼ਿਆਂ ਨਹੀਂ ਸੀ, ਇਸ ਵਿੱਚੋਂ ਮੈਂ ਆਪਣੇ ਡੈਡੀ ਵਰਗਾ ਪਿਆਰ ਦੇਖਦੀ ਸੀ, ਬਹੁਤ ਇੱਜ਼ਤ ਕਰਦੀ ਸੀ। ਜਦੋਂ ਵੀ ਮੈਨੂੰ ਪੜ੍ਹਨ ਵਿੱਚ ਮੁਸ਼ਕਲ ਆਉਂਦੀ, ਇਸਨੇ ਬੇਝਿਜਕ ਮੇਰੀ ਮੱਦਦ ਕਰਨੀ। ਮੈਂ ਅੱਜ ਸਾਰਿਆਂ ਦੇ ਸਾਹਮਣੇ ਆਪਣਾ ਪੇਪਰ ਪੇਸ਼ ਕਰਨਾ ਸੀ, ਉਸਨੇ ਇਸ ਦੀ ਤਿਆਰੀ ਕਰਵਾਉਣ ਲਈ ਬਹੁਤ ਜ਼ੋਰ ਲਾਇਆ ਸੀ, ਇਹ ਸਾਰਾ ਕੁੱਝ ਕਿਉਂ ? ਇਹ ਮੈਂ ਨਹੀਂ ਸੀ ਜਾਣਦੀ।" ਉਸ ਨੇ ਬਹੁਤ ਨਿਮੋਝੂਣੀ ਹੋ ਕੇ ਕਿਹਾ।

"ਫੇਰ ਕੀ ਹੋਇਆ?," ਮੈਂ ਹੱਕੀ ਬੱਕੀ ਉਸ ਵੱਲ ਦੇਖ ਰਹੀ ਸੀ।

"ਪ੍ਰੋਗਰਾਮ ਤੋਂ ਬਾਅਦ ਪਤਾ ਨਹੀਂ ਉਹ ਕਿੱਥੇ ਗਾਇਬ ਹੋ ਗਿਆ, ਮੈਂ ਉਸਦਾ ਧੰਨਵਾਦ ਕਰਨਾ ਚਾਹੁੰਦੀ ਸੀ, ਜਦੋਂ ਕਿਤੇ ਵੀ ਮੈਨੂੰ ਨਾ ਦਿਸਿਆ ਤਾਂ ਮੈਂ ਫ਼ੋਨ ਕੀਤਾ। ਉਸਨੇ ਫ਼ੋਨ ਚੁੱਕਿਆ ਨਹੀਂ ਸਗੋਂ ਫ਼ੋਨ ਤੇ ਸੁਨੇਹਾ ਭੇਜ ਦਿੱਤਾ, "ਡੈਲਟਾ ਹੋਟਲ ਦੇ ਵਿੱਚ ਮੈਨੂੰ ਕੰਮ ਸੀ, ਮੈਨੂੰ ਛੇਤੀ ਜਾਣਾ ਪੈ ਗਿਆ, ਤੂੰ ਉੱਥੇ ਆ ਕੇ ਮਿਲ।" ਮੇਰੇ ਤਾਂ ਕੁੱਝ ਯਾਦ ਚੇਤੇ ਵੀ ਨਹੀਂ ਸੀ। ਮੈਨੂੰ ਤਾਂ ਖੁਸ਼ੀ ਹੀ ਬਹੁਤ ਸੀ ਕਿ ਮੇਰੇ ਪੇਪਰ ਦੀ ਪੇਸ਼ਕਾਰੀ ਸਾਰਿਆਂ ਨਾਲੋਂ ਵਧੀਆ ਸੀ। ਮੈਂ ਸਿੱਧੀ ਹੋਟਲ ਚਲੀ ਗਈ। ਦਸ ਕੁ ਮਿੰਟ ਅਸੀਂ ਬੈਠਕ ਵਿੱਚ ਬੈਠੇ, ਉਦੋਂ ਉਹ ਫ਼ੋਨ ਤੇ ਸੀ, ਮੈਂ ਉਡੀਕਦੀ ਰਹੀ ਕਿ ਆ ਕੇ ਗੱਲ ਕਰੂਗਾ। ਆ ਕੇ ਕਹਿੰਦਾ, "ਐਥੇ ਲੋਕਾਂ ਦੀ ਆਵਾਜਾਈ ਬਹੁਤ ਐ, ਆਪਾਂ ਕਮਰੇ ਵਿੱਚ ਬੈਠ ਕੇ ਗੱਲ ਕਰਦੇ ਹਾਂ," ਉਸਨੇ ਕਮਰਾ ਪਹਿਲਾਂ ਹੀ ਰਾਖਵਾਂ ਕੀਤਾ ਹੋਇਆ ਸੀ।

ਅੰਦਰ ਗਏ ਤਾਂ ਉਹ ਬਿਸਤਰੇ ਤੇ ਬੈਠ ਗਿਆ ਤੇ ਮੈਂ ਕੁਰਸੀ 'ਤੇ।" ਉਸਨੇ ਕਹਿਣਾ ਸ਼ੁਰੂ ਕੀਤਾ।

"ਸੋਫੀਆ, ਅੱਜ ਤੇਰੀ ਹੀ ਕਾਮਯਾਬੀ ਨਹੀਂ ਮੇਰੀ ਵੀ ਕਾਮਯਾਬੀ ਹੈ," ਉਸਨੇ ਗੰਭੀਰਤਾ ਨਾਲ ਕਿਹਾ।

"ਹਾਂ, ਮਿਸਟਰ ਬਰਨੀ। ਇਹ ਤਾਂ ਸੱਚ ਹੈ, ਇਹ ਸਾਰਾ ਕੁੱਝ ਤੁਹਾਡੀ ਬਦੌਲਤ ਹੀ ਤਾਂ ਹੈ," ਮੈਂ ਬਹੁਤ ਹੀ ਖੁਸ਼ੀ ਵਿੱਚ ਬੇਬਾਕੀ ਨਾਲ ਕਿਹਾ।

"ਮੈਂ ਇਸ ਕਾਮਯਾਬੀ ਦਾ ਜਸ਼ਨ ਤੇਰੇ ਨਾਲ ਮਨਾਉਣਾ ਚਾਹੁੰਨੈਂ।" ਉਸਨੇ ਬੇਝਿਜਕ ਹੋ ਕੇ ਕਿਹਾ।

"ਜੀ---।" ਮੈਨੂੰ ਸਮਝ ਨਾ ਲੱਗੀ।

"ਮੈਂ ਗੱਲ ਹੇਰ ਫੇਰ ਪਾ ਕੇ ਨਹੀਂ ਕਰਾਂਗਾ, ਜਦੋਂ ਤੋਂ ਮੈਂ ਤੈਨੂੰ ਆਪਣਾ ਵਿਦਿਆਰਥੀ ਲਿਐ,

ਇਹ ਇੱਛਾ ਉਦੋਂ ਤੋਂ ਮੇਰੇ ਮਨ ਵਿੱਚ ਸੀ, ਇਸ ਕਰਕੇ ਮੈਂ ਕਰੜੀ ਮਿਹਨਤ ਕੀਤੀ ਐ ਪੂਰਾ ਸਾਲ, ਸਿਰਫ਼ ਇਸ ਦਿਨ ਲਈ ਕਿ ਅੱਜ ਦੀ ਰਾਤ ਮੈਂ ਤੇਰੇ ਨਾਲ ਸੌਣੈ।" ਉਸਨੇ ਪੂਰੀ ਨਿਧੜਕਤਾ ਨਾਲ ਕਿਹਾ।

ਮੈਂ ਇੱਕ ਦਮ ਉਠ ਕੇ ਖੜ੍ਹੀ ਹੋ ਗਈ, ਮੇਰੀਆਂ ਲੱਤਾਂ ਕੰਬ ਰਹੀਆਂ ਸਨ।

"ਮਿਸਟਰ ਬਰਨੀ--ਤੁਸੀਂ ਇਹ ਕੀ ਕਹਿ ਰਹੇ ਹੋ ? ਮੈਂ --ਮੈਂ--ਤੁਹਾਡੇ ਬੱਚਿਆਂ ਵਰਗੀ--"

"ਬੱਚਿਆਂ ਵਰਗੀ ਪਰ ਮੇਰੀ ਬੱਚੀ ਤਾਂ ਨਹੀਂ", ਉਸਨੇ ਬੇਝਿਜਕ ਕਿਹਾ।

"ਵਾਸਤਾ ਈ ਰੱਬ ਦਾ ਸਰ, ਤੁਸੀਂ ਇਹ ਕੀ ਕਹਿ ਰਹੇ ਹੋ। ਮੈਂ-- "

ਉਸਨੇ ਮੇਰੀ ਗੱਲ ਨੂੰ ਵਿਚੋਂ ਟੋਕ ਕੇ ਕਿਹਾ, "ਹਾਂ, ਇਹ ਸੱਚ ਐ। ਜੇ ਤੂੰ ਆਪਣਾ ਖੋਜ ਪੇਪਰ ਭੇਜਣਾ ਚਾਹੁੰਦੀ ਹੈ ਤਾਂ ਆਪਣਾ ਆਪ ਮੇਰੇ ਹਵਾਲੇ ਕਰਦੇ ਨਹੀਂ ਤਾਂ--"

"ਦੀਪੀ, ਮੈਂ ਬਹੁਤ ਰੋਈ, ਕੁਰਲਾਈ, ਮਿੰਨਤਾਂ ਕੀਤੀਆਂ ਪਰ ਉਸਨੇ ਇੱਕ ਨਾ ਸੁਣੀ। ਉਸ ਦਰਿੰਦੇ ਨੇ ਮੇਰੀ ਐਨੇ ਸਾਲਾਂ ਦੀ ਮਿਹਨਤ ਮਿੱਟੀ ਵਿੱਚ ਰੋਲ਼ ਦੇਣੀ ਸੀ ਜੇ ਮੈਂ ਚੁੱਪ ਚਾਪ--" ਉਹ ਫੁੱਟ ਫੁੱਟ ਕੇ ਰੋ ਪਈ।

ਅੱਜ ਵੀ ਦੋ ਸਾਲਾਂ ਬਾਅਦ ਮੇਰੀ ਬੁੱਕਲ ਵਿੱਚ ਪਰਲ ਪਰਲ ਹੰਝੂ ਸਨ ਸਿਰਫ਼ ਨਾਂ ਬਦਲਿਆ ਸੀ ਲੀਜ਼ਾ ਦੀ ਥਾਂ ਤੇ ਸੋਫੀਆ ਸੀ। ਮੈਂ ਕਿੰਨਾ ਹੀ ਚਿਰ ਉਸਨੂੰ ਚੁੱਪ ਕਰਾਉਂਦੀ ਰਹੀ ਤੇ ਸੋਚਦੀ ਰਹੀ ਕਿ ਪੜ੍ਹਿਆ ਸੀ ਕਿ ਅਣਵਿਕਸਤ ਦੇਸ਼ਾਂ ਵਿੱਚ ਅਜਿਹੀਆਂ ਘਟਨਾਵਾਂ ਹੁੰਦੀਆਂ ਨੇ, ਪਰ ਇਹ ਸੱਭਿਅਕ ਦੇਸ਼ਾਂ ਵਿੱਚ ਵੀ ਔਰਤ ਦੋਮ ਦਰਜ਼ੇ ਤੇ ਹੀ ਹੈ। ਕਿੰਨੀਆਂ ਸੋਫੀਆ ਤੇ ਲੀਜ਼ਾ ਹਰ ਰੋਜ਼ ਕਿਸੇ ਨਾ ਕਿਸੇ ਤਰੀਕੇ ਜ਼ਲੀਲ ਹੁੰਦੀਆਂ ਹੋਣਗੀਆਂ। ਆਖ਼ਰ ਲੀਜ਼ਾ ਵਾਂਗ ਸੋਫੀਆ ਵੀ ਜ਼ਿੰਦਗੀ ਦੇ ਇਸ ਭਿਆਨਕ ਦਰਦ ਨੂੰ ਆਂਦਰਾਂ ਵਿੱਚ ਸਮੇਟ ਕੇ ਅੱਗੇ ਵਧ ਗਈ।

ਪਿੱਛੇ ਜਿਹੇ ਜਦੋਂ ਮੀ ਟੂ ਦੀ ਮੁਹਿੰਮ ਚੱਲੀ, ਮੇਰਾ ਕਈ ਵਾਰ ਜੀਅ ਕੀਤਾ ਕਿ ਲੀਜ਼ਾ ਤੇ ਸੋਫੀਆ ਨੂੰ ਕਹਾਂ ਕਿ ਤੁਸੀਂ ਵੀ ਅੱਗੇ ਆਓ ਤੇ ਆਪਣੀ ਤੇ ਔਰਤ ਜਾਤ ਦੇ ਇਨਸਾਫ਼ ਦੀ ਲੜਾਈ ਲੜੋ। ਹੁਣ ਵੇਲ਼ਾ ਆ ਗਿਆ ਹੈ, ਬਹੁਤ ਸਾਰੀਆਂ ਕਹਿੰਦੀਆਂ ਕਹਾਉਂਦੀਆਂ ਹਸਤੀਆਂ ਵਿਚੋਂ ਔਰਤਾਂ ਨੇ ਆਪਣੇ ਨਾਲ ਹੁੰਦੇ ਧੱਕੇ ਬਾਰੇ ਦੱਸਿਆ ਹੈ।ਮੈਂ ਝਕਦੀ ਝਕਾਉਂਦੀ ਨੇ ਲੀਜ਼ਾ ਤੇ ਸੋਫੀਆ ਨੂੰ ਮਿਲਣ ਲਈ ਫ਼ੋਨ ਕਰ ਲਿਆ ਪਰ ਮਨ ਵਿੱਚ ਧੁਖਧੁਖੀ ਸੀ ਕਿ ਉਹ ਇਸ ਬਾਰੇ ਗੱਲ ਕਰਨਾ ਚਾਹੁਣਗੀਆਂ ਵੀ ਕਿ ਨਹੀਂ। ਕਈ ਵਾਰ ਬੰਦਾ ਇਹੋ ਜਿਹੀਆਂ ਡਰਾਉਣੀਆਂ ਯਾਦਾਂ ਨੂੰ ਮੁੜਕੇ ਯਾਦ ਨਹੀਂ ਕਰਨਾ ਚਾਹੁੰਦਾ, ਕਿਤੇ ਉਹ ਇਤਰਾਜ਼ ਹੀ ਨਾ ਕਰਨ।

ਅਸੀਂ ਉਸ ਦਿਨ ਵੀਰਵਾਰ ਦਾ ਦਿਨ ਮਿੱਥ ਲਿਆ ਕਿ ਅਸੀਂ ਮੇਰੇ ਘਰ ਵਿੱਚ ਮਿਲਣਾ ਹੈ ਤੇ ਨਾਲੇ ਰੱਜ ਕੇ ਗੱਲਾਂ ਕਰਨੀਆਂ ਹਨ। ਯੂਨੀਵਰਸਿਟੀ ਦੇ ਦਿਨ ਜ਼ਿੰਦਗੀ ਦੀ ਅਭੁੱਲ ਯਾਦ ਹੀ ਤਾਂ ਹੁੰਦੇ ਹਨ। ਉਂਜ ਤਾਂ ਅਸੀਂ ਸਾਰੀਆਂ ਵੈਨਕੂਵਰ ਦੇ ਆਸ ਪਾਸ ਹੀ ਰਹਿੰਦੀਆਂ ਹਾਂ, ਪਰ ਕਦੇ ਮਿਲਣ ਦਾ ਮੌਕਾ ਹੀ ਨਹੀਂ ਲੱਗਦਾ। ਦਿਲ ਦੇ ਵਿੱਚ ਖਾਹਸ਼ ਹਮੇਸ਼ਾਂ ਬਣੀ ਰਹਿੰਦੀ ਹੈ ਕਿ ਕੋਈ ਮਿਲਣ ਦਾ ਬਹਾਨਾ ਲੱਭੇ। ਉਹਨਾਂ ਦੀ ਅੱਜ ਛੁੱਟੀ ਸੀ, ਇਸ ਕਰਕੇ ਮੈਂ ਵੀ ਬਿਮਾਰ ਦਾ ਬਹਾਨਾ ਕਰਕੇ ਛੁੱਟੀ ਲੈ ਲਈ ਹੈ। ਮੈਂ ਸਵੇਰ ਤੋਂ ਤਿਆਰੀ ਕਰ ਰਹੀ ਹਾਂ। ਉਹ ਮੇਰੀਆਂ ਪੱਕੀਆਂ ਦੋਸਤ ਹਨ, ਉਹਨਾਂ ਨੂੰ ਕੀ ਖੁਆਉਣਾ ਹੈ, ਕੀ ਦੱਸਣਾ ਹੈ, ਕੀ ਪੁੱਛਣਾ ਹੈ ? ਮੈਂ ਬਹੁਤ ਖੁਸ਼ ਹਾਂ। ਜਲਦੀ ਜਲਦੀ ਕੰਮ ਮੁਕਾ ਕੇ ਬੈਠਣ ਵਾਲੇ ਕਮਰੇ ਦੀਆਂ ਚੀਜ਼ਾਂ ਥਾਂ ਟਿਕਾਣੇ ਰੱਖਦੀ ਨੇ ਜਦੋਂ ਟੀ. ਵੀ. ਲਾਇਆ ਤਾਂ ਸਾਡੇ ਗੁਆਂਢੀ ਦੇਸ਼ ਅਮਰੀਕਾ ਤੋਂ ਖ਼ਬਰਾਂ ਆ ਰਹੀਆਂ ਹਨ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਸੁਪਰੀਮ ਕੋਰਟ ਲਈ ਇੱਕ ਜੱਜ ਬਰੈਟ ਕਾਵਨਾਹ ਨੂੰ ਰੱਖਣ ਦਾ ਸੁਝਾਅ ਦਿੱਤਾ ਹੈ ਤਾਂ ਡਾ. ਕ੍ਰਿਸਟੀਨ ਬਲੇਜ਼ੀ ਜਿਸ ਨਾਲ ਉਸਨੇ 16 ਸਾਲ ਦੀ ਉਮਰ ਵਿੱਚ ਬਲਾਤਕਾਰ ਕੀਤਾ ਸੀ, ਉਹ ਅੱਗੇ ਆਈ ਹੈ ਕਿ ਇਹ ਬਲਾਤਕਾਰੀ ਜੱਜ ਸੁਪਰੀਮ ਕੋਰਟ ਦਾ ਜੱਜ ਬਣਨ ਦੇ ਕਾਬਲ ਨਹੀਂ ਹੈ। ਉਹ ਮਨੋਵਿਗਿਆਨ ਦੀ ਡਾਕਟਰ ਹੈ ਜਦੋਂ ਉਸਨੇ ਆਪਣੇ ਨਾਲ ਹੋਈ ਬੀਤੀ ਦੱਸੀ ਤਾਂ ਗੱਲ ਸੈਨੇਟ ਤੱਕ ਪਹੁੰਚ ਗਈ। ਉੱਥੇ ਜੱਜ ਕਾਵਨਾਹ ਨੂੰ ਨਹੀਂ ਸਗੋਂ ਡਾ. ਬਲੇਜ਼ੀ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਲਿਆ ਗਿਆ ਹੈ।

ਬਾਹਰ ਬੈੱਲ ਹੋਈ ਤਾਂ ਮੈਂ ਉੱਠ ਕੇ ਲੀਜ਼ਾ ਤੇ ਸੋਫੀਆ ਨੂੰ ਡੋਰ ਖੋਲ੍ਹਿਆ ਤੇ ਉਹ ਮੈਨੂੰ ਘੁੱਟ ਕੇ ਮਿਲੀਆਂ, ਅਸੀਂ ਸਾਰੀਆਂ ਬਹੁਤ ਖ਼ੁਸ਼ ਹਾਂ। ਮੈਂ ਉਹਨਾਂ ਨੂੰ ਬਿਠਾ ਕੇ ਪੀਣ ਲਈ ਰਸੋਈ ਵਿੱਚੋਂ ਜੂਸ ਲੈਣ ਚਲੀ ਗਈ। ਟੀ. ਵੀ. ਤੇ ਡਾ. ਬਲੇਜ਼ੀ ਕਟਹਿਰੇ ਵਿੱਚ ਵਕੀਲ ਦੇ ਸਵਾਲਾਂ ਦੇ ਜਵਾਬ ਦੇ ਰਹੀ ਸੀ। ਸਾਡਾ ਸਾਰੀਆਂ ਦਾ ਧਿਆਨ ਉਹਦੇ ਵੱਲ ਚਲਾ ਗਿਆ। ਸੈਨੇਟ ਵਿੱਚ ਉਸ ਨਾਲ ਜੱਜ ਕਾਵਨਾਹ ਦਾ ਵਕੀਲ ਜਵਾਬ ਤਲਬੀ ਕਰ ਰਿਹਾ ਹੈ, ਕਿ ਉਹ ਦੱਸੇ, ਕਿ ਉਸਨੇ ਉਸਨੂੰ ਧੱਕਾ ਰੂਮ ਵਿੱਚ ਦਿੱਤਾ ਸੀ ਕਿ ਵਾਸ਼ਰੂਮ ਵਿੱਚ ? ਕਿਹੜਾ ਘਰ ਸੀ ? ਉਹਦਾ ਦਰਵਾਜ਼ਾ ਚੜ੍ਹਦੇ ਵੱਲ ਸੀ ਜਾਂ ਛਿੱਪਦੇ ਵੱਲ ?, ਕਿਹੜੀ ਸਟਰੀਟ ਉੱਤੇ ?, ਸਬੂਤ ਇੱਕਠੇ ਕਰਨ ਲਈ ਉਹ ਘਰ ਦੇਖਿਆ ਜਾ ਸਕਦਾ ਹੈ ਅਜੇ ?, ਕਿਹੜਾ ਦਿਨ ਸੀ ?, ਉਹ ਭੱਜ ਕੇ ਬਾਹਰ ਕਿਵੇਂ ਆਈ ?, ਉਹਦੇ ਨਾਲ ਉਸ ਦਿਨ ਹੋਰ ਕੌਣ ਕੌਣ ਸੀ ? ਕਿੰਨੇ ਹੀ ਤਰ੍ਹਾਂ ਤਰ੍ਹਾਂ ਦੇ ਸਵਾਲਾਂ ਨਾਲ ਉਸਨੂੰ ਉਲਝਾਇਆ ਜਾ ਰਿਹਾ ਸੀ। ਜੇ ਉਹ ਮਨੋਵਿਗਿਆਨ ਦੀ ਡਾਕਟਰ ਹੋ ਕੇ ਆਪਣੇ ਸਬੂਤ ਨਹੀਂ ਦੇ ਸਕੀ ਤਾਂ ਲੀਜ਼ਾ ਤੇ ਸੋਫੀਆ ਨਾਲ ਕੀ ਹੋ ਸਕਦਾ ਸੀ, ਸੋਫੀਆ ਘਬਰਾ ਕੇ ਉੱਠ ਖੜ੍ਹਦੀ ਹੈ ਤੇ ਟੀ. ਵੀ. ਬੰਦ ਕਰ ਦਿੰਦੀ ਹੈ। ਅਸੀਂ ਤਿੰਨੋ ਇੱਕ ਦੂਜੇ ਦੇ ਮੂੰਹ ਵੱਲ ਦੇਖ ਰਹੀਆਂ ਹਾਂ, ਚੁਫੇਰੇ ਚੁਪ ਛਾ ਗਈ ਹੈ, ਜੋ ਗੱਲ ਮੈਂ ਉਹਨਾਂ ਨਾਲ ਕਰਨੀ ਚਾਹੁੰਦੀ ਸੀ, ਉਸਨੂੰ ਕਰਨ ਦੀ ਹਿੰਮਤ ਹੀ ਖ਼ਤਮ ਹੋ ਚੁੱਕੀ ਹੈ। ਚੁੱਪ ਨੂੰ ਤੋੜਦੇ ਹੋਏ ਲੀਜ਼ਾ ਨੇ ਕਿਹਾ, ਮੈਨੂੰ ਤਾਂ ਬਹੁਤ ਭੁੱਖ ਲੱਗੀ ਐ, ਕੀ ਬਣਾਇਐ ? ਮੈਂ ਚੁਪ ਚਾਪ ਰਸੋਈ ਵਿੱਚ ਜਾਂਦੀ ਹਾਂ ਤੇ ਖਾਣਾ ਪਰੋਸਣ ਲਗਦੀ ਹਾਂ। ਮੇਰੀ ਖ਼ੁਸ਼ੀ ਖੰਭ ਲਾ ਕੇ ਉਡ ਚੁੱਕੀ ਹੈ, ਮੇਰੇ ਕੋਲ ਕਹਿਣ ਲਈ ਕੁੱਝ ਵੀ ਤਾਂ ਨਹੀਂ।

ਮੇਰੇ ਮਨ ਵਿੱਚ ਵਿਚਾਰਾਂ ਦੀ ਤਰਥੱਲੀ ਮੱਚੀ ਪਈ ਹੈ, ਸੋਚ ਰਹੀ ਹਾਂ ਕਿ ਲੀਜ਼ਾ ਨਾਲ ਬਲਾਤਕਾਰ ਇਸ ਲਈ ਹੋ ਗਿਆ ਕਿ ਉਹ ਮੁੰਡਾ ਅੱਲੜ੍ਹ ਉਮਰ ਸੀ, ਉਹ ਫਾਇਦਾ ਲੈ ਗਿਆ, ਸੋਫੀਆ ਨੂੰ ਮਜ਼ਬੂਰ ਕਰਕੇ ਮਿਸਟਰ ਬਰਨੀ ਨੇ ਉਸ ਨਾਲ ਧੱਕਾ ਕੀਤਾ ਤੇ ਜੱਜ ਕਾਵਨਾਹ ਟਰੰਪ ਦੀ ਤਾਕਤ ਨਾਲ ਡਾ. ਬਲੇਜ਼ੀ ਨੂੰ ਝੂਠੀ ਕਰ ਗਿਆ। ਮੀ ਟੂ ਦੀ ਮੁਹਿੰਮ ਕਰਕੇ ਡਾ. ਬਲੇਜ਼ੀ ਨੇ ਹਿੰਮਤ ਕੀਤੀ ਸੀ ਸਮਾਜ ਨਾਲ ਟੱਕਰ ਲੈਣ ਦੀ, ਜੁਰੱਅਤ ਕੀਤੀ ਸੀ ਆਪਣੇ ਅੰਦਰ ਦੀ ਨਮੋਸ਼ੀ ਨੂੰ ਜੱਗ ਜ਼ਾਹਰ ਕਰਨ ਦੀ। ਕਚਹਿਰੀ ਵਿੱਚ ਉਲਟੇ ਸਿੱਧੇ ਸਵਾਲਾਂ ਨਾਲ ਉਹਦਾ ਵਾਰ ਵਾਰ ਬਲਾਤਕਾਰ ਕੀਤਾ ਗਿਆ, ਉਸਦੀ ਵਲੂੰਧਰੀ ਰੂਹ ਨੂੰ ਵਾਰ ਵਾਰ ਨੰਗਾ ਕੀਤਾ ਗਿਆ, ਉਸਦੇ ਅਹਿਸਾਸਾਂ ਦੀ ਬਲੀ ਸ਼ਰੇ-ਬਜ਼ਾਰ ਦਿੱਤੀ ਜਾ ਰਹੀ ਸੀ। ਉਹ ਇਨਸਾਫ਼ ਦੀ ਲੜਾਈ ਨਹੀਂ ਸਗੋਂ ਸਵਾਲਾਂ ਦੇ ਜਵਾਬ ਦਿੰਦੀ ਦਿੰਦੀ ਕਿਸੇ ਹਨ੍ਹੇਰੇ ਕੋਨੇ ਦੇ ਗਲ਼ ਲੱਗ ਕੇ ਰੋ ਰਹੀ ਸੀ। ਬਹੁਤ ਸਾਲਾਂ ਬਾਅਦ ਉਹ ਮੇਰੀ ਹੀ ਬੁੱਕਲ ਸੀ, ਇੱਕ ਔਰਤ ਦੀ ਬੁੱਕਲ ਜਿਸਨੇ ਹੰਝੂਆਂ ਦਾ ਦਰਿਆ ਸਦੀਆਂ ਤੋਂ ਇੱਥੇ ਹੀ ਸਾਂਭਿਆ ਹੈ। ਇਹ ਵਿਚਾਰ ਆਉਂਦੇ ਹੀ ਮੈਨੂੰ ਕੁੜੀ ਹੋਣ ਦੇ ਅਹਿਸਾਸ ਬਾਰੇ ਖਲਬਲ਼ੀ ਮੱਚ ਜਾਂਦੀ ਹੈ ਤੇ ਵਿਦਰੋਹ ਦੀ ਅੱਗ ਭੜਕ ਜਾਂਦੀ ਪਰ ਮੈਂ ਤਾਂ ਬਹੁਤ ਵਾਰ ਲੀਜ਼ਾ ਤੇ ਸੋਫੀਆ ਨਾਲ ਗੱਲ ਕਰਨਾ ਚਾਹੁੰਦੀ ਸੀ ਪਰ ਉਹਨਾਂ ਵਿੱਚ ਹੌਸਲਾ ਪੈਦਾ ਕਰਨ ਲਈ ਮੇਰੇ ਕੋਲ ਕੁੱਝ ਨਹੀਂ ਸੀ ਹੁੰਦਾ ਕਿਉਂਕਿ ਸਮਾਜ ਨੇ ਔਰਤ ਦੀ ਦਸ਼ਾ ਨੂੰ ਵਸਤੂ ਤੋਂ ਵੱਧ ਅਹਿਮੀਅਤ ਦੇਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਜੇ ਇੱਕ ਗੱਲ ਕਦੇ ਹਾਂ ਪੱਖੀ ਹੈ ਤਾਂ ਬਦਲੇ ਵਿੱਚ ਚਾਰ ਨਾਂਹ ਪੱਖੀ ਗੱਲਾਂ ਸਾਹਮਣੇ ਆਉਂਦੀਆਂ ਹਨ। ਮੇਰੇ ਵਿਚਾਰਾਂ ਦੀ ਲੜੀ ਉਦੋਂ ਟੁੱਟੀ ਜਦੋਂ ਸੋਫੀਆ ਨੇ ਕੌਫੀ ਵਾਲੀ ਕੇਤਲੀ ਨੇੜੇ ਕਰਨ ਲਈ ਕਿਹਾ।

ਮੈਂ ਜਿਵੇਂ ਸੁਪਨੇ ਵਿੱਚੋਂ ਜਾਗੀ ਹੋਵਾਂ। ਮੈਂ ਘਬਰਾ ਕੇ ਕਿਹਾ, ਤੁਹਾਨੂੰ ਕੁੱਝ ਹੋਰ ਤਾਂ ਨਹੀਂ ਚਾਹੀਦਾ ?

"ਨਹੀਂ ਨਹੀਂ, ਕੁੱਝ ਨਹੀਂ" ਸੋਫੀਆ ਨੇ ਕਿਹਾ,

"ਦੀਪੀ ਸਾਨੂੰ ਪਤਾ ਹੈ ਕਿ ਜੋ ਸਾਡੇ ਅਤੀਤ ਵਿੱਚ ਹੋਇਆ ਹੈ, ਤੂੰ ਵੀ ਉਸ ਵਿੱਚ ਹਿੱਸੇਦਾਰ ਰਹੀ ਹੈ, ਉਹ ਗੱਲਾਂ ਤੇਰੀ ਸੰਵੇਦਨਸ਼ੀਲਤਾ ਕਰਕੇ ਤੰਗ ਕਰਦੀਆਂ ਨੇ ਤੈਨੂੰ, ਤੂੰ ਅੱਜ ਦੇਖ ਹੀ ਲਿਆ ਟੀ. ਵੀ. ਤੇ, ਕੀ ਹੋਇਆ ਡਾ. ਬਲੇਜ਼ੀ ਨਾਲ, ਇਸੇ ਕਰਕੇ ਹੀ ਅਸੀਂ ਚੁੱਪ ਹੋ ਗਈਆਂ ਸੀ ਤੇ ਅੱਜ ਤੱਕ ਚੁੱਪ ਹਾਂ।" ਲੀਜ਼ਾ ਨੇ ਮੇਰੀ ਹਾਲਤ ਦੇਖ ਕੇ ਕਿਹਾ।

"ਹਾਂ ਚੁੱਪ, ਉਹੀ ਚੁੱਪ ਹੀ ਤਾਂ ਤੋੜੀ ਹੈ ਡਾ. ਬਲੇਜ਼ੀ ਨੇ, ਉਹੀ ਤਾਂ ਮੈਂ ਚਾਹੁੰਦੀ ਹਾਂ ਕਿ ਤੁਸੀਂ ਵੀ ਚੁੱਪ ਤੋੜੋ। ਹੋਰ ਔਰਤਾਂ ਜਿਨ੍ਹਾਂ ਨਾਲ ਇਹ ਕੁੱਝ ਵਾਪਰਿਆ ਉਹ ਵੀ ਚੁੱਪ ਤੋੜਨ। ਇਕੱਠੀਆਂ ਹੋ ਕੇ ਆਪਣੇ ਲਈ ਨਹੀਂ, ਆਉਣ ਵਾਲੀਆਂ ਪੀੜ੍ਹੀਆਂ ਲਈ, ਆਉਣ ਵਾਲੀਆਂ ਬੱਚੀਆਂ ਲਈ ਚੁੱਪ ਤੋੜਨ। ਔਰਤ ਦੀ ਅਜ਼ਾਦੀ ਲਈ, ਉਸਦੀ ਮਨੁੱਖੀ ਹੋਂਦ ਲਈ, ਉਸਦੀ ਆਪਣੀ ਮਰਜ਼ੀ ਲਈ"। ਮੈਂ ਗੁੱਸੇ ਵਿੱਚ ਉਤੇਜ਼ਤ ਹੋ ਕੇ ਕਿਹਾ।

ਲੀਜ਼ਾ ਤੇ ਸੋਫੀਆ ਜੋ ਹੁਣ ਤੱਕ ਮੈਨੂੰ ਧਿਆਨ ਨਾਲ ਸੁਣ ਰਹੀਆਂ ਸਨ। ਉਹਨਾਂ ਨੇ ਆਪਸ ਵਿੱਚ ਨਜ਼ਰਾਂ ਮਿਲਾਈਆਂ ਤੇ ਕੌਫੀ ਦੇ ਕੱਪ ਰੱਖ ਦਿੱਤੇ, ਜਿਵੇਂ ਉਹ ਕਦੇ ਅਤੀਤ ਬਾਰੇ ਅਤੇ ਕਦੇ ਭਵਿੱਖ ਬਾਰੇ ਸੋਚ ਰਹੀਆਂ ਹੋਣ। ਮੈਂ ਉਹਨਾਂ ਦੀ ਦੁਬਿਧਾ ਨੂੰ ਤੋੜਨ ਲਈ ਆਪਣਾ ਹੱਥ ਟੇਬਲ ਤੇ ਰੱਖ ਦਿੱਤਾ ਅਤੇ ਉਹਨਾਂ ਨੂੰ ਇੱਕਜੁਟਤਾ ਦਾ ਇਸ਼ਾਰਾ ਕੀਤਾ। ਮੇਰੀ ਆਸ ਨੂੰ ਦੇਖ ਕੇ ਉਹਨਾਂ ਨੇ ਵੀ ਮੇਰੇ ਹੱਥ ਤੇ ਹੱਥ ਧਰ ਦਿੱਤੇ ਤੇ ਮੈਂ ਸੱਜਾ ਅੰਗੂਠਾ ਖੜ੍ਹਾ ਕਰਕੇ ਜੇਤੂ ਲਹਿਜੇ ਵਿੱਚ ਕਿਹਾ, "ਡੰਨ"।

# 23 ਮਾਰਚ ਦੇ ਸ਼ਹੀਦਾਂ ਲਈ ਸ਼ਰਧਾਂਜ਼ਲੀ ਸਮਾਰੋਹ (2 ਅਪਰੈਲ, 2023) ਨੂੰ ਸਰੀ 'ਚ

ਸਰੀ (ਪਰਮਿੰਦਰ ਸਵੈਚ) : ਪਿਛਲੇ ਐਤਵਾਰ ਤਰਕਸ਼ੀਲ ਸੁਸਾਇਟੀ ਦੀ ਮਹੀਨਾਵਾਰ ਮੀਟਿੰਗ ਹੋਈ ਜਿਸ ਵਿੱਚ ਤਰਕਸ਼ੀਲ ਸੁਸਾਇਟੀ ਦੇ ਦੂਜੇ ਵੱਡੇ ਪ੍ਰੋਗਰਾਮ ਸ਼ਹੀਦਾਂ ਨੂੰ ਸਮਰਪਿਤ ਸ਼ਰਧਾਂਜ਼ਲੀ ਸਮਾਰੋਹ ਕਰਨ ਬਾਰੇ ਵਿਚਾਰ ਵਟਾਂਦਰਾਂ ਕੀਤਾ ਗਿਆ। ਯਾਦ ਰਹੇ ਕਿ ਤਰਕਸ਼ੀਲ ਸੁਸਾਇਟੀ ਕੋਵਿਡ ਦੇ ਸਾਲਾਂ ਨੂੰ ਛੱਡ ਕੇ 2004 ਤੋਂ ਲੈ ਕੇ ਸਾਲ ਵਿੱਚ ਦੋ ਸਲਾਨਾ ਪ੍ਰੋਗਰਾਮ ਕਰਦੀ ਆ ਰਹੀ ਹੈ। ਇੱਕ ਸਲਾਨਾ ਨਾਟਕ ਮੇਲਾ ਹੁੰਦਾ ਹੈ ਤੇ ਦੂਸਰਾ ਔਰਤ ਦਿਵਸ ਅਤੇ 23 ਮਾਰਚ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਪ੍ਰੋਗਰਾਮ ਕੀਤਾ ਜਾਂਦਾ ਹੈ। ਇਸ ਵਾਰ ਵੀ ਇਹ ਪ੍ਰੋਗਰਾਮ 2 ਅਪਰੈਲ, 2023 ਨੂੰ 11:30 ਵਜੇ ਪੰਜਾਬ ਬੈਂਕੁਇਟ ਹਾਲ (ਯੂਨਿਟ 215, 8166–128 ਸਟਰੀਟ) ਪਾਇਲ ਬਿਜ਼ਨਿਸ ਸੈਂਟਰ ਵਿੱਚ ਕਰਵਾਉਣਾ ਨਿਸ਼ਚਿਤ ਹੋਇਆ ਹੈ। ਇਸ ਪ੍ਰੋਗਰਾਮ ਵਿੱਚ ਡਾ. ਚਮਨ ਲਾਲ ਜੋ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਹਨ, ਜਿਨ੍ਹਾਂ ਨੇ ਦੋ ਦਰਜ਼ਨ ਤੋਂ ਵੀ ਵੱਧ ਕਿਤਾਬਾਂ ਲਿਖੀਆਂ ਹਨ। ਉਹਨਾਂ ਦੀ ਖੋਜ ਦਾ ਕੰਮ ਸ਼ਹੀਦ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ, ਜੀਵਨੀਆਂ ਤੇ ਉਸ ਸਮੇਂ ਦੀਆਂ ਹਾਲਤਾਂ ਦੇ ਮੱਦੇ ਨਜ਼ਰ ਕੀਤਾ ਗਿਆ ਕੰਮ ਹੈ ਜੋ ਬਹੁਤ ਸਾਲ ਬਾਅਦ ਸਾਡੇ ਸਾਹਮਣੇ, ਸਾਡੇ ਹੱਥਾਂ ਵਿੱਚ ਉਨ੍ਹਾਂ ਦੀ ਬਦੌਲਤ ਆ ਸਕਿਆ ਹੈ। ਉਹ ਇਸ ਪ੍ਰੋਗਰਾਮ ਵਿੱਚ ਉਚੇਚੇ ਤੌਰ ਤੇ ਸ਼ਿਰਕਤ ਕਰ ਰਹੇ ਹਨ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਵਿੱਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਵਿਚਾਰਧਾਰਾ ਤੇ ਅਧਾਰਿਤ, ਪਰਮਿੰਦਰ ਕੌਰ ਸਵੈਚ ਦਾ ਲਿਖਿਆ ਨਾਟਕ 'ਭਗਤ ਸਿੰਘ ਇੱਕ ਸੋਚ' ਪ੍ਰੋਗਰੈਸਿਵ ਆਰਟ ਕਲੱਬ ਵਲੋਂ ਕੀਤਾ ਜਾਵੇਗਾ। ਸਰਬਜੀਤ ਓਖਲਾ ਦੁਆਰਾ ਮੈਜਿਕ ਟਰਿੱਕ ਪੇਸ਼ ਕੀਤੇ ਜਾਣਗੇ। ਸੁਖਦੇਵ ਮਾਨ ਵਲੋਂ ਕੈਨੇਡਾ ਦੀਆਂ ਮੌਜੂਦਾ ਹਲਾਤਾਂ ਤੇ ਚਾਨਣਾ ਪਾਇਆ ਜਾਵੇਗਾ। ਤਰਕਸ਼ੀਲ ਸੁਸਾਇਟੀ ਦੀ ਸੈਂਟਰ ਕਮੇਟੀ ਦੇ ਪ੍ਰਧਾਨ ਅਵਤਾਰ ਗਿੱਲ ਤੇ ਪਰਮਿੰਦਰ ਸਵੈਚ ਵਲੋਂ ਵੀ ਤਰਕਸ਼ੀਲਤਾ ਬਾਰੇ ਵਿਚਾਰ ਸਾਂਝੇ ਕੀਤੇ ਜਾਣਗੇ। ਇਸ ਤੋਂ ਇਲਾਵਾ ਗੀਤ ਸੰਗੀਤ ਤੇ ਕਵਿਤਾਵਾਂ ਨਾਲ ਵੀ ਸ਼ਹੀਦਾਂ ਨੂੰ ਸ਼ਰਧਾਂਜ਼ਲੀ ਦਿੱਤੀ ਜਾਵੇਗੀ। ਚਾਹ-ਪਾਣੀ ਦਾ ਪ੍ਰਬੰਧ ਵੀ ਹੋਵੇਗਾ।

# ਆਖਿਰ ਕੀ ਹੈ ਗ੍ਰਾਮ ਸਭਾ ਅਤੇ ਇਸਦੀ ਤਾਕਤ




ਗ੍ਰਾਮ ਸਭਾ ਜਿਸਨੂੰ ਪਿੰਡ ਦੀ ਪਾਰਲੀਮੈਂਟ ਵੀ ਕਿਹਾ ਜਾਂਦਾ ਹੈ, ਇਸ ਪਾਰਲੀਮੈਂਟ ਵਿੱਚ ਪਿੰਡ ਦੇ ਆਮ ਲੋਕਾਂ ਨੇ ਸ਼ਮੂਲੀਅਤ ਕਰਕੇ ਪਿੰਡ ਦੀ ਤਕਦੀਰ ਆਪ ਲਿਖਣੀ ਹੁੰਦੀ ਹੈ। ਦੇਸ਼ ਦੀ ਪਾਰਲੀਮੈਂਟ ਵਿਚ ਲੋਕ ਚੁਣ ਕੇ ਜਾਂਦੇ ਹਨ,ਪਰ ਇਸ ਪਿੰਡ ਦੀ ਗ੍ਰਾਮ ਸਭਾ ਨਾਮਕ ਪਾਰਲੀਮੈਂਟ ਦੀ ਕੋਈ ਚੋਣ ਨਹੀ ਹੁੰਦੀ, ਬਲਕਿ ਜਿਸਦੀ ਵੀ ਵੋਟ ਬਣੀ ਹੁੰਦੀ ਹੈ ਉਹ ਇਸ ਪਾਰਲੀਮੈਂਟ ਦਾ ਮੈਂਬਰ ਹੁੰਦਾ ਹੈ ਅਤੇ ਉਹ ਪਿੰਡ ਦੀ ਹਰ ਵਿਕਾਸ ਰਣਨੀਤੀ ਬਣਾਉਣ ਵਿਚ ਬਰਾਬਰ ਦਾ ਹਿੱਸੇਦਾਰ ਹੁੰਦਾ ਹੈ।

73ਵੀਂ ਸੋਧ ਤੋਂ ਬਾਅਦ 21 ਅਪ੍ਰੈਲ 1994 ਨੂੰ ਨਵੇਂ ਪੰਚਾਇਤੀ ਰਾਜ ਕਨੂੰਨ ਦੇ ਹੋਂਦ ਵਿਚ ਆਉਣ ਤੇ ਵੋਟਰਾਂ ਨੂੰ ਗ੍ਰਾਮ ਸਭਾ ਤਹਿਤ ਬੇਤਹਾਸ਼ਾ ਤਾਕਤ ਦੇ ਦਿੱਤੀ ਗਈ, ਇੰਨੀ ਤਾਕਤ ਕਿ ਜੋ ਮੰਗ ਇਸ ਗ੍ਰਾਮ ਸਭਾ ਤਹਿਤ ਪਿੰਡ ਅਤੇ ਪਿੰਡ ਵਾਸੀਆਂ ਲਈ ਮੰਗ ਲਈ ਜਾਵੇਗੀ ਉਸਨੂੰ ਦੁਨੀਆ ਦੀ ਕੋਈ ਤਾਕਤ ਰੋਕ ਨਹੀ ਸਕਦੀ।ਪਰ 3 ਦਹਾਕੇ ਬੀਤ ਜਾਣ ਤੇ ਵੀ ਇਸ ਕਨੂੰਨ ਬਾਰੇ ਨਾ ਤਾ ਪਿੰਡ ਦੇ ਪਾਰਲੀਮੈਂਟ ਮੈਂਬਰਾਂ (ਵੋਟਰਾਂ) ਨੂੰ ਇਸ ਬਾਬਤ ਕੋਈ ਜਾਣਕਾਰੀ ਹੈ ਅਤੇ ਨਾ ਹੀ ਗ੍ਰਾਮ ਸਭਾ ਦੇ ਚੇਅਰਮੈਨ(ਸਰਪੰਚ) ਨੂੰ। ਹੁਣ ਤੱਕ ਸਰਪੰਚੀ ਸਿਰਫ਼ ਚੋਣ ਲੜਨ ਅਤੇ ਲੋਕਾਂ ਨੂੰ ਆਪਸ ਵਿਚ ਉਲਝਾਉਣ ਚੌਕੀ ਠਾਣੇ 'ਚ ਫੜਾਉਣ-ਛੁਡਾਉਣ ਤੱਕ ਸੀਮਤ ਹੈ। ਜਿੰਨ੍ਹਾ ਸਰਪੰਚਾਂ ਨੇ ਇਸ ਤਾਕਤ ਦੀ ਵਰਤੋਂ ਕੀਤੀ ਹੈ ਉਹ ਆਪਣੇ ਪਿੰਡ ਅਤੇ ਪਿੰਡ ਵਾਸੀਆਂ ਦੀ ਜ਼ਿੰਦਗੀ ਬਦਲ ਕਿ ਰੱਖ ਦੇਣ ਵਿਚ ਕਾਮਯਾਬ ਵੀ ਹੋਏ ਹਨ, ਰਾਜਸਥਾਨ ਦਾ ਪਿਪਲਾਂਤਰੀ, ਮਹਾਰਾਸ਼ਟਰ ਦਾ ਹਿਵਰੇਬਜ਼ਾਰ ਅਤੇ ਪੰਜਾਬ ਦਾ ਧਰਦਿਓ ਪਿੰਡ ਇਸਦੀ ਮੂੰਹੋਂ ਬੋਲਦੀ ਮਿਸਾਲ ਹਨ।

ਗ੍ਰਾਮ ਸਭਾ ਦਾ ਭਾਵ ਹੈ ਪਿੰਡ ਦੇ ਆਮ ਲੋਕਾਂ ਦਾ ਉਹ ਇਕੱਠ ਜੋ ਸਰਪੰਚ ਵੱਲੋਂ ਪਿੰਡ ਵਿਚ ਸਾਲ ਵਿੱਚ ਦੋ ਵਾਰੀ ਕਰਨਾ ਲਾਜ਼ਮੀ ਹੈ। ਇਸ ਇਕੱਠ ਤੋਂ ਠੀਕ 15 ਦਿਨ ਪਹਿਲਾਂ ਸਰਪੰਚ ਪਿੰਡ ਦੇ ਵਿੱਚ ਸਪੀਕਰ ਰਾਹੀਂ ਮੁਨਾਦੀ ਕਰਵਾਉਂਦਾ ਹੈ, ਇਸ਼ਤਿਹਾਰ ਅਤੇ ਢੋਲੀ ਰਾਹੀਂ ਪਿੰਡ ਵਿਚ ਦੱਸਦਾ ਹੈ, ਕਿ ਅੱਜ ਤੋਂ ਠੀਕ 15 ਦਿਨ ਬਾਅਦ ਪਿੰਡ ਵਿਚ ਗ੍ਰਾਮ ਸਭਾ ਬੁਲਾਈ ਜਾਵੇਗੀ, ਜਿਸ ਵੀ ਪਿੰਡ ਵਾਸੀ ਦੀ ਕੋਈ ਵੀ ਮੁਸ਼ਕਿਲ ਹੈ ਉਹ ਸਰਪੰਚ ਨੂੰ ਪੰਜ ਦਿਨਾਂ ਦੇ ਅੰਦਰ-ਅੰਦਰ ਲਿਖਤੀ ਤੌਰ ਤੇ ਦੱਸੇ।ਲੋਕ ਆਪਣੀ ਕੋਈ ਵੀ ਮੁਸ਼ਕਿਲ ਭਾਵੇ ਉਹ ਪਿੰਡ ਨਾਲ ਸਬੰਧਿਤ ਕਿਸੇ ਵੀ ਮਹਿਕਮੇ ਨਾਲ ਹੋਵੇ, ਉਹ ਸਰਪੰਚ ਨੂੰ ਦੇ ਸਕਦਾ ਹੈ।ਸਰਪੰਚ ਉਸ ਸ਼ਿਕਾਇਤ ਦੀ ਕਾਪੀ ਤੇ ਸ਼ਿਕਾਇਤ ਨਾਲ ਸਬੰਧਿਤ ਮਹਿਕਮੇ ਨੂੰ ਇਹ ਲਿਖ ਕਿ ਭੇਜਦਾ ਹੈ ਕਿ 15 ਤਰੀਕ (ਮਿਸਾਲ) ਨੂੰ ਪਿੰਡ ਦੀ ਸੱਥ ਵਿਚ ਗ੍ਰਾਮ ਸਭਾ ਦੀ ਮੀਟਿੰਗ ਹੈ, ਇਸ ਸ਼ਿਕਾਇਤ ਨਾਲ ਸਬੰਧਿਤ ਅਫ਼ਸਰ ਗ੍ਰਾਮ ਸਭਾ ਵਿੱਚ ਆ ਕਿ ਜੁਆਬਦੇਹ ਹੋਵੇ।

ਗ੍ਰਾਮ ਸਭਾ ਵਾਲੇ ਦਿਨ ਪਿੰਡ ਦੀ ਸੱਥ ਵਿਚ ਸੱਜੀ ਗ੍ਰਾਮ ਸਭਾ ਵਿੱਚ ਸਰਪੰਚ ਬਤੌਰ ਚੇਅਰਮੈਨ ਇੱਕ ਰਾਜੇ ਦੀ ਤਰਾਂ ਕੰਮ ਕਰਦਾ ਹੈ ਅਤੇ ਸਾਰੇ ਪੰਚਾਇਤ ਮੈਂਬਰ ਉਸਦੇ ਨਾਲ ਗ੍ਰਾਮ ਸਭਾ ਦੀ ਨੁਮਾਇੰਦਗੀ ਕਰਦਿਆ ਸਭਾ ਵਿਚ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਦੀ ਹਾਮੀ ਭਰਦੇ ਹਨ। ਸਭ ਤੋਂ ਪਹਿਲਾਂ ਸਰਪੰਚ ਆਪਣਾ ਪੰਚਾਇਤੀ ਹਿਸਾਬ ਪੜ੍ਹ ਕਿ ਦੱਸਦਾ ਹੈ,ਕਿ ਕਿੰਨੀ ਗ੍ਰਾਂਟ ਆਈ ਕਿੱਥੇ-ਕਿੱਥੇ ਕਿੰਨੀ-ਕਿੰਨੀ ਲਗਾਈ ਅਤੇ ਬਕਾਇਆ ਕੀ ਹੈ,ਲੋਕ ਹਾਮੀ ਭਰਦੇ ਹਨ ਅਤੇ ਕਾਰਵਾਈ ਨੂੰ ਅੱਗੇ ਤੋਰਦਿਆ ਸਰਪੰਚ ਲੋਕਾਂ ਦੀਆ ਸ਼ਿਕਾਇਤਾ ਪੜ੍ਹਦਾ ਹੈ ਅਤੇ ਪ੍ਰੋਗਰਾਮ ਵਿੱਚ ਪਹੁੰਚੇ ਸਬੰਧਿਤ ਅਫ਼ਸਰ ਸ਼ਿਕਾਇਤ ਕਰਤਾ ਦੀ ਲਿਖਤੀ ਸ਼ਿਕਾਇਤ ਵਾਲੀ ਕਾਪੀ ਤੇ ਕੰਮ ਕਰਨ ਦਾ ਸਮਾਂ ਲਿਖਤੀ ਦਿੰਦੇ ਹਨ, ਕਿ ਮੈ ਇਸਦਾ ਕੰਮ ਇੰਨੇ ਸਮੇਂ ਦੇ ਅੰਦਰ-ਅੰਦਰ ਕਰਾਂਗਾ। ਜੇਕਰ ਅਫ਼ਸਰ ਬਾਅਦ ਵਿੱਚ ਦਿੱਤੇ ਸਮੇਂ ਅਨੁਸਾਰ ਕੰਮ ਨਹੀ ਕਰਦਾ ਤਾ ਉਸਨੂੰ ਫਿਰ ਸਰਪੰਚ ਵੱਲੋ ਇੱਕ ਯਾਦਪੱਤਰ ਭੇਜਿਆ ਜਾਦਾ ਹੈ ਅਤੇ ਜੇਕਰ ਫਿਰ ਵੀ ਅਧਿਕਾਰੀ ਕੰਮ ਨਹੀ ਕਰਦਾ ਤਾ ਗ੍ਰਾਮ ਸਭਾ ਕੋਲ ਇਹ ਅਧਿਕਾਰ ਹੈ ਕਿ ਉਹ ਉਸ ਅਧਿਕਾਰੀ ਨੂੰ ਸਸਪੈਂਡ ਕਰ ਸਕਦੀ ਹੈ ਉਹ ਚਾਹੇ ਕਿੰਨਾਂ ਵੀ ਵੱਡਾ ਅਫ਼ਸਰ ਕਿਉ ਨਾ ਹੋਵੇ। ਇਸ ਸਭਾ ਵਿੱਚ ਪਿੰਡ ਦੀ ਤਕਦੀਰ ਲੋਕ ਆਪ ਲਿਖਦੇ ਹਨ ਕਿ ਸਾਡੇ ਪਿੰਡ ਵਿਚ ਗਲੀਆ-ਨਾਲੀਆਂ, ਪਾਰਕਾਂ, ਸਿਹਤ ਸਹੂਲਤਾਂ ਆਦਿ ਕਿਹੋ ਜਿਹੀਆ ਹੋਣੀਆ ਚਾਹੀਦੀਆ ਹਨ ਅਤੇ ਉਹਨਾ ਦੇ ਲਈ ਫੰਡ ਦੀ ਮੰਗ ਕਰਦੇ ਹਨ ਅਤੇ ਉਸ ਫੰਡ ਨੂੰ ਹਰ ਹਾਲ ਵਿਚ ਸਰਕਾਰ ਨੂੰ ਜਾਰੀ ਕਰਨਾ ਪੈਂਦਾ ਹੈ।

ਗ੍ਰਾਮ ਸਭਾ ਵਿਚ ਲੋਕਾਂ ਦੀਆ ਪੈਨਸ਼ਨਾਂ, ਨੀਲੇ ਕਾਰਡ ਅਤੇ ਹਰ ਉਸ ਸਕੀਮ ਦਾ ਲਾਭ ਉਹਨਾ ਲੋਕਾਂ ਨੂੰ ਮਿਲਦਾ ਹੈ ਜੋ ਉਸਦੇ ਯੋਗ ਹੁੰਦੇ ਹਨ, ਕਿਉਕਿ ਲੋਕਾਂ ਦੇ ਇਕੱਠ ਵਿੱਚ ਦੋ ਮੰਜ਼ਲਾ ਕੋਠੀ ਵਾਲਾ ਆ ਕਿ ਨੀਲੇ ਕਾਰਡ ਦੀ ਮੰਗ ਨਹੀ ਕਰ ਸਕਦਾ ਅਤੇ ਲੋੜਵੰਦ ਦੀ ਮੰਗ ਨੂੰ ਕੋਈ ਵੀ ਸਰਕਾਰੀ ਨੌਕਰ ਠੁਕਰਾ ਕਿ ਆਪਣੀ ਨੌਕਰੀ ਨੂੰ ਖਤਰੇ ਵਿਚ ਨਹੀ ਪਾ ਸਕਦਾ। ਇਸ ਸਭਾ ਵਿੱਚ ਲੋਕਾਂ ਨੂੰ ਹਰ ਸਰਕਾਰੀ ਸਕੀਮ ਬਾਰੇ ਜਾਗਰੂਕ ਕਰਨ ਅਤੇ ਉਹਨਾ ਦਾ ਲਾਭ ਦੇਣ ਦਾ ਕੰਮ ਕਰਨਾ ਸਰਪੰਚ ਅਤੇ ਸਰਕਾਰੀ ਮੁਲਾਜ਼ਮਾ ਦੀ ਅਹਿਮ ਡਿਊਟੀ ਹੁੰਦੀ ਹੈ। ਜੇਕਰ ਸਰਪੰਚ ਅਜਿਹੇ ਦੋ ਇਜਲਾਸ ਕਰਨ ਵਿਚ ਕਾਮਯਾਬ ਨਹੀ ਹੁੰਦਾ ਤਾ ਕਨੂੰਨ ਮੁਤਾਬਿਕ ਉਸਨੂ ਸਸਪੈਂਡ ਮੰਨਿਆ ਜਾਂਦਾ ਹੈ ਕਿਉਕਿ ਉਹ ਲੋਕਾਂ ਦੀਆ ਉਹਨਾ ਸਮੱਸਿਆਵਾ ਦਾ ਹੱਲ ਕੱਢਣ ਵਿਚ ਅਸਫਲ ਸਮਝਿਆ ਜਾਂਦਾ ਹੈ ਜਿਸ ਲਈ ਪਿੰਡ ਦੇ ਲੋਕਾਂ ਨੇ ਉਸਨੂੰ ਚੁਣਿਆ ਹੁੰਦਾ ਹੈ। ਕਨੂੰਨ ਤਾ ਬਣਾਇਆ ਸੀ ਕਿ ਲੋਕ ਆਪਣੀ ਕਿਸਮਤ ਆਪ ਲਿਖ ਸਕਣ ਪਰ ਸਿਆਸਤਦਾਨਾ ਅਤੇ ਅਧਿਕਾਰੀਆ ਨੇ ਕਨੂੰਨ ਬਣਾ ਕਿ ਉਸਨੂੰ ਬਕਸੇ ਵਿਚ ਬੰਦ ਕਰ ਦਿੱਤਾ ਅਤੇ ਹੁਣ ਤੱਕ ਵੱਧ ਤੋਂ ਵੱਧ ਇਹ ਵਾਹ ਲਗਾਈ ਜਾਂਦੀ ਰਹੀ ਹੈ ਕਿ ਲੋਕ ਇਸ ਕਨੂੰਨ ਬਾਰੇ ਜਾਗਰੂਕ ਨਾ ਹੋ ਸਕਣ, ਕਿਉਕਿ ਇਸ ਤਰਾਂ ਕਰਨ ਨਾਲ ਉਹਨਾ ਦੀ ਆਪਣੀ ਤਾਕਤ ਜ਼ੀਰੋ ਅਤੇ ਲੋਕ ਤਾਕਤ ਪੱਖੋ ਹੀਰੋ ਬਣ ਜਾਣਗੇ। ਕਿਸੇ ਵੀ ਕੰਮ ਅਤੇ ਗ੍ਰਾਂਟ ਲਈ ਲੋਕਾਂ ਨੂੰ ਉਹਨਾ ਦੀਆ ਲੇਲੜ੍ਹੀਆਂ ਨਹੀ ਕੱਢਣੀਆ ਪੈਣਗੀਆ ਅਤੇ ਸਰਪੰਚ ਨੂੰ ਵੀ ਇਹ ਸਮਝ ਪੈ ਜਾਊਗੀ ਕੀ ਮੇਰੀ ਤਾਕਤ ਬੀ.ਡੀ.ਓ ਜਾਂ ਵਿਧਾਇਕ ਨਹੀਂ ਮੇਰੀ ਤਾਕਤ ਤਾ ਮੇਰੇ ਪਿੰਡ ਦੇ ਲੋਕ ਹਨ।

ਇਸ ਵੇਲੇ ਕਨੂੰਨ ਸਿਰਫ਼ ਕਾਗਜ਼ਾਂ ਵਿਚ ਹੀ ਕੰਮ ਕਰ ਰਿਹਾ ਹੈ ਅਤੇ ਨਤੀਜੇ ਵਜੋ ਵਿਕਾਸ ਵੀ ਫਿਰ ਕਾਗਜ਼ਾਂ ਵਿਚ ਹੀ ਹੋ ਰਿਹਾ ਹੈ, ਸਰਪੰਚ ਨੂੰ ਸਰਕਾਰੀ ਸਕੀਮਾਂ ਸਮਝਾ ਕਿ ਕੰਮ ਕਰਵਾਉਣ ਲਈ ਮਿਲਿਆ ਨੌਕਰ ਸੈਕਟਰੀ ਬੇਸਮਝ ਸਰਪੰਚਾਂ ਲਈ ਇੱਕ ਵੱਡੇ ਅਫ਼ਸਰ ਤੋਂ ਘੱਟ ਨਹੀਂ, ਸੈਕਟਰੀ ਹੀ ਸਭ ਗ੍ਰਾਮ ਸਭਾ ਜਾਅਲੀ ਰੂਪ ਵਿਚ ਕਰਕਿ ਪਿੰਡ ਦੇ ਲੋਕਾਂ ਦੇ ਭਵਿੱਖ ਨਾਲ ਖੇਡ ਰਿਹਾ ਹੈ, ਸੈਕਟਰੀ ਅਤੇ ਬੀ.ਡੀ.ਓ ਨੂੰ ਹੀ ਇਸ ਸਾਰੀ ਧੋਖਾਧੜੀ ਦੀ ਖੇਡ ਦੇ ਮੁੱਖ ਖਿਡਾਰੀ ਕਿਹਾ ਜਾ ਸਕਦਾ ਹੈ। ਕਿਉਕਿ ਅਸੀ ਹਰ ਸਰਪੰਚੀ ਦੀਆ ਵੋਟਾਂ ਮੌਕੇ ਪੁਰਾਣੇ ਸਰਪੰਚ ਨੂੰ ਨਕਾਰਦੇਆ ਨਵੇ ਸਰਪੰਚ ਦੀ ਚੋਣ ਤਾ ਕਰ ਲੈਂਦੇ ਆ ਪਰ ਗਿਆਨ ਵਿਹੂਣਾ ਸਰਪੰਚ ਓਹਨਾਂ ਹੀ ਉਂਗਲਾ ਤੇ ਖੇਡ ਰਿਹਾ ਹੁੰਦਾ ਹੈ ਜਿੰਨ੍ਹਾ ਤੇ ਪਹਿਲੀ ਕੱਠਪੁਤਲੀ ਸਾਬਕਾ ਸਰਪੰਚ ਆਪਣਾ ਨਾਚ ਪੇਸ਼ ਕਰ ਚੁੱਕਾ ਹੁੰਦਾ ਹੈ। ਇਸ ਲਈ ਹਰ ਪਿੰਡ ਵਾਸੀ ਦਾ ਗ੍ਰਾਮ ਸਭਾ ਬਾਰੇ ਗਿਆਨਵਾਨ ਹੋਣਾ ਅਤਿ ਜ਼ਰੂਰੀ ਹੈ, ਜੇਕਰ ਪੰਚਾਇਤੀ ਐਕਟ, ਗ੍ਰਾਮ ਸਭਾ ਅਤੇ ਮਨਰੇਗਾ ਵਰਗੀਆ ਸਕੀਮਾਂ ਪ੍ਰਤੀ ਜਾਗਰੂਕ ਹੋ ਜਾਂਦੇ ਹੋ ਤਾ ਆਮ ਲੋਕ ਅਤੇ ਅਨਪੜ੍ਹ ਸਰਪੰਚ ਵੀ ਆਪਣੇ ਪਿੰਡ ਦੀ ਨੁਹਾਰ ਅਤੇ ਆਪਣੇ ਲੋਕਾਂ ਦੀ ਤਕਦੀਰ ਬਦਲਣ ਵਿਚ ਆਪਣਾ ਅਹਿਮ ਰੋਲ ਅਦਾ ਕਰ ਸਕਦੇ ਹਨ।

**ਮਨਦੀਪ ਧਰਦਿਉ**
**ਸਲਾਹਕਾਰ ਗ੍ਰਾਮ ਪੰਚਾਇਤ ਧਰਦਿਉ**

# ਔਰਤ ਦੀ ਅਜ਼ਾਦੀ ਦਾ ਕੱਚ ਸੱਚ

(ਸਫ਼ਾ 20 ਦੀ ਬਾਕੀ)

ਔਰਤਾਂ ਤੇ ਹੋ ਰਹੇ ਜ਼ੁਲਮਾਂ ਦੇ ਅੰਕੜੇ ਦਿਨੋ ਦਿਨ ਵੱਧ ਰਹੇ ਹਨ। ਪੰਜਾਬੀ ਕਮਿਊਨਿਟੀ ਵਿੱਚ ਕਿੰਨੀਆਂ ਹੀ ਔਰਤਾਂ ਦੇ ਕਤਲ ਹੋ ਚੁੱਕੇ ਹਨ। ਇਹ ਹਿੰਸਾ ਦੇ ਕਾਰਣ ਵੀ ਮਨੁੱਖ ਦੀ ਆਰਥਿਕਤਾ ਨਾਲ ਜੁੜੇ ਹੋਏ ਹਨ। ਇਹਦੇ ਕਾਰਣ ਦਾਜ ਲੈਣ ਦੇਣ, ਬਾਹਰਲੇ ਦੇਸ਼ਾਂ ਨੂੰ ਜਾਣ ਦੇ ਸੁਪਨੇ ਪੂਰੇ ਕਰਨ ਲਈ ਅਣਜੋੜ ਵਿਆਹ, ਲੋਕਾਂ ਵਿੱਚ ਨਸ਼ਿਆਂ ਦੇ ਵਧਣ ਨਾਲ ਖਰਚਿਆਂ ਦਾ ਵਧਣਾ, ਸ਼ੋਅਔਫ ਦੇ ਝੰਸੇ ਵਿੱਚ ਆਉਣਾ ਤੇ ਆਮਦਨੀ ਦੇ ਘਟਣ ਨਾਲ ਆਪਸੀ ਤਣਾਓ ਦਾ ਵਧਣਾ ਹੀ ਮੁੱਖ ਕਾਰਣ ਹਨ।

ਕਨੇਡਾ ਦੀ ਸਰਕਾਰ ਵੀ ਉਹੀ ਔਰਤ ਜਿਹੜੀ ਬਾਹਰ ਕੰਮ ਕਰਕੇ ਅਉਦੀ ਹੈ ਉਸਨੂੰ ਹੀ ਬੱਚਾ ਪੈਦਾ ਕਰਨ ਵੇਲੇ ਮੈਟਰਨਿਟੀ ਵਜੋਂ ਮੁਆਵਜ਼ਾ ਦਿੰਦੀ ਹੈ ਪਰ ਜਿਹੜੀ ਔਰਤ ਘਰ ਰਹਿ ਕੇ ਆਪਣੇ ਬੱਚੇ ਡੇ ਕੇਅਰਾਂ ਨਾਲੋਂ ਵਧੀਆ ਤਰੀਕੇ ਨਾਲ ਪਾਲਦੀ ਹੈ ਜੋ ਦੇਸ਼ ਦਾ ਕੱਲ ਦਾ ਭਵਿੱਖ ਹਨ ਉਹਨੂੰ ਕਿਸੇ ਕਿਸਮ ਦੀ ਮੱਦਦ ਨਹੀਂ ਕਰਦੀ ਕਿਉਂਕਿ ਉਹ ਘਰ ਰਹਿ ਕੇ ਬੱਚੇ ਪਾਲਣ ਨੂੰ ਕੋਈ ਗਿਣਤੀ ਦਾ ਕੰਮ ਹੀ ਨਹੀਂ ਗਿਣਦੇ ਸਗੋਂ ਬਜ਼ਾਰ ਵਿੱਚ ਸ਼ਾਮਲ ਹੋ ਕੇ ਡੇ ਕੇਅਰ ਖੋਲ੍ਹਣ ਵਾਲਿਆਂ ਨੂੰ ਸਰਕਾਰਾਂ ਵੱਡੀਆਂ ਵੱਡੀਆਂ ਗਰਾਂਟਾਂ ਦਿੰਦੀਆਂ ਹਨ, ਇਹ ਔਰਤ ਨਾਲ ਹੋ ਰਹੀ ਧੋਖਾਧੜੀ ਨਹੀਂ ਤਾਂ ਹੋਰ ਕੀ ਹੈ।

ਕੰਮ ਦੀ ਚੋਣ ਸਮੇਂ ਵੀ ਔਰਤ ਨੂੰ ਮਰਦ ਦੇ ਮੁਕਾਬਲੇ ਦੂਜੇ ਦਰਜੇ ਵਿੱਚ ਰੱਖਿਆ ਜਾਂਦਾ ਹੈ ਤੇ ਘੱਟ ਤਨਖ਼ਾਹ ਦਿੱਤੀ ਜਾਂਦੀ ਹੈ। ਫਿਰ ਕੰਵਾਰੀ ਕੁੜੀ ਨੂੰ ਕੰਮਾਂ ਵਿੱਚ ਪਹਿਲ ਦੇ ਕੇ ਮਮਤਾ ਦਾ ਵਰਦਾਨ ਦੇਣ ਵਾਲੀ ਔਰਤ ਦੀ ਬੇਇਜ਼ਤੀ ਕੀਤੀ ਜਾਂਦੀ ਹੈ ਅਤੇ ਖਿਆਲ ਕੀਤਾ ਜਾਂਦਾ ਹੈ ਕਿ ਕੁੰਵਾਰੀ ਕੁੜੀ ਕੰਮ ਤੋਂ ਛੁੱਟੀ ਨਹੀਂ ਲਵੇਗੀ, ਓਵਰਟਾਈਮ ਵੱਧ ਕਰ ਸਕਦੀ ਹੈ, ਕੰਮ ਤੋਂ ਕੱਢਣ ਦੇ ਡਰਾਵੇ ਨਾਲ ਸ਼ੋਸ਼ਣ ਦਾ ਸ਼ਿਕਾਰ ਅਸਾਨੀ ਨਾਲ ਹੋ ਸਕਦੀ ਹੈ। ਬਹੁਤੀ ਵਾਰ ਉਸਨੂੰ ਵੱਧ ਤਨਖਾਹ ਦਾ ਲਾਲਚ ਦੇ ਕੇ ਜਾਂ ਤਰੱਕੀ ਦੇ ਕਰੀਅਰ ਵਿੱਚ ਵਾਧੇ ਦਾ ਭਰੋਸਾ ਦੇ ਕੇ ਬੌਸ ਆਪਣੀ ਜੀ-ਹਜ਼ੂਰੀ ਕਰਵਾਉਂਦੇ ਹਨ। ਕਈ ਵਾਰ ਉਹ ਯੋਨ ਸ਼ੋਸ਼ਣ, ਛੇੜਖਾਨੀ, ਫਿਰਕੇਬਾਜ਼ੀ ਸੁਣਨ ਲਈ ਸੰਭੋਗ ਕਰਨ ਲਈ ਵੀ ਮਜ਼ਬੂਰ ਕੀਤੀ ਜਾਂਦੀ ਹੈ। ਅੱਜ ਦੀ ਔਰਤ ਇਹ ਚੁੱਪ ਚਪੀਤਾ ਸਹਿਣ ਕਰ ਰਹੀ ਹੈ ਕਿਉਂਕਿ ਉਹ ਵੀ ਪੈਸੇ ਦੀ ਦੌੜ ਵਿੱਚ ਪਿੱਛੇ ਨਹੀਂ ਰਹਿਣਾ ਚਾਹੁੰਦੀ। ਇਹ ਪਾਵਰ ਵੂਮੈਨ ਜੋ ਸਾਰੀ ਦਿਹਾੜੀ ਬਾਹਰ ਕੰਮ ਕਰਕੇ ਸ਼ਾਮ ਨੂੰ ਘਰ ਆ ਕੇ ਰਸੋਈ ਤੇ ਬੱਚਿਆਂ ਦੇ ਕੰਮਾਂ ਵਿੱਚ ਜੁੱਟ ਜਾਂਦੀ ਹੈ। ਇਹ ਹੈ ਅਸਲੀ ਤਸਵੀਰ ਪਾਵਰ ਵੂਮੈਨ ਦੀ।

ਇਸ ਆਲਮੀਕਰਣ ਦੇ ਯੁੱਗ ਵਿੱਚ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਉਪਭੋਗੀ ਵਸਤਾਂ ਦੇ ਇਸ਼ਤਿਹਾਰ ਦੇ ਕੇ ਔਰਤ ਦੀ ਨਗਨਤਾ ਨੂੰ ਸ਼ਰੇਆਮ ਬਜ਼ਾਰ ਵਿੱਚ ਵੇਚਦੀਆਂ ਹਨ। ਔਰਤ ਦੇ ਕੁਦਰਤੀ ਸੁੱਹਪਣ ਨੂੰ ਅੱਖੋਂ ਪਰੋਖੇ ਕਰਕੇ ਬਾਹਰੀ ਸੁੰਦਰਤਾ ਲਈ ਆਪਣਾ ਪ੍ਰੋਡਕਟ ਵੇਚਣ ਲਈ ਮੈਨੀਕਿਉਰ, ਪੈਡੀਕਿਉਰ, ਫ਼ੇਸ਼ੀਅਲ ਆਦਿ ਦੇ ਫਾਇਦੇ ਦੱਸ ਕੇ ਨਾਮਵਰ ਔਰਤਾਂ ਜਿਵੇਂ ਵਿਸ਼ਵ ਸੁੰਦਰੀਆਂ, ਪ੍ਰਸਿੱਧ ਮਾਡਲ ਜਾਂ ਫਿਲਮੀ ਸਿਤਾਰਿਆਂ ਤੋਂ ਇਸ਼ਤਿਹਾਰਬਾਜ਼ੀ ਕਰਵਾ ਕੇ ਅੰਨ੍ਹੇਵਾਹ ਉਪਭੋਗਵਾਦ ਫੈਲਾ ਕੇ ਅਸਿੱਧੇ ਰੂਪ ਵਿੱਚ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ। ਇਸਦਾ ਅੰਦਾਜ਼ਾ ਹਜ਼ਾਰਾਂ ਅਰਬ ਡਾਲਰ ਦੀ ਡਾਈਟਿੰਗ ਤੇ ਕਾਸਮੈਟਿਕ ਇੰਡਸਟਰੀ ਤੋਂ ਲਾਇਆ ਜਾ ਰਿਹਾ ਹੈ। ਮੀਡੀਏ ਦੇ ਅਜਿਹੇ ਪ੍ਰਸਾਰਣਾ ਸਦਕਾ ਹਜ਼ਾਰਾਂ ਲੜਕੀਆਂ ਇਸ ਦੀ ਗ੍ਰਿਫਤ ਵਿੱਚ ਆ ਰਹੀਆਂ ਹਨ।ਜੋ ਪੜ੍ਹੀਆਂ ਲਿਖੀਆਂ ਔਰਤਾਂ ਜੋ ਨਾਰੀ ਮੁਕਤੀ ਦਾ ਝੰਡਾ ਬੁਲੰਦ ਕਰ ਸਕਦੀਆਂ ਹਨ ਤੇ ਸਮਾਜ ਵਿੱਚ ਫੈਲੇ ਔਰਤ ਸ਼ੋਸ਼ਣ ਦੇ ਖਿਲਾਫ਼ ਉੱਠ ਸਕਦੀਆਂ ਹਨ ਉਹ ਅੱਜ ਘਰੋ ਘਰੀ ਟੀ. ਵੀ., ਕੰਮਪਿਊਟਰਾਂ ਦੇ ਪਰਦੇ ਤੇ ਇਹ ਬੇਲੋੜੀਆਂ ਵਸਤਾਂ ਵੇਚਦੀਆਂ ਜਾਂ ਖ਼੍ਰੀਦਦੀਆਂ ਨਜ਼ਰ ਆਉਂਦੀਆਂ ਹਨ।

ਇਸ ਸਭਿਆ ਸਮਾਜ ਵਿੱਚ ਹੀ ਵੇਸਵਾਗਮਨੀ ਨੂੰ ਸੈਕਸ ਵਰਕਰ ਦਾ ਨਾਂ ਦੇ ਕੇ ਸਨਮਾਨਿਆ ਜਾ ਰਿਹਾ ਹੈ ਕਿ ਉਹ ਆਪਣੀ ਮਰਜ਼ੀ ਨਾਲ ਇਹ ਕੰਮ ਕਰ ਸਕਦੀ ਹੈ ਔਰਤ ਦੀ ਮਜ਼ਬੂਰੀ ਪਿੱਛੇ ਸੰਸਾਰ ਦੇ ਵਿੱਚ ਸੈਕਸ ਇੰਡਸਟਰੀ ਜੋ ਅਰਬਾਂ ਕਰੋੜਾਂ ਦਾ ਉਤਪਾਦਨ ਕਰ ਰਹੀ ਹੈ ਉਸਦਾ ਜ਼ਿਕਰ ਨਹੀਂ ਕੀਤਾ ਜਾਂਦਾ ਸਗੋਂ ਔਰਤ ਨੂੰ ਬਦਨਾਮ ਕਰਕੇ ਉਸਦੀ ਮਰਜ਼ੀ ਦਾ ਮੁਲੰਮਾ ਚਾੜ੍ਹ ਕੇ ਉਸਦੀ ਸਰੀਰਕ ਤੇ ਮਾਨਸਿਕ ਤਾਕਤ ਨੂੰ ਨਸ਼ਿਆਂ ਦੇ ਬਲ ਤੇ ਵਰਤ ਕੇ ਬਾਅਦ ਵਿੱਚ ਵੱਡੇ ਵੱਡੇ ਸ਼ਹਿਰਾਂ ਵਿੱਚ ਮੰਗਤੀਆਂ ਬਣਾ ਕੇ ਛੱਡ ਦਿੱਤਾ ਜਾਂਦਾ ਹੈ। ਜਿੱਥੇ ਔਰਤ ਨੂੰ ਪਹਿਲਾਂ ਹੀ ਦੂਜੇ ਦਰਜੇ ਦੀ ਸ਼ਹਿਰੀ ਮੰਨਿਆ ਜਾਂਦਾ ਹੈ ਉੱਥੇ ਅਗਰ ਉਹ ਜਾਤ-ਪਾਤ, ਦਲਿਤ ਵਰਗ, ਆਦਿ ਵਾਸੀ ਜਾਂ ਗਰੀਬ ਔਰਤ ਹੋਵੇ। ਫਿਰ ਤਾਂ ਉਸ ਨੂੰ ਆਪਣਾ ਅਸਤਿੱਤਵ ਰੱਖਣ ਦਾ ਕੋਈ ਹੱਕ ਹੀ ਨਹੀਂ ਜਿਸਦੀ ਜ਼ਿੰਦਾ ਮਿਸਾਲ ਸਾਡੇ ਸਾਹਮਣੇ ਪਿਛਲੇ ਸਾਲਾਂ ਵਿੱਚ ਵਾਪਰੀਆਂ ਘਟਨਾਵਾਂ ਹਨ। ਭਾਰਤ ਜਾਂ ਉਸ ਵਰਗੇ ਦੇਸ਼ਾਂ ਵਿੱਚ ਤਾਂ ਕਾਨੂੰਨ ਵਰਗੀ ਕੋਈ ਚੀਜ਼ ਹੀ ਨਹੀਂ ਜਿਸ ਸਦਕਾ ਔਰਤ ਸੁਰਖਿਅਤ ਹੋਵੇ ਜਿੱਥੇ ਮਿਲਟਰੀ ਜਾਂ ਪੁਲੀਸ ਨੇ ਹੀ ਅਨੇਕਾਂ ਆਦਿ ਵਾਸੀ ਔਰਤਾਂ ਨਾਲ ਜ਼ੁਲਮ ਕੀਤੇ ਪਰ ਕਨੇਡਾ ਵਰਗੇ ਅਗਾਂਹਵਧੂ ਦੇਸ਼ ਵਿੱਚ ਜਿੱਥੇ ਅੰਕੜਿਆਂ ਦੇ ਹਿਸਾਬ ਨਾਲ ਇਕੱਲੇ ਬੀ. ਸੀ. ਵਿੱਚ 400 ਸੌ ਤੋਂ ਵੱਧ ਆਦਿ-ਵਾਸੀ ਔਰਤਾਂ ਨੂੰ ਮਾਰ ਕੇ ਖਪਾ ਦਿੱਤਾ ਜਾਂਦਾ ਤੇ ਉਹਨਾਂ ਕੇਸਾਂ ਦੀ ਸੁਣਵਾਈ ਸਾਲਾਂ ਵੱਧੀ ਕੋਰਟਾਂ ਵਿੱਚ ਰੁਲਦੀ ਰਹਿੰਦੀ ਹੈ। ਕੀ ਇਸ ਨੂੰ ਔਰਤ ਦੀ ਅਜ਼ਾਦੀ ਕਹਿ ਸਕਦੇ ਹਾਂ ?

ਇਸ ਤਰ੍ਹਾਂ ਲੱਗਦਾ ਹੈ ਕਿ ਇੱਕ ਸਦੀ ਤੋਂ ਵੱਧ ਸਮਾਂ ਲੰਘ ਜਾਣ ਤੇ ਵੀ ਔਰਤ ਦਾ ਸ਼ੋਸ਼ਣ ਉਵੇਂ ਹੀ ਹੈ ਪਰ ਪੂੰਜੀਵਾਦੀ ਸਮਾਜ ਨੇ ਇਸਦੇ ਅਰਥ ਬਦਲ ਦਿੱਤੇ ਹਨ। ਪਹਿਲਾਂ ਔਰਤ ਨੂੰ ਆਪਣੀ ਕਿਰਤ ਸ਼ਕਤੀ ਦੀ ਲੁੱਟ ਸਾਹਮਣੇ ਨਜ਼ਰ ਆਉਂਦੀ ਸੀ ਪਰ ਹੁਣ ਇਹ ਅਸਿੱਧੀ ਲੁੱਟ ਦੀ ਨਿੱਜੀ ਇਜਾਰੇਦਾਰੀ ਦੀ ਲਪੇਟ ਵਿੱਚ ਇੱਕ ਮੁਹਰੇ ਵਜੋਂ ਵਿਚਰ ਰਹੀ ਹੈ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਸ ਦਾ ਸਮਾਜਿਕ ਗਿਆਨ, ਸਮਾਜਿਕ ਕਦਰਾਂ ਕੀਮਤਾਂ ਅਤੇ ਸਮਾਜਿਕ ਚੇਤੰਨਤਾ ਕਿੱਥੇ ਖੜ੍ਹੀ ਹੈ? ਇਹ ਵੀ ਦੇਖਣਾ ਹੈ ਕਿ ਉਸ ਖਿੱਤੇ ਦਾ ਸਾਹਿਤ, ਸੰਗੀਤ, ਗੀਤਕਾਰੀ, ਕਿੱਸੇ ਫਿਲਮਾਂ, ਸੰਚਾਰ ਸਾਧਨ, ਲੋਕ ਤੱਥ, ਮੀਡੀਆ ਆਦਿ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਲਿੰਗਕ ਸ਼ੋਸ਼ਣ ਦੇ ਪੱਖ ਵਿੱਚ ਤਾਂ ਨਹੀਂ ਭੁਗਤ ਰਿਹਾ ਅਗਰ ਅਜਿਹਾ ਹੋ ਰਿਹਾ ਹੈ ਤਾਂ ਔਰਤ ਦੀ ਅਜ਼ਾਦੀ ਦਾ ਪੰਨਾ ਇਹੋ ਜਿਹੇ ਸਮਾਜ ਵਿੱਚ ਉਜਾਗਰ ਹੋਣਾ ਨਾਮੁਮਕਿਨ ਹੈ। ਸੱਤਾ ਪ੍ਰਾਪਤੀ ਦੀ ਇਹ ਪ੍ਰਕਿਰਿਆ ਆਰਥਿਕ ਇਜਾਰੇਦਾਰੀ, ਬੌਧਿਕ ਨਿਪੁੰਨਸਕਤਾ, ਧਾਰਮਿਕ ਫਿਰਕਾਪ੍ਰਸਤੀ, ਸਮਾਜਿਕ ਵਿਤਕਰਿਆਂ ਤੇ ਸਭਿਆਚਾਰਕ ਅਰਾਜਕਤਾ ਤੋਂ ਬਿਨਾਂ ਸੰਭਵ ਨਹੀਂ ਇਸ ਕਰਕੇ ਹੀ ਇਹੋ ਜਿਹੇ ਸਿਸਟਮ ਨੂੰ ਭਾਂਜ ਦੇਣ ਦੀ ਲੋੜ ਹੈ। ਪ੍ਰੰਪਰਾਵਾਦੀ ਸਿਸਟਮ ਜੋ ਕਿ ਰਾਜ, ਪਰਿਵਾਰ ਤੇ ਸਮਾਜ ਦੇ ਅਸੂਲਾਂ ਤੇ ਅਧਾਰਤ ਹੈ ਉੱਥੇ ਔਰਤਾਂ ਵਿੱਚ ਸਮੂਹਕਿਤਾ ਤੇ ਸਮਾਨਤਾ ਦਾ ਵਾਤਾਵਰਣ ਸਿਰਜਣ ਸਬੰਧੀ ਚੇਤੰਨਤਾ ਪੈਦਾ ਕਰਨ ਦੀ ਲੋੜ ਹੈ ਤਾਂ ਕਿ ਵਿਅਕਤੀਗਤ ਹਿੱਤਾਂ ਨੂੰ ਉਹਲੇ ਕਰਕੇ ਸਮਾਜਕ, ਸਮੂਹਕ ਹਿੱਤਾਂ ਦੀ ਪੈਰ੍ਹਵੀ ਕਰ ਸਕਣ। ਉਹਨਾਂ ਵਿੱਚੋਂ ਖ਼ਤਮ ਹੋ ਰਹੀ ਸੰਵੇਦਨਸ਼ੀਲਤਾ, ਬੱਚੇ ਪੈਦਾ ਕਰਨ ਦੀ ਰੁਚੀ, ਸ਼ਹਿਨਸ਼ੀਲਤਾ ਤੇ ਉਸਦਾ ਵਿਅਕਤੀਤਵ ਜ਼ਿੰਦਾ ਰਹਿ ਸਕੇ। ਕੁੱਝ ਲੋਕਾਂ ਵਲੋਂ ਔਰਤ ਦੀ ਅਜ਼ਾਦੀ ਦੀ ਲੜਾਈ ਨੂੰ ਸਿਰਫ ਮਰਦ ਤੋਂ ਅਜ਼ਾਦੀ ਦੀ ਲੜਾਈ ਦਰਸਾ ਕੇ ਔਰਤ ਨੂੰ ਮਰਦ ਦੇ ਨਾਲ ਲੜਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ, ਜਿਸ ਕਰਕੇ ਰਿਸ਼ਤਿਆਂ ਦੇ ਵਿੱਚ ਕੁੜੱਤਣ ਆ ਰਹੀ ਹੈ ਪਰ ਇਹ ਪੂੰਜੀਵਾਦ ਦੀ ਕੋਝੀ ਚਾਲ ਹੈ ਜਿਸ ਨੂੰ ਸਮਝਣ ਦੀ ਲੋੜ ਹੈ ਪਰ ਸਿਆਸੀ ਚੇਤੰਨਤਾ ਤੋਂ ਵਿਹੂਣੀ ਲੋਕਾਈ ਜਮਹੂਰੀਅਤ ਲਈ ਆਪਣੇ ਹੱਕਾਂ ਤੇ ਫਰਜ਼ਾਂ ਨੂੰ ਅਣਗੌਲਿਆ ਕਰਕੇ ਸਾਰੀ ਉਮਰ ਕੁੱਲੀ, ਗੁੱਲੀ ਤੇ ਜੁੱਲੀ ਲਈ ਹੀ ਜੂਝਦੀ ਮਰ ਜਾਂਦੀ ਹੈ।ਹੁਣ ਸਮਾਂ ਹੈ ਕਿ ਔਰਤ ਤੇ ਮਰਦ ਨੂੰ ਇਕੱਠੇ ਹੋ ਕੇ ਸਿਆਸੀ ਸੂਝ ਬੂਝ ਨਾਲ ਆਪਣੇ ਅਸਲੀ ਦੁਸ਼ਮਣ ਜਿਸਨੇ ਸਾਰੀ ਲੋਕਾਈ ਨੂੰ ਗੁੰਮਰਾਹ ਕੀਤਾ ਹੋਇਆ ਹੈ,ਉਸਨੂੰ ਆੜੇ ਹੱਥੀਂ ਲੈਣ ਤਾਂ ਹੀ ਇਹ ਲੁੱਟ ਖਸੁੱਟ ਦਾ ਪ੍ਰਬੰਧ ਖ਼ਤਮ ਹੋਵੇਗਾ ਅਤੇ ਮਨੁੱਖ ਆਪਣੀ ਅਜ਼ਾਦੀ ਨੂੰ ਮਾਣ ਸਕੇਗਾ। ਇਸ ਲਈ ਸਾਨੂੰ ਸਾਰਿਆਂ ਨੂੰ ਅੱਜ ਦੇ ਦਿਨ ਤੇ ਆਪਸ ਵਿੱਚ ਸੰਵਾਦ ਰਚਾਉਣ ਦਾ ਢੁੱਕਵਾਂ ਸਮਾਂ ਹੈ, ਇਹੀ ਸਾਡੀਆਂ ਸਮੱਸਿਆਵਾਂ ਦਾ ਸੰਪੂਰਨ ਹੱਲ ਹੈ। ਅੱਜ ਦੇ ਦਿਨ ਤੇ ਆਓ ਰਲ਼ ਕੇ ਬੈਠੀਏ ਆਪਸ ਵਿੱਚ ਸੰਵਾਦ ਰਚਾ ਕੇ ਮੁਕਤੀ ਦਾ ਰਾਹ ਲੱਭੀਏ ਤੇ ਇਤਿਹਾਸ ਵਿੱਚ ਆਪਣੇ ਹੱਕਾਂ ਲਈ ਕੁਰਬਾਨੀ ਦੇਣ ਵਾਲੀਆਂ ਔਰਤਾਂ ਨੂੰ ਸ਼ਰਧਾਂਜਲੀ ਦੇਈਏ ਅਤੇ ਉਹਨਾਂ ਦੀ ਕੁਰਬਾਨੀ ਨੂੰ ਅਜਾਂਈ ਨਾ ਜਾਣ ਦੇਈਏ।

## ਭੁੱਖਿਆਂ ਨੂੰ ਹੋਰ ਨੀ ਵੰਗਾਰ ਪੁੱਗਦੀ

ਸਾਰਾ ਦਿਨ ਬਾਪੂ ਮੇਰਾ ਕਰਦਾ ਏ ਵਾਢੀਆਂ
ਸਾਰਾ ਦਿਨ ਫਿਰਦੀ ਮੈ ਸਿਲਾ ਚੁਗਦੀ
ਸਾਨੂੰ ਭੁੱਖਿਆਂ ਨੂੰ
ਭੁੱਖਿਆਂ ਨੂੰ ਹੋਰ ਨੀ ਵੰਗਾਰ ਪੁੱਗਦੀ

ਕਾਲੀਆਂ ਤੇ ਬੂਰੀਆਂ ਦੇ ਵੱਗ ਮੇਰਾ ਵੀਰ ਚਾਰੇ,
ਗੋਹਾ ਕੂੜਾ ਸਿਰ ਉਤੇ ਮਾਂ ਸੁੱਟਦੀ
ਸਾਨੂੰ ਮਿਲਦੀ ਨਾ,
ਮਿਲਦੀ ਨਾ ਪੀਣ ਨੂੰ ਲੱਸੀ ਦੀ ਘੁਟ ਵੀ

ਮੱਝੀਆਂ ਦੇ ਰੰਗ ਜਹੇ ਕਾਲੇ ਰੰਗ ਛੇੜੂਆਂ ਦੇ,
ਹਾੜ ਤੇ ਸਿਆਲ ਨੰਗੇ ਪਿੰਡੇ ਫਿਰਦੇ
ਇਨ੍ਹਾਂ ਚਾਕਾਂ ਨਾਲ,
ਰਾਂਝਿਆਂ ਨਾਲ ਧੋਖੇ ਹੁੰਦੇ ਬੜੇ ਚਿਰਦੇ

ਖੇਡ ਤੇ ਪੜਾਈ ਦੀ ਥਾਂ ਸਾਡਿਆਂ ਨਿਆਣਿਆਂ ਨੂੰ,
ਪੈਂਦਾ ਜਿੰਮੇਵਾਰੀਆਂ ਦਾ ਜੂਲਾ ਚੁੱਕਣਾ
ਕਿਸੇ ਰੱਬ ਨੇ,
ਰੱਬ ਨੇ ਨੀ ਆ ਕੇ ਸਾਡਾ ਹਾਲ ਪੁਛਣਾਂ।

ਵੇਖਦੇ ਆ ਅਸੀ ਥੋੜੇ ਮੱਥਿਆਂ ਤੇ ਵਿਹਲੜੇ ,
ਭਖਦੀਆਂ ਸਾਡੇ ਖੂਨ ਦੀਆਂ ਲਾਲੀਆਂ
ਸਾਡੇ ਚਿਹਰਿਆਂ ਤੇ,
ਚਿਹਰਿਆਂ ਤੇ ਪਈਆਂ ਤਾਂਹੀ ਸ਼ਾਹੀਆਂ ਕਾਲੀਆਂ

ਲੋਕਾਂ ਦੀਆਂ ਮਿਹਨਤਾ ਦੀ ਹੁੰਦੀ ਜਿੱਥੇ ਲੁੱਟ ਹੋਵੇ,
ਅੱਗ ਲਾਉਣਾ ਇਹੋ ਜਹੇ ਲੋਕ ਰਾਜ ਨੂੰ
ਹੁਣ ਕੌਣ ਰੋਕੂ ,
ਕੌਣ ਰੋਕੂ ਹੱਕ ਸੱਚ ਦੀ ਅਵਾਜ਼ ਨੂੰ ।

ਸ਼ਹੀਦ ਸਾਧੂ ਸਿੰਘ ਤਖ਼ਤੂਪੁਰਾ

## ਏ ਸੀ ਰੂਮ ਜੋ ਲਿਖੀ ਓਹ ਕਵਿਤਾ ਤੇਰੀ ਹੈ

ਏ ਸੀ ਰੂਮ ਜੋ ਲਿਖੀ ਓਹ ਕਵਿਤਾ ਤੇਰੀ ਹੈ
ਭੱਠੀਆਂ ਤੇ ਜੋ ਤਪੀ ਓਹ ਕਵਿਤਾ ਮੇਰੀ ਹੈ

ਸਵਿਮਿੰਗਪੂਲ ਜੋ ਤਰਦੀ ਓਹ ਕਵਿਤਾ ਤੇਰੀ ਹੈ
ਛੱਪੜ ਛੁੱਬ ਜੋ ਮਰਦੀ ਓਹ ਕਵਿਤਾ ਮੇਰੀ ਹੈ

ਮਹਿਲਾਂ ਦੇ ਸੋਹਲੇ ਗਾਉਂਦੀ ਕਵਿਤਾ ਤੇਰੀ ਹੈ
ਕੁਲੀਆਂ ਨੂੰ ਭੜਕਾਉਂਦੀ ਕਵਿਤਾ ਮੇਰੀ ਹੈ

ਪੌਣ ਪਹਾੜੀ ਠੰਡਕ ਕਵਿਤਾ ਤੇਰੀ ਹੈ
ਮਾਰੂਥਲੀ ਹਨੇਰੀ ਓਹ ਕਵਿਤਾ ਮੇਰੀ ਹੈ

ਸਮਾਰੋਹਾਂ ਵਿੱਚ ਗਾਈ ਕਵਿਤਾ ਤੇਰੀ ਹੈ
ਮੁੰਢਾਂ ਤੇ ਸਮਝਾਈ ਕਵਿਤਾ ਮੇਰੀ ਹੈ

ਤੇਰੀ ਕਵਿਤਾ ਵਿਕ ਜਾਵੇ ਸਨਮਾਨ ਲਈ
ਮੇਰੀ ਕਵਿਤਾ ਅੜ ਜਾਂਦੀ ਸਵੈਮਾਣ ਲਈ

ਤੇਰੀ ਕਵਿਤਾ ਜਿਸਮ ਬਣਾਉਂਦੀ ਲੀਕ ਜਹੀ
ਮੇਰੀ ਕਵਿਤਾ ਦੂਰ ਤੱਕ ਜਾਂਦੀ ਚੀਕ ਜਹੀ

ਮੱਛੀਆਂ ਜਾਲ ਫਸਾਉਂਦੀ ਕਵਿਤਾ ਤੇਰੀ ਹੈ
ਕੁਤਰਨਾਂ ਜਾਲ ਸਿਖਾਉਂਦੀ ਕਵਿਤਾ ਮੇਰੀ ਹੈ

ਤੇਰੀ ਕਵਿਤਾ ਕੌਫੀ ਹਾਊਸ ਲਈ ਝੱਲੀ ਹੈ
ਪਰ ਮੇਰੀ ਕਵਿਤਾ ਭਾਂਡੇ ਮਾਂਜਣ ਚੱਲੀ ਹੈ

ਸਰਬਜੀਤ ਬਾਬਾ

## ਤਖਤ ਹਜ਼ਾਰੇ ਦਾ ਰਾਂਝਾ

ਤਖਤ ਹਜਾਰੇ ਦਾ ਰਾਂਝਾ,
ਲੁੱਟਿਆ ਪੁੱਟਿਆ ਗਿਆ,
ਜਦ ਮੰਗੂ ਚਾਰਨ ਦੀ ਦਿਹਾੜੀ,
ਕੈਦੋਂ ਲੁੱਟ ਲੈ ਗਿਆ,
ਅੱਛੇ ਦਿਨਾ ਦਾ ਸੁਪਨਾ ਦਿਖਾ ਕੇ।

ਕੈਦੋਂ ਜੋ ਲੱਤੋਂ ਲੰਙਾ ਨਹੀਂ,
ਨਾਹੀ ਸੋਟੀ ਸਹਾਰੇ,
ਉਹ ਦੁਨੀਆਂ ਘੁੰਮ ਆਉਂਦਾ ਹੈ,
ਰਾਂਝੇ ਦੀ ਚੂਰੀ ਖੋਹਣ ਦੀਆਂ,
ਜੁਗਤਾਂ ਲਈ।

ਬੇਲੇ ਹੁਣ ਹਰੇ ਭਰੇ ਨਹੀ,
ਬੇਲਿਆਂ 'ਚ ਕੂਕਦੀ ਹੈ ਜਾਤੀ ਹੈਂਕੜ,
ਜੋ ਹੀਰ ਦੀਆਂ ਦੁਧੀਆਂ ਨੂੰ ਤਾੜਦੀ ਹੈ,
ਤੇ ਭੰਨਣਾ ਲੋਚਦੀ ਹੈ ਨਿੰਬੂ ਵਾਂਗ
ਬੇਲਿਆਂ 'ਚੋਂ ਚੰਦ
ਗੰਦਲਾਂ ਨੂੰ ਹੱਥ ਲਾਉਣ ਬਦਲੇ।

ਇਹ ਜਾਤੀ ਬਘਿਆੜ
ਕੈਦੋਂ ਹੀ ਪਾਲਦਾ ਹੈ,
ਤੇ ਦਿੰਦਾ ਹੈ ਉਸਨੂੰ ਖਾਣ ਨੂੰ ਮਾਸ,
ਤੇ ਹੀਰ!
ਤੇ ਹੀਰ!
ਕੱਖ ਦੀ ਨਹੀ ਰਹਿੰਦੀ
ਕੱਖਾਂ ਬਦਲੇ।

ਹੀਰ ਤੇ ਰਾਂਝਾ ਪਿਆਰ ਦੀਆਂ
ਪੀਘਾਂ ਨਹੀ ਝੂਟਦੇ,
ਪੀਘਾਂ ਤਾਂ ਰੰਗੀਆਂ ਗਈਆਂ ਹਨ
ਫਿਰਕੂ ਰੰਗ 'ਚ,
ਤੇ ਲਲਾਰੀ ਬਣਿਆ ਹੈ,
ਫਕੀਰ ਸੈਦਾ ਕਾਣਾ।

ਕੈਦੋਂ ਤੇ ਸੈਦਾ ਹਮੇਸ਼ਾ
ਤਖਤ ਲੁੱਟਣ ਲਈ,
ਜੰਗ ਕਰਵਾ ਦਿੰਦੇ ਹਨ,
ਹੀਰ ਤੇ ਰਾਂਝੇ ਦੀ,
ਨਸਲਕੁਸ਼ੀ ਦੇ ਨਾਂ ਹੇਠ।

ਇਹੋ ਹੁੰਦਾ ਆ ਰਿਹਾ ਹੈ ਸਦੀਆਂ ਤੋਂ ,
ਤੇ ਗਧੀ ਗੇੜ ਚ ਫਸੀ ਹੈ
ਹੀਰ ਰਾਂਝੇ ਦੀ ਜੋੜੀ ,
ਵੰਝਲੀ ਛੱਡ ਹੱਥ ਕੁਹਾੜੇ ਦੀ ਲੋੜ ਹੈ,
ਹੀਰ ਬੇਲਿਆਂ 'ਚ
ਚੂਰੀ ਨਹੀਂ ਦਾਤ ਲੈ ਆਵੇ,
ਜੋ ਭੰਨੀਆ ਤੇ ਵੱਢਣੀਆਂ ਨੇ ,
ਸੈਦੇ ਕੈਦੋਂ ਦੀਆਂ ਅੱਖਾਂ ਤੇ ਲੱਤਾਂ ।

ਲੈਕਚਰਾਰ ਨਿੱਕਾ ਸਿੰਘ

## ਲੋਕ ਡਰਾਏ ਹੋਏ ਐ ਠੇਕੇਦਾਰਾਂ ਨੇ

ਲੋਕ ਡਰਾਏ ਹੋਏ ਐ ਠੇਕੇਦਾਰਾਂ ਨੇ
ਭੁੱਲਾਂ ਵਰਗੇ ਲੋਕ ਤੇ ਹਾਕਮ ਖਾਰਾਂ ਨੇ।

ਨਵੇਂ ਯੁੱਗ ਦੇ ਬਾਬੇ ਚੰਦ ਚੜ੍ਹਾਉਂਦੇ ਐ,
ਚੰਦ ਬਨਾਉਟੀ ਚਾੜ੍ਹੇ ਹੋਏ ਮਾਹਿਰਾਂ ਨੇ।

ਸੱਚਖੰਡ ਦਾ ਖੋਜੀ ਡੱਕਿਆ ਜੇਲ੍ਹਾਂ ਚ,
ਜੇਲ੍ਹ 'ਚੋਂ ਆਉਣੀ-ਜਾਣੀ ਮੌਜ-ਬਹਾਰਾਂ ਨੇ।

ਭਾਰਤ ਜੋੜਨ ਤੁਰ ਪਏ ਕਾਸੇ ਜੋਗੇ ਨੀ,
ਖਾਨਦਾਨੀ ਦਿਲ ਤੋੜਨ ਵਾਲੇ ਗਦਾਰਾਂ ਨੇ।

ਪੰਜਾ, ਤੱਕੜੀ ਛੱਡੀ ਡੋਰ ਪਤੰਗਾਂ ਦੀ,
ਫੁੱਲ ਕਮਲ ਹੈ ਡੁੰਗ ਲਿਆ ਸਰਦਾਰਾਂ ਨੇ।

ਭਗਤ ਸਿੰਘ ਦਾ ਵਾਰਿਸ ਬੈਠਾ ਗੱਦੀ ਤੇ,
ਧਰਨਿਆਂ ਧਰਨ ਹਲਾਈ ਏ ਫਟਕਾਰਾਂ ਨੇ।

ਹਰ ਪਾਸੇ ਪ੍ਰਦੂਸ਼ਣ ਫੈਲਿਆ ਹੋਇਆ ਏ।
ਸੰਘਰਸ਼ ਸੋਚ ਦਾ ਹਾਣੀ ਤਾਂ ਗੁਲਜ਼ਾਰਾਂ ਨੇ!!

ਜਗਸੀਰ ਜੀਦਾ


## ਨਾਜ਼ਮ

ਪੰਜਾਬੀ ਸਾਡੀ ਮਾਂ ਬੋਲੀ ਏ
ਇਹਨੂੰ ਮਨੋ ਨਾ ਵਿਸਾਰੋ
ਸ਼ਿਵ ਪਾਤਰ ਪਾਸ਼ ਇਹਦੇ ਜਾਏ
ਇਹਨੂੰ ਐਵੇਂ ਨਾ ਦੁਰਕਾਰੋ
ਪੰਜਾਬੀ ਸਾਡੀ ਮਾਂ ਬੋਲੀ ਏ
ਇਹਨੂੰ ਮਨੋ ਨਾ ਵਿਸਾਰੋ।

ਪੈਂਤੀ ਅੱਖਰਾਂ ਦਾ ਰੂਪ ਪਿਆਰਾ
ਦਿੰਦਾ ਸਾਨੂੰ ਗਿਆਨ ਨਿਆਰਾ
ਬਿੰਦੀ ਟਿੱਪੀ ਅੱਧਕ ਤੇ ਕੰਨਾ
ਸਿਆਰੀ ਨੂੰ ਤੁਸੀਂ ਵਿਚਾਰੋ
ਪੰਜਾਬੀ ਸਾਡੀ ਮਾਂ ਬੋਲੀ ਏ
ਇਹਨੂੰ ਮਨੋ ਨਾ ਵਿਸਾਰੋ।

ਪੀਰ ਪੈਗੰਬਰ ਗੁਰੂਆਂ ਦੀ ਬੋਲੀ
ਕਿਉਂ ਜਾਂਦੇ ਹੋ ਐਵੇਂ ਰੋਲੀ
ਕਵਿਤਾ ਵਾਰਤਕ ਛੰਦ ਅਲੰਕਾਰ
ਯੋਜਕ ਵਿਸਮਿਕ ਕਾਰਕ ਪਹਿਚਾਣੋ
ਪੰਜਾਬੀ ਸਾਡੀ ਮਾਂ ਬੋਲੀ ਏ
ਇਹਨੂੰ ਮਨੋ ਨਾ ਵਿਸਾਰੋ।

'ਨਾਜ਼' ਅੰਗਰੇਜ਼ੀ ਸਿੱਖੋ ਹਿੰਦੀ ਸਿੱਖੋ
ਪਰ ਸਾਨੂੰ ਕੋਈ ਦੁੱਖ ਨਹੀਂ
ਮਾਂ ਬੋਲੀ ਜੇਕਰ ਭੁੱਲ ਗਏ
ਇਹ ਤੋਂ ਵੱਡੀ ਭੁੱਖ ਨਹੀਂ
ਭਾਸ਼ਾ ਹੁੰਦੀ ਹਰ ਇਕ ਚੰਗੀ
ਪਰ ਤੁਸੀਂ ਪੰਜਾਬੀ 'ਚ ਦਸਤਖ਼ਤ ਮਾਰੋ
ਪੰਜਾਬੀ ਸਾਡੀ ਮਾਂ ਬੋਲੀ ਏ
ਐਵੇਂ ਨਾ ਵਿਸਾਰੋ।



ਖਾਤੂਨ ਨਾਜ਼

## ਅੱਜ ਦੀ ਵਿੱਥਿਆ

ਐਵੇਂ ਟਾਹਰਾਂ ਨਾ ਮਾਰਿਆ ਕਰ
ਚੰਦ ਤਾਰਿਆਂ ਤੇ ਕਿਸੇ ਦਾ ਨਾਂ ਲਿਖਣ ਦੀਆਂ
ਜੇ ਤੂੰ ਬੰਦੇ ਦਾ ਧੀ/ਪੁੱਤ ਹੈਂ ਐਂ ਤਾਂ
ਧਰਤੀ 'ਤੇ ਬੈਠ ਕੇ ਧਰਤੀ ਦਾ ਗੀਤ ਲਿਖ
ਧਰਤੀ 'ਤੇ ਵਸਦਿਆਂ ਦਾ ਗੀਤ ਲਿਖ
ਧਰਤੀ ਨੂੰ ਬਚਾਉਣ ਵਾਲਿਆਂ ਦਾ ਗੀਤ ਲਿਖ
ਧਰਤੀ ਨੂੰ ਬਹੁਤ ਖਤਰਾ ਹੋ ਗਿਆ ਹੈ
ਮੁਨਾਫੇ ਖੱਟਣ ਵਾਲੇ ਮੁਨਾਫੇਖੋਰਾਂ ਵਲੋਂ
ਕਿਸੇ ਹੋਰ ਦੀ ਤਾਂ ਗੱਲ ਛੱਡ --
ਇਹ ਜ਼ਮੀਰ ਵਿਹੂਣੇ ਮੁਨਾਫੇਖੋਰ ਤਾਂ
ਆਪਣੀ ਹੀ ਮਾਂ ਨੂੰ ਵੀ ਵੇਚ ਦੇਣਗੇ,
ਅੰਤਹੀਣ, ਅੰਨ੍ਹੇ ਮੁਨਾਫੇ ਦੇ ਲੋਭ ਖਾਤਰ।

ਅੱਜ ਬਹੁਤ ਹੀ ਖਤਰੇ 'ਚ ਨੇ
ਮਨੁੱਖ ਨੂੰ ਜ਼ਿੰਦਗੀ ਦਿੰਦੇ ਰੁੱਖ
ਅਤੇ ਜ਼ਿੰਦਗੀ ਦੇ ਮੁੱਖ ਸਰੋਤ ਪਾਣੀ 'ਤੇ
ਇਨ੍ਹਾਂ ਦੀ ਗਹਿਰੀ ਜ਼ੁਲਮੀ ਅੱਖ ਹੈ
ਮੁਨਾਫੇਖੋਰ ਖੂਨ ਪੀਣੀਆਂ ਗਿਰਝਾਂ ਦੀ
ਸਮੇਂ ਦਾ ਕਹਿਰ ਕਿ ਹੁਣ ਇਹ ਗਿਰਝਾਂ
ਇਨਸਾਨੀ ਜਾਮੇ 'ਚ ਵੀ ਮਿਲਦੀਆਂ ਹਨ
ਬੇਸ਼ਰਮ ਸੱਤਾ ਦੀਆਂ ਭਾਗੀਦਾਰ ਹਨ ਇਹ
ਇਨ੍ਹਾਂ ਨੇ ਸ਼ਰਮ-ਹਯਾ, ਮਾਣ- ਇੱਜ਼ਤ
ਕਿਸੇ ਕੰਧ ਲੱਗੀ ਕਿੱਲੀ 'ਤੇ ਨਹੀ
ਦੂਰ ਅਸਮਾਨ 'ਤੇ ਟੰਗ ਦਿੱਤੀ ਹੈ
ਅਤੇ ਬੇਸ਼ਰਮੀ ਨਾਲ ਆਖਦੇ ਹਨ -
ਲਾਹ ਲਉ ਜਿਹੜਾ ਲਾਹ ਸਕਦੈ
ਜ਼ਾਲਮਾਂ ਨੇ ਵੰਗਾਰ ਪਾਈ ਹੈ, ਲੋਕਾਈ ਨੂੰ
ਸੂਰਮੇ ਜਵਾਬ ਦੇਣਾ ਅਜੇ ਭੁੱਲੇ ਵੀ ਨਹੀਂ
ਇਹ ਹਰ ਹੀਲੇ ਜਵਾਬ ਦਿੰਦੇ ਹਨ
ਚੱਜ ਨਾਲ ਜੀਊਣ ਦਾ ਹੋਕਾ ਵੀ ਦਿੰਦੇ ਹਨ
ਇਹੋ ਸਾਡੇ ਵਿਰਸੇ ਦੀ ਤਾਸੀਰ ਰਹੀ ਹੈ।

ਕੇਹਰ ਸ਼ਰੀਫ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਗੁਰਸ਼ਰਨ ਕਲਾ ਭਵਨ ਵਿਖੇ ਸਰੋਆ ਦਾ ਸਨਮਾਨ



ਮੁੱਲਾਂਪੁਰ ਦਾਖਾ, (ਬਲਜਿੰਦਰ ਸਿੰਘ) : ਗੁਰਸਰਨ ਕਲਾ ਭਵਨ ਵਿਖੇ ਸ. ਹਰਬਖਸ ਸਿੰਘ ਸਰੋਆ ਜੀ ਕੈਲਗਰੀ ਨਿਵਾਸੀ ਉੱਘੇ ਸਮਾਜ ਸੇਵਕ ਪਹੁੰਚੇ। ਸ. ਹਰਬਖਸ਼ ਸਿੰਘ ਸਰੋਆ ਜੀ ਨੇ ਆਪਣੀ ਜੀਵਨ ਸਾਥਣ ਸ੍ਰੀਮਤੀ ਕੁਲਦੀਪ ਕੌਰ ਜੀ ਦੀ ਯਾਦ ਵਿੱਚ ਇੱਕ ਕਮਰੇ ਦੀ ਉਸਾਰੀ ਗੁਰਸ਼ਰਨ ਕਲਾ ਭਵਨ ਵਿਖੇ ਕਰਵਾਈ ਹੈ। ਸ. ਸਰੋਆ ਪ੍ਰੋਗਰੈਸਿਵ ਕਲਚਰਲ ਐਸੋਸੀਏਸਨ ਕੈਲਗਰੀ ਦੇ ਸਹਿਯੋਗੀ ਹਨ। ਮਾਸਟਰ ਭਜਨ ਸਿੰਘ ਜੀ ਪ੍ਰੇਰਨਾ ਸਦਕਾ ਉਹਨਾਂ ਨੇ ਗੁਰਸ਼ਰਨ ਕਲਾ ਭਵਨ ਵਿਖੇ ਕਮਰਾ ਬਣਵਾਇਆ ਸੀ। ਉਹਨਾਂ ਨਾਲ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਸਾਥੀ ਅਮੋਲਕ ਸਿੰਘ ਵੀ ਪਹੁੰਚੇ। ਲੋਕ ਕਲਾ ਮੰਚ ਵੱਲੋਂ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਲੋਕ ਕਲਾ ਮੰਚ ਦੇ ਜਨਰਲ ਸਕੱਤਰ ਸ੍ਰੀ ਦੀਪਕ ਰਾਏ ਜੀ ਨੇ ਮੰਚ ਸੰਚਾਲਨ ਕੀਤਾ। ਅਮੋਲਕ ਸਿੰਘ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਗੁਰਸ਼ਰਨ ਭਾਅ ਜੀ ਦੀ ਵਿਰਾਸਤ ਨੂੰ ਸੁਚੇਤ ਰੂਪ ਵਿੱਚ ਅੱਗੇ ਲੈ ਕੇ ਜਾ ਰਿਹਾ ਹੈ। ਇਸ ਮੌਕੇ 'ਤੇ ਸ. ਗੁਰਸੇਵਕ ਸਿੰਘ ਜਾਂਗਪੁਰ, ਸ. ਗੁਰਜੀਤ ਸਿੰਘ, ਸ੍ਰੀ ਅਨਿਲ ਸੇਠੀ ਜੀ, ਕਮਲਜੀਤ ਮੋਹੀ ਅਤੇ ਸ੍ਰੀ ਹਰਕੇਸ਼ ਚੌਧਰੀ ਜੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਆਪਣੇ ਵਿੱਤ ਅਨੁਸਾਰ ਕਲਾ ਰਾਹੀਂ ਲੋਕਾਂ ਦੇ ਦੁੱਖਾਂ ਦੀ ਬਾਤ ਪਾਉਂਦਾ ਹੀ ਰਹੇਗਾ। ਸਮਾਜ ਨੂੰ ਦੇਸ ਭਗਤਾਂ ਦੇ ਸੁਪਨਿਆਂ ਦਾ ਸਮਾਜ ਬਣਾਉਣ ਦੀ ਕੋਸ਼ਿਸ਼ ਕਰਦਾ ਰਹੇਗਾ। ਇਸ ਮੌਕੇ ਤੇ ਸ. ਹਰਬਖਸ ਸਿੰਘ ਸਰੋਆ ਜੀ ਦਾ ਸਾਰਿਆਂ ਨੇ ਸਾਂਝੇ ਰੂਪ ਵਿੱਚ ਸਨਮਾਨ ਕਰਦਿਆਂ ਸ਼ਹੀਦ ਏ ਆਜਮ ਸ. ਭਗਤ ਸਿੰਘ ਜੀ ਦੀ ਯਾਦਗਾਰੀ ਤਸਵੀਰ ਤੇ ਲੋਈ ਭੇਂਟ ਕੀਤੀ। ਸ. ਹਰਬਖਸ ਸਿੰਘ ਸਰੋਆ ਜੀ ਨੇ ਕਿਹਾ ਕਿ ਲੋਕ ਕਲਾ ਮੰਚ ਸਮਾਜ ਨੂੰ ਆਪਣੇ ਨਾਟਕਾਂ ਨਾਲ ਚੇਤੰਨਾ ਦੇ ਰਿਹਾ ਹੈ। ਅਸੀਂ ਇਹਨਾਂ ਦੀ ਇਸ ਮਿਹਨਤ ਨੂੰ ਸਲਾਮ ਕਰਦੇ ਹਾਂ।

# ਉੱਠਣ-ਬੈਠਣ ਅਤੇ ਬੋਲਣ ਤੋਂ ਅਸਮਰੱਥ ਸੜਕ ਕਿਨਾਰੇ ਪਏ ਮੰਦ-ਬੁੱਧੀ ਮਰੀਜ਼ ਨੂੰ ਮਿਲੀ ਨਵੀਂ ਜ਼ਿੰਦਗੀ

**ਬਲਜਿੰਦਰ ਸਿੰਘ**

ਤਿੰਨ-ਚਾਰ ਮਹੀਨਿਆਂ ਤੋਂ ਸਿਵਲ ਹਸਪਤਾਲ ਲੁਧਿਆਣਾ ਦੇ ਨਜ਼ਦੀਕ ਦਿਨ-ਰਾਤ ਚੱਲਦੀਆ ਸੜਕਾਂ ਕਿਨਾਰੇ ਇੱਕ ਮਜ਼ਬੂਰ, ਲਵਾਰਸ, ਮੰਦ-ਬੁੱਧੀ ਹਾਲਤ ਵਿੱਚ ਇੱਕ ਬੇਨਾਮ ਵਿਅਕਤੀ ਰੁਲ਼ ਰਿਹਾ ਸੀ। ਇਸ ਦੀ ਹਾਲਤ ਇੰਨੀ ਖਰਾਬ ਸੀ ਕਿ ਵਾਲ ਖਿਲਰੇ, ਮੈਲੇ-ਕੁਚੈਲੇ ਪਾਟੇ ਕੱਪੜੇ ਅਤੇ ਹੱਥਾਂ ਪੈਰਾਂ ਦੇ ਨਹੁੰ ਬਹੁਤ ਵਧੇ ਹੋਏ ਸਨ। ਉੱਠਣ-ਬੈਠਣ ਤੋਂ ਅਸਮਰੱਥ ਇਹ ਵਿਅਕਤੀ ਮਲ-ਮੂਤਰ ਵੀ ਪਿਆ ਹੀ ਕੱਪੜਿਆਂ ਵਿੱਚ ਕਰਦਾ ਸੀ ਜਿਸ ਕਰਕੇ ਇਸ ਤੋਂ ਬਹੁਤ ਬਦਬੂ ਆ ਰਹੀ ਸੀ। ਬੋਲਣ ਤੋਂ ਵੀ ਅਸਮਰੱਥ ਹੋਣ ਕਰਕੇ ਰੋਟੀ ਆਦਿ ਵੀ ਨਹੀਂ ਮੰਗ ਸਕਦਾ ਸੀ । ਜੇ ਕਰ ਕਿਸੇ ਦੇ ਮਨ 'ਚ ਰਹਿਮ ਆ ਜਾਂਦਾ ਤਾਂ ਖਾਣ ਲਈ ਕੁੱਝ ਦੇ ਜਾਂਦਾ ਨਹੀਂ ਤਾਂ ਭੁੱਖਾ-ਭਾਣਾ ਹੀ ਪਿਆ ਰਹਿੰਦਾ। ਆਸ-ਪਾਸ ਦੇ ਦੁਕਾਨਦਾਰ ਇਸ ਦਾ ਨਾਮ ਬੰਟੀ ਲੈਂਦੇ ਸਨ। 11 ਫਰਵਰੀ ਵਾਲੇ ਦਿਨ ਉਸ ਇਲਾਕੇ 'ਚ ਰਹਿਣ ਵਾਲੀ ਸੀਮਾ ਰਾਣੀ ਨਾਮ ਦੀ ਲੜਕੀ ਦੀ ਨਜ਼ਰ ਇਸ ਉੱਤੇ ਪਈ। ਉਸ ਦੇ ਮਨ 'ਚ ਤਰਸ ਆਇਆ । ਉਸ ਨੇ ਹਿੰਮਤ ਕਰਕੇ ਕੁੱਝ ਹੋਰ ਦੁਕਾਨਦਾਰਾਂ, ਰਿਕਸ਼ਾ ਚਾਲਕਾਂ ਅਤੇ ਰਾਹਗੀਰਾਂ ਦੀ ਸਹਾਇਤਾ ਨਾਲ ਇਸ ਦੇ ਵਾਲ ਕੱਟੇ । ਕੁੱਝ ਵਿਅਕਤੀਆਂ ਨੇ ਇਸ ਨੂੰ ਸਿਵਲ ਹਸਪਤਾਲ ਦੇ ਨਜ਼ਦੀਕ ਬਣੇ ਬਾਥਰੂਮ 'ਚ ਲਿਜਾ ਕੇ ਇਸ਼ਾਨਨ ਆਦਿ ਕਰਵਾਇਆ। ਉਸ ਉਪਰੰਤ ਸੀਮਾ ਰਾਣੀ ਨੇ ਦੋ ਹੋਰ ਵਿਅਕਤੀਆਂ ਲਖਵਿੰਦਰ ਸਿੰਘ ਤੇ ਕੇਸਰ ਸਿੰਘ ਦੀ ਸਹਾਇਤਾ ਨਾਲ ਇਸ ਨੂੰ ਸਰਾਭਾ ਪਿੰਡ ਦੇ ਨਜ਼ਦੀਕ ਬਣੇ ਗੁਰੂ ਅਮਰ ਦਾਸ ਅਪਾਹਜ ਆਸ਼ਰਮ 'ਚ ਪੁਚਾਇਆ ਤਾਂ ਜੋ ਇਸਦੀ ਚੰਗੀ ਦੇਖਭਾਲ ਹੋ ਸਕੇ। ਆਸ਼ਰਮ ਵਿੱਚ ਆਉਣ ਤੋਂ ਬਾਅਦ ਸੇਵਾਦਾਰਾਂ ਵੱਲੋਂ ਇਸ ਦੀ ਦੇਖ-ਭਾਲ ਕੀਤੀ ਗਈ, ਭੋਜਨ ਛਕਾਇਆ ਗਿਆ ਅਤੇ ਸੌਣ ਲਈ ਬਿਸਤਰਾ ਦਿੱਤਾ ਗਿਆ। ਇਹ ਵਿਅਕਤੀ ਉੱਠ-ਬੈਠ ਨਹੀਂ ਸਕਦਾ। ਇਸ ਦੀ ਪਿੱਠ ਉੱਤੇ ਜ਼ਖਮ ਵੀ ਹਨ। ਆਸ਼ਰਮ ਦੇ ਡਾਕਟਰ ਵੱਲੋਂ ਲੋੜ ਮੁਤਾਬਿਕ ਇਸ ਦੀ ਦਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਮੀਦ ਹੈ ਕਿ ਆਸ਼ਰਮ ਵਿੱਚ ਹੋ ਰਹੀ ਚੰਗੀ ਦੇਖਭਾਲ ਸਦਕਾ ਇਸ ਦੀ ਹਾਲਤ 'ਚ ਜਲਦੀ ਹੀ ਸੁਧਾਰ ਹੋ ਜਾਵੇਗਾ। ਇਸ ਸੰਸਥਾ ਦੇ ਬਾਨੀ ਡਾ.ਨੌਰੰਗ ਸਿੰਘ ਮਾਂਗਟ ਅਤੇ ਪ੍ਰਧਾਨ ਚਰਨ ਸਿੰਘ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਦੋ ਸੌ (200) ਦੇ ਕਰੀਬ ਦਿਮਾਗੀ ਸੰਤੁਲਨ ਗੁਆ ਚੁੱਕੇ ਅਤੇ ਹੋਰ ਬਿਮਾਰੀਆ ਨਾਲ ਪੀੜਤ ਲਾਵਾਰਸ-ਬੇਘਰ ਮਰੀਜ਼ ਰਹਿੰਦੇ ਹਨ ਜਿੰਨ੍ਹਾਂ ਵਿੱਚ ਬਹੁਤ ਸਾਰੇ ਮਰੀਜ਼ ਪੂਰੀ ਤਰਾਂ ਸੁੱਧ-ਬੁੱਧ ਨਾ ਹੋਣ ਕਰਕੇ ਕੱਪੜਿਆਂ ਵਿੱਚ ਹੀ ਮਲ-ਮੂਤਰ ਕਰਦੇ ਹਨ। ਆਸ਼ਰਮ ਵਲੋਂ ਕੀਤੀ ਜਾ ਰਹੀ ਇਹ ਬੇਮਿਸਾਲ ਤੇ ਨਿਰਸਵਾਰਥ ਸੇਵਾ ਗੁਰੂ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਚੱਲ ਰਹੀ ਹੈ।



ਸੜਕ ਦੇ ਕਿਨਾਰੇ ਪਿਆ ਬੰਟੀ




ਸਰਾਭਾ ਆਸ਼ਰਮ 'ਚ ਆਉਣ ਤੋਂ ਬਾਅਦ ਬੰਟੀ


SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com


Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4


Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com

Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਪੰਡਤਾਂ ਨੇ ਊਚ-ਨੀਚ ਬਣਾਈ-ਮੋਹਣ ਭਾਗਵਤ



ਡਾ. ਬਲਜਿੰਦਰ
94170-79720
singh.drbaljinder@gmail.com



ਪ੍ਰਮਾਤਮਾ ਨੇ ਬਿਨਾਂ ਕਿਸੇ ਨਾਮ, ਗੁਣਾਂ ਅਤੇ ਮਾਨ-ਇੱਜਤ ਦੇ ਭੇਦਭਾਵ ਦੇ ਸਾਰੇ ਮਨੁੱਖਾਂ ਨੂੰ ਇੱਕ ਬਰਾਬਰ ਦਾ ਸਿਰਜਿਆ ਹੈ, ਪਰ "ਪੰਡਤਾਂ ਨੇ ਜਾਤ-ਪਾਤ (ਊਚਨੀਚ) ਦੀ ਈਜਾਦ ਕੀਤੀ ਅਤੇ ਆਪਣੀ ਇਸ ਧਾਰਨਾ ਨੂੰ ਸਹੀ ਸਾਬਤ ਕਰਨ ਲਈ ਉਹਨਾਂ ਨੇ ਸਾਸਤਰਾਂ ਦਾ ਸਹਾਰਾ ਲਿਆ, ਜਿਹੜਾ ਕਿ ਨਿਰਾ ਝੂਠ ਹੈ"- ਇਹ ਲਫਜ ਮੁੰਬਈ ਵਿਖੇ ਮਨਾਏ ਜਾ ਰਹੇ ਭਗਤ ਰਵੀਦਾਸ ਪਰਵ 'ਤੇ ਸੰਬੋਧਨ ਕਰਦਿਆਂ ਰਸਸ ਦੇ ਮੁਖੀ ਮੋਹਣ ਭਾਗਵਤ ਨੇ 5 ਫਰਵਰੀ ਨੂੰ ਕਹੇ।

ਕਾਂਗਰਸ ਆਗੂ ਅਤੇ ਲੋਕ ਸਭਾ ਮੈਂਬਰ ਦਿਗਵਿਜੈ ਸਿੰਘ ਨੇ ਭਾਗਵਤ ਦੇ ਇਸ ਬਿਆਨ 'ਤੇ ਆਪਣੀ ਪ੍ਰਤੀਕਿਰਿਆ ਜਾਹਰ ਕਰਦਿਆਂ ਮੋਹਣ ਭਾਗਵਤ ਨੂੰ ਇਹ ਸਪੱਸਟ ਕਰਨ ਲਈ ਕਿਹਾ ਕਿ ਸਾਡੇ ਕਿਹੜੇ-ਕਿਹੜੇ ਸਾਸਤਰ ਗਲਤ ਹਨ। ਇਹ ਦੱਸਿਆ ਜਾਣਾ ਚਾਹੀਦਾ ਹੈ।

ਸਮਾਜਵਾਦੀ ਪਾਰਟੀ ਦੇ ਇੱਕ ਆਗੂ ਨੇ ਵੀ ਕਿਹਾ ਕਿ ਫਿਰ ਜਾਤਪਾਤ ਆਈ ਕਿੱਥੋਂ, ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਅਤੇ ਅਜਿਹੇ ਕਿਹੜੇ ਸਾਸਤਰ ਹਨ ਜਿਹੜੇ ਅਜਿਹਾ ਉਪਦੇਸ ਦਿੰਦੇ ਹਨ, ਉਹਨਾਂ ਨੂੰ ਕੇਂਦਰੀ ਹਕੂਮਤ ਵੱਲੋਂ ਸੋਧਿਆ ਜਾਣਾ ਚਾਹੀਦਾ ਹੈ।

ਇਸ ਬਿਆਨ ਦੇ ਅਗਲੇ ਦਿਨ ਸੋਮਵਾਰ ਨੂੰ ਹੀ ਰਸਸ ਦੇ ਪ੍ਰਚਾਰ ਮੁਖੀ ਸੁਨੀਲ ਅੰਬਾਕਰ ਨੇ ਇਸ ਮਸਲੇ 'ਤੇ ਸਫਾਈ ਦਿੰਦਿਆਂ ਕਿਹਾ ਕਿ ਭਾਗਵਤ ਮਰਾਠੀ ਜੁਬਾਨ 'ਚ ਸੰਬੋਧਨ ਕਰ ਰਿਹਾ ਸੀ। ਅਤੇ ਉਹ ਜੋ ਬੋਲ ਰਿਹਾ ਸੀ ਉਸਨੂੰ ਸਹੀ ਸੰਦਰਭ 'ਚ ਹੀ ਲੈਣਾ ਚਾਹੀਦਾ ਹੈ। ਉਹਨੇ ਸਪੱਸਟੀਕਰਨ ਦਿੰਦਿਆਂ ਕਿਹਾ ਕਿ ਭਾਗਵਤ ਵੱਲੋਂ ਬੋਲੇ ਗਏ ਲਫਜ 'ਪੰਡਤ' ਦਾ ਅਸਲੀ ਅਰਥ ਵਿਦਵਾਨ ਹੁੰਦਾ ਹੈ ਅਤੇ ਉਹ ਇਹ ਕਹਿ ਰਿਹਾ ਸੀ ਕਿ ਹਰੇਕ ਵਿਅਕਤੀ ਨੂੰ ਇੱਕ ਅੱਖ ਨਾਲ ਦੇਖਿਆ ਜਾਣਾ ਚਾਹੀਦਾ ਹੈ। ਹਰ ਇੱਕ ਦੀ ਹੀ ਆਪਣੀ ਆਣ-ਇੱਜਤ ਹੈ।

ਇਸ ਹਿਸਾਬ ਨਾਲ ਦੇਖਿਆਂ ਇਹ ਲੱਗ ਸਕਦਾ ਹੈ ਕਿ ਭਾਗਵਤ ਤਾਂ ਵਿਗਿਆਨਕ ਸਮਝ ਮੁਤਾਬਕ ਹੀ ਸਾਸਤਰਾਂ ਬਾਰੇ ਅਤੇ ਸਮਾਜਕ ਊਚ-ਨੀਚ ਬਾਰੇ ਬੋਲ ਰਿਹਾ ਹੈ ਤਾਂ ਉਹਦੇ 'ਚ ਗਲਤ ਤੇ ਮਾੜਾ ਵੀ ਕੀ ਹੈ? ਅਜਿਹੀ ਸਤੱਹੀ ਪਹੁੰਚ ਇਹ ਵੀ ਲੱਗਣ ਲਾ ਦੇ ਸਕਦੀ ਹੈ ਕਿ ਰਸਸ ਦੀ ਸਮਝ ਬਦਲ ਰਹੀ ਹੈ ਅਤੇ ਉਹ ਊਚ-ਨੀਚ 'ਚ ਯਕੀਨ ਨਹੀਂ ਕਰਦੀ। ਪਰ ਅਜਿਹਾ ਨਹੀਂ ਹੈ। ਕਿਓਂਕਿ ਪ੍ਰਾਚੀਨ ਸਮਾਜ ਅਤੇ ਹੋਰ ਉਪਲਬਧ ਸਾਹਿਤ ਦਾ ਜਦੋਂ ਵਿਗਿਆਨਕ ਨਜੱਰੀਏ ਤੋਂ ਅਧਿਐਨ ਕੀਤਾ ਜਾਂਦਾ ਹੈ ਤਾਂ ਗਿਆਤ ਹੁੰਦਾ ਹੈ ਕਿ ਸਮਾਜ ਅੰਦਰ ਜਮਾਤਾਂ ਦੇ ਉਪਜਣ ਤੇ ਇਹਨਾਂ ਦੀ ਹੋਂਦ ਬਣਾਈ ਰੱਖਣ ਅਤੇ ਆਪਣੀ ਲੁੱਟ-ਖਸੁੱਟ ਨੂੰ ਬਰਕਰਾਰ ਰੱਖਣ ਲਈ ਮਨੂੰ ਸਮ੍ਰਿਤੀ ਵਰਗੇ ਗ੍ਰੰਥਾਂ ਨੇ ਜਾਤਪਾਤੀ ਵਿਵਸਥਾ ਨੂੰ ਪੱਕਿਆਂ ਕੀਤਾ ਅਤੇ ਇਸ ਤਾਣੇ-ਬਾਣੇ ਨੂੰ ਜਬਤਬੱਧ ਕਰਨ ਦੇ ਉਪਾਓ ਸੁਝਾਏ। ਮਹਾਂਭਾਰਤ ਅਤੇ ਰਮਾਇਣ ਵਰਗੇ ਗ੍ਰੰਥਾਂ ਨੇ ਵੀ ਦੱਬੀਆਂ-ਕੁੱਚਲੀਆਂ ਜਾਤਾਂ-ਜਮਾਤਾਂ ਨੂੰ ਦਾਬੇ ਵਾਲੀ ਸਥਿਤੀ 'ਚ ਬਣਾਈ ਰੱਖਣ ਲਈ ਆਚਰਣ ਸੁਝਾਏ, ਕਾਰਜਾਂ ਤੇ ਫਰਜਾਂ ਦੀ ਨਿਸਾਨਦੇਹੀ ਕੀਤੀ ਜਿਹੜੀ ਕਿ ਹੁਕਮਰਾਨ ਜਮਾਤਾਂ ਦੇ ਹਿੱਤਾਂ 'ਚ ਜਾਂਦੀ ਹੈ। ਜਿਵੇਂ ਮਨੂੰ ਸਮ੍ਰਿਤੀ 'ਚ ਦੱਸਿਆ ਗਿਆ ਹੈ:

"ਬ੍ਰਾਹਮਣ ਇਸ ਧਰਤੀ 'ਤੇ ਧਰਮ ਨੂੰ ਨਿਭਾਉਣ ਲਈ ਪੈਦਾ ਹੋਇਆ ਹੈ। ਇਸ ਧਰਤੀ 'ਤੇ ਜੋ ਕੁੱਝ ਵੀ ਹੈ, ਉਹ ਸੱਭ ਬ੍ਰਾਹਮਣ ਦੀ ਸੰਪਤੀ ਹੈ। ਆਪਣੀ ਸਰਵ-ਉੱਚਤਾ ਸ੍ਰੇਸ਼ਟਤਾ ਕਰਕੇ ਬ੍ਰਾਹਮਣ ਇਸ ਧਰਤੀ ਦਾ ਮਾਲਕ ਹੈ। ਇਹ ਬ੍ਰਾਹਮਣ ਦੀ ਮਰਜੀ ਹੈ ਕਿ ਉਹ ਕਿਸੇ ਨੂੰ ਕੁੱਝ ਦੇਵੇ ਜਾਂ ਨਾ ਦੇਵੇ। ਰਾਜੇ ਨੂੰ ਚਾਹੀਦਾ ਹੈ ਕਿ ਉਹ ਤੜਕੇ ਉੱਠਕੇ ਬ੍ਰਾਹਮਣ ਨੂੰ ਪ੍ਰਣਾਮ ਕਰੇ ਜਿਹੜਾ ਕਿ ਉਸ ਦੇ ਸਾਰੇ ਮੰਤਰੀਆਂ ਤੋਂ ਧਰਮ ਵਿਗਿਆਨ ਤੇ ਹੋਰ ਯੋਜਨਾਵਾਂ ਬਣਾਉਣ 'ਚ ਤਿੰਨ ਗੁਣਾਂ ਵੱਧ ਨਿਪੁੰਨ ਹੈ ਅਤੇ ਉਸ ਦਾ ਸੱਭ ਤੋਂ ਉੱਤਮ ਸਲਾਹਕਾਰ ਹੈ।"

ਰਸਸ ਦੇ ਮੁਖੀ ਨੇ ਪੰਡਤਾਂ ਮਨੂੰ ਦੋਸੀ ਤਾਂ ਟਿੱਕ ਦਿੱਤਾ ਪਰ ਉਹ ਉਹਨਾਂ ਧਾਰਮਕ ਗ੍ਰੰਥਾਂ ਬਾਰੇ ਚੁੱਪ ਹੈ ਅਤੇਨਾਲ ਹੀ ਉਹ ਮੌਜੂਦਾ ਹਾਲਤਾਂ 'ਚ ਦੱਬੇ-ਕੁੱਚਲੇ ਲੋਕਾਂ ਦੀ ਬਦਹਾਲੀ ਦਾ ਕੋਈ ਵੀ ਇਲਾਜ ਨਹੀਂ ਸੁਝਾਉਂਦਾ। ਇਓਂ ਦੇਖਿਆਂ ਰਸਸ ਮੁਖੀ ਦੇ ਇਹ ਕਥਨ ਪਿੱਛੇ ਸਿਰਫ ਤੇ ਸਿਰਫ ਰਵੀਦਸੀਆ ਭਾਈਚਾਰੇ ਦੀਆਂ ਵੋਟਾਂ ਹਨ ਜਿਹਨਾਂ ਨੂੰ 2024 ਦੇ ਪਾਰਲੀਮੈਂਟਰੀ ਚੋਣਾਂ ਮੌਕੇ ਆਪਣੇ ਹੱਕ 'ਚ ਭੁਗਤਾਉਣਾ ਹੈ। ਯਾਦ ਰਹੇ ਕਿ ਭਾਰਤ ਅੰਦਰ ਰਵੀਦਾਸੀਆ ਭਾਈਚਾਰੇ ਦੇ ਮੈਂਬਰਾਂ ਦੀ ਗਿਣਤੀ ਤੀਹ ਤੋਂ ਪੰਜਾਹ ਲੱਖ ਬਣਦੀ ਹੈ ਜੋ ਕਿ ਚੁਣਾਵੀ ਸਮੀਕਰਨਾਂ ਦੇ ਹਿਸਾਬ ਨਾਲ ਅਗਰ ਬਹੁਤੀ ਜ਼ਿਆਦਾ ਨਹੀਂ ਤਾਂ ਇਹ ਕੋਈ ਐਨੀ ਨਿਗੂਨੀ ਵੀ ਨਹੀਂ ਹੈ। ਇਸੇ 'ਚੋਂ ਹੀ ਹੋਰਨਾਂ ਦੱਬੇ-ਕੁਚਲੇ ਵਰਗਾਂ ਦੀਆਂ ਵੋਟਾਂ ਨੂੰ ਆਪਣੇ ਹੱਕ 'ਚ ਭੁਗਤਾਉਣ ਦੇ ਨਾਲ-ਨਾਲ ਮੋਦੀ ਦੀ ਹਕੂਮਤ ਅਤੇ ਇਸ ਦੀ ਵਿਚਾਰਧਾਰਕ ਸਕਤੀ ਰਸਸ ਦਾ ਜੋਰ ਇਹਨਾਂ ਵਰਗਾਂ ਨੂੰ ਭਾਜਪਾ ਦੇ ਹੱਕ 'ਚ ਭੁਗਤਾਉਣ ਲਈ ਲੱਗਿਆ ਹੋਇਆ ਹੈ। ਭਗਵਤ ਦੇ ਇਸ ਬਿਆਨ ਤੇ ਇਸ ਦੇ ਦਿੱਤੇ ਸਪੱਸਟੀਕਰਨ ਨੂੰ ਇਸੇ ਹੀ ਸੰਦਰਭ 'ਚ ਦੇਖਿਆ ਜਾਣਾ ਚਾਹੀਦਾ ਹੈ। ਇਹਨਾਂ ਤਬਕਿਆਂ ਨੂੰ ਆਪਣੇ ਫਿਰਕੂ ਹਿੰਦੂਤਵਾਵਾਦੀ ਅਜੰਡੇ 'ਚ ਫਿੱਟ ਕਰਨਾ ਵੀ ਇਸਦਾ ਇੱਕ ਕਾਰਜ ਹੈ ਯਾਨੀ ਕਿ ਇਹ ਦਰਸਾਉਣਾ ਕਿ ਤੁਸੀਂ ਵੀ ਹਿੰਦੂ ਬਹੁਗਿਣਤੀ ਦਾ ਹੀ ਅੰਗ ਹੋ ਕਿ ਅਸੀਂ ਤਾਂ ਤੁਹਾਡੇ ਬਾਰੇ ਇਓਂ ਸੋਚਦੇ ਹਾਂ।

# ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮੱਰਪਿਤ ਨਾਟਕ ਮੇਲੇ ਦਾ ਆਯੋਜਨ



ਮੁੱਲਾਂਪੁਰ (ਬਲਜਿੰਦਰ ਸਿੰਘ) ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਗੁਰਸ਼ਰਨ ਕਲਾ ਭਵਨ ਵਿਖੇ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਸਮੱਰਪਿਤ ਨਾਟਕ ਮੇਲੇ ਦਾ ਆਯੋਜਨ ਕੀਤਾ ਗਿਆ। ਅਖੀਰਲੇ ਸਨੀਵਾਰ ਦੇ ਮੌਕੇ 'ਤੇ ਸਮਾਗਮ ਦਾ ਉਦਘਾਟਨ ਅਵਤਾਰ ਬਾਈ ਸਰੀ ਕਨੈਡਾ, ਜਰਨੈਲ ਤੱਗੜ ਕੈਲਗਰੀ, ਡਾ. ਅਵਤਾਰ ਸਿੰਘ ਪ੍ਰਿੰਸੀਪਲ ਜੀ.ਟੀ.ਬੀ.ਨੈਸਨਲ ਕਾਲਜ ਦਾਖਾ, ਪ੍ਰੋ.ਰਣਜੀਤ ਕੌਰ ਗਰੇਵਾਲ, ਪ੍ਰੋ. ਹਰਦੇਵ ਗਰੇਵਾਲ, ਮਾ.ਉਜਾਗਰ ਸਿੰਘ, ਸ੍ਰੀ ਹਰਕੇਸ ਚੌਧਰੀ ਪ੍ਰਧਾਨ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਨੇ ਕੀਤਾ। ਇਸ ਤੋਂ ਬਾਆਦ ਮੈਡਮ ਰਾਜਿੰਦਰ ਕੌਰ ਜੀ ਨੇ ਇੱਕ ਪੰਜਾਬੀ ਮਾਂ ਬੋਲੀ ਬਾਰੇ ਕਵਿਤਾ ਪੜ੍ਹੀ। ਇਸ ਉਪਰੰਤ ਸਿਰਜਣਾ ਆਰਟ ਗਰੁੱਪ ਰਾਏਕੋਟ ਵੱਲੋਂ ਡਾ. ਸੋਮਪਾਲ ਹੀਰਾ ਜੀ ਦੁਆਰਾ ਲਿਖਿਤ ਨਾਟਕ "ਭਾਸਾ ਵਹਿੰਦਾ ਦਰਿਆ" ਮੈਡਮ ਕਮਲ ਢਿਲੋਂ ਜੀ ਦੇ ਨਿਰਦੇਸ਼ਨ ਹੇਠ ਖੇਡਿਆ ਗਿਆ। ਅਵਤਾਰ ਬਾਈ ਜੀ ਨੇ ਲੋਕ ਕਲਾ ਮੰਚ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਜਰਨੈਲ ਤੱਗੜ ਜੀ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ 'ਤੇ ਅਨੂੰ ਧੀਰ ਅਤੇ ਤੇਜਿੰਦਰ ਧੀਰ ਨੇ ਆਪਣੀ ਪੋਤੀ ਦੇ ਜਨਮ ਦਿਨ ਦੀ ਖ਼ੁਸ਼ੀ ਵਿੱਚ ਮੰਚ ਨੂੰ ਪੰਜ ਹਜ਼ਾਰ ਰੁਪਏ ਦੀ ਸਹਾਇਤਾ ਕੀਤੀ। ਅਵਤਾਰ ਬਾਈ ਨੇ ਮੰਚ ਨੂੰ ਦਸ ਹਜਾਰ ਰੁਪਏ ਦੀ ਸਹਾਇਤਾ ਕੀਤੀ। ਜਰਨੈਲ ਤੱਗੜ ਜੀ ਨੇ ਵੀ ਮੰਚ ਦੀ ਪੰਜ ਹਜ਼ਾਰ ਦੀ ਸਹਾਇਤਾ ਕੀਤੀ। ਇਸ ਮੌਕੇ 'ਤੇ ਉੱਘੇ ਲੇਖਕ ਅਮਰੀਕ ਤਲਵੰਡੀ, ਹਰਕੇਸ ਚੌਧਰੀ, ਗੁਰਜੀਤ ਸਿੰਘ, ਕਮਲਜੀਤ ਮੋਹੀ, ਕੰਵਲਜੀਤ ਖੰਨਾ, ਉਜਾਗਰ ਸਿੰਘ ਜੀ ਨੇ ਟੀਮ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਅਵਤਾਰ ਬਾਈ ਅਤੇ ਜਰਨੈਲ ਤੱਗੜ ਜੀ ਨੂੰ ਕਿਤਾਬਾਂ ਦੇ ਸੈੱਟ ਦੇ ਕੇ ਸਨਮਾਨ ਕੀਤਾ ਗਿਆ।









# ਮੀਟਿੰਗ ਪਰਵਾਰਿਕ ਹਿੰਸਾ ਅਤੇ ਦੁਰਵਿਹਾਰ ਸੰਬੰਧੀ ਜਾਗਰੁਕਤਾ ਨੂੰ ਸਮਰਪਿਤ



ਕੈਲਗਰੀ (ਸਰੋਕਾਰਾਂ ਦੀ ਆਵਾਜ਼ ਬਿਊਰੋ) : ਕੈਲਗਰੀ ਵੂਮੈਨ ਕਲਚਰਲ ਐਸੋਸੀਏਸਨ ਦੀ ਫਰਵਰੀ ਮਹੀਨੇ ਦੀ ਮੀਟਿੰਗ 18 ਫਰਵਰੀ 2023 ਨੂੰ ਜੈਨੇਸਸ ਸੇਂਟਰ ਕੈਲਗਰੀ ਵਿੱਚ ਕੀਤੀ ਗਈ। ਸਭਾ ਦੀ ਸ਼ੁਰੂਆਤ ਸਭਾ ਸਕੱਤਰ ਸੁੱਖਜੀਤ ਸੈਣੀ ਵੱਲੋਂ ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ ਹੋਈ। ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਨੇ ਤੁਰਕੀ ਵਿੱਚ ਆਏ ਭੁਚਾਲ ਬਾਰੇ ਗੱਲਬਾਤ ਕਰਦਿਆਂ ਉੱਥੋਂ ਦੀ ਦਰਦਨਾਕ ਜੀਵਨ ਸਥਿਤੀ ਸੰਬੰਧੀ ਦੁੱਖ ਪ੍ਰਗਟ ਕੀਤਾ। ਉਨ੍ਹਾਂ ਵੱਲੋਂ ਹਾਜ਼ਰ ਭੈਣਾਂ ਨੂੰ Action Dignity Organization ਬਾਰੇ ਦੱਸਦਿਆਂ organization ਵੱਲੋਂ ਆਏ ਨੁਮਾਇੰਦਿਆਂ ਸੁੱਖਵੰਤ ਪਰਮਾਰ ਅਤੇ ਕਾਮਿਆ ਪਰਮਾਰ ਨੂੰ ਸਭਾ ਮੈਂਬਰਾਂ ਦੇ ਰੂਬਰੂ ਕਰਵਾਇਆ। ਸੁੱਖਵੰਤ ਪਰਮਾਰ ਨੇ ਪਰਵਾਰਿਕ ਹਿੰਸਾ ਅਤੇ ਦੁਰਵਿਹਾਰ, ਪੀੜਤਾਂ ਦੀ ਮਦਦ ਬਾਰੇ ਬਹੁਤ ਹੀ ਪ੍ਰਭਾਵਸ਼ਾਲੀ presentation ਪੇਸ਼ ਕੀਤੀ। ਉਨ੍ਹਾਂ ਭਾਵਨਾਤਮਕ, ਮਨੋਵਿਗਿਆਨਕ ਅਤੇ ਜ਼ੁਬਾਨੀ ਦੁਰਵਿਹਾਰ ਬਾਰੇ ਵਿਸਤਾਰਪੂਰਵਕ ਦੱਸਦਿਆਂ ਪੀੜਤਾਂ ਦੀ ਸਹਾਇਤਾ ਲਈ "ਕੈਲਗਰੀ ਵੂਮੇਨਜ ਐਮਰਜੇਨਸੀ ਸੈਲਟਰ" ਵੱਲੋਂ ਦਿੱਤੇ ਜਾਣ ਵਾਲੇ ਪ੍ਰੋਗਰਾਮ ਅਤੇ ਸੇਵਾਵਾਂ ਨੂੰ ਵਿਸਤਾਰ ਨਾਲ ਭੈਣਾਂ ਅੱਗੇ ਰੱਖਿਆ। Take a stand against family violence & abuse ਦੇ ਵਿਸ਼ੇ ਬਾਰੇ ਕਮਿਊਨਿਟੀ ਦੀ ਸਮਰੱਥਾ ਬਣਾਉਣ ਲਈ ਪਹਿਲ ਕਦਮੀ ਅਤੇ ਪੀੜਤ ਦੀ ਮਦਦ ਕਰਨ ਬਾਰੇ ਲੋੜੀਂਦੀ ਜਾਣਕਾਰੀ ਦਿੱਤੀ ਗਈ। ਮੈਂਬਰਾਂ ਵੱਲੋਂ ਪ੍ਰਸ਼ਨ ਅਤੇ ਵਿਚਾਰ ਵਟਾਂਦਰਾ ਵੀ ਕੀਤਾ ਗਿਆ। ਬਲਵਿੰਦਰ ਕੋਰ ਬਰਾੜ, ਬਲਜਿੰਦਰ ਗਿੱਲ, ਹਰਦੇਵ ਬਰਾੜ ਅਤੇ ਸਿੰਮੀ ਚੀਮਾ ਨੇ ਆਪਣੇ ਜੀਵਨ ਦੇ ਤਜਰਬਿਆਂ ਨੂੰ ਸਾਂਝੇ ਕਰਦਿਆਂ ਸਵੈਮਾਨ ਨਾਲ ਜ਼ਿੰਦਗੀ ਜਿਉਣ ਲਈ ਪ੍ਰੇਰਿਆ। ਔਰਤਾਂ ਨਾਲ ਹੋ ਰਹੇ ਸੱਭਿਆਚਾਰਕ ਅਤੇ ਆਤਮਿਕ ਦੁਰਵਿਹਾਰ ਬਾਰੇ ਵੀ ਗੱਲਬਾਤ ਕੀਤੀ ਗਈ। ਸਭਾ ਮੈਂਬਰਾਂ ਨੇ ਵੀ ਇਸ ਵਿਚਾਰ ਵਟਾਂਦਰੇ ਵਿੱਚ ਹਿੱਸਾ ਲਿਆ। ਅਮਰਜੀਤ ਗਰੇਵਾਲ ਵੱਲੋਂ "ਪੀ-ਆਰ", ਗੁਰਦੀਸ ਗਰੇਵਾਲ ਵੱਲੋ" ਵੈਲਨਟਾਈਨ ਡੇਅ", ਸੁਰਜੀਤ ਢਿੱਲੋ ਵੱਲੋਂ" ਗਣਤੰਤਰ ਦਿਵਸ" ਕਵਿਤਾ ਸੁਣਾਈ ਗਈ। ਜੋਗਿੰਦਰ ਪੁਰਬਾ, ਸਤਵਿੰਦਰ ਕੌਰ ਪਰਵਾਨ, ਦਵਿੰਦਰ ਕੌਰ ਗੋਤਰਾ, ਹਰਬੰਸ ਕੌਰ ਵਲੋਂ ਬੋਲੀਆਂ, ਸੁਹਾਗ ਅਤੇ ਗੀਤ ਪੇਸ਼ ਕੀਤੇ ਗਏ। ਸਭਾ ਵਿੱਚ ਪਧਾਰੇ ਨਵੇਂ ਮੈਂਬਰਾਂ ਸਿੰਮੀ ਚੀਮਾ, ਰਾਣੀ ਅਤੇ ਹਰਪਾਲ ਜੌਹਲ ਦਾ ਸੁਆਗਤ ਕੀਤਾ ਗਿਆ।

ਸਭਾ ਅਤੇ Action Dignity Organization ਦੇ ਸਹਿਯੋਗ ਨਾਲ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਗਿਆ। ਮੀਟਿੰਗ ਦੀ ਸਮਾਪਤੀ ਸਭਾ ਪ੍ਰਧਾਨ ਬਲਵਿੰਦਰ ਕੌਰ ਬਰਾੜ ਵੱਲੋਂ ਹਾਜਰੀਨ ਦਾ ਧੰਨਵਾਦ ਕਰਦਿਆਂ ਕੀਤੀ ਗਈ।


THE HARP GREWAL REAL ESTATE TEAM
ਹਰਪ ਗਰੇਵਾਲ
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS

Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2

Punjab Insurance Inc
SUPER VISA INSURANCE
• Critical Illness Insurance • Life Insurance • Mortgage Insurance
• Disability Insurance • RESP, RRSP
Preet Virk
416-357-1818
7003 Steeles Ave. W,Unit 10 Etobicoke,ON, M9W 0A2
Harveer Kaur Grewal
416-671-1919

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
* 1580 Britannia Road East * Mississauga * ON * L4W 1J2

# ਹਰਬਖਸ਼ ਸਿੰਘ ਸਰੋਆ ਕੈਲਗਰੀ ਦਾ ਦੇਸ਼ ਭਗਤ ਯਾਦਗਾਰ ਹਾਲ ਵੱਲੋਂ ਸਨਮਾਨ



**ਬਲਜਿੰਦਰ ਸਿੰਘ**

ਕਨੇਡਾ ਦੇ ਸ਼ਹਿਰ ਕੈਲਗਰੀ 'ਚ ਵਸਦੇ ਸ੍ਰੀ ਹਰਬਖਸ਼ ਸਿੰਘ ਸਰੋਆ ਅਤੇ ਉਹਨਾਂ ਦੇ ਪਿਆਰੇ ਪੋਤਰੇ ਸੂਰੀਆ ਪ੍ਰਤਾਪ ਸਿੰਘ ਨਿੱਝਰ ਦਾ ਅੱਜ ਦੇਸ ਭਗਤ ਯਾਦਗਾਰ ਕਮੇਟੀ ਜਲੰਧਰ ਨੇ ਵੀ ਪੁਸਤਕਾਂ ਦਾ ਸੈੱਟ ਭੇਟ ਕਰਦਿਆਂ ਦੇਸ ਭਗਤ ਯਾਦਗਾਰ ਹਾਲ ਆਮਦ ਤੇ ਸਨਮਾਨ ਕੀਤਾ। ਹਰਬਖਸ਼ ਸਿੰਘ ਕੈਲਗਰੀ (ਕਨੇਡਾ) ਵਿਖੇ ਤਰਕਸ਼ੀਲ, ਲੋਕ ਪੱਖੀ ਸਾਹਿਤ ਸਭਿਆਚਾਰਕ ਸਰਗਰਮੀਆਂ, ਸਮਾਜ ਸੇਵੀ ਸੰਸਥਾਵਾਂ ਨਾਲ ਨੇੜਿਓਂ ਜੁੜੇ ਹੋਏ ਹਨ।

ਉਹਨਾਂ ਨੇ ਗੁਰਸ਼ਰਨ ਕਲਾ ਭਵਨ ਮੁਲਾਂਪੁਰ ਦੀ ਉਸਾਰੀ ਮੌਕੇ ਵੀ ਵਿਸੇਸ ਸਹਾਇਤਾ ਕੀਤੀ ਸੀ। ਅੱਜ ਉਹ ਪਹਿਲਾਂ ਮੁੱਲਾਂਪੁਰ ਵੀ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਨਾਲ ਮਿਲਣੀ ਕਰਕੇ ਆਏ। ਉਹਨਾਂ ਦੇ ਨਾਲ ਗਦਰੀ ਬਾਬਾ ਸੋਹਣ ਸਿੰਘ ਭਕਨਾ ਦੀ ਲਾਗੇ ਨੀਲੀ ਸਰਟ ਵਿਚ ਖੜ੍ਹੇ ਹਨ ਉਹਨਾਂ ਦੇ ਪੋਤਰੇ ਸੂਰੀਆ ਪ੍ਰਤਾਪ ਸਿੰਘ ਨਿੱਝਰ।

ਸੂਰੀਆ ਪ੍ਰਤਾਪ ਸਿੰਘ ਨਿੱਝਰ ਵੇਟ ਲਿਫਟਿੰਗ ਵਿਚ ਪੰਜਾਬ ਵਿੱਚੋਂ ਅਵੱਲ ਦਰਜਾ ਹਾਸਲ ਕਰਕੇ ਗੋਲਡ ਮੈਡਲਿਸਟ ਹਾਸਲ ਕਰ ਚੁੱਕਾ ਹੈ। ਅੱਜ ਹਰਬਖਸ਼ ਸਿੰਘ ਸਰੋਆ ਜੀ ਨਾਲ ਹੋਈਆਂ ਵਿਚਾਰਾਂ ਮੌਕੇ ਉਨ੍ਹਾਂ ਕਿਹਾ ਕਿ ਗਦਰ ਪਾਰਟੀ ਦੀਆਂ ਕੁਰਬਾਨੀਆਂ ਅਤੇ ਉਹਨਾਂ ਦੇ ਰਹਿੰਦੇ ਕਾਰਜ ਨੇਪਰੇ ਚਾੜ੍ਹਨ ਲਈ ਜਿਵੇਂ ਹਰੇਕ ਇਨਸਾਨ ਦਾ ਫਰਜ਼ ਬਣਦਾ ਹੈ ਉਸ ਮੁਤਾਬਿਕ ਮੈਂ ਵੀ ਦੇਸ ਭਗਤ ਯਾਦਗਾਰ ਹਾਲ ਜਲੰਧਰ ਲਈ ਸੇਵਾਵਾਂ ਪ੍ਰਦਾਨ ਕਰਨ ਦੀ ਖੁਸ਼ੀ ਲਵਾਂਗਾ।

ਹਰਬਖਸ਼ ਸਿੰਘ ਸਰੋਆ ਆਪ ਉਸ ਵੇਲੇ ਆਪਣੇ ਪਰਿਵਾਰ ਦੇ ਨਾਲ ਸਨ ਜਦੋਂ 1947 : ਪੰਜਾਬ ਵੰਡ ਦਾ ਸੰਤਾਪ ਹੰਢਾਉਂਦੇ ਹੋਏ ਉਹਨਾਂ ਦੇ ਪਰਿਵਾਰ ਨੂੰ ਬਾਘਾ ਬਾਰਡਰ ਪਾਰ ਕਰਦਿਆਂ ਚੜ੍ਹਦੇ ਪੰਜਾਬ ਆਉਣਾ ਪਿਆ। ਅੱਜ ਦੀ ਮਿਲਣੀ ਮੌਕੇ ਦੇਸ ਭਗਤ ਯਾਦਗਾਰ ਹਾਲ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਚਿਰੰਜੀ ਲਾਲ ਕੰਗਣੀਵਾਲ, ਸੀਨੀਅਰ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਹਾਜਰ ਸਨ। ਇਹ ਆਦਾਨ ਪ੍ਰਦਾਨ ਜਾਰੀ ਰੱਖਣ ਦਾ ਅਹਿਦ ਲਿਆ ਗਿਆ।

# 'ਮੇਰੇ ਜੀਵਨ ਦੀਆਂ ਯਾਦਾਂ' ਕਿਤਾਬ ਦਾ ਲੋਕ ਅਰਪਣ



ਕੈਲਗਰੀ (ਗੁਰਚਰਨ ਥਿੰਦ) ਰਾਈਟਰਜ਼ ਫੋਰਮ ਦੀ ਫਰਵਰੀ ਮਹੀਨੇ ਦੀ ਇੱਕਤਰਤਾ 4 ਫਰਵਰੀ ਨੂੰ ਕੋਸੋ ਹਾਲ ਵਿੱਚ ਹੋਈ। ਪਿਛਲੇ ਦਿਨੀਂ ਕਮਿਊਨਿਟੀ ਦੇ ਸਿਰਕੱਢ ਵਿਅਕਤੀ ਸੇਵਾ ਸਿੰਘ ਪ੍ਰੇਮੀ ਜੀ ਦੀ ਸੁਪਤਨੀ ਰਣਜੀਤ ਕੌਰ ਜੀ ਲੰਮੀ ਬਿਮਾਰੀ ਉਪਰੰਤ ਸਵਰਗ ਸਿਧਾਰ ਗਏ ਸਨ। ਸਭ ਤੋਂ ਪਹਿਲਾਂ ਹਾਜ਼ਰੀਨ ਨੇ ਦੋ ਮਿੰਟ ਮੌਨ ਧਾਰਨ ਕਰਕੇ ਵਿਛੜੀ ਰੂਹ ਨੂੰ ਸ਼ਰਧਾਂਜ਼ਲੀ ਭੇਟ ਕੀਤੀ। ਉਪਰੰਤ ਸ੍ਰ: ਵਰਿਆਮ ਸਿੰਘ ਜੀ ਦੀ ਲਿਖੀ ਅਤੇ ਗੁਰਚਰਨ ਕੌਰ ਥਿੰਦ (ਉਹਨਾਂ ਦੀ ਬੇਟੀ) ਦੁਆਰਾ ਸੰਪਾਦਤ ਉਹਨਾਂ ਦੀ ਸਵੈਜੀਵਨੀ 'ਮੇਰੇ ਜੀਵਨ ਦੀਆਂ ਯਾਦਾਂ' ਲੋਕ ਅਰਪਣ ਕੀਤੀ ਗਈ। ਸਕੱਤਰ ਗੁਰਚਰਨ ਕੌਰ ਥਿੰਦ ਨੇ ਪ੍ਰਧਾਨ ਜਸਵੀਰ ਸਿੰਘ ਸਹੋਤਾ, ਬਲਜਿੰਦਰ ਸੰਘਾ, ਬਲਵਿੰਦਰ ਬਰਾੜ ਅਤੇ ਗੁਰਭੇਜ ਸਿੰਘ ਨੂੰ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਸਮਾਗਮ ਦੀ ਸ਼ੁਰੂਆਤ ਸੇਵਾ ਸਿੰਘ ਬਚਨ ਜੀ ਦੇ ਸ਼ਬਦ ਗਾਇਨ ਨਾਲ ਕੀਤੀ ਗਈ। ਬਲਜਿੰਦਰ ਸੰਘਾ ਜੀ ਨੇ 'ਮੇਰੇ ਜੀਵਨ ਦੀਆਂ ਯਾਦਾਂ' ਦਾ ਨਿਰਖ ਪਰਖ ਕਰਦਿਆਂ ਕਿਹਾ ਕਿ 'ਇਹ ਕਿਤਾਬ ਲੇਖਕ ਦੇ ਸਮਿਆਂ ਦੇ ਘਰੇਲੂ ਜੀਵਨ, ਸਮਾਜਿਕ ਜੀਵਨ ਅਤੇ ਰਾਜਤੰਤਰ ਦਾ ਇਤਿਹਾਸਕ ਦਸਤਾਵੇਜ਼ ਹੈ। ਲੇਖਕ ਆਪਣੀ ਤੇ ਪ੍ਰਵਾਰ ਦੀ ਗੱਲ ਕਰਦਾ ਸਮੁੱਚੇ ਉਹਨਾਂ ਦਸ ਲੱਖ ਲੋਕਾਂ ਦੀ ਗੱਲ ਕਰਦਾ ਪ੍ਰਤੀਤ ਹੁੰਦਾ ਹੈ ਜਿਹਨਾਂ ਦੇਸ਼ ਦੀ ਵੰਡ ਦਾ ਦੁਖਾਂਤ ਹੰਢਾਇਆ, ਰਫ਼ਿਊਜ਼ੀ ਬਣੇ ਅਤੇ ਮੁੜ ਪੈਰਾਂ ਸਿਰ ਹੁੰਦਿਆਂ ਨੂੰ ਦਹਾਕੇ ਲਗ ਗਏ। ਜਗਦੇਵ ਸਿੰਘ ਸਿੱਧੂ ਜੀ ਨੇ ਕਿਤਾਬ ਦੀ ਸਮੀਖਿਆ ਕਰਦੇ ਕਿਹਾ ਕਿ ਯਾਦਾਂ ਉਹ ਕੁਝ ਮੋਟੀਆਂ ਮੋਟੀਆਂ ਗੱਲਾਂ ਹੁੰਦੀਆਂ ਹਨ ਜੋ ਚੇਤਿਆਂ ਵਿਚ ਰਹਿ ਜਾਂਦੀਆਂ ਹਨ।

ਉਨਾਂ ਦੇ ਬੇਟੇ ਗੁਰਭੇਜ ਸਿੰਘ ਨੇ ਆਪਣੇ ਪਿਤਾ ਜੀ ਨਾਲ ਬਤਾਏ ਉਹਨਾਂ ਨਿੱਜੀ ਪਲਾਂ ਦੀ ਸਾਂਝ ਪਾਈ। ਬਲਵਿੰਦਰ ਬਰਾੜ ਨੇ ਇਸ ਲੇਖਣੀ ਨੂੰ ਲੇਖਕ ਦੇ ਨਿੱਜੀ ਤਜਰਬਿਆਂ ਦਾ ਵਰਨਣ ਆਖ ਕਿਹਾ ਕਿ 'ਲੇਖਕ ਕਿਤਾਬਾਂ ਦੀ ਹਿੱਕ ਤੇ ਜਿਉਂਦੇ ਹੋਰਾਂ ਲਈ ਚਾਨਣ ਮੁਨਾਰਾ ਹੁੰਦੇ ਹਨ।' ਜਸਵੀਰ ਸਹੋਤਾ ਜੀ ਨੇ ਕਿਤਾਬ ਵਿੱਚ ਦਿੱਤੀ ਲੇਖਕ ਦੇ ਪਰਿਵਾਰ ਦੀ ਬਾਰ ਦੀ ਸ਼ਾਨਾਮੱਤੀ ਜ਼ਿੰਦਗੀ ਅਤੇ ਉਜਾੜੇ ਤੋਂ ਬਾਦ ਇੱਧਰ ਆ ਕੇ ਮੁੜ ਸਥਾਪਤੀ ਦੇ ਸੰਘਰਸ਼ ਦੀ ਜਾਣਕਾਰੀ ਸਾਂਝੀ ਕੀਤੀ। ਗੁਰਦੀਸ਼ ਗਰੇਵਾਲ ਨੂੰ ਲਗਾ ਕਿ ਇਹ ਲੇਖਣੀ ਉਹਨਾਂ ਦੇ ਪਰਿਵਾਰ ਦੀ ਗਾਥਾ ਹੈ ਜਿਹੜਾ ਲੇਖਕ ਦੇ ਪਰਿਵਾਰ ਵਾਂਗ ਦੇਸ਼ ਵੰਡ ਵੇਲੇ ਲਾਇਲਪੁਰ ਜ਼ਿਲੇ ਵਿਚੋਂ ਉੱਜੜ ਕੇ ਇੱਧਰ ਆਇਆ ਸੀ।

ਉਪਰੰਤ ਸਭਾ ਦੇ ਐਗਜ਼ੈਕਟਿਵ ਬੋਰਡ ਦੇ ਮੈਂਬਰਾਂ ਵਲੋਂ ਅਤੇ ਪ੍ਰਵਾਰਿਕ ਮੈਂਬਰਾਂ ਵਲੋਂ ਹਾਜ਼ਰੀਨ ਦੀ ਭਰਵੀਂ ਹਾਜ਼ਰੀ ਵਿੱਚ 'ਕਿਤਾਬ ਲੋਕ ਅਰਪਣ' ਦੀ ਰਸਮ ਅਦਾ ਕੀਤੀ ਗਈ। ਲੇਖਕ ਦੀ ਪੋਤਰੀ ਕੁਲਵਿੰਦਰ ਕੌਰ ਨੇ ਆਪਣੇ ਦਾਦਾ ਜੀ ਦੇ ਅਧਿਆਪਕ ਪੱਖ ਨੂੰ ਬਿਆਨਿਆ ਜਦੋਂ ਉਹ ਸਕੂਲ ਵਿੱਚ ਉਸ ਨੂੰ ਸਾਇੰਸ ਪੜ੍ਹਾਉਂਦੇ ਹੁੰਦੇ ਸਨ। ਉਹਨਾਂ ਦੀ ਦੋਹਤਰੀ ਅਵਨੀਤ ਕੌਰ ਨੇ ਉਹਨਾਂ ਨੂੰ ਉਹਨਾਂ ਦੇ ਮਾਪਿਆਂ ਵਲੋਂ ਮਿਲੀ ਪੜ੍ਹਣ-ਲਿਖਣ ਅਤੇ ਹੋਰ ਖੁੱਲਾਂ ਵਾਲੀ ਆਜ਼ਾਦੀ ਮਿਲਣ ਦੀ ਨੀਂਹ ਆਪਣੇ ਨਾਨਾ ਜੀ ਵਲੋਂ ਰੱਖੀ ਗਈ ਆਖ, ਪੀੜ੍ਹੀ ਦਰ ਪੀੜ੍ਹੀ ਹੋਣ ਵਾਲੀ ਤਬਦੀਲੀ ਦੀ ਗੱਲ ਕੀਤੀ। ਸਕੱਤਰ ਦੀ ਡਿਊਟੀ ਨਿਭਾਉਂਦੇ ਗੁਰਚਰਨ ਥਿੰਦ ਆਪਣੇ ਪਿਤਾ ਜੀ ਨਾਲ ਸਬੰਧਤ ਆਪਣੀਆਂ ਯਾਦਾਂ ਵੀ ਸਾਂਝੀਆਂ ਕਰਦੇ ਰਹੇ ਅਤੇ ਕਿਹਾ ਕਿ ਜੋ ਪੌਣੀ ਸਦੀ ਪਹਿਲਾਂ ਵਾਪਰਿਆ ਸੀ ਉਹੋ ਜਿਹਾ ਬਾਦ ਵਿੱਚ ਵੀ ਇਸ ਖਿੱਤੇ ਵਿੱਚ ਵਾਪਰਿਆ ਹੈ, ਵਾਪਰ ਰਿਹਾ ਹੈ ਅਤੇ ਅਜੋਕੀਆਂ ਪ੍ਰਸਥਿਤੀਆਂ ਨੂੰ ਵੇਖਦਿਆਂ ਬਦਤਰ ਵਾਪਰਨ ਦੇ ਅੰਦੇਸ਼ੇ ਵੀ ਹਨ।

## ਅਨੀਤਾ ਸ਼ਬਦੀਸ਼ ਦੇ ਕੈਨੇਡਾ ਭਰ 'ਚ ਸੋਲੋ ਨਾਟਕ




ਕੈਲਗਰੀ : ਅਨੀਤਾ ਸ਼ਬਦੀਸ਼ ਵਿਸ਼ੇਸ਼ ਤੌਰ 'ਤੇ 10 ਮਾਰਚ ਨੂੰ ਕੈਨੈਡਾ ਪੁੱਜ ਰਹੇ ਹਨ। ਉਨ੍ਹਾਂ ਦੇ ਕੈਨੇਡਾ ਵਿਚ ਵੱਖ-ਵੱਖ ਸ਼ਹਿਰਾਂ ਵਿਚ ਸੋਲੋ ਨਾਟਕ ਕਰਵਾਏ ਜਾ ਰਹੇ ਹਨ। ਉਨ੍ਹਾਂ ਦਾ ਪਹਿਲਾ ਨਾਟਕ 12 ਮਾਰਚ ਦੁਪਹਿਰ ਡਾਊਨ ਟਾਊਨ ਲਾਇਬ੍ਰੇਰੀ ਕੈਲਗਰੀ ਵਿਖੇ ਹੋਵੇਗਾ, ਦੂਜਾ ਨਾਟਕ 18 ਮਾਰਚ ਨੂੰ ਵਿਨੀਪੈਗ, 25-26 ਮਾਰਚ ਨੂੰ ਟੋਰਾਂਟੋ (ਬਰੈਂਪਟਨ) ਅਤੇ 9 ਅਪ੍ਰੈਲ ਨੂੰ ਸਰੀ ਵਿਖੇ ਹੋਵੇਗਾ। ਇਸ ਬਾਰੇ ਹੋਰ ਜਾਣਕਾਰੀ ਲਈ ਕੈਲਗਰੀ ਮਾਸਟਰ ਭਜਨ ਗਿੱਲ (403-455-4220), ਹਰਚਰਨ ਪਰਹਾਰ (403-681-8689), ਵਿਨੀਪੈਗ ਹਰਨੇਕ ਧਾਲੀਵਾਲ (1-204-488-6960), ਟੋਰਾਂਟੋ (ਬਰੈਂਪਟਨ) ਬਲਜਿੰਦਰ ਲੇਲਣਾ (1-416-677-1555), ਸਰੀ ਗੁਰਦੀਪ ਭੁੱਲਰ (1-604-338-6046)












# ਪੰਜਾਬੀ ਥੀਏਟਰ ਦੀ ਮਸ਼ਹੂਰ ਅਦਾਕਾਰਾ ਅਤੇ ਨਿਰਦੇਸ਼ਕ ਅਨੀਤਾ ਸਬਦੀਸ਼ ਦਾ ਨਾਟਕ 18 ਮਾਰਚ ਨੂੰ ਵਿਨੀਪੈਗ 'ਚ




ਪੰਜਾਬੀ ਥੀਏਟਰ ਦੀ ਮਸਹੂਰ ਅਦਾਕਾਰਾ ਅਤੇ ਨਿਰਦੇਸਕ ਅਨੀਤਾ ਸਬਦੀਸ ਵੱਲੋਂ 18 ਮਾਰਚ ਨੂੰ ਸਾਮ 6 ਵਜੇ, ਮੈਪਲਜ ਕਾਲਜੀਏਟ, 1330 ਜੈਫਰਸਨ ਐਵੇਨਿਊ ਵਿਖੇ ਸਬਦੀਸ ਦਾ ਲਿਖਿਆ ਨਾਟਕ "ਗੁੰਮਸੁਦਾ ਔਰਤ" ਖੇਡਿਆ ਜਾਵੇਗਾ। ਇਹ ਸੋਲੋ ਨਾਟਕ ਕਨੇਡਾ ਦੇ ਸਹਿਰਾਂ ਵਿੰਨੀਪੈਗ, ਕੈਲਗਰੀ, ਟੋਰੰਟੋ ਅਤੇ ਸਰੀ ਆਦਿ ਵਿੱਚ ਖੇਡਿਆ ਜਾਵੇਗਾ। 'ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ' ਵੱਲੋਂ ਇਸ ਨਾਟਕ ਦਾ ਵਿੰਨੀਪੈਗ ਸਹਿਰ ਲਈ ਇੰਤਜਾਮ ਕੀਤਾ ਜਾ ਰਿਹਾ ਹੈ। ਇਸ ਨਾਟਕ ਦੀ ਟਿਕਟ $10 ਰੱਖੀ ਗਈ ਹੈ ਅਤੇ ਇਸ ਦੀਆਂ ਟਿਕਟਾਂ ਟਿੰਡਲ ਪਾਰਕ ਵਿੱਚੋਂ ਰਾਜ ਬਲਵਿੰਦਰ 204-440-1000, ਸਾਊਥ 'ਚ ਹਰਨੇਕ ਧਾਲੀਵਾਲ 204 - 997-8697, ਜਸਵੀਰ ਮੰਗੂਵਾਲ 204-881-4955, ਦਲਜੀਤ ਸਿੰਘ 204-223-6188, ਮੁਖਤਿਆਰ ਢੁੱਡੀਕੇ 204-612-4001, ਮੇਵਾ ਬੇਦੀ 431-990-1677, ਮੇਪਲਜ 'ਚ ਮੋਹਿੰਦਰ ਸਰਾਂ 204-295-4185, ਦਰਸਨ ਗਿੱਲ/ ਕੁਲਵਿੰਦਰ ਤੂਰ 204-771-4842 ਅਤੇ ਈਸਟ ਕਿਲਡੋਨਨ ਯਾਨੀ ਈਕੇ 'ਚ ਮੰਗਤ 204-914-0355 ਤੋਂ ਖਰੀਦ ਸਕਦੇ ਹੋ।

# ਸ਼ਹੀਦ ਏ ਆਜ਼ਮ ਸੁਖਦੇਵ ਥਾਪਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਵਿਦਾਇਗੀ ਪਾਰਟੀ ਸਮਾਗਮ ਕਰਵਾਇਆ




ਲੁਧਿਆਣਾ (ਬਲਜਿੰਦਰ ਸਿੰਘ) ਲੁਧਿਆਣਾ ਜ਼ਿਲ੍ਹੇ ਦੇ ਸਭ ਤੋਂ ਵੱਡੇ ਅਤੇ ਨਾਮਵਰ ਸਕੂਲ ਸ਼ਹੀਦ ਏ ਆਜ਼ਮ ਸੁਖਦੇਵ ਥਾਪਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭਾਰਤ ਨਗਰ ਚੌਕ ਲੁਧਿਆਣਾ ਵਿਖੇ ਹਰ ਸਾਲ ਦੀ ਤਰ੍ਹਾਂ ਸਾਲ 2023 ਦਾ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਦਾ ਵਿਦਾਇਗੀ ਪਾਰਟੀ ਅਤੇ ਸਾਲਾਨਾ ਇਨਾਮ ਵੰਡ ਸਮਾਗਮ ਸਕੂਲ ਪ੍ਰਿੰਸੀਪਲ ਡਾ ਜਸਵਿੰਦਰ ਕੌਰ ਮਾਂਗਟ ਦੀ ਅਗਵਾਈ ਹੇਠ ਕਰਵਾਇਆ ਗਿਆ, ਜਿਸ ਵਿੱਚ ਸਮਾਜ ਸੇਵੀ ਅਤੇ ਸਹੀਦ ਸੁਖਦੇਵ ਯਾਦਗਾਰ ਕਮੇਟੀ ਲੁਧਿਆਣਾ ਦੇ ਕਨਵੀਨਰ ਡਾ. ਹਰਦੀਪ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਵੱਖ ਵੱਖ ਜਮਾਤਾਂ ਦੇ ਵੱਖ ਵੱਖ ਵਰਗਾਂ 'ਚੋਂ ਨਾਮਣਾ ਖੱਟਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ. ਹਰਦੀਪ ਸਿੰਘ ਵੱਲੋਂ ਸ਼ਹੀਦ ਸੁਖਦੇਵ ਦੇ ਨੌਘਰੇ ਮੁਹੱਲਾ ਤੋਂ ਅਜ਼ਾਦੀ ਤੱਕ ਦੇ ਸੰਘਰਸ਼ ਉੱਪਰ ਚਾਨਣਾ ਪਾਇਆ ਗਿਆ ਅਤੇ ਵਿਦਿਆਰਥੀਆਂ ਨੂੰ ਬਾਰਵੀਂ ਜਮਾਤ ਕਰਨ ਉਪਰੰਤ ਵਿਦੇਸਾਂ ਵਿੱਚ ਜਾ ਕੇ ਅਤੇ ਇੱਥੇ ਰਹਿ ਕੇ ਆਪਣੇ ਅਗਲੇ ਭਵਿੱਖ ਬਾਰੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਸਕੂਲ ਵੱਲੋਂ ਡਾ. ਹਰਦੀਪ ਸਿੰਘ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਸ੍ਰ. ਸ਼ਿੰਗਾਰਾ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਦੇਸ ਭਗਤੀ ਦਾ ਗੀਤ ਸੰਗੀਤ ਵੀ ਪੇਸ਼ ਕੀਤਾ ਗਿਆ। ਸਮੂਹ ਅਧਿਆਪਕਾਂ ਅਤੇ ਸਟਾਫ ਮੈਂਬਰਾਂ ਵੱਲੋਂ ਵਿਦਿਆਰਥੀਆਂ ਨੂੰ ਖੁਸ਼ੀ ਖੁਸ਼ੀ ਵਿਦਾ ਕੀਤਾ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਗਈ। ਅੰਤ ਵਿੱਚ ਪ੍ਰਿੰਸੀਪਲ ਡਾ ਜਸਵਿੰਦਰ ਕੌਰ ਮਾਂਗਟ ਵੱਲੋਂ ਸਮੂਹ ਸਟਾਫ ਮੈਂਬਰਾਂ ਅਤੇ ਮੁੱਖ ਮਹਿਮਾਨ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਰਵਿੰਦਰ ਪਾਲ ਸਿੰਘ, ਸਤਿੰਦਰ ਕੌਰ, ਸੁਖਵਿੰਦਰ ਲੀਲ੍ਹ, ਸਤਿਕਰਤਾਰ ਸਿੰਘ, ਵਿਕਾਸ ਅਰੋੜਾ, ਮੁਨੀਸ ਸਰਮਾ, ਵਿਜੇ ਕੁਮਾਰ, ਰਿਸੀ ਰਾਜ, ਸਤਿੰਦਰਜੀਤ ਕੌਰ, ਜੋਤੀ ਅਰੋੜਾ, ਮੋਨਾਂ ਢਾਂਡਾ, ਨੀਤੂ ਬਾਲਾ, ਸੰਜੀਵ ਸਿੰਘ, ਗੀਤੂ ਭੰਡਾਰੀ, ਸਵੀਟੀ ਬਡਵਾਲ, ਜੋਤੀ ਅਗਰਵਾਲ, ਗੀਤੂ ਸਰਮਾ, ਸਤਵਿੰਦਰਜੀਤ ਕੌਰ, ਅਮਨਦੀਪ ਕੌਰ, ਰਾਜਮਿੰਦਰ ਕੌਰ, ਅੰਜੂ ਕੌਸਲ, ਮੋਨਿਕਾ ਰਾਣੀ, ਕੁਲਵਿੰਦਰ ਕੌਰ ਸਮੇਤ ਵੱਡੀ ਗਿਣਤੀ ਵਿਦਿਆਰਥੀ ਹਾਜਰ ਸਨ।

# ਬੱਬਰ ਅਕਾਲੀ ਲਹਿਰ ਦੇ ਸ਼ਹੀਦਾਂ ਦੀ ਯਾਦ ਵਿੱਚ ਸ਼ਰਧਾਂਜ਼ਲੀ ਸਮਾਰੋਹ

**ਪਰਮਿੰਦਰ ਸਵੈਚ :**

ਬੱਬਰ ਅਕਾਲੀਆਂ ਦੀ 100ਵੀਂ ਵਰ੍ਹੇ ਗੰਢ ਤੇ ਇਸ ਲਹਿਰ ਦੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਹੋਏ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਇੱਕ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਵਿਦਵਾਨ ਇਤਿਹਾਸ ਦੇ ਇਹਨਾਂ ਸੁਨਹਿਰੀ ਪੰਨਿਆਂ ਨੂੰ ਫਰੋਲ਼ਦੇ ਹੋਏ ਸਰੋਤਿਆਂ ਨਾਲ ਵਿਚਾਰ ਵਟਾਂਦਰੇ ਕਰਨਗੇ। ਉਥੇ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਪ੍ਰਕਾਸ਼ਿਤ ਕੀਤੀ ਗਈ ਪੁਸਤਕ 'ਬੱਬਰ ਅਕਾਲੀਆਂ ਦੀ ਅਮਰ ਗਾਥਾ' ਦਾ ਲੋਕ ਅਰਪਣ ਵੀ ਕੀਤਾ ਜਾਵੇਗਾ। ਇਸ ਪੁਸਤਕ ਵਿੱਚ ਉਹਨਾਂ ਸੂਰਬੀਰ ਦੇਸ਼ ਭਗਤ ਯੋਧਿਆਂ ਦੀ ਗਾਥਾ ਹੈ, ਜਿਨ੍ਹਾਂ ਨੇ ਨਾ ਸਿਰਫ਼ ਅੰਗਰੇਜ਼ ਬਸਤੀਵਾਦੀਆਂ ਦੇ ਪਾਲਤੂ ਮਹੰਤਾਂ ਤੋਂ ਗੁਰਦਵਾਰੇ ਮੁਕਤ ਕਰਾਉਣ ਲਈ ਘੋਲ ਲੜਿਆ ਸਗੋਂ ਮਹੰਤਾਂ ਦੇ ਰਖਵਾਲੇ ਅੰਗਰੇਜ਼ ਸਾਮਰਾਜ ਵਿਰੁੱਧ ਵੀ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ। ਗ਼ਦਰ ਪਾਰਟੀ ਦੀਆਂ ਬੇਮਿਸਾਲ ਕੁਰਬਾਨੀਆਂ ਤੋਂ ਬਾਅਦ ਉਸੇ ਸੰਘਰਸ਼ ਨੂੰ ਜਾਰੀ ਰੱਖਦੇ ਹੋਏ ਬੱਬਰਾਂ ਨੇ ਪੰਜਾਬ ਦੇ ਦੁਆਬੇ ਏਰੀਏ ਦੇ ਜ਼ਿਲਿਆਂ ਵਿੱਚ ਅੰਗਰੇਜ਼ ਸਾਮਰਾਜ ਤੇ ਉਨ੍ਹਾਂ ਦੇ ਅੱਖਾਂ ਤੇ ਕੰਨ ਸਮਝੇ ਜਾਂਦੇ ਪੇਂਡੂ ਇਲਾਕੇ ਵਿੱਚ ਵਸਦੇ ਜਸੂਸਾਂ ਤੇ ਗ਼ਦਾਰਾਂ ਨੂੰ ਵੀ ਭਾਜੜਾਂ ਪਾ ਦਿੱਤੀਆਂ। ਭਾਵੇਂ ਅੰਗਰੇਜ਼ ਬਸਤੀਵਾਦੀ ਆਪਣੇ ਜਾਸੂਸਾਂ ਦੀ ਮੱਦਦ ਤੇ ਬੇਤਹਾਸ਼ਾ ਤਸ਼ੱਦਦ ਨਾਲ ਇਸ ਲਹਿਰ ਨੂੰ ਦਬਾਉਣ ਵਿੱਚ ਕਾਮਯਾਬ ਹੋ ਗਏ, ਪਰ ਬੱਬਰਾਂ ਵਲੋਂ ਕੀਤੀਆਂ ਕੁਰਬਾਨੀਆਂ ਦਾ ਇਤਿਹਾਸ ਹਮੇਸ਼ਾਂ ਯਾਦ ਰੱਖਿਆ ਜਾਵੇਗਾ। ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਬੱਬਰ ਅਕਾਲੀ ਲਹਿਰ ਦੀ 100ਵੀਂ ਵਰ੍ਹੇ ਗੰਢ ਨੂੰ ਯਾਦ ਕਰਦਿਆਂ 25 ਮਾਰਚ. 2023 ਨੂੰ ਪ੍ਰੋਗਰੈਸਿਵ ਕਲਚਰਲ ਸੈਂਟਰ ਵਿੱਚ ਬਾਅਦ ਦੁਪਹਿਰ 2 ਵਜੇ, ਯੂਨਿਟ 126, 7536-130 ਸਟਰੀਟ ਸਰ੍ਹੀ (ਬ੍ਰਿਟਿਸ਼ ਕਲੰਬੀਆ) ਤੇ ਅਯੋਜਤ ਕੀਤਾ ਗਿਆ ਹੈ। ਇਸ ਪ੍ਰੋਗਰਾਮ ਵਿੱਚ ਸਾਰੇ ਲੋਕਾਂ ਨੂੰ ਆਉਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।















# ਅਡਾਨੀ ਗਰੁੱਪ ਬਨਾਮ ਹਿੰਡਨਬਰਗ ਰਿਪੋਰਟ

ਸੰਗੀਨ ਉਦਾਹਰਣ ਨਹੀਂ ਹੈ ਤਾਂ ਘੱਟੋ ਘੱਟ ਉਨ੍ਹਾਂ ਵਿਚੋਂ ਇਕ ਜ਼ਰੂਰ ਹੈ। ਅਸੀਂ ਅਡਾਨੀ ਵੱਲੋਂ ਦਹਾਕਿਆਂ ਤੋਂ ਬੇਰਹਿਮੀ ਨਾਲ ਕੀਤੀ ਜਾ ਰਹੀ ਲੇਖਾ ਧੋਖਾਧੜੀ, ਸਟਾਕ ਹੇਰਾਫੇਰੀ ਅਤੇ ਮਨੀ ਲਾਂਡਰਿੰਗ ਦਾ ਸਬੂਤਾਂ ਸਮੇਤ ਪਰਦਾਫਾਸ਼ ਕੀਤਾ ਹੈ। ਅਡਾਨੀ ਨੇ ਸਰਕਾਰ ਅਤੇ ਅੰਤਰਰਾਸ਼ਟਰੀ ਕੰਪਨੀਆਂ ਦੇ ਇੱਕ ਕੁਟੀਰ ਉਦਯੋਗ ਵਿੱਚ ਸਮਰੱਥਕਾਂ, ਜੋ ਇਨ੍ਹਾਂ ਗਤੀਵਿਧੀਆਂ ਨੂੰ ਸੁਵਿਧਾਜਨਕ ਬਣਾਉਂਦੇ ਹਨ, ਦੀ ਮਦਦ ਨਾਲ ਇਸ ਵਿਸ਼ਾਲ ਕਾਰਨਾਮੇ ਨੂੰ ਅੱਗੇ ਵਧਾਇਆ ਹੈ। ਭ੍ਰਿਸ਼ਟਾਚਾਰ ਦੇ ਇਹ ਮੁੱਦੇ ਸਰਕਾਰ ਦੀਆਂ ਕਈ ਪਰਤਾਂ ਵਿੱਚ ਫੈਲੇ ਹੋਏ ਹਨ। ਸਾਡੇ ਨਾਲ ਗੱਲ ਕਰਨ ਵਾਲੇ ਕਈ ਸੂਤਰਾਂ ਦੇ ਅਨੁਸਾਰ, ਭਾਰਤੀ ਪ੍ਰਤੀਭੂਤੀਆਂ ਦੇ ਰੈਗੂਲੇਟਰ ਸੇਬੀ ਅਪਰਾਧੀਆਂ ਨੂੰ ਸਜ਼ਾ ਦੇਣ ਦੀ ਬਜਾਏ ਉਨ੍ਹਾਂ ਨੂੰ ਬਚਾਉਣ ਲਈ ਵਧੇਰੇ ਝੁਕਾਅ ਰੱਖਦੇ ਹਨ।

**ਹਿੰਡਨਬਰਗ ਰਿਸਰਚ ਰਿਪੋਰਟ ਦਾ ਖੁਲਾਸਾ:** Published on January 24, 2023: https://hindenburgresearch.com/adani/ (3*)

ਅੱਜ ਅਸੀਂ ਆਪਣੀ 2-ਸਾਲ ਦੀ ਜਾਂਚ ਦੇ ਨਤੀਜਿਆਂ ਦਾ ਖੁਲਾਸਾ ਕਰਦੇ ਹਾਂ, ਇਸ ਗੱਲ ਦਾ ਸਬੂਤ ਪੇਸ਼ ਕਰਦੇ ਹਾਂ ਕਿ 17.8 ਟ੍ਰਿਲੀਅਨ ਰੁਪਏ (US$218 ਬਿਲੀਅਨ) ਭਾਰਤੀ ਸਮੂਹ ਅਡਾਨੀ ਗਰੁਪ ਦਹਾਕਿਆਂ ਦੌਰਾਨ ਇੱਕ ਬੇਸ਼ਰਮ ਸਟਾਕ ਹੇਰਾਫੇਰੀ ਅਤੇ ਅਕਾਊਂਟਿੰਗ ਧੋਖਾਧੜੀ ਸਕੀਮ ਵਿੱਚ ਸ਼ਾਮਲ ਰਿਹਾ ਹੈ।

ਅਡਾਨੀ ਸਮੂਹ ਦੇ ਸੰਸਥਾਪਕ ਅਤੇ ਚੇਅਰਮੈਨ ਗੌਤਮ ਅਡਾਨੀ ਨੇ ਲਗਭਗ US $120 ਬਿਲੀਅਨ ਦੀ ਜਾਇਦਾਦ ਇਕੱਠੀ ਕੀਤੀ ਹੈ, ਜਿਸ ਵਿਚ ਪਿਛਲੇ 3 ਸਾਲਾਂ ਵਿੱਚ US $100 ਬਿਲੀਅਨ ਤੋਂ ਵੱਧ ਦਾ ਇਜ਼ਾਫ਼ਾ ਹੋਇਆ ਹੈ, ਜਿਸ ਨੇ ਸਮੂਹ ਦੀਆਂ 7 ਪ੍ਰਮੁੱਖ ਸੂਚੀਬੱਧ ਕੰਪਨੀਆਂ ਵਿੱਚ ਸਟਾਕ ਕੀਮਤ ਵਿੱਚ ਵਾਧੇ ਰਾਹੀਂ ਇਸ ਸਮੇਂ ਦੌਰਾਨ ਔਸਤਨ 819% ਦਾ ਵਾਧਾ ਕੀਤਾ ਹੈ।

ਸਾਡੀ ਖੋਜ ਵਿੱਚ ਅਡਾਨੀ ਗਰੁਪ ਦੇ ਸਾਬਕਾ ਸੀਨੀਅਰ ਅਧਿਕਾਰੀਆਂ ਸਮੇਤ ਦਰਜਨਾਂ ਵਿਅਕਤੀਆਂ ਨਾਲ ਗੱਲ ਕਰਨਾ, ਹਜ਼ਾਰਾਂ ਦਸਤਾਵੇਜ਼ਾਂ ਦੀ ਸਮੀਖਿਆ ਕਰਨਾ, ਅਤੇ ਲਗਭਗ ਅੱਧੀ ਦਰਜਨ ਦੇਸ਼ਾਂ ਵਿੱਚ ਸੂਖ਼ਮ ਇਲਾਕਿਆਂ ਦਾ ਦੌਰਾ ਕਰਨਾ ਸ਼ਾਮਲ ਸੀ।

ਭਾਵੇਂ ਤੁਸੀਂ ਸਾਡੀ ਜਾਂਚ ਦੇ ਨਤੀਜਿਆਂ ਨੂੰ ਨਜ਼ਰ-ਅੰਦਾਜ਼ ਕਰਦੇ ਹੋ ਅਤੇ ਅਡਾਨੀ ਸਮੂਹ ਦੇ ਵਿੱਤ ਨੂੰ ਫੇਸ ਵੈਲਿਊ 'ਤੇ ਲੈਂਦੇ ਹੋ, ਇਸ ਦੀਆਂ 7 ਪ੍ਰਮੁੱਖ ਸੂਚੀਬੱਧ ਉੱਚ-ਅਸਮਾਨੀ ਕੰਪਨੀਆਂ ਦਾ ਮੁਲਾਂਕਣ ਬੁਨਿਆਦੀ ਤੌਰ 'ਤੇ ਪੂਰੀ ਤਰ੍ਹਾਂ ਅਸਲ ਵਿਚ 85% ਘੱਟ ਹੈ।

ਪ੍ਰਮੁੱਖ ਸੂਚੀਬੱਧ ਅਡਾਨੀ ਕੰਪਨੀਆਂ ਨੇ ਵੀ ਕਾਫ਼ੀ ਕਰਜ਼ਾ ਲਿਆ ਹੈ, ਜਿਸ ਵਿੱਚ ਕਰਜ਼ਿਆਂ ਲਈ ਆਪਣੇ ਵਧੇ ਹੋਏ ਸਟਾਕ ਦੇ ਸ਼ੇਅਰਾਂ ਨੂੰ ਗਿਰਵੀ ਰੱਖਣਾ ਵੀ ਸ਼ਾਮਲ ਹੈ, ਜਿਸ ਨਾਲ ਪੂਰੇ ਸਮੂਹ ਨੂੰ ਅਸਥਿਰ ਵਿੱਤੀ ਹਾਲਤ ਵਿਚ ਪਾ ਦਿੱਤਾ ਗਿਆ ਹੈ। 7 ਪ੍ਰਮੁੱਖ ਸੂਚੀਬੱਧ ਕੰਪਨੀਆਂ ਵਿੱਚੋਂ 5 ਨੇ 1 ਤੋਂ ਹੇਠਾਂ 'ਵਰਤਮਾਨ ਅਨੁਪਾਤ' ਦੀ ਰਿਪੋਰਟ ਕੀਤੀ ਹੈ, ਜੋ ਨੇੜਲੀ-ਮਿਆਦ ਦੇ ਆਰਥਿਕ ਦਿਵਾਲ਼ੀਏਪਣ ਦੇ ਦਬਾਅ ਨੂੰ ਦਰਸਾਉਂਦੀ ਹੈ।

ਸਮੂਹ ਦੇ ਬਹੁਤ ਹੀ ਚੋਟੀ ਦੇ ਰੈਂਕ ਅਤੇ 22 ਪ੍ਰਮੁੱਖ ਨੇਤਾਵਾਂ ਵਿਚੋਂ 8 ਅਡਾਨੀ ਪਰਿਵਾਰ ਦੇ ਮੈਂਬਰ ਹਨ, ਇਕ ਗਤੀਸ਼ੀਲ ਜੋ ਸਮੂਹ ਦੇ ਵਿੱਤੀ ਅਤੇ ਮਹੱਤਵਪੂਰਨ ਫੈਸਲਿਆਂ ਦਾ ਨਿਯੰਤਰਣ ਕੁਝ ਲੋਕਾਂ ਦੇ ਹੱਥਾਂ ਵਿਚ ਰੱਖਦਾ ਹੈ। ਇਕ ਸਾਬਕਾ ਕਾਰਜਕਾਰੀ ਨੇ ਅਡਾਨੀ ਗਰੁਪ ਨੂੰ "ਇਕ ਪਰਿਵਾਰਕ ਕਾਰੋਬਾਰ" ਦੱਸਿਆ ਹੈ।

ਅਡਾਨੀ ਸਮੂਹ ਪਹਿਲਾਂ 4 ਵੱਡੀਆਂ ਸਰਕਾਰੀ ਧੋਖਾਧੜੀ ਜਾਂਚਾਂ ਦਾ ਕੇਂਦਰ ਰਿਹਾ ਹੈ, ਜਿਨ੍ਹਾਂ ਵਿਚ ਮਨੀ ਲਾਂਡਰਿੰਗ, ਟੈਕਸਦਾਤਾ ਦੇ ਫੰਡਾਂ ਦੀ ਚੋਰੀ ਅਤੇ ਭ੍ਰਿਸ਼ਟਾਚਾਰ ਦੇ ਦੋਸ਼ ਸ਼ਾਮਲ ਹਨ, ਜਿਸ ਦੀ ਕੁੱਲ ਕੀਮਤ US $17 ਬਿਲੀਅਨ ਹੈ। ਅਡਾਨੀ ਦੇ ਪਰਿਵਾਰਕ ਮੈਂਬਰਾਂ ਨੇ ਕਥਿਤ ਤੌਰ 'ਤੇ ਮਾਰੀਸ਼ਸ, ਯੂ.ਏ.ਈ. ਅਤੇ ਕੈਰੀਬੀਅਨ ਟਾਪੂਆਂ ਵਰਗੇ ਟੈਕਸ-ਹੈਵਨ ਅਧਿਕਾਰ ਖੇਤਰਾਂ ਵਿੱਚ ਆਫ਼-ਸ਼ੋਰ ਸ਼ੈੱਲ ਇਕਾਈਆਂ ਬਣਾਉਣ ਲਈ ਭਾਈਵਾਲੀ ਬਣਾਈ, ਜਾਅਲੀ ਜਾਂ ਨਾਜਾਇਜ਼ ਟਰਨਓਵਰ ਪੈਦਾ ਕਰਨ ਅਤੇ ਸੂਚੀਬੱਧ ਕੰਪਨੀਆਂ ਤੋਂ ਪੈਸੇ ਦੀ ਹੇਰਾਫੇਰੀ ਕਰਨ ਦੀ ਪ੍ਰਤੱਖ ਕੋਸ਼ਿਸ਼ ਵਿੱਚ ਜਾਅਲੀ ਆਯਾਤ/ਨਿਰਯਾਤ ਦਸਤਾਵੇਜ਼ ਤਿਆਰ ਕੀਤੇ।

ਗੌਤਮ ਅਡਾਨੀ ਦੇ ਛੋਟੇ ਭਰਾ ਰਾਜੇਸ਼ ਅਡਾਨੀ 'ਤੇ ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀ.ਆਰ.ਆਈ.) ਨੇ 2004-2005 ਦੌਰਾਨ ਹੀਰਾ ਵਪਾਰ ਦੀ ਦਰਾਮਦ/ਨਿਰਯਾਤ ਯੋਜਨਾ ਵਿੱਚ ਕੇਂਦਰੀ ਭੂਮਿਕਾ ਨਿਭਾਉਣ ਦਾ ਦੋਸ਼ ਲਾਇਆ ਸੀ। ਕਥਿਤ ਯੋਜਨਾ ਵਿੱਚ ਨਕਲੀ ਟਰਨਓਵਰ ਪੈਦਾ ਕਰਨ ਲਈ ਆਫ਼-ਸ਼ੋਰ ਸ਼ੈੱਲ ਇਕਾਈਆਂ ਦੀ ਵਰਤੋਂ ਸ਼ਾਮਲ ਸੀ। ਰਾਜੇਸ਼ ਨੂੰ ਜਾਅਲਸਾਜ਼ੀ ਅਤੇ ਟੈਕਸ ਧੋਖਾਧੜੀ ਦੇ ਵੱਖਰੇ ਦੋਸ਼ਾਂ ਵਿੱਚ ਘੱਟੋ ਘੱਟ ਦੋ ਵਾਰ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਅਦ ਵਿੱਚ ਉਸਨੂੰ ਅਡਾਨੀ ਸਮੂਹ ਦੇ ਪ੍ਰਬੰਧ ਨਿਰਦੇਸ਼ਕ ਵਜੋਂ ਸੇਵਾ ਕਰਨ ਲਈ ਤਰੱਕੀ ਦਿੱਤੀ ਗਈ।

ਗੌਤਮ ਅਡਾਨੀ ਦੇ ਜੀਜੇ ਸਮੀਰ ਵੋਰਾ 'ਤੇ ਡੀ.ਆਰ.ਆਈ. ਨੇ ਦੋਸ਼ ਲਾਇਆ ਸੀ ਕਿ ਉਹ ਇਸੇ ਹੀਰਾ ਵਪਾਰ ਘੁਟਾਲੇ ਦਾ ਰਿੰਗਲੀਡਰ ਹੈ ਅਤੇ ਰੈਗੂਲੇਟਰਾਂ ਨੂੰ ਵਾਰ-ਵਾਰ ਝੂਠੇ ਬਿਆਨ ਦੇ ਰਿਹਾ ਹੈ। ਬਾਅਦ ਵਿੱਚ ਉਸਨੂੰ ਅਡਾਨੀ ਆਸਟਰੇਲੀਆ ਦੀ ਨਾਜ਼ੁਕ ਡਿਵੀਜ਼ਨ ਦੇ ਕਾਰਜਕਾਰੀ ਨਿਰਦੇਸ਼ਕ ਵਜੋਂ ਤਰੱਕੀ ਦਿੱਤੀ ਗਈ।

ਗੌਤਮ ਅਡਾਨੀ ਦੇ ਵੱਡੇ ਭਰਾ ਵਿਨੋਦ ਅਡਾਨੀ ਨੂੰ ਮੀਡੀਆ ਨੇ 'ਇੱਕ ਭਰਮਾਉਣ ਵਾਲੀ ਸ਼ਖ਼ਸੀਅਤ' ਦੱਸਿਆ ਹੈ। ਉਸ ਨੂੰ ਨਿਯਮਿਤ ਤੌਰ 'ਤੇ ਅਡਾਨੀ ਬਾਰੇ ਸਰਕਾਰ ਦੀ ਜਾਂਚ ਦੇ ਕੇਂਦਰ ਵਿੱਚ ਪਾਇਆ ਗਿਆ ਹੈ ਕਿਉਂਕਿ ਧੋਖਾਧੜੀ ਦੀ ਸਹੂਲਤ ਲਈ ਵਰਤੀਆਂ ਜਾਂਦੀਆਂ ਆਫ਼-ਸ਼ੋਰ ਇਕਾਈਆਂ ਦੇ ਨੈੱਟਵਰਕ ਦੇ ਪ੍ਰਬੰਧਨ ਵਿੱਚ ਉਸਦੀ ਕਥਿਤ ਪ੍ਰਮੁੱਖ ਭੂਮਿਕਾ ਰਹੀ ਹੈ।

ਸਾਡੀ ਖੋਜ, ਜਿਸ ਵਿੱਚ ਮਾਰੀਸ਼ਸ ਦੀ ਸਮੁੱਚੀ ਕਾਰਪੋਰੇਟ ਰਜਿਸਟਰੀ ਨੂੰ ਡਾਊਨਲੋਡ ਕਰਨਾ ਅਤੇ ਸੂਚੀਬੱਧ ਕਰਨਾ ਸ਼ਾਮਲ ਸੀ, ਨੇ ਇਹ ਖੁਲਾਸਾ ਕੀਤਾ ਹੈ ਕਿ ਵਿਨੋਦ ਅਡਾਨੀ, ਕਈ ਨੇੜਲੇ ਸਹਿਯੋਗੀਆਂ ਰਾਹੀਂ, ਆਫ਼-ਸ਼ੋਰ ਸ਼ੈੱਲ ਇਕਾਈਆਂ ਦੇ ਇੱਕ ਵਿਸ਼ਾਲ ਗੋਰਖਧੰਦੇ ਦਾ ਪ੍ਰਬੰਧਨ ਕਰਦਾ ਹੈ।

ਅਸੀਂ ਵਿਨੋਦ ਅਡਾਨੀ ਜਾਂ ਨੇੜਲੇ ਸਹਿਯੋਗੀਆਂ ਦੁਆਰਾ ਨਿਯੰਤਰਿਤ 38 ਮਾਰੀਸ਼ਸ ਸ਼ੈੱਲ ਇਕਾਈਆਂ ਦੀ ਘੋਖ-ਪੜਤਾਲ ਕੀਤੀ ਹੈ। ਅਸੀਂ ਉਨ੍ਹਾਂ ਸੰਸਥਾਵਾਂ ਦੀ ਪਛਾਣ ਕੀਤੀ ਹੈ ਜਿਨ੍ਹਾਂ ਨੂੰ ਸਾਈਪ੍ਰਸ, ਯੂ.ਏ.ਈ., ਸਿੰਗਾਪੁਰ ਅਤੇ ਕਈ ਕੈਰੀਬੀਅਨ ਟਾਪੂਆਂ ਵਿੱਚ ਵਿਨੋਦ ਅਡਾਨੀ ਦੁਆਰਾ ਗੁਪਤ ਰੂਪ ਵਿੱਚ ਨਿਯੰਤਰਿਤ ਕੀਤਾ ਜਾਂਦਾ ਹੈ।

ਵਿਨੋਦ ਅਡਾਨੀ ਨਾਲ ਜੁੜੀਆਂ ਬਹੁਤ ਸਾਰੀਆਂ ਸੰਸਥਾਵਾਂ ਦੇ ਸੰਚਾਲਨ ਦੇ ਕੋਈ ਸਪਸ਼ਟ ਸੰਕੇਤ ਨਹੀਂ ਹਨ, ਜਿਨ੍ਹਾਂ ਵਿੱਚ ਕੋਈ ਰਿਪੋਰਟ ਕੀਤੇ ਕਰਮਚਾਰੀ, ਕੋਈ ਸੁਤੰਤਰ ਪਤੇ ਜਾਂ ਫੋਨ ਨੰਬਰ ਅਤੇ ਕੋਈ ਸਾਰਥਕ ਆਨ-ਲਾਈਨ ਮੌਜੂਦਗੀ ਸ਼ਾਮਲ ਨਹੀਂ ਹੈ। ਇਸ ਦੇ ਬਾਵਜੂਦ, ਉਨ੍ਹਾਂ ਨੇ ਅਕਸਰ ਸੌਦਿਆਂ ਦੀ ਸਬੰਧਤ ਪਾਰਟੀ ਦੇ ਲੋੜੀਂਦੇ ਖੁਲਾਸੇ ਤੋਂ ਬਿਨਾਂ ਸਮੂਹਿਕ ਤੌਰ 'ਤੇ ਭਾਰਤੀ ਅਡਾਨੀ ਨੂੰ ਜਨਤਕ ਤੌਰ 'ਤੇ ਸੂਚੀਬੱਧ ਅਤੇ ਨਿੱਜੀ ਸੰਸਥਾਵਾਂ ਵਿੱਚ ਅਰਬਾਂ ਡਾਲਰ ਭੇਜੇ ਹਨ।

ਅਸੀਂ ਕੁਝ ਸ਼ੈੱਲ ਇਕਾਈਆਂ ਦੇ ਖਾਸੇ ਨੂੰ ਲੁਕਾਉਣ ਲਈ ਤਿਆਰ ਕੀਤੇ ਗਏ ਮੁੱਢਲੇ ਯਤਨਾਂ ਦਾ ਵੀ ਪਰਦਾਫਾਸ਼ ਕੀਤਾ ਹੈ। ਉਦਾਹਰਣ ਵਜੋਂ, ਵਿਨੋਦ ਅਡਾਨੀ ਨਾਲ ਜੁੜੀਆਂ ਇਕਾਈਆਂ ਲਈ 13 ਵੈਬਸਾਈਟਾਂ ਬਣਾਈਆਂ ਗਈਆਂ ਸਨ; ਬਹੁਤ ਸਾਰੇ ਸ਼ੱਕੀ ਤੌਰ 'ਤੇ ਉਸੇ ਦਿਨ ਬਣਾਏ ਗਏ ਸਨ, ਜਿਨ੍ਹਾਂ ਵਿੱਚ ਕੇਵਲ

(ਸਫ਼ਾ 5 ਦੀ ਬਾਕੀ)

ਸਟਾਕ ਫੋਟੋਆਂ ਸਨ, ਕਿਸੇ ਵੀ ਅਸਲ ਕਰਮਚਾਰੀਆਂ ਦਾ ਨਾਮ ਨਹੀਂ ਲਿਆ ਗਿਆ ਸੀ ਅਤੇ ਬੇਤੁਕੀਆਂ ਸੇਵਾਵਾਂ ਦੇ ਇੱਕੋ ਸੈੱਟ ਨੂੰ ਸੂਚੀਬੱਧ ਕੀਤਾ ਗਿਆ ਸੀ, ਜਿਵੇਂ ਕਿ "ਵਿਦੇਸ਼ਾਂ ਵਿੱਚ ਖਪਤ" ਅਤੇ "ਵਪਾਰਕ ਮੌਜੂਦਗੀ"।

ਵਿਨੋਦ-ਅਡਾਨੀ ਸ਼ੈੱਲ ਕਈ ਕਾਰਜਾਂ ਦੀ ਸੇਵਾ ਕਰਦੇ ਪ੍ਰਤੀਤ ਹੁੰਦੇ ਹਨ, ਜਿਸ ਵਿੱਚ (1) ਸਟਾਕ ਪਾਰਕਿੰਗ / ਸਟਾਕ ਹੇਰਾਫੇਰੀ (2) ਅਤੇ ਅਡਾਨੀ ਦੀਆਂ ਨਿੱਜੀ ਕੰਪਨੀਆਂ ਰਾਹੀਂ ਸੂਚੀਬੱਧ ਕੰਪਨੀਆਂ ਦੀਆਂ ਬੈਲੇਂਸ ਸ਼ੀਟਾਂ 'ਤੇ ਪੈਸੇ ਨੂੰ ਲਾਂਡਰਿੰਗ ਕਰਨਾ ਸ਼ਾਮਲ ਹੈ ਤਾਂ ਜੋ ਵਿੱਤੀ ਦਸ਼ਾ ਅਤੇ ਕਰਜ਼ ਲਹਾਉਣ ਦੀ ਸਮਰੱਥਾ ਦੀ ਦਿੱਖ ਨੂੰ ਬਣਾਈ ਰੱਖਿਆ ਜਾ ਸਕੇ।

ਭਾਰਤ ਵਿੱਚ ਜਨਤਕ ਤੌਰ 'ਤੇ ਸੂਚੀਬੱਧ ਕੰਪਨੀਆਂ ਨਿਯਮਾਂ ਦੇ ਅਧੀਨ ਹੁੰਦੀਆਂ ਹਨ ਜਿਨ੍ਹਾਂ ਵਾਸਤੇ ਸਾਰੀਆਂ ਪ੍ਰਮੋਟਰ ਹੋਲਡਿੰਗਾਂ (ਜਿਨ੍ਹਾਂ ਨੂੰ ਯੂ.ਐੱਸ. ਵਿੱਚ ਅੰਦਰੂਨੀ ਹੋਲਡਿੰਗਜ਼ ਵਜੋਂ ਜਾਣਿਆ ਜਾਂਦਾ ਹੈ) ਦਾ ਖੁਲਾਸਾ ਕੀਤੇ ਜਾਣ ਦੀ ਲੋੜ ਹੁੰਦੀ ਹੈ। ਨਿਯਮਾਂ ਅਨੁਸਾਰ ਇਹ ਵੀ ਜ਼ਰੂਰੀ ਹੈ ਕਿ ਸੂਚੀਬੱਧ ਕੰਪਨੀਆਂ ਕੋਲ ਹੇਰਾਫੇਰੀ ਅਤੇ ਅੰਦਰੂਨੀ ਵਪਾਰ ਨੂੰ ਘੱਟ ਕਰਨ ਲਈ ਗੈਰ-ਪ੍ਰਮੋਟਰਾਂ ਦੁਆਰਾ ਰੱਖੇ ਗਏ ਫਲੋਟ ਦਾ ਘੱਟੋ ਘੱਟ 25% ਹੋਵੇ। ਅਡਾਨੀ ਦੀਆਂ 4 ਸੂਚੀਬੱਧ ਕੰਪਨੀਆਂ ਉੱਚ ਪ੍ਰਮੋਟਰਾਂ ਦੀ ਮਲਕੀਅਤ ਕਾਰਨ ਡੀਲਿਸਟਿੰਗ ਥ੍ਰੈਸ਼ੋਲਡ ਦੇ ਕੰਢੇ 'ਤੇ ਹਨ।

ਸਾਡੀ ਖੋਜ ਦਰਸਾਉਂਦੀ ਹੈ ਕਿ ਅਡਾਨੀ ਸਮੂਹ ਨਾਲ ਜੁੜੇ ਆਫ਼-ਸ਼ੋਰ ਸ਼ੈੱਲ ਅਤੇ ਫੰਡਾਂ ਵਿੱਚ ਅਡਾਨੀ ਸਟਾਕ ਦੇ ਕਈ ਸਭ ਤੋਂ ਵੱਡੇ "ਜਨਤਕ" (ਅਰਥਾਤ, ਗੈਰ-ਪ੍ਰਮੋਟਰ) ਧਾਰਕ ਸ਼ਾਮਲ ਹਨ, ਇੱਕ ਅਜਿਹਾ ਮੁੱਦਾ ਜੋ ਅਡਾਨੀ ਕੰਪਨੀਆਂ ਨੂੰ ਸੂਚੀਬੱਧ ਕਰਨ ਦੇ ਅਧੀਨ ਕਰੇਗਾ, ਜੇ ਭਾਰਤੀ ਪ੍ਰਤੀਭੂਤੀ ਰੈਗੂਲੇਟਰ ਐਸ. ਈ. ਬੀ. ਆਈ. ਦੇ ਨਿਯਮ ਲਾਗੂ ਕੀਤੇ ਜਾਂਦੇ ਹਨ।

ਮੰਨੇ ਜਾਂਦੇ ਬਹੁਤ ਸਾਰੇ "ਜਨਤਕ" ਫੰਡਾਂ ਵਿੱਚ (1) ਮਾਰੀਸ਼ਸ ਜਾਂ ਆਫ਼-ਸ਼ੋਰ-ਅਧਾਰਤ ਸੰਸਥਾਵਾਂ ਵਰਗੀਆਂ ਸਪਸ਼ਟ ਬੇਨਿਯਮੀਆਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ, ਅਕਸਰ (2) ਨਾਮਜ਼ਦ ਨਿਰਦੇਸ਼ਕਾਂ (3) ਰਾਹੀਂ ਲੁਕਾਈ ਗਈ ਲਾਭਕਾਰੀ ਮਲਕੀਅਤ ਦੇ ਨਾਲ ਸ਼ੈੱਲ (2) ਅਤੇ ਬਿਨਾਂ ਕਿਸੇ ਵਿਭਿੰਨਤਾ ਦੇ, ਪੋਰਟਫੋਲੀਓ ਰੱਖਣ ਵਿੱਚ ਲਗਭਗ ਵਿਸ਼ੇਸ਼ ਤੌਰ 'ਤੇ ਅਡਾਨੀ ਦੀਆਂ ਸੂਚੀਬੱਧ ਕੰਪਨੀਆਂ ਦੇ ਸ਼ੇਅਰ ਸ਼ਾਮਲ ਹੁੰਦੇ ਹਨ।

ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ (ਆਰ.ਟੀ.ਆਈ.) ਬੇਨਤੀਆਂ ਜੋ ਅਸੀਂ ਐਸ. ਈ. ਬੀ. ਆਈ. ਕੋਲ ਦਾਇਰ ਕੀਤੀਆਂ ਸਨ, ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਸ਼ੁਰੂ ਵਿੱਚ ਮੀਡੀਆ ਅਤੇ ਸੰਸਦ ਮੈਂਬਰਾਂ ਦੁਆਰਾ ਚਿੰਤਾਵਾਂ ਉਠਾਏ ਜਾਣ ਦੇ ਡੇਢ ਸਾਲ ਤੋਂ ਵੀ ਵੱਧ ਸਮੇਂ ਬਾਅਦ ਵੀ ਆਫ਼-ਸ਼ੋਰ ਫੰਡ ਇੱਕ ਚੱਲ ਰਹੀ ਜਾਂਚ ਦੇ ਵਿਸ਼ੇ ਹਨ।

ਅਡਾਨੀ ਦੇ ਸ਼ੇਅਰਾਂ ਦੀ ਕੇਂਦਰਿਤ ਹੋਲਡਿੰਗਜ਼ ਵਿਚ ਲਗਭਗ US $ 3 ਬਿਲੀਅਨ ਡਾਲਰ ਦੇ ਨਾਲ ਇਕ ਆਫ਼-ਸ਼ੋਰ ਫੰਡ ਐਲਾਰਾ ਦੇ ਇਕ ਸਾਬਕਾ ਵਪਾਰੀ ਨੇ ਸਾਨੂੰ ਦੱਸਿਆ ਕਿ ਇਹ ਸਪੱਸ਼ਟ ਹੈ ਕਿ ਅਡਾਨੀ ਦੇ ਸ਼ੇਅਰਾਂ ਵਿਚ 99% ਕੇਂਦਰਿਤ ਫੰਡ ਵੀ ਸ਼ਾਮਲ ਹੈ। ਉਸਨੇ ਸਮਝਾਇਆ ਕਿ ਫੰਡਾਂ ਨੂੰ ਜਾਣਬੁੱਝ ਕੇ ਉਨ੍ਹਾਂ ਦੀ ਅੰਤਮ ਲਾਭਕਾਰੀ ਮਲਕੀਅਤ ਨੂੰ ਲੁਕਾਉਣ ਲਈ ਬਣਾਇਆ ਗਿਆ ਹੈ।

ਲੀਕ ਹੋਈਆਂ ਈ-ਮੇਲਾਂ ਤੋਂ ਪਤਾ ਲੱਗਦਾ ਹੈ ਕਿ ਐਲਾਰਾ ਦੇ ਸੀ.ਈ.ਓ. ਧਰਮੇਸ਼ ਦੋਸ਼ੀ ਨਾਲ ਲੈਣ-ਦੇਣ 'ਤੇ ਕੰਮ ਕਰਦੇ ਸਨ, ਜੋ ਇੱਕ ਭਗੌੜਾ ਅਕਾਊਂਟੈਂਟ ਸੀ, ਜਿਸ ਨੇ ਭਾਰਤੀ ਬਾਜ਼ਾਰ ਵਿੱਚ ਹੇਰਾਫੇਰੀ ਕਰਨ ਵਾਲੇ ਬਦਨਾਮ ਕੇਤਨ ਪਾਰੇਖ ਨਾਲ ਸਟਾਕ ਹੇਰਾਫੇਰੀ ਸੌਦਿਆਂ 'ਤੇ ਨੇੜਿਓਂ ਕੰਮ ਕੀਤਾ ਸੀ। ਈ-ਮੇਲਾਂ ਤੋਂ ਪਤਾ ਲੱਗਦਾ ਹੈ ਕਿ ਐਲਾਰਾ ਦਾ ਸੀ.ਈ.ਓ ਨੇ ਗ੍ਰਿਫ਼ਤਾਰੀ ਤੋਂ ਬਚਣ ਤੋਂ ਬਾਅਦ ਦੋਸ਼ੀ ਨਾਲ ਸਟਾਕ ਸੌਦਿਆਂ 'ਤੇ ਕੰਮ ਕੀਤਾ ਸੀ ਅਤੇ ਉਸਨੂੰ ਵਿਆਪਕ ਤੌਰ 'ਤੇ ਇੱਕ ਭਗੌੜੇ ਵਜੋਂ ਜਾਣਿਆ ਜਾਂਦਾ ਸੀ।

ਕਾਨੂੰਨੀ ਇਕਾਈ ਪਛਾਣਕਰਤਾ (ਐਲ.ਈ.ਆਈ.) ਦੇ ਅੰਕੜਿਆਂ ਅਤੇ ਭਾਰਤੀ ਐਕਸਚੇਂਜ ਦੇ ਅੰਕੜਿਆਂ ਅਨੁਸਾਰ, ਮੋਂਟੇਰੋਸਾ ਇਨਵੈਸਟਮੈਂਟ ਹੋਲਡਿੰਗਜ਼ ਨਾਮ ਦੀ ਇੱਕ ਹੋਰ ਕੰਪਨੀ ਕਥਿਤ ਤੌਰ 'ਤੇ 5 ਸੁਤੰਤਰ ਫੰਡਾਂ ਨੂੰ ਨਿਯੰਤਰਿਤ ਕਰਦੀ ਹੈ ਜੋ ਸੂਚੀਬੱਧ ਅਡਾਨੀ ਕੰਪਨੀਆਂ ਦੇ ਸ਼ੇਅਰਾਂ ਵਿੱਚ ਸਮੂਹਿਕ ਤੌਰ 'ਤੇ 360 ਬਿਲੀਅਨ ਰੁਪਏ (US $ 4.5 ਬਿਲੀਅਨ ਡਾਲਰ) ਤੋਂ ਵੱਧ ਰੱਖਦੇ ਹਨ।

ਮੋਂਟੇਰੋਸਾ ਦੇ ਚੇਅਰਮੈਨ ਅਤੇ ਸੀ.ਈ.ਓ. ਨੇ ਇੱਕ ਭਗੌੜੇ ਹੀਰਾ ਵਪਾਰੀ ਦੇ ਨਾਲ 3 ਕੰਪਨੀਆਂ ਵਿੱਚ ਡਾਇਰੈਕਟਰ ਵਜੋਂ ਸੇਵਾ ਨਿਭਾਈ, ਜਿਸ ਨੇ ਭਾਰਤ ਤੋਂ ਭੱਜਣ ਤੋਂ ਪਹਿਲਾਂ ਕਥਿਤ ਤੌਰ 'ਤੇ US$ 1 ਬਿਲੀਅਨ ਡਾਲਰ ਚੋਰੀ ਕੀਤੇ ਸਨ। ਵਿਨੋਦ ਅਡਾਨੀ ਦੀ ਧੀ ਨੇ ਭਗੌੜੇ ਹੀਰਾ ਵਪਾਰੀ ਦੇ ਬੇਟੇ ਨਾਲ ਵਿਆਹ ਕਰਵਾ ਲਿਆ।

ਕਾਰਪੋਰੇਟ ਰਿਕਾਰਡਾਂ ਅਨੁਸਾਰ ਅਡਾਨੀ ਦੀ ਇਕ ਵਾਰ ਸਬੰਧਤ ਪਾਰਟੀ ਇਕਾਈ ਨੇ ਅਡਾਨੀ ਐਂਟਰਪ੍ਰਾਈਜਿਜ਼ ਅਤੇ ਅਡਾਨੀ ਪਾਵਰ ਨੂੰ ਅਲਾਟ ਕੀਤੇ ਗਏ ਮੋਂਟੇਰੋਸਾ ਫੰਡਾਂ ਵਿਚੋਂ ਇਕ ਵਿਚ ਭਾਰੀ ਨਿਵੇਸ਼ ਕੀਤਾ, ਜਿਸ ਨਾਲ ਅਡਾਨੀ ਸਮੂਹ ਅਤੇ ਸ਼ੱਕੀ ਆਫ਼-ਸ਼ੋਰ ਫੰਡਾਂ ਵਿਚਾਲੇ ਇਕ ਸਪੱਸ਼ਟ ਲਕੀਰ ਖਿੱਚੀ ਗਈ।

ਸਾਈਪ੍ਰਸ ਦੀ ਇਕ ਹੋਰ ਇਕਾਈ ਜਿਸ ਨੂੰ ਜੂਨ-ਸਤੰਬਰ 2021 ਤੱਕ ਨਿਊ ਲੀਨਾ ਇਨਵੈਸਟਮੈਂਟਸ ਕਿਹਾ ਜਾਂਦਾ ਹੈ, ਅਡਾਨੀ ਗ੍ਰੀਨ ਐਨਰਜੀ ਦੇ ਸ਼ੇਅਰਾਂ ਵਿਚ US$420 ਮਿਲੀਅਨ ਡਾਲਰ ਦੀ ਮਲਕੀਅਤ ਸੀ, ਜਿਸ ਵਿਚ ਇਸ ਦੇ ਪੋਰਟਫੋਲੀਓ ਦਾ ਤਕਰੀਬਨ 95% ਸ਼ਾਮਲ ਸੀ। ਸੰਸਦੀ ਰਿਕਾਰਡ ਦਰਸਾਉਂਦੇ ਹਨ ਕਿ ਇਹ ਅਡਾਨੀ ਦੀਆਂ ਹੋਰ ਸੂਚੀਬੱਧ ਇਕਾਈਆਂ ਦਾ ਸ਼ੇਅਰਧਾਰਕ ਸੀ (ਅਤੇ ਅਜੇ ਵੀ ਹੋ ਸਕਦਾ ਹੈ)।

ਨਵੀਂ ਲੀਨਾ ਨੂੰ ਇਨਕਾਰਪੋਰੇਸ਼ਨ ਸੇਵਾਵਾਂ ਫ਼ਰਮ ਐਮੀਕਾਰਪ ਦੁਆਰਾ ਚਲਾਇਆ ਜਾਂਦਾ ਹੈ, ਜਿਸ ਨੇ ਅਡਾਨੀ ਨੂੰ ਆਪਣੇ ਆਫ਼-ਸ਼ੋਰ ਇਕਾਈ ਨੈੱਟਵਰਕ ਨੂੰ ਵਿਕਸਤ ਕਰਨ ਵਿੱਚ ਸਹਾਇਤਾ ਕਰਨ ਲਈ ਵਿਆਪਕ ਤੌਰ 'ਤੇ ਕੰਮ ਕੀਤਾ ਹੈ। ਐਮੀਕੋਰਪ ਨੇ ਘੱਟੋ-ਘੱਟ 7 ਅਡਾਨੀ ਪ੍ਰਮੋਟਰ ਇਕਾਈਆਂ, ਵਿਨੋਦ ਅਡਾਨੀ ਨਾਲ ਜੁੜੇ ਘੱਟੋ-ਘੱਟ 17 ਆਫ਼-ਸ਼ੋਰ ਸ਼ੈੱਲ ਅਤੇ ਇਕਾਈਆਂ ਅਤੇ ਅਡਾਨੀ ਸਟਾਕ ਦੇ ਘੱਟੋ-ਘੱਟ 3 ਮਾਰੀਸ਼ਸ ਸਥਿਤ ਆਫ਼-ਸ਼ੋਰ ਸ਼ੇਅਰਧਾਰਕਾਂ ਦਾ ਗਠਨ ਕੀਤਾ।

ਐਮੀਕੋਰਪ ਨੇ 1 ਐਮਡੀਬੀ ਅੰਤਰਰਾਸ਼ਟਰੀ ਧੋਖਾਧੜੀ ਘੁਟਾਲੇ ਵਿੱਚ ਮੁੱਖ ਭੂਮਿਕਾ ਨਿਭਾਈ ਜਿਸਦੇ ਨਤੀਜੇ ਵਜੋਂ ਮਲੇਸ਼ੀਆ ਦੇ ਟੈਕਸਦਾਤਾਵਾਂ ਤੋਂ US$4.5 ਬਿਲੀਅਨ ਦੀ ਹੇਰਾਫੇਰੀ ਕੀਤੀ ਗਈ। ਇਸ ਘੁਟਾਲੇ ਦੀ ਰਿਪੋਰਟ ਕਰਨ ਵਾਲੀ ਕਿਤਾਬ ਬਿਲੀਅਨ ਡਾਲਰ ਵ੍ਹੇਲ ਦੇ ਅਨੁਸਾਰ, ਐਮੀਕੋਰਪ ਨੇ ਮੁੱਖ ਅਪਰਾਧੀਆਂ ਲਈ 'ਨਿਵੇਸ਼ ਫੰਡ' ਸਥਾਪਤ ਕੀਤੇ ਸਨ ਜੋ "ਇੱਕ ਮਿਊਚਲ ਫੰਡ ਦੀ ਤਰ੍ਹਾਂ ਦਿਖਾਈ ਦੇਣ ਵਾਲੇ ਗਾਹਕ ਦੀ ਮਨੀ ਲਾਂਡਰਿੰਗ ਦਾ ਇੱਕ ਤਰੀਕਾ ਸੀ"।

'ਡਿਲਿਵਰੀ ਵਾਲਿਊਮ' ਇੱਕ ਵਿਲੱਖਣ ਰੋਜ਼ਾਨਾ ਡੇਟਾ ਪੁਆਇੰਟ ਹੈ ਜੋ ਸੰਸਥਾਗਤ ਨਿਵੇਸ਼ ਪ੍ਰਵਾਹ ਦੀ ਰਿਪੋਰਟ ਕਰਦਾ ਹੈ। ਸਾਡੇ ਵਿਸ਼ਲੇਸ਼ਣ ਵਿੱਚ ਪਾਇਆ ਗਿਆ ਕਿ ਕਈ ਅਡਾਨੀ ਸੂਚੀਬੱਧ ਕੰਪਨੀਆਂ ਵਿੱਚ ਆਫ਼-ਸ਼ੋਰ ਸ਼ੱਕੀ ਸਟਾਕ ਪਾਰਕਿੰਗ ਇਕਾਈਆਂ ਦਾ ਸਾਲਾਨਾ 'ਡਿਲਿਵਰੀ ਵਾਲਿਊਮ' ਦਾ 30%-47% ਤੱਕ ਦਾ ਯੋਗਦਾਨ ਸੀ, ਇੱਕ ਸਪੱਸ਼ਟ ਬੇਨਿਯਮੀ ਇਹ ਦਰਸਾਉਂਦੀ ਹੈ ਕਿ ਅਡਾਨੀ ਦੇ ਸਟਾਕ ਸੰਭਾਵਿਤ ਤੌਰ 'ਤੇ ਸ਼ੱਕੀ ਆਫ਼-ਸ਼ੋਰ ਇਕਾਈਆਂ ਰਾਹੀਂ 'ਵਾਸ਼ ਟਰੇਡਿੰਗ' ਜਾਂ ਹੇਰਾਫੇਰੀ ਦੇ ਵਪਾਰ ਦੇ ਹੋਰ ਰੂਪਾਂ ਦੇ ਅਧੀਨ ਹਨ।

ਅਡਾਨੀ ਦੀਆਂ ਸੂਚੀਬੱਧ ਕੰਪਨੀਆਂ ਵਿੱਚ ਸਟਾਕ ਹੇਰਾਫੇਰੀ ਦੇ ਸਬੂਤ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ। ਸੇਬੀ ਨੇ ਅਡਾਨੀ ਇੰਟਰਪ੍ਰਾਈਜਿਜ਼ ਦੇ ਸਟਾਕ ਨੂੰ ਪੰਪ ਕਰਨ ਲਈ ਅਡਾਨੀ ਦੇ ਪ੍ਰਮੋਟਰਾਂ ਸਮੇਤ ਸਾਲਾਂ ਦੌਰਾਨ 70 ਤੋਂ ਵੱਧ ਇਕਾਈਆਂ ਅਤੇ ਵਿਅਕਤੀਆਂ ਦੀ ਜਾਂਚ ਕੀਤੀ ਹੈ ਅਤੇ ਉਨ੍ਹਾਂ 'ਤੇ ਮੁਕੱਦਮਾ ਚਲਾਇਆ ਹੈ।

2007 ਦੇ ਸੇਬੀ ਦੇ ਇੱਕ ਫੈਸਲੇ ਵਿੱਚ ਕਿਹਾ ਗਿਆ ਸੀ ਕਿ "ਅਡਾਨੀ ਦੇ ਪ੍ਰਮੋਟਰਾਂ ਦੇ ਖਿਲਾਫ ਲਗਾਏ ਗਏ ਦੋਸ਼ ਕਿ ਉਨ੍ਹਾਂ ਨੇ ਅਡਾਨੀ ਦੇ ਸਟੈਂਡ ਦੀ ਸਕ੍ਰਿਪਟ ਨਾਲ ਛੇੜਛਾੜ ਕਰਨ ਵਿੱਚ ਕੇਤਨ ਪਾਰੇਖ ਇਕਾਈਆਂ ਦੀ ਸਹਾਇਤਾ ਕੀਤੀ ਅਤੇ ਉਨ੍ਹਾਂ ਨੂੰ ਉਕਸਾਇਆ ਸੀ"। ਕੇਤਨ ਪਾਰੇਖ ਸ਼ਾਇਦ ਭਾਰਤ ਦਾ ਸਭ ਤੋਂ ਬਦਨਾਮ ਸਟਾਕ ਮਾਰਕੀਟ ਹੇਰਾਫੇਰੀ ਕਰਨ ਵਾਲਾ ਹੈ। ਅਡਾਨੀ ਸਮੂਹ ਦੀਆਂ ਸੰਸਥਾਵਾਂ ਨੂੰ ਸ਼ੁਰੂ ਵਿੱਚ ਉਨ੍ਹਾਂ ਦੀਆਂ ਭੂਮਿਕਾਵਾਂ ਲਈ ਪਾਬੰਦੀਆਂ ਮਿਲੀਆਂ ਸਨ, ਪਰ ਬਾਅਦ ਵਿੱਚ ਉਨ੍ਹਾਂ ਨੂੰ ਜੁਰਮਾਨੇ ਤੱਕ ਘਟਾ ਦਿੱਤਾ ਗਿਆ ਸੀ, ਜੋ ਕਿ ਸਮੂਹ ਪ੍ਰਤੀ ਸਰਕਾਰੀ ਨਰਮੀ ਦਾ ਪ੍ਰਦਰਸ਼ਨ ਸੀ ਜੋ ਦਹਾਕਿਆਂ ਤੋਂ ਚੱਲ ਰਿਹਾ ਪੈਟਰਨ ਬਣ ਗਿਆ ਹੈ।

2007 ਦੀ ਜਾਂਚ ਦੇ ਅਨੁਸਾਰ, ਅਡਾਨੀ ਦੀਆਂ 14 ਨਿੱਜੀ ਇਕਾਈਆਂ ਨੇ ਪਾਰੇਖ ਦੁਆਰਾ ਨਿਯੰਤਰਿਤ ਇਕਾਈਆਂ ਨੂੰ ਸ਼ੇਅਰ ਟ੍ਰਾਂਸਫਰ ਕੀਤੇ, ਜੋ ਫਿਰ ਬਾਜ਼ਾਰ ਵਿੱਚ ਹੇਰਾਫੇਰੀ ਵਿੱਚ ਸ਼ਾਮਲ ਸਨ। ਅਡਾਨੀ ਸਮੂਹ ਨੇ ਸੇਬੀ ਨੂੰ ਜਵਾਬ ਦਿੰਦੇ ਹੋਏ ਦਲੀਲ ਦਿੱਤੀ ਕਿ ਉਸ ਨੇ ਮੁੰਦਰਾ ਬੰਦਰਗਾਹ 'ਤੇ ਆਪਣੇ ਕੰਮਕਾਜ ਦੀ ਸ਼ੁਰੂਆਤ ਲਈ ਵਿੱਤ ਦੇਣ ਲਈ ਕੇਤਨ ਪਾਰੇਖ ਨਾਲ ਕੰਮ ਕੀਤਾ ਸੀ, ਜਾਪਦਾ ਹੈ ਕਿ ਸਟਾਕ ਹੇਰਾਫੇਰੀ ਰਾਹੀਂ ਸ਼ੇਅਰਾਂ ਦੀ ਵਿਕਰੀ ਕਿਸੇ ਤਰ੍ਹਾਂ ਵਿੱਤ ਪੋਸ਼ਣ ਦਾ ਇੱਕ ਜਾਇਜ਼ ਰੂਪ ਹੈ।

ਸਾਡੀ ਜਾਂਚ ਦੇ ਹਿੱਸੇ ਵਜੋਂ, ਅਸੀਂ ਇੱਕ ਵਿਅਕਤੀ ਦੀ ਇੰਟਰਵਿਊ ਲਈ ਸੀ ਜਿਸ ਨੂੰ ਮਾਰੀਸ਼ਸ-ਅਧਾਰਤ ਫੰਡਾਂ ਰਾਹੀਂ ਸਟਾਕ ਹੇਰਾਫੇਰੀ ਲਈ ਭਾਰਤੀ ਬਾਜ਼ਾਰਾਂ ਵਿੱਚ ਵਪਾਰ ਕਰਨ 'ਤੇ ਪਾਬੰਦੀ ਲਗਾਈ ਗਈ ਸੀ। ਉਸਨੇ ਸਾਨੂੰ ਦੱਸਿਆ ਕਿ ਉਹ ਕੇਤਨ ਪਾਰੇਖ ਨੂੰ ਨਿੱਜੀ ਤੌਰ 'ਤੇ ਜਾਣਦਾ ਸੀ, ਅਤੇ ਇਹ ਬਹੁਤ ਘੱਟ ਬਦਲਿਆ ਹੈ, ਇਹ ਦੱਸਦੇ ਹੋਏ ਕਿ "ਪਿਛਲੇ ਸਾਰੇ ਗਾਹਕ ਅਜੇ ਵੀ ਕੇਤਨ ਪ੍ਰਤੀ ਵਫ਼ਾਦਾਰ ਹਨ ਅਤੇ ਅਜੇ ਵੀ ਕੇਤਨ ਨਾਲ ਕੰਮ ਕਰ ਰਹੇ ਹਨ"।

ਸਟਾਕ ਪਾਰਕ ਕਰਨ ਲਈ ਆਫ਼-ਸ਼ੋਰ ਪੂੰਜੀ ਦੀ ਵਰਤੋਂ ਕਰਨ ਤੋਂ ਇਲਾਵਾ, ਸਾਨੂੰ ਸਮੁੰਦਰੀ ਕੰਢੇ ਦੀਆਂ ਨਿੱਜੀ ਅਡਾਨੀ ਕੰਪਨੀਆਂ ਰਾਹੀਂ ਸੂਚੀਬੱਧ ਜਨਤਕ ਅਡਾਨੀ ਕੰਪਨੀਆਂ ਨੂੰ ਪੈਸੇ ਭੇਜਣ ਦੀਆਂ ਕਈ ਉਦਾਹਰਣਾਂ ਮਿਲੀਆਂ ਹਨ।

ਫਿਰ ਫੰਡਾਂ ਦੀ ਵਰਤੋਂ ਅਡਾਨੀ ਦੇ ਲੇਖਾ-ਜੋਖਾ ਨੂੰ ਇੰਜੀਨੀਅਰ ਕਰਨ ਲਈ ਕੀਤੀ ਜਾਂਦੀ ਜਾਪਦੀ ਹੈ (ਭਾਵੇਂ ਇਸ ਦੇ ਰਿਪੋਰਟ ਕੀਤੇ ਲਾਭ ਜਾਂ ਨਕਦ ਪ੍ਰਵਾਹ ਨੂੰ ਮਜ਼ਬੂਤ ਕਰਕੇ), ਸੂਚੀਬੱਧ ਇਕਾਈਆਂ ਨੂੰ ਵਧੇਰੇ ਉਧਾਰ ਯੋਗ ਦਿਖਾਉਣ ਲਈ ਇਸਦੇ ਪੂੰਜੀ ਬੈਲੇਂਸ ਨੂੰ ਘੱਟ ਕਰਨਾ, ਜਾਂ ਅਡਾਨੀ ਸਾਮਰਾਜ ਦੇ ਹੋਰ ਹਿੱਸਿਆਂ ਵਿੱਚ ਵਾਪਸ ਭੇਜ ਦਿੱਤਾ ਜਾਂਦਾ ਹੈ ਜਿੱਥੇ ਪੂੰਜੀ ਦੀ ਲੋੜ ਹੁੰਦੀ ਹੈ।

ਅਸੀਂ ਸੂਚੀਬੱਧ ਅਤੇ ਨਿੱਜੀ ਕੰਪਨੀਆਂ ਦੋਵਾਂ ਦੁਆਰਾ ਕਈ ਅਣਜਾਣ ਸਬੰਧਿਤ ਪਾਰਟੀ ਲੈਣ-ਦੇਣ ਦੀ ਪਛਾਣ ਵੀ ਕੀਤੀ ਹੈ, ਜੋ ਕਿ ਭਾਰਤੀ ਖੁਲਾਸੇ ਦੇ ਕਾਨੂੰਨਾਂ ਦੀ ਖੁੱਲ੍ਹੀ ਅਤੇ ਵਾਰ-ਵਾਰ ਉਲੰਘਣਾ ਜਾਪਦੀ ਹੈ।

ਇਕ ਉਦਾਹਰਣ ਵਿਚ, ਵਿਨੋਦ ਅਡਾਨੀ ਦੇ ਨਿਯੰਤਰਣ ਵਾਲੀ ਮਾਰੀਸ਼ਸ ਦੀ ਇਕ ਇਕਾਈ, ਜਿਸ ਦੇ ਠੋਸ ਸੰਚਾਲਨ ਦੇ ਕੋਈ ਸੰਕੇਤ ਨਹੀਂ ਸਨ, ਨੇ ਇਕ ਨਿੱਜੀ ਅਡਾਨੀ ਇਕਾਈ ਨੂੰ 11.71 ਬਿਲੀਅਨ ਰੁਪਏ (ਉਸ ਸਮੇਂ US$ 253 ਮਿਲੀਅਨ) ਦਿੱਤੇ ਸਨ, ਜਿਸ ਨੇ ਇਸ ਨੂੰ ਸਬੰਧਤ ਪਾਰਟੀ ਲੋਨ ਹੋਣ ਦਾ ਖੁਲਾਸਾ ਨਹੀਂ ਕੀਤਾ ਸੀ। ਬਾਅਦ ਵਿੱਚ ਨਿੱਜੀ ਇਕਾਈ ਨੇ ਅਡਾਨੀ ਐਂਟਰਪ੍ਰਾਈਜਿਜ਼ ਨੂੰ 9.84 ਬਿਲੀਅਨ ਰੁਪਏ (ਹਾਲ ਹੀ ਵਿੱਚ ਕਾਫ਼ੀ ਘੱਟ ਐਕਸਚੇਂਜ ਦਰਾਂ 'ਤੇ US $ 138 ਮਿਲੀਅਨ) ਸਮੇਤ ਸੂਚੀਬੱਧ ਇਕਾਈਆਂ ਨੂੰ ਫੰਡ ਉਧਾਰ ਦਿੱਤੇ।

ਇਕ ਹੋਰ ਵਿਨੋਦ ਅਡਾਨੀ-ਨਿਯੰਤਰਿਤ ਮਾਰੀਸ਼ਸ ਦੀ ਇਕਾਈ ਜਿਸ ਨੂੰ ਇਮਰਜਿੰਗ ਮਾਰਕੀਟ ਇਨਵੈਸਟਮੈਂਟ ਡੀ.ਐਮ.ਸੀ.ਸੀ. ਕਿਹਾ ਜਾਂਦਾ ਹੈ, ਲਿੰਕਡਇਨ 'ਤੇ ਕਿਸੇ ਵੀ ਕਰਮਚਾਰੀ ਦੀ ਸੂਚੀ ਨਹੀਂ ਹੈ, ਇਸ ਦੀ ਕੋਈ ਠੋਸ ਆਨਲਾਈਨ ਮੌਜੂਦਗੀ ਨਹੀਂ ਹੈ, ਕਿਸੇ ਵੀ ਗਾਹਕ ਜਾਂ ਸੌਦੇ ਦੀ ਘੋਸ਼ਣਾ ਨਹੀਂ ਕੀਤੀ ਗਈ ਹੈ, ਅਤੇ ਇਹ ਯੂ.ਏ.ਈ. ਦੇ ਇੱਕ ਅਪਾਰਟਮੈਂਟ ਤੋਂ ਬਾਹਰ ਸਥਿਤ ਹੈ। ਇਸ ਨੇ ਅਡਾਨੀ ਪਾਵਰ ਦੀ ਸਹਾਇਕ ਕੰਪਨੀ ਨੂੰ ਅਮਰੀਕਾ ਨੂੰ 1 ਅਰਬ ਡਾਲਰ ਦਾ ਕਰਜ਼ਾ ਦਿੱਤਾ ਸੀ।

ਇਹ ਆਫ਼-ਸ਼ੋਰ ਸ਼ੈੱਲ ਨੈਟਵਰਕ ਕਮਾਈ ਵਿੱਚ ਹੇਰਾਫੇਰੀ ਲਈ ਵੀ ਵਰਤਿਆ ਜਾਂਦਾ ਜਾਪਦਾ ਹੈ। ਉਦਾਹਰਨ ਲਈ, ਅਸੀਂ ਲੈਣ-ਦੇਣ ਦੀ ਇੱਕ ਲੜੀ ਦਾ ਵੇਰਵਾ ਦਿੰਦੇ ਹਾਂ ਜਿੱਥੇ ਸੂਚੀਬੱਧ ਅਡਾਨੀ ਐਂਟਰਪ੍ਰਾਈਜਿਜ਼ ਦੀ ਇੱਕ ਸਹਾਇਕ ਕੰਪਨੀ ਤੋਂ ਵਿਨੋਦ ਅਡਾਨੀ ਦੁਆਰਾ ਨਿਯੰਤਰਿਤ ਇੱਕ ਨਿੱਜੀ ਸਿੰਗਾਪੁਰ ਇਕਾਈ ਨੂੰ ਸੰਪਤੀਆਂ ਟ੍ਰਾਂਸਫਰ ਕੀਤੀਆਂ ਗਈਆਂ ਸਨ, ਇਹਨਾਂ ਸੌਦਿਆਂ ਦੀ ਸਬੰਧਿਤ ਪਾਰਟੀ ਪ੍ਰਕਿਰਤੀ ਦਾ ਖੁਲਾਸਾ ਕੀਤੇ ਬਿਨਾਂ। ਇਕ ਵਾਰ ਨਿੱਜੀ ਇਕਾਈ ਦੇ ਰਿਕਾਰਡ 'ਤੇ ਆਉਣ ਤੋਂ ਬਾਅਦ, ਸੰਪਤੀਆਂ ਲਗਭਗ ਤੁਰੰਤ ਸੰਕਟ ਵਿਚ ਪੈ ਗਈਆਂ ਸਨ, ਸੰਭਾਵਤ ਤੌਰ 'ਤੇ ਜਨਤਕ ਇਕਾਈ ਨੂੰ ਪਦਾਰਥਕ ਲਿਖਤ ਅਤੇ ਸ਼ੁੱਧ ਆਮਦਨ 'ਤੇ ਨਕਾਰਾਤਮਕ ਪ੍ਰਭਾਵ ਤੋਂ ਬਚਣ ਵਿਚ ਮਦਦ ਕਰਦੀ ਸੀ।

ਅਡਾਨੀ ਸਮੂਹ ਦੀਆਂ ਸਪਸ਼ਟ ਲੇਖਾ-ਜੋਖਾ ਬੇਨਿਯਮੀਆਂ ਅਤੇ ਸਕੈਚੀ ਲੈਣ-ਦੇਣ ਲਗਭਗ ਵਜੂਦਹੀਣ ਵਿੱਤੀ ਨਿਯੰਤਰਣਾਂ ਦੁਆਰਾ ਸਮਰੱਥ ਕੀਤੇ ਗਏ ਜਾਪਦੇ ਹਨ। ਸੂਚੀਬੱਧ ਅਡਾਨੀ ਕੰਪਨੀਆਂ ਨੇ ਮੁੱਖ ਵਿੱਤੀ ਅਧਿਕਾਰੀ ਦੀ ਭੂਮਿਕਾ ਵਿੱਚ ਨਿਰੰਤਰ ਕਾਰੋਬਾਰ ਵੇਖਿਆ ਹੈ। ਉਦਾਹਰਣ ਵਜੋਂ, ਅਡਾਨੀ ਐਂਟਰਪ੍ਰਾਈਜਿਜ਼ ਦੇ 8 ਸਾਲਾਂ ਦੌਰਾਨ 5 ਮੁੱਖ ਵਿੱਤੀ ਅਧਿਕਾਰੀ ਬਦਲੇ ਗਏ ਹਨ, ਇੱਕ ਪ੍ਰਮੁੱਖ ਖ਼ਤਰੇ ਦਾ ਲਾਲ ਝੰਡਾ ਜੋ ਸੰਭਾਵੀ ਲੇਖਾ-ਜੋਖਾ ਦੇ ਮੁੱਦਿਆਂ ਨੂੰ ਦਰਸਾਉਂਦਾ ਹੈ।

ਅਡਾਨੀ ਐਂਟਰਪ੍ਰਾਈਜਿਜ਼ ਅਤੇ ਅਡਾਨੀ ਟੋਟਲ ਗੈਸ ਦਾ ਸੁਤੰਤਰ ਆਡੀਟਰ ਇੱਕ ਛੋਟੀ ਜਿਹੀ ਫ਼ਰਮ ਹੈ ਜਿਸਨੂੰ ਸ਼ਾਹ ਢਾਂਢਰੀਆ ਕਿਹਾ ਜਾਂਦਾ ਹੈ। ਸ਼ਾਹ ਢਾਂਢਰੀਆ ਦੀ ਕੋਈ ਮੌਜੂਦਾ ਵੈਬਸਾਈਟ ਨਹੀਂ ਜਾਪਦੀ। ਇਸ ਦੀ ਵੈਬਸਾਈਟ ਦੇ ਇਤਿਹਾਸਕ ਪੁਰਾਲੇਖ ਦਰਸਾਉਂਦੇ ਹਨ ਕਿ ਇਸ ਵਿੱਚ ਸਿਰਫ 4 ਭਾਈਵਾਲ ਅਤੇ 11 ਕਰਮਚਾਰੀ ਸਨ। ਰਿਕਾਰਡ ਦਿਖਾਉਂਦੇ ਹਨ ਕਿ ਇਹ ਮਾਸਿਕ ਦਫਤਰ ਦੇ ਕਿਰਾਏ ਵਜੋਂ 32,000 ਰੁਪਏ (2021 ਵਿੱਚ ਯੂ.ਐਸ. $435) ਦਾ ਭੁਗਤਾਨ ਕਰਦਾ ਹੈ। ਇੱਕੋ ਇੱਕ ਹੋਰ ਸੂਚੀਬੱਧ ਸੰਸਥਾ ਜੋ ਅਸੀਂ ਪਾਇਆ ਹੈ ਕਿ ਇਸਦਾ ਆਡਿਟ ਲਗਭਗ 640 ਮਿਲੀਅਨ ਰੁਪਏ (US $7.8 ਮਿਲੀਅਨ) ਦਾ ਬਾਜ਼ਾਰ ਪੂੰਜੀਕਰਨ ਹੈ।

ਸ਼ਾਹ ਢਾਂਢਰੀਆ ਮੁਸ਼ਕਿਲ ਨਾਲ ਹੀ ਗੁੰਝਲਦਾਰ ਆਡਿਟ ਦੇ ਕੰਮ ਦੇ ਯੋਗ ਜਾਪਦਾ ਹੈ। ਉਦਾਹਰਣ ਵਜੋਂ, ਇਕੱਲੇ ਅਡਾਨੀ ਐਂਟਰਪ੍ਰਾਈਜਿਜ਼ ਦੀਆਂ 156 ਸਹਾਇਕ ਕੰਪਨੀਆਂ ਅਤੇ ਕਈ ਹੋਰ ਸਾਂਝੇ ਉੱਦਮ ਅਤੇ ਸਹਿਯੋਗੀ ਹਨ। ਬੀ.ਐਸ.ਈ. ਦੇ ਖੁਲਾਸਿਆਂ ਅਨੁਸਾਰ ਇਸ ਤੋਂ ਇਲਾਵਾ, ਅਡਾਨੀ ਦੀਆਂ 7 ਪ੍ਰਮੁੱਖ ਸੂਚੀਬੱਧ ਇਕਾਈਆਂ ਕੋਲ ਸਮੂਹਿਕ ਤੌਰ 'ਤੇ 578 ਸਹਾਇਕ ਕੰਪਨੀਆਂ ਹਨ ਅਤੇ ਸਿਰਫ ਵਿੱਤੀ ਸਾਲ 2022 ਵਿੱਚ ਹੀ ਕੁੱਲ 6,025 ਵੱਖ-ਵੱਖ ਸਬੰਧਤ-ਪਾਰਟੀ ਲੈਣ-ਦੇਣ ਵਿੱਚ ਲੱਗੀਆਂ ਹੋਈਆਂ ਹਨ।

ਸ਼ਾਹ ਢਾਂਢਰੀਆ ਦੇ ਆਡਿਟ ਪਾਰਟਨਰ, ਜਿਨ੍ਹਾਂ ਨੇ ਕ੍ਰਮਵਾਰ ਅਡਾਨੀ ਐਂਟਰਪ੍ਰਾਈਜਿਜ਼ ਅਤੇ ਅਡਾਨੀ ਟੋਟਲ ਗੈਸ ਦੇ ਸਾਲਾਨਾ ਆਡਿਟ 'ਤੇ ਹਸਤਾਖ਼ਰ ਕੀਤੇ ਸਨ, 24 ਅਤੇ 23 ਸਾਲ ਦੇ ਸਨ ਜਦੋਂ ਉਨ੍ਹਾਂ ਨੇ ਆਡਿਟ ਨੂੰ ਮਨਜ਼ੂਰੀ ਦੇਣੀ ਸ਼ੁਰੂ ਕੀਤੀ ਸੀ। ਉਹ ਲਾਜ਼ਮੀ ਤੌਰ 'ਤੇ ਨਵੇਂ-ਨਵੇਂ ਸਕੂਲੋਂ ਬਾਹਰ ਆਏ ਸਨ, ਦੇਸ਼ ਦੀਆਂ ਕੁਝ ਸਭ ਤੋਂ ਵੱਡੀਆਂ ਕੰਪਨੀਆਂ ਦੀ ਵਿੱਤੀ ਹਾਲਤ ਦੀ ਛਾਣਬੀਣ ਕਰਨ ਅਤੇ ਉਨ੍ਹਾਂ ਦਾ ਲੇਖਾ-ਜੋਖਾ ਕਰਨ ਦੀ ਸਥਿਤੀ ਵਿਚ ਨਹੀਂ ਸਨ, ਜਿਨ੍ਹਾਂ ਨੂੰ ਇਸ ਦੇ ਸਭ ਤੋਂ ਸ਼ਕਤੀਸ਼ਾਲੀ ਵਿਅਕਤੀਆਂ ਵਿਚੋਂ ਇਕ ਜਣਾ ਚਲਾ ਰਿਹਾ ਸੀ।

ਗੌਤਮ ਅਡਾਨੀ ਨੇ ਇੱਕ ਇੰਟਰਵਿਊ ਵਿੱਚ ਦਾਅਵਾ ਕੀਤਾ ਹੈ ਕਿ "ਆਲੋਚਨਾ ਪ੍ਰਤੀ ਬਹੁਤ ਖੁੱਲ੍ਹਾ ਮਨ ਰੱਖੋ... ਹਰ ਆਲੋਚਨਾ ਮੈਨੂੰ ਆਪਣੇ-ਆਪ ਨੂੰ ਸੁਧਾਰਨ ਦਾ ਮੌਕਾ ਦਿੰਦੀ ਹੈ।" ਇਨ੍ਹਾਂ ਦਾਅਵਿਆਂ ਦੇ ਬਾਵਜੂਦ, ਅਡਾਨੀ ਨੇ ਵਾਰ-ਵਾਰ ਆਲੋਚਨਾਤਮਿਕ ਪੱਤਰਕਾਰਾਂ ਜਾਂ ਟਿੱਪਣੀਕਾਰਾਂ ਨੂੰ ਮੁਕੱਦਮੇਬਾਜ਼ੀ ਰਾਹੀਂ ਜੇਲ੍ਹਾਂ ਵਿੱਚ ਡੱਕਣ ਜਾਂ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਹੈ, ਆਪਣੀ ਅਥਾਹ ਸ਼ਕਤੀ ਦੀ ਦੁਰ-ਵਰਤੋਂ ਸਰਕਾਰ ਅਤੇ ਰੈਗੂਲੇਟਰਾਂ 'ਤੇ ਦਬਾਅ ਪਾਉਣ ਲਈ ਕੀਤੀ ਹੈ ਤਾਂ ਜੋ ਉਸ ਦੀ ਪੁੱਛਗਿੱਛ ਕਰਨ ਵਾਲਿਆਂ ਦਾ ਪਿੱਛਾ ਕੀਤਾ ਜਾ ਸਕੇ।

ਸਾਡਾ ਮੰਨਣਾ ਹੈ ਕਿ ਅਡਾਨੀ ਗਰੁਪ ਦਿਨ-ਦਿਹਾੜੇ ਇੱਕ ਵੱਡੀ ਤੇ ਸ਼ਰੇਆਮ ਧੋਖਾਧੜੀ ਕਰਨ ਦੇ ਯੋਗ ਹੋ ਗਿਆ ਹੈ ਕਿਉਂਕਿ ਨਿਵੇਸ਼ਕ, ਪੱਤਰਕਾਰ, ਨਾਗਰਿਕ ਅਤੇ ਇੱਥੋਂ ਤੱਕ ਕਿ ਸਿਆਸਤਦਾਨ ਵੀ ਬਦਲਾਖ਼ੋਰੀ ਦੇ ਡਰੋਂ ਬੋਲਣ ਤੋਂ ਡਰਦੇ ਰਹੇ ਹਨ।

ਅਸੀਂ ਆਪਣੀ ਰਿਪੋਰਟ ਦੇ ਅੰਤ ਵਿੱਚ 88 ਸਵਾਲਾਂ ਨੂੰ ਸ਼ਾਮਲ ਕੀਤਾ ਹੈ। ਜੇ ਗੌਤਮ ਅਡਾਨੀ ਸੱਚਮੁੱਚ ਪਾਰਦਰਸ਼ਤਾ ਅਪਣਾਉਂਦੇ ਹਨ, ਜਿਵੇਂ ਕਿ ਉਹ ਦਾਅਵਾ ਕਰਦੇ ਹਨ, ਤਾਂ ਉਨ੍ਹਾਂ ਨੂੰ ਜਵਾਬ ਦੇਣਾ ਸੌਖਾ ਹੋਣਾ ਚਾਹੀਦਾ ਹੈ। ਅਸੀਂ ਅਡਾਨੀ ਦੇ ਜਵਾਬ ਦੀ ਉਡੀਕ ਕਰ ਰਹੇ ਹਾਂ।

ਅਡਾਨੀ ਬਾਰੇ ਭਾਰਤ ਵਿਚ ਵਿਆਪਕ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ, ਪਰ ਮੋਦੀ ਉਸਨੂੰ ਸਕੀ ਮਾਂ ਵਾਂਗ ਆਪਣੇ ਖੰਭਾਂ ਹੇਠ ਲੁਕਾਈ ਬੈਠਾ ਹੈ। ਪਾਰਲੀਮੈਂਟ ਵਿਚ ਵਿਰੋਧੀ ਧਿਰਾਂ ਵੱਲੋਂ ਧੂੰਆਧਾਰ ਭਾਸ਼ਨ ਦਿੱਤੇ ਜਾ ਰਹੇ ਹਨ, ਅਡਾਨੀ ਮਾਮਲਾ ਮੋਦੀ ਦੇ ਗਲ਼ੇ ਦੀ ਹੱਡੀ ਬਣ ਗਿਆ ਹੈ, ਪਰ ਸਰਕਾਰ ਕੰਨਾਂ 'ਚ ਕੌੜਾ ਤੇਲ ਪਾਈ ਬੈਠੀ ਹੈ। ਇਥੋਂ ਤੀਕ ਕਿ ਸਪੀਕਰ ਵੀ ਇਸ ਨੂੰ ਤਮਾਸ਼ਾ ਹੀ ਸਮਝ ਰਿਹਾ ਹੈ। ਸਰਕਾਰ ਇਸ ਬਾਰੇ ਬਿਲਕੁਲ ਚੁੱਪ ਹੈ। ਗੋਦੀ ਮੀਡੀਆ ਅਡਾਨੀ ਬਾਰੇ ਹਿੰਡਨਬਰਗ ਦੀ ਰਿਪੋਰਟ ਨੂੰ ਬਦੇਸ਼ੀ ਤਾਕਤਾਂ ਵੱਲੋਂ ਭੰਡੀ ਪਰਚਾਰ ਕਹਿ ਕੇ ਪੱਲਾ ਝਾੜ ਰਿਹਾ ਹੈ। ਆਰ. ਐਸ. ਐਸ. ਇਸ ਨੂੰ ਫਿਰਕੂ ਰੰਗ ਦੇਣ ਵਿਚ ਰੁੱਝੀ ਹੋਈ ਹੈ।

ਤ੍ਰੈਮੂਲ ਕਾਂਗਰਸ ਦੀ ਮਹੂਆ ਮੋਇਤਰਾ ਨੇ ਰਾਜ ਸਭਾ ਵਿਚ ਇਸ ਬਾਰੇ ਭਰਪੂਰ ਚਰਚਾ ਕੀਤੀ, ਪਰ ਸੱਤਾਧਾਰੀ ਧਿਰ ਟੱਸ ਤੋਂ ਮੱਸ ਨਹੀਂ ਹੋ ਰਹੀ, ਬਲਕਿ ਪਾਰਲੀਮੈਂਟ ਵਿਚ ਹੰਗਾਮਾ, ਰੌਲਾ-ਰੱਪਾ ਪਾ ਕੇ ਵਿਰੋਧੀ ਧਿਰ ਨੂੰ ਖ਼ਾਮੋਸ਼ ਕਰਨ ਵਿਚ ਰੁੱਝੀ ਰਹੀ। ਰਾਜ ਸਭਾ ਵਿਚ ਵਿਰੋਧੀ ਧਿਰ ਦੇ ਸੰਜੇ ਸਿੰਘ ਨੇ ਅਡਾਨੀ ਵਰਗੇ ਹੋਰ ਟੈਕਸਦਾਤਿਆਂ ਨੂੰ ਚੂਨਾ ਲਗਾਉਣ ਵਾਲਿਆਂ ਵਾਂਗ ਭਾਰਤ ਤੋਂ ਭੱਜ ਕਿਸੇ ਸੁਰੱਖਿਅਤ ਬਹਿਸ਼ਤ (ਸੇਫ਼-ਹੈਵਨ) ਵਿਚ ਚਲੇ ਜਾਣ ਦਾ ਖ਼ਦਸ਼ਾ ਪਰਗਟ ਕੀਤਾ ਤੇ ਕਿਹਾ ਕਿ ਇਸ ਦਾ ਪਾਸਪੋਰਟ ਜ਼ਬਤ ਕੀਤਾ ਜਾਵੇ। ਕਿਉਂਕਿ ਇਹ ਕੋਈ ਪਹਿਲਾ ਵਰਤਾਰਾ ਨਹੀਂ, "ਮੋਦੀ ਹੈ ਤੋ ਮੁਮਕਿਨ ਹੈ" ਤਹਿਤ 38 ਆਰਥਿਕ ਅਪਰਾਧੀ ਜਿਨ੍ਹਾਂ ਨੇ ਬੈਂਕਾਂ ਨੂੰ ਉਧਾਰ ਦੀ ਰਕਮ ਵਾਪਸ ਕਰਨ 'ਤੇ ਡਿਫਾਲਟ ਕੀਤਾ ਸੀ, ਸਰਕਾਰ ਦੀ ਨਿਗਰਾਨੀ ਹੇਠ 1 ਜਨਵਰੀ, 2015 ਤੋਂ 31 ਦਸੰਬਰ, 2019 ਤੱਕ ਪੰਜ ਸਾਲਾਂ ਦੇ ਅਰਸੇ ਵਿੱਚ ਦੇਸ਼ ਛੱਡ ਕੇ ਭੱਜ ਚੁੱਕੇ ਹਨ। ਇਸ ਸਬੰਧ ਵਿਚ ਇਹ ਯਕੀਨੀ ਹੈ ਕਿ ਜੇ ਵਾਕਿਆ ਹੀ ਅਡਾਨੀ ਦੀ ਦੇਸ਼ ਛੱਡਣ ਦੀ ਨੀਅਤ ਹੋਵੇ ਤਾਂ ਇਸ ਨੂੰ ਕੋਈ ਨਹੀਂ ਰੋਕ ਸਕਦਾ – ਸਾਰੇ ਮੁੱਖ ਏਅਰਪੋਰਟ, ਹਵਾਈ ਜਹਾਜ਼, ਬੰਦਰਗਾਹਾਂ ਅਡਾਨੀ ਦੇ ਹੀ ਹਨ, ਮੋਦੀ ਉਸਦੀ ਮੁੱਠੀ 'ਚ ਹੈ, ਉਸ ਨੇ ਦੇਸੋਂ ਭੱਜਣ ਦਾ ਕਿਹੜਾ ਮਹੂਰਤ ਕਢਵਾਉਣਾ ਹੈ!

ਭਾਰਤੀ ਟੈਕਸਦਾਤਿਆਂ ਨੂੰ ਚੂਨਾ ਲਗਾ ਕੇ ਬਾਹਰਲੇ ਦੇਸ਼ਾਂ ਨੂੰ ਭੱਜਣ ਵਾਲਿਆਂ ਦੀ ਗੱਲ ਚੱਲੀ ਹੈ ਤਾਂ ਕੁੱਝ ਜਾਣਕਾਰੀ ਉਨ੍ਹਾਂ ਪ੍ਰਤੀ ਵੀ ਅਪ੍ਰਸੰਗਕ ਨਹੀਂ ਹੋਵੇਗੀ। ਇਨਫੋਰਸਮੈਂਟ ਡਾਇਰੈਕਟੋਰੇਟ (ਡੀ. ਆਈ. ਆਰ.) ਅਤੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਵੱਲੋਂ 15 ਵੱਖ-ਵੱਖ ਮਾਮਲਿਆਂ ਵਿੱਚ ਪੈਰਵੀ ਕੀਤੇ ਗਏ ਇਨ੍ਹਾਂ ਲੋਕਾਂ 'ਤੇ ਸਮੂਹਿਕ ਤੌਰ 'ਤੇ ਭਾਰਤ ਵਿੱਚ ਬੈਂਕਾਂ ਅਤੇ ਜਨਤਕ ਸੰਸਥਾਵਾਂ ਦਾ 40,000 ਕਰੋੜ ਰੁਪਏ ਦਾ ਬਕਾਇਆ ਹੈ, ਜਾਂਚ ਰਿਪੋਰਟਾਂ ਦੇ ਆਧਾਰ 'ਤੇ livemint.com (7*) ਦੁਆਰਾ ਕੀਤੀ ਗਈ ਗਣਨਾ ਤੋਂ ਪਤਾ ਲੱਗਦਾ ਹੈ। ਵਿਦੇਸ਼ ਮੰਤਰਾਲੇ ਨੇ ਲੋਕ ਸਭਾ ਵਿਚ ਜੋ ਭਗੌੜਿਆਂ ਦੀ ਸੂਚੀ ਸੌਂਪੀ ਹੈ, ਉਸ ਵਿਚ ਕੁਝ ਜਾਣੇ-ਪਛਾਣੇ ਨਾਂ ਅਤੇ ਕੁਝ ਗੈਰ-ਜਾਣੇ-ਪਛਾਣੇ ਨਾਂ ਸ਼ਾਮਲ ਹਨ। ਮੋਟਾ ਚੂਨਾ ਲਾਉਣ ਵਾਲੇ ਵਿਜੇ ਮਾਲਿਆ, ਨੀਰਵ ਮੋਦੀ ਅਤੇ ਮੇਹੁਲ ਚੋਕਸੀ ਦੇ ਨਾਂ ਸ਼ਾਮਲ ਹਨ।

ਪੀ. ਐਨ. ਬੀ. ਘੋਟਾਲੇ ਦਾ ਦੋਸ਼ੀ ਹੀਰਾ ਕਾਰੋਬਾਰੀ ਨੀਰਵ ਮੋਦੀ ਦੇਸ਼ ਛੱਡ ਕੇ ਸਵਿਟਜ਼ਰਲੈਂਡ ਚਲਾ ਗਿਆ ਦੱਸਿਆ ਜਾ ਰਿਹਾ ਹੈ। ਹੀਰਾ ਵਪਾਰੀ ਅਤੇ ਹੋਰਾਂ ਦੀਆਂ ਫਰਮਾਂ ਤੇ ਬੈਂਕਾਂ ਅਤੇ ਖਜ਼ਾਨੇ ਨੂੰ 11,300 ਕਰੋੜ ਰੁਪਏ ਦੀ ਠੱਗੀ ਮਾਰਨ ਦਾ ਦੋਸ਼ ਹੈ ਜੋ ਕਿ ਪੀ.ਐਨ.ਬੀ. ਦੀ ਕੁੱਲ ਕਮਾਈ ਦਾ ਇੱਕ ਤਿਹਾਈ ਹੈ ਜੋ ਕਿ ਜਨਤਕ ਖੇਤਰ ਦਾ ਦੂਜਾ ਸਭ ਤੋਂ ਵੱਡਾ ਬੈਂਕ ਹੈ। ਸਾਲ 2013 ਤੋਂ ਅਮੀਰ ਅਤੇ ਮਸ਼ਹੂਰ ਭਾਰਤੀਆਂ ਦੀਆਂ ਸੂਚੀਆਂ ਵਿੱਚ ਨਿਯਮਿਤ ਤੌਰ 'ਤੇ ਸ਼ਾਮਲ ਨੀਰਵ ਨੂੰ ਸੀ.ਬੀ.ਆਈ. ਨੇ ਪਤਨੀ, ਭਰਾ ਅਤੇ ਕਾਰੋਬਾਰੀ ਭਾਈਵਾਲ ਚੋਕਸੀ ਦੇ ਨਾਲ ਮਿਲ ਕੇ 31 ਜਨਵਰੀ ਨੂੰ ਸਰਕਾਰੀ ਪੰਜਾਬ ਨੈਸ਼ਨਲ ਬੈਂਕ ਨਾਲ ਕਥਿਤ ਤੌਰ 'ਤੇ 280 ਕਰੋੜ ਰੁਪਏ ਦੀ ਧੋਖਾਧੜੀ ਕਰਨ ਦੇ ਦੋਸ਼ ਵਿੱਚ ਕੇਸ ਦਰਜ ਕੀਤਾ ਸੀ।

ਪ੍ਰਮੁੱਖ ਨਾਵਾਂ ਵਿੱਚ ਵਿਜੇ ਮਾਲਿਆ ਵੀ ਸ਼ਾਮਲ ਹੈ, ਜਿਸ 'ਤੇ ਬੈਂਕਾਂ ਦੇ ਇੱਕ ਸਮੂਹ ਦਾ 9,000 ਕਰੋੜ ਰੁਪਏ ਦਾ ਬਕਾਇਆ ਹੈ; ਪੰਜਾਬ ਨੈਸ਼ਨਲ ਬੈਂਕ ਵਿੱਚ 12,636 ਕਰੋੜ ਰੁਪਏ ਦੀ ਧੋਖਾਧੜੀ ਵਿੱਚ ਨਾਮਜ਼ਦ ਨੀਰਵ ਮੋਦੀ, ਉਸ ਦੀ ਪਤਨੀ ਅਮੀ ਮੋਦੀ, ਭਰਾ ਨੀਸ਼ਲ ਮੋਦੀ ਅਤੇ ਚਾਚਾ ਮੇਹੁਲ ਚੋਕਸੀ; ਵਿਨਸਮ ਡਾਇਮੰਡਸ ਦੇ ਜਤਿਨ ਮਹਿਤਾ, ਜਿਨ੍ਹਾਂ 'ਤੇ 7,000 ਕਰੋੜ ਰੁਪਏ ਦਾ ਬਕਾਇਆ ਹੈ; ਇੰਡੀਅਨ ਪ੍ਰੀਮੀਅਰ ਲੀਗ ਦੇ ਸਾਬਕਾ ਮੁਖੀ ਲਲਿਤ ਮੋਦੀ, ਜਿਨ੍ਹਾਂ 'ਤੇ ਦੇਸ਼ ਦੇ ਕ੍ਰਿਕਟ ਬੋਰਡ ਤੋਂ 125 ਕਰੋੜ ਰੁਪਏ ਦੀ ਹੇਰਾਫੇਰੀ ਕਰਨ ਦਾ ਦੋਸ਼ ਹੈ; ਅਤੇ ਸਟਰਲਿੰਗ ਬਾਇਓਟੈਕ ਲਿਮਟਿਡ ਦੇ ਨਿਰਦੇਸ਼ਕ ਚੇਤਨ ਜਯੰਤੀਲਾਲ ਸੰਦੇਸਰਾ ਅਤੇ ਨਿਤਿਨ ਜਯੰਤੀਲਾਲ ਸੰਦੇਸਰਾ ਨੂੰ 5,000 ਕਰੋੜ ਰੁਪਏ ਦੀ ਕਥਿਤ ਬੈਂਕ ਧੋਖਾਧੜੀ ਲਈ ਦੋਸ਼ੀ ਠਹਿਰਾਇਆ ਗਿਆ ਹੈ।

ਸ਼ਾਇਦ ਸਭ ਤੋਂ ਮਸ਼ਹੂਰ ਵਿੱਤੀ ਅਪਰਾਧੀ ਭਾਰਤ ਨੇ ਹਾਲ ਹੀ ਦੇ ਦਿਨਾਂ ਵਿੱਚ ਵੇਖਿਆ ਹੈ। ਯੂ.ਬੀ. ਸਮੂਹ ਦਾ ਮੁਖੀ ਅਤੇ ਕਿੰਗਫਿਸ਼ਰ ਏਅਰਲਾਈਨ ਦਾ ਮਾਲਕ ਭਗੌੜਾ ਹੈ ਅਤੇ ਉਸ ਨੂੰ ਵੱਖ-ਵੱਖ ਬੈਂਕਾਂ ਨੂੰ 9,000 ਕਰੋੜ ਰੁਪਏ ਤੋਂ ਵੱਧ ਵਾਪਸ ਕਰਨੇ ਪੈਣਗੇ। ਭਾਰਤ ਪਿਛਲੇ ਇਕ ਸਾਲ ਤੋਂ ਉਸ ਦੀ ਹਵਾਲਗੀ ਕਰਨ ਦੀ ਪੂਰੀ ਕੋਸ਼ਿਸ਼ ਕਰ ਰਿਹਾ ਹੈ, ਪਰ ਬ੍ਰਿਟੇਨ ਸਰਕਾਰ ਉਸ ਨੂੰ ਨਹੀਂ ਸੌਂਪ ਰਹੀ।

ਅਮਰੀਕਾ ਦੇ ਸ਼ਾਰਟ-ਸੇਲਰ ਹਿੰਡਨਬਰਗ ਰਿਸਰਚ ਵੱਲੋਂ 24 ਜਨਵਰੀ ਨੂੰ ਰਿਪੋਰਟ ਜਾਰੀ ਕਰਨ ਤੋਂ ਬਾਅਦ, ਅਡਾਨੀ ਸਮੂਹ ਦੀਆਂ ਕੰਪਨੀਆਂ ਦੇ ਸਟਾਕ ਤੇਜ਼ੀ ਨਾਲ਼ ਗਿਰੇ ਹਨ, ਨਤੀਜੇ ਵਜੋਂ ਉਹਨਾਂ ਦੇ ਬਾਜ਼ਾਰੀ ਮੁੱਲ ਵਿੱਚ US$120 ਬਿਲੀਅਨ ਤੋਂ ਵੱਧ ਦਾ ਘਾਟਾ ਪਿਆ ਹੈ। ਵੱਡੀਆਂ ਕਾਰਪੋਰੇਸ਼ਨਾਂ ਨੂੰ ਅਡਾਨੀ ਗਰੁਪ ਦੇ ਸ਼ੇਅਰ ਡਿੱਗਣ ਨਾਲ਼ ਵਕਤੀ ਤੌਰ 'ਤੇ ਝਟਕਾ ਲੱਗਿਆ ਹੈ, ਪਰ ਉਹ ਵੀ ਅਡਾਨੀ ਵਾਂਗ ਕਿਸੇ ਤਰੀਕੇ ਨਾਲ਼ ਇਸ ਵਕਤੀ ਸੰਕਟ ਵਿਚੋਂ ਨਿਕਲ਼ ਜਾਣਗੇ। ਅਸਲ ਵਿਚ ਇਹ ਕਾਰਪੋਰੇਸ਼ਨਾਂ ਤਾਂ ਸਗੋਂ ਕੰਪਨੀਆਂ ਦੇ ਅਜਿਹੇ ਆਰਥਿਕ ਸੰਕਟ ਵਿਚ ਸ਼ੇਅਰਾਂ ਨੂੰ ਕੌਡੀਆਂ ਦੇ ਭਾਅ ਖ਼ਰੀਦ ਕੇ ਬਾਅਦ ਵਿਚ ਬੇਤਹਾਸ਼ਾ ਮੁਨਾਫ਼ਾ ਕਮਾਉਂਦੇ ਹਨ। ਅਡਾਨੀ ਗਰੁਪ ਵਿਚ ਨਿਵੇਸ਼ ਕਰਤਾ ਵਿਚ ਵੱਡੀ ਗਿਣਤੀ ਉਨ੍ਹਾਂ ਸਧਾਰਨ ਲੋਕਾਂ ਦੀ ਹੈ ਅਸਲੀ ਝਟਕਾ ਤਾਂ ਉਨ੍ਹਾਂ ਨੂੰ ਲੱਗਿਆ ਹੈ, ਜਿੰਨ੍ਹਾਂ ਨੇ ਖ਼ੂਨ-ਪਸੀਨੇ ਦੀ ਕਮਾਈ ਐੱਲ. ਆਈ. ਸੀ., ਐੱਸ. ਬੀ. ਆਈ. ਆਦਿ ਅਦਾਰਿਆਂ ਵਿਚ ਨਿਵੇਸ਼ ਕੀਤੀ ਸੀ, ਜਿਸ ਨੂੰ ਅਡਾਨੀ ਜਿਸ ਨੂੰ ਇੱਕੋ ਘੁੱਟ ਵਿਚ ਡਕਾਰ ਗਿਆ ਹੈ।

ਹਿੰਡਨਬਰਗ ਦੀ ਰਿਪੋਰਟ ਸਾਹਮਣੇ ਆਉਣ ਦੇ ਲਗਭਗ ਇਕ ਹਫਤੇ ਬਾਅਦ 30 ਜਨਵਰੀ ਨੂੰ ਐਲ.ਆਈ.ਸੀ. ਨੇ ਇਕ ਬਿਆਨ ਵਿਚ ਕਿਹਾ ਕਿ ਉਸ ਨੇ ਅਡਾਨੀ ਕੰਪਨੀਆਂ ਵਿਚ 364.7 ਅਰਬ ਰੁਪਏ (4.47 ਅਰਬ ਡਾਲਰ) ਦਾ ਨਿਵੇਸ਼ ਕੀਤਾ ਹੈ।

ਪੰਜਾਬੀ ਟ੍ਰਿਬਿਊਨ (31 ਜਨਵਰੀ, 2023) (8*) ਅਨੁਸਾਰ ਹਿੰਡਨਬਰਗ ਰਿਪੋਰਟ ਦੇ ਬਾਅਦ ਅਡਾਨੀ ਗਰੁਪ ਦੇ ਸ਼ੇਅਰ ਲਗਾਤਾਰ ਡਿੱਗ ਰਹੇ ਹਨ। ਅਡਾਨੀ ਟੋਟਲ ਗੈਸ ਦੇ ਸ਼ੇਅਰ 39.57%, ਅਡਾਨੀ ਟ੍ਰਾਂਸਮਿਸ਼ਨ 37.95%, ਅਡਾਨੀ ਗਰੀਨ ਐਨਰਜੀ 37.93%, ਅੰਬੂਜਾ ਸੀਮੈਂਟ 22.28%, ਅਡਾਨੀ ਪੋਰਟਸ ਦੇ ਸ਼ੇਅਰ 21.55%, ਅਡਾਨੀ ਏ ਸੀਸੀ 18.47%, ਅਡਾਨੀ ਵਿਲਮਰ 14.25%।

ਹਿੰਡਨਬਰਗ ਦੀ ਇਸ ਰਿਪੋਰਟ ਦੇ ਜਵਾਬ ਵਿਚ ਅਡਾਨੀ ਗਰੁਪ ਵੱਲੋਂ ਰਾਸ਼ਟਰਵਾਦ, ਦੇਸ਼ ਦੀ ਅਜ਼ਾਦੀ ਤੇ ਅਖੰਡਤਾ ਨਾਲ ਜੋੜ ਕੇ ਟਾਲਾ ਵੱਟਣ ਦਾ ਬਹਾਨਾ ਘੜਿਆ ਗਿਆ ਹੈ। "ADANI RESPONSE January 29, 2023" ਨਾਂ ਦੇ 413 ਪੰਨਿਆਂ ਦੇ ਲੰਬੇ ਦਸਤਾਵੇਜ਼ ਵਿਚ ਅਡਾਨੀ ਵੱਲੋਂ ਹਿੰਡਨਬਰਗ 'ਤੇ ਹਮਲਾ ਕਰਦਿਆਂ ਕਿਹਾ ਗਿਆ ਹੈ "ਇਹ ਸਿਰਫ਼ ਕਿਸੇ ਵਿਸ਼ੇਸ਼ ਕੰਪਨੀ 'ਤੇ ਬੇਲੋੜਾ ਹਮਲਾ ਹੀ ਨਹੀਂ, ਸਗੋਂ ਇਹ ਭਾਰਤ, ਭਾਰਤੀ ਸੰਸਥਾਵਾਂ ਦੀ ਆਜ਼ਾਦੀ, ਅਖੰਡਤਾ, ਗੁਣਵੱਤਾ ਅਤੇ ਭਾਰਤ ਦੇ ਵਿਕਾਸ ਦੀ ਕਹਾਣੀ ਅਤੇ ਅਭਿਲਾਸ਼ਾ 'ਤੇ ਗਿਣ-ਮਿੱਥ ਕੇ ਕੀਤਾ ਗਿਆ ਹਮਲਾ ਹੈ।" ਅਤੇ ਇਹ ਕਿ "..ਇਨ੍ਹਾਂ 88 ਪ੍ਰਸ਼ਨਾਂ ਵਿਚੋਂ ਇਕ ਵੀ ਸੁਤੰਤਰ ਜਾਂ ਪੱਤਰਕਾਰੀ ਤੱਥਾਂ ਦੀ ਖੋਜ 'ਤੇ ਅਧਾਰਤ ਨਹੀਂ ਹੈ। ਇਹ ਸਿਰਫ਼ ਜਨਤਕ ਖੁਲਾਸਿਆਂ ਦੀਆਂ ਚੋਣਵੀਆਂ ਟਿੱਪਣੀਆਂ ਜਾਂ ਅਫ਼ਵਾਹਾਂ ਨੂੰ ਤੱਥ ਵਾਲੇ ਰੰਗ 'ਚ ਰੰਗਣ ਵਾਲੀਆਂ ਬਿਆਨਬਾਜ਼ੀਆਂ ਹਨ.." ਦੂਜੇ ਪਾਸੇ ਅਡਾਨੀ ਨੇ ਹਿੰਡਨਬਰਗ ਰਿਸਰਚ ਵਿਰੁਧ ਕਾਨੂੰਨੀ ਲੜਾਈ ਲੜਨ ਲਈ ਅਮਰੀਕਾ ਦੀ ਸਭ ਤੋਂ ਮਹਿੰਗੀ ਲਾਅ ਫ਼ਰਮ Wachtell, Lipton, Rosen 'ਚ Katz ਨੂੰ ਨਿਯੁਕਤ ਕੀਤਾ ਹੈ। (10*) ਨਿਊਜ਼ ਏਜੰਸੀ ਏ.ਐਨ.ਆਈ. ਨੇ ਫਾਈਨੈਂਸ਼ੀਅਲ ਟਾਈਮਜ਼ ਦੀ ਇੱਕ ਰਿਪੋਰਟ ਦੇ ਹਵਾਲੇ ਨਾਲ ਦੱਸਿਆ ਕਿ ਗੌਤਮ ਅਡਾਨੀ ਦੀ ਅਗਵਾਈ ਵਾਲੇ ਅਡਾਨੀ ਸਮੂਹ ਨੇ ਸ਼ਾਰਟ-ਸੇਲਰ ਹਿੰਡਨਬਰਗ ਰਿਸਰਚ ਦੁਆਰਾ ਹਾਲ ਹੀ ਵਿੱਚ ਸਮੂਹ ਦੇ ਖਿਲਾਫ ਲਗਾਏ ਗਏ ਦੋਸ਼ਾਂ ਦੇ ਵਿਰੁੱਧ ਲੜਨ ਲਈ ਅਮਰੀਕਾ-ਅਧਾਰਤ ਲਾਅ ਫਰਮ ਵਾਚਟੇਲ ਨੂੰ ਨਿਯੁਕਤ ਕੀਤਾ ਹੈ। ਬ੍ਰਿਟਿਸ਼ ਡੇਲੀ ਨਿਊਜ਼ ਦੀ ਰਿਪੋਰਟ ਦੇ ਅਨੁਸਾਰ, ਅਡਾਨੀ ਸਮੂਹ ਨੇ ਵਾਚਟੇਲ, ਲਿਪਟਨ, ਰੋਸੇਨ ਅਤੇ ਕੈਟਜ਼ ਦੇ ਸੀਨੀਅਰ ਵਕੀਲਾਂ ਨੂੰ ਇਸ ਬਾਰੇ ਸਲਾਹ ਦੇਣ ਲਈ ਪਹੁੰਚ ਕੀਤੀ ਹੈ ਕਿ ਸਮੂਹ ਨੂੰ ਦਰਪੇਸ਼ ਸੰਕਟ ਨਾਲ ਕਿਵੇਂ ਨਜਿੱਠਿਆ ਜਾਵੇ।

https://www.thequint.com/news/law/adani-rowsc-rejects-govts-sealed-cover-report-what-happened-in-court (10*) 17 ਫਰਵਰੀ, 2023: ਸੁਪਰੀਮ ਕੋਰਟ ਨੇ ਸ਼ੁੱਕਰਵਾਰ ਐੱਕਸਪਰਟ ਕਮੇਟੀ ਦੇ ਨਾਵਾਂ ਸਮੇਤ ਕੇਂਦਰ ਦੀ ਸੀਲਬੰਦ ਕਵਰ ਰਿਪੋਰਟ ਨੂੰ ਰੱਦ ਕਰ ਦਿੱਤਾ, ਜਿਸ ਨੇ ਜਾਂਚ ਕਰਨੀ ਸੀ ਕਿ ਅਡਾਨੀ-ਹਿੰਡਨਬਰਗ ਵਿਵਾਦ ਤੋਂ ਬਾਅਦ ਕੀ ਕੀਤਾ ਜਾਣਾ ਹੈ। ਅਦਾਲਤ ਸ਼ਾਰਟ-ਸੇਲਰ ਹਿੰਡਨਬਰਗ ਰਿਸਰਚ ਦੁਆਰਾ ਪ੍ਰਕਾਸ਼ਿਤ ਰਿਪੋਰਟ ਨਾਲ ਸਬੰਧਤ ਚਾਰ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਸੀ ਕਿ ਅਡਾਨੀ ਸਮੂਹ ਨੇ ਧੋਖਾਧੜੀ ਕੀਤੀ ਹੈ। ਰਿਪੋਰਟ ਦੇ ਮੱਦੇਨਜ਼ਰ, ਸਮੂਹ ਨੂੰ US $100 ਬਿਲੀਅਨ ਤੋਂ ਵੱਧ ਦਾ ਨੁਕਸਾਨ ਹੋਇਆ ਸੀ। ਸੀ.ਜੇ.ਆਈ., ਡੀ.ਵਾਈ. ਚੰਦਰਚੂੜ, ਜਸਟਿਸ ਪੀ. ਐਸ. ਨਰਸਿਮਹਾ ਅਤੇ ਜੇ.ਬੀ. ਪਾਰਦੀਵਾਲਾ ਦੇ ਸਾਂਝੇ ਬੈਂਚ ਨੇ ਕਿਹਾ "ਅਸੀਂ ਤੁਹਾਡੇ ਦੁਆਰਾ ਸੀਲਬੰਦ ਕਵਰ ਸੁਝਾਅ ਨੂੰ ਸਵੀਕਾਰ ਨਹੀਂ ਕਰਾਂਗੇ ਕਿਉਂਕਿ ਅਸੀਂ ਪੂਰੀ ਪਾਰਦਰਸ਼ਤਾ ਬਣਾਈ ਰੱਖਣਾ ਚਾਹੁੰਦੇ ਹਾਂ। ਜੇ ਅਸੀਂ ਤੁਹਾਡੇ ਸੀਲਬੰਦ ਕਵਰ ਵਾਲੇ ਸੁਝਾਵਾਂ ਨੂੰ ਸਵੀਕਾਰ ਕਰਦੇ ਹਾਂ ਤਾਂ ਇਸ ਦਾ ਮਤਲਬ ਹੈ ਕਿ ਅਸੀਂ ਇਸ ਨੂੰ ਦੂਜੀ ਧਿਰ ਤੋਂ ਦੂਰ ਰੱਖ ਰਹੇ ਹੋਵਾਂਗੇ, ਕਿਉਂਕਿ ਲੋਕ ਸੋਚਣਗੇ ਕਿ ਇਹ ਸਰਕਾਰ ਦੁਆਰਾ ਨਿਯੁਕਤ ਕਮੇਟੀ ਹੀ ਹੈ।"

ਹੁਣ ਸੁਪਰੀਮ ਕੋਰਟ ਵੀ ਐਕਸ਼ਨ 'ਚ ਆਈ ਜਾਪਦੀ ਹੈ, ਪਰ ਨਿਕਲਣਾ ਇਹਦੇ 'ਚੋਂ ਵੀ ਕੁੱਝ ਨਹੀਂ। ਬਹੁਤੀ ਗੱਲ ਸੁਪਰੀਮ ਕੋਰਟ ਕਿਸੇ ਨਵੀਂ ਕਮੇਟੀ ਦੇ ਗਠਨ ਦਾ ਐਲਾਨ ਕਰੇਗੀ, ਜਿਸ ਦੀ ਰਿਪੋਰਟ ਆਉਣ ਤੱਕ ਕਈ ਸਾਲ ਲੱਗ ਜਾਣਗੇ। ਜਜ ਤੱਕ ਮਾਮਲਾ ਠੰਡੇ ਬਸਤੇ 'ਚ ਪੈ ਚੁੱਕਾ ਹੋਵੇਗਾ। ਅਗਲੇ ਸਾਲ 1924 ਦੀਆਂ ਪਾਰਲੀਮੈਂਟਰੀ ਚੋਣਾ ਸਿਰ 'ਤੇ ਹਨ, ਇਸ ਕਰ ਕੇ ਆਮ ਲੋਕਾਂ ਦਾ ਧਿਆਨ ਅਡਾਨੀ ਸਕੈਂਡਲ ਤੋਂ ਹਟਾ ਕੇ ਚੋਣਾ ਵਿਚ ਲਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਹੌਲ਼ੀ ਹੌਲ਼ੀ ਮਾਮਲਾ ਭੁੱਲ-ਭਲਾ ਦਿੱਤਾ ਜਾਣਾ ਹੈ।

ਫਿਲਹਾਲ ਇਸ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਵੱਡਾ ਆਰਥਿਕ ਸੰਕਟ ਹੈ, ਪਰ ਅਡਾਨੀ ਵਰਗਿਆਂ ਲਈ ਇਹਦੇ 'ਚੋਂ ਅਸਾਨੀ ਨਾਲ਼ ਨਿਕਲ ਜਾਣਾ ਕੋਈ ਸਮੱਸਿਆ ਨਹੀ, ਜਦ ਤੱਕ ਮੋਦੀ ਉਹਦੇ ਨਾਲ਼ ਹੈ! "ਮੋਦੀ ਹੈ ਤੋ ਮੁਮਕਿਨ ਹੈ"। ਤਤਕਾਲਿਕ ਤੌਰ 'ਤੇ ਤਾਂ ਇਹੀ ਲੱਗਦਾ ਹੈ ਇਹਦੇ ਵਿਚੋਂ ਕੱਢਣ ਪਾਉਣ ਨੂੰ ਕੁੱਝ ਨਹੀਂ, ਐਵੇਂ ਪਾਣੀ 'ਚ ਮਧਾਣੀ ਹੈ। ਜਿੰਨਾ ਚਿਰ ਤੱਕ ਮੋਦੀ ਦਾ ਹੱਥ ਅਡਾਨੀ ਦੇ ਸਿਰ 'ਤੇ ਹੈ, ਕੋਈ ਮਾਈ ਦਾ ਲਾਲ ਉਸ ਦਾ ਵਾਲ਼ ਵਿੰਗਾ ਨਹੀਂ ਕਰ ਸਜਦਾ। ਵਿਰੋਧੀ ਧਿਰਾਂ ਦੋ-ਚਾਰ ਦਿਨ ਰੌਲ਼ਾ-ਰੱਪਾ ਪਾ ਕੇ ਚੁੱਪ ਕਰ ਜਾਣਗੀਆਂ। ਪਰ ਗ਼ਰੀਬ ਲੋਕਾਂ ਦਾ ਪੈਸਾ ਜੋ ਅਡਾਨੀ ਡਕਾਰ ਗਿਆ ਹੈ, ਮੋਦੀ ਦੇ ਰਾਜ-ਭਾਗ ਵਿਚ ਉਨ੍ਹਾਂ ਨੂੰ ਕੋਈ ਮੁਆਵਜ਼ਾ ਮਿਲਦਾ ਨਜ਼ਰ ਨਹੀਂ ਆ ਰਿਹਾ।

ਰੈਫ਼ਰੈਂਸ / ਧੰਨਵਾਦ ਸਹਿਤ ਹਵਾਲੇ:

(1*) 'ਮੌਜੂਦਾ ਭਾਰਤੀ ਕਿਸਾਨ ਅੰਦੋਲਨ ਦੇ ਅਹਿਮ ਪੱਖ'; ਸਤਵੰਤ ਸ ਦੀਪਕ, ਸਰੋਕਾਰ ਅਤੇ ਸਰੋਕਾਰਾਂ ਦੀ ਅਵਾਜ਼, ਜਨਵਰੀ 2021;
(2*) 'ਅਡਾਨੀਆਂ ਨੂੰ ਗੱਫੇ, ਕਿਸਾਨਾਂ ਨੂੰ ਧੱਕੇ'; ਸਤਵੰਤ ਸ ਦੀਪਕ, ਸਰੋਕਾਰ ਅਤੇ ਸਰੋਕਾਰਾਂ ਦੀ ਅਵਾਜ਼, ਫ਼ਰਵਰੀ 2021;
(3*) ਹਿੰਡਨਬਰਗ ਰਿਸਰਚ ਐਲ.ਐਲ.ਸੀ. "Adani Group: How The World's Crd Richest Man Is Pulling The Largest Con In Corporate History";
(4*) ਅਡਾਨੀ ਗਰੁਪ ਦੀਆਂ ਕੰਪਨੀਆਂ ਦਾ ਸੰਖੇਪ ਵੇਰਵਾ: (https://en.wikipedia.org/wiki/Adani-Group);
(5*) Source: https://en.wikipedia.org/wiki/List-of-Indians-by-net-worth;
(6*) (Source: https://www.forbes.com/real-time-billionaires/#EfFDeFGaCdGH);
(7*) https://www.livemint.com/market/market-stats/stocks-vodafone-idea-share-price-nse-bse-s0003014;
(8*) ਪੰਜਾਬੀ ਟ੍ਰਿਬਿਊਨ (31 ਜਨਵਰੀ, 2023);
(9*)https://www.zeebiz.com/companies/news-adani-group-hires-us-law-firm-wachtell-in-fight-against-hindenburg-adani-enterprises-adani-ports-adani-green-ambuja-cement-BBAFBI; ਅਤੇ
(10*)https://www.thequint.com/news/law/adani-rowsc-rejects-govts-sealed-cover-report-what-happened-in-court 17 ਫਰਵਰੀ, 2023.


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 450 REALTORS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






PROGRESSIVE CULTURAL ASSOCIATION
&
SIKH VIRSA INTERNATIONAL
Presents
ਦਿਲੀ ਰੋਡ ਤੇ
ਇੱਕ ਹਾਦਸਾ
(DILLI ROAD TE IK HADSA)
Dedicated to
International Women's Day
Writer - Pali Bhupinder Singh
Actor & Director - Anita Shabdeesh
SUCHETAK RANGMANCH
on Sunday, 12th March 2023 at 1:00 pm
at Central Library Downtown Calgary
Behind City Hall 800 3 St SE Calgary AB T2G 2E7
TICKET $10
Master Bhajan - 403-455-4220 | Harcharan Parhar - 403-681-8689
ਮੁੱਖ ਮਹਿਮਾਨ ਅਤੇ ਬੁਲਾਰੇ ਡਾ. ਸੁਰਿੰਦਰ ਧੰਜਲ (ਕੈਮਲੂਮਸ ਯੂਨੀਵਰਸਿਟੀ) ਹੋਣਗੇ।


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500